

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fourth Year of Publication | ਨਿਊ ਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 24, Issue 11, March 18, 2023 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਬਾਦਲਾਂ ਖਿਲਾਫ ਸ਼ਿਕੰਜਾ ਕੱਸਿਆ

## ਕੋਟਕਪੂਰਾ ਗੋਲੀ ਕਾਂਡ 'ਚ ਇਨਸਾਫ ਦੀ ਆਸ ਬੱਝੀ

**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਵਿਚ ਇਨਸਾਫ ਦੀ ਆਸ ਬੱਝੀ ਹੈ। ਇਸ ਕੇਸ ਵਿਚ ਵਿਸ਼ੇਸ਼ ਜਾਂਚ ਟੀਮ ਨੇ ਜਿਥੇ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸੂਬੇ ਦੇ ਤਤਕਾਲੀ ਡੀ.ਜੀ.ਪੀ. ਸਣੇ ਕਈ ਉਚ ਅਧਿਕਾਰੀਆਂ ਨੂੰ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਹੈ, ਉਥੇ ਇਸ ਕੇਸ ਵਿਚ ਸ਼ਾਂਤਮਈ ਰੋਸ ਧਰਨੇ 'ਤੇ ਬੈਠੀ ਸਿੱਖ ਸੰਗਤ ਖ਼ਿਲਾਫ਼ ਦਰਜ ਮੁਕੱਦਮੇ ਨੂੰ ਸਾਜ਼ਿਸ਼ ਦੱਸਦਿਆਂ ਕਲੀਨ ਚਿੱਟ ਦੇ ਦਿੱਤੀ ਹੈ। ਇਸ ਦੇ ਨਾਲ ਹੀ ਕੇਸ ਵਿਚ ਆਪਣੀਆਂ ਸ਼ਕਤੀਆਂ ਦੀ ਦੁਰਵਰਤੋਂ ਕਰ ਕੇ ਬੇਕਸੂਰ ਲੋਕਾਂ ਖ਼ਿਲਾਫ਼ ਝੂਠੇ ਗਵਾਹ, ਸਬੂਤ ਤੇ ਕੇਸ ਬਣਾਉਣ ਦੇ ਦੋਸ਼ ਹੇਠ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਫਰੀਦਕੋਟ ਦੇ ਤਤਕਾਲੀ ਐਸ.ਐਸ.ਪੀ. ਸੁਖਮਿੰਦਰ ਸਿੰਘ ਮਾਨ ਤੇ ਥਾਣਾ ਸਿਟੀ ਕੋਟਕਪੂਰਾ ਦੇ ਸਾਬਕਾ ਐਸ.ਐਚ.ਓ. ਗੁਰਦੀਪ ਸਿੰਘ ਪੰਧੇਰ ਨੂੰ ਮੁਲਜ਼ਮ ਨਾਮਜ਼ਦ ਕੀਤਾ ਹੈ।



ਜਾਂਚ ਟੀਮ ਨੇ ਇਨ੍ਹਾਂ ਪੁਲਿਸ ਅਧਿਕਾਰੀਆਂ ਖ਼ਿਲਾਫ਼ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿਚ ਵੱਖਰਾ ਚਲਾਨ ਪੇਸ਼ ਕਰ ਦਿੱਤਾ ਹੈ। ਇਸ ਚਲਾਨ ਦੇ ਆਧਾਰ 'ਤੇ ਅਦਾਲਤ ਨੇ ਇਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਨੋਟਿਸ ਭੇਜ ਕੇ 23 ਮਾਰਚ ਨੂੰ ਅਦਾਲਤ ਵਿਚ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਹਨ। ਦੱਸਣਯੋਗ ਹੈ ਕਿ ਕੋਟਕਪੂਰਾ ਗੋਲੀ ਕਾਂਡ ਤੋਂ ਬਾਅਦ ਕੋਟਕਪੂਰਾ ਪੁਲਿਸ ਨੇ ਧਰਨੇ ਉਤੇ ਬੈਠੀ ਸਿੱਖ ਸੰਗਤ ਖ਼ਿਲਾਫ਼ ਪੁਲਿਸ ਉਤੇ ਹਮਲਾ ਕਰਨ ਦੇ ਦੋਸ਼ਾਂ ਹੇਠ ਕੇਸ ਦਰਜ ਕੀਤਾ ਸੀ ਅਤੇ ਧਰਨਾਕਾਰੀਆਂ ਖ਼ਿਲਾਫ਼ 'ਸਬੂਤ ਤੇ ਕੁਝ ਗਵਾਹ' ਵੀ ਇਕੱਠੇ ਕਰ ਲਏ ਸਨ। ਜਾਂਚ ਟੀਮ ਨੇ ਪੁਲਿਸ ਦੀ ਇਸ ਕਾਰਵਾਈ ਨੂੰ ਝੂਠੀ ਅਤੇ ਗਿਣੀ-ਮਿਥੀ ਸਾਜ਼ਿਸ਼ ਕਰਾਰ ਦਿੰਦਿਆਂ ਕਿਸੇ ਵੀ ਧਰਨਾਕਾਰੀ ਖ਼ਿਲਾਫ਼ ਅਦਾਲਤ ਵਿਚ ਚਲਾਨ ਪੇਸ਼ ਨਹੀਂ ਕੀਤਾ ਸਗੋਂ ਝੂਠੇ ਕੇਸ ਦੀ ਸਾਜ਼ਿਸ਼ ਰਚਣ ਵਾਲਿਆਂ ਨੂੰ ਮੁਲਜ਼ਮ ਨਾਮਜ਼ਦ ਕਰ ਕੇ ਉਨ੍ਹਾਂ ਉਤੇ ਅਦਾਲਤ ਵਿਚ ਚਲਾਨ ਪੇਸ਼ ਕਰ ਦਿੱਤਾ ਹੈ।

ਵਿਸ਼ੇਸ਼ ਜਾਂਚ ਟੀਮ ਦੀਆਂ ਸਰਗਰਮੀਆਂ ਤੋਂ ਜਾਪ ਰਿਹਾ ਹੈ ਕਿ ਇਸ ਕੇਸ ਵਿਚ ਨਾਮਜ਼ਦ ਮੁਲਜ਼ਮਾਂ ਦੀ ਛੇਤੀ ਗ੍ਰਿਫਤਾਰੀ ਹੋ ਸਕਦੀ ਹੈ। ਇਸੇ ਡਰੋਂ ਬਾਦਲਾਂ ਨੂੰ ਅਗਾਊਂ ਜ਼ਮਾਨਤ ਵਾਸਤੇ ਅਦਾਲਤ ਵਿਚ ਪਹੁੰਚ ਕਰਨੀ ਪਈ। ਪ੍ਰਕਾਸ਼ ਸਿੰਘ ਬਾਦਲ ਹਾਲ-ਦੁਹਾਈ ਪਾ ਰਹੇ ਹਨ ਕਿ ਉਸ ਨੂੰ ਸਿਆਸੀ ਰੰਜਿਸ਼ ਕਰ ਕੇ ਫਸਾਇਆ ਗਿਆ ਹੈ ਤੇ ਉਸ ਦਾ ਕੋਟਕਪੂਰਾ ਗੋਲੀ ਕਾਂਡ ਨਾਲ ਕੋਈ ਸਬੰਧ ਨਹੀਂ ਹੈ। ਉਹ ਆਪਣੀ ਉਮਰ ਦਾ ਹਵਾਲਾ ਵੀ ਦੇ ਰਹੇ ਹਨ। ਬਾਦਲਾਂ ਨੇ ਸਿੱਟ ਵੱਲੋਂ ਪੇਸ਼ ਕੀਤੇ ਗਏ ਚਲਾਨ ਦੀਆਂ ਨਕਲਾਂ ਲੈਣ ਲਈ ਅਰਜ਼ੀ ਵੀ ਦਿੱਤੀ ਸੀ ਜਿਸ ਨੂੰ ਅਦਾਲਤ ਨੇ ਰੱਦ ਕਰ ਦਿੱਤਾ ਹੈ। ਸੁਖਬੀਰ ਸਿੰਘ ਬਾਦਲ ਨੇ ਅਰਜ਼ੀ ਦੇ ਕੇ ਮੰਗ ਕੀਤੀ ਸੀ ਕਿ ਜਾਂਚ ਟੀਮ ਵੱਲੋਂ ਉਨ੍ਹਾਂ ਨੂੰ ਕੋਟਕਪੂਰਾ ਗੋਲੀ ਕਾਂਡ ਵਿਚ ਨਾਮਜ਼ਦ ਕਰ ਕੇ 7 ਹਜ਼ਾਰ ਪੰਨਿਆਂ ਦਾ ਚਲਾਨ ਪੇਸ਼ ਕੀਤਾ ਗਿਆ ਹੈ ਅਤੇ ਉਹ ਇਸ ਕੇਸ ਵਿਚ ਜ਼ਮਾਨਤ ਲੈਣ ਲਈ ਵਧੀਕ ਸੈਸ਼ਨ ਜੱਜ ਦੀ ਅਦਾਲਤ ਵਿਚ ਅਰਜ਼ੀ ਦੇ ਚੁੱਕੇ ਹਨ ਜਿਸ ਵਿਚ ਬਹਿਸ ਲਈ ਉਨ੍ਹਾਂ ਨੂੰ ਚਲਾਨ ਦੀਆਂ ਨਕਲਾਂ ਦੀ ਜਰੂਰਤ ਹੈ।

ਵਿਸ਼ੇਸ਼ ਜਾਂਚ ਟੀਮ ਨੇ ਅਦਾਲਤ ਨੂੰ ਦੱਸਿਆ ਹੈ ਕਿ ਕੋਟਕਪੂਰਾ ਗੋਲੀ ਕਾਂਡ ਵਿਚ ਸੁਖਬੀਰ ਸਿੰਘ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ ਨੇ ਸਾਜ਼ਿਸ਼ ਰਚੀ ਸੀ ਅਤੇ ਪੜਤਾਲ ਦੌਰਾਨ ਸਾਹਮਣੇ ਆਇਆ ਕਿ 2012 ਵਿਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬਾਦਲ ਸਰਕਾਰ ਨੇ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਸਵਾਂਗ ਰਚਾਉਣ ਦੇ ਮਾਮਲੇ ਵਿਚ ਕਲੀਨ ਚਿੱਟ ਦੇ ਕੇ ਵੋਟਾਂ ਹਾਸਲ ਕਰਨ ਦੀ ਕੋਸ਼ਿਸ਼ ਕੀਤੀ।

ਆਮ ਆਦਮੀ ਪਾਰਟੀ ਵਾਅਦਾ ਕਰ ਕੇ ਸੱਤਾ ਵਿਚ ਆਈ ਸੀ ਕਿ ਇਸ ਕੇਸ ਵਿਚ ਸ਼ਾਮਲ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਤੈਅ ਸਮੇਂ ਵਿਚ ਇਨਸਾਫ ਦਿੱਤਾ ਜਾਵੇਗਾ। ਸੱਤਾ ਮਿਲਣ ਪਿੱਛੋਂ ਭਾਵੇਂ ਆਪ ਸਰਕਾਰ ਘੇਸ ਵੱਟਣ ਲੱਗੀ ਸੀ ਪਰ ਇਨਸਾਫ ਲਈ ਮੋਰਚੇ ਲੱਗਣ ਤੋਂ

*(ਬਾਕੀ ਸਫਾ 6 'ਤੇ)*

# ਜਲੰਧਰ ਜ਼ਿਮਨੀ ਚੋਣ ਲਈ ਮੈਦਾਨ ਭਖਿਆ



**ਚੰਡੀਗੜ੍ਹ:** ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਸਿਆਸੀ ਮਾਹੌਲ ਭਖ ਗਿਆ ਹੈ। ਇਹ ਸੀਟ ਪਹਿਲਾਂ ਕਾਂਗਰਸ ਕੋਲ ਸੀ ਅਤੇ ਸੰਤੋਖ ਚੌਧਰੀ ਦੀ ਮੌਤ ਤੋਂ ਬਾਅਦ ਖਾਲੀ ਹੋਈ ਸੀ। ਇਥੇ ਭਾਵੇਂ ਅਜੇ ਚੋਣ ਤਰੀਕ ਦਾ ਐਲਾਨ ਨਹੀਂ ਹੋਇਆ ਪਰ ਸੂਬੇ ਦੀਆਂ ਸਿਆਸੀ ਧਿਰਾਂ ਨੇ ਹੱਥ-ਪੈਰ ਮਾਰਨੇ ਸ਼ੁਰੂ ਕਰ ਦਿੱਤੇ ਹਨ। ਆਮ ਆਦਮੀ ਪਾਰਟੀ ਵੱਲੋਂ ਭਾਵੇਂ ਮਾਹੌਲ ਠੰਢਾ ਹੈ ਪਰ ਭਾਜਪਾ, ਕਾਂਗਰਸ ਤੇ ਅਕਾਲੀ ਦਲ ਵੱਲੋਂ ਵੱਡੀ ਸਰਗਰਮੀ ਵਿਖਾਈ ਜਾ ਰਹੀ ਹੈ।

ਜਲੰਧਰ ਤੋਂ ਸੰਸਦ ਮੈਂਬਰ ਸੰਤੋਖ ਚੌਧਰੀ ਦੀ 14 ਜਨਵਰੀ ਨੂੰ ਰਾਹੁਲ ਗਾਂਧੀ ਦੀ ਅਗਵਾਈ ਹੇਠ ਕੱਢੀ ਗਈ 'ਭਾਰਤ ਜੋੜੋ ਯਾਤਰਾ' ਦੌਰਾਨ ਦਿਲ ਦਾ ਦੌਰਾ ਪੈਣ ਕਰਕੇ ਮੌਤ ਹੋ ਗਈ ਸੀ। ਇਸੇ ਕਰ ਕੇ ਜਲੰਧਰ ਲੋਕ ਸਭਾ ਸੀਟ 'ਤੇ ਜ਼ਿਮਨੀ ਚੋਣ ਕਰਵਾਈ ਜਾ ਰਹੀ ਹੈ। ਇਹ ਚੋਣਾਂ 6 ਮਹੀਨੇ ਦੇ ਅੰਦਰ ਜੁਲਾਈ 2023 ਤੱਕ ਕਰਵਾਈ ਜਾਣੀ ਹੈ। ਕਾਂਗਰਸ ਪਾਰਟੀ ਨੇ ਚੋਣਾਂ ਦਾ ਐਲਾਨ ਹੋਣ ਤੋਂ ਪਹਿਲਾਂ ਹੀ ਸੰਤੋਖ ਚੌਧਰੀ ਦੀ ਪਤਨੀ ਕਰਮਜੀਤ ਕੌਰ ਚੌਧਰੀ ਨੂੰ ਉਮੀਦਵਾਰ ਐਲਾਨ ਦਿੱਤਾ ਹੈ।

ਉਧਰ, ਸ਼੍ਰੋਮਣੀ ਅਕਾਲੀ ਦਲ ਵੀ ਮੈਦਾਨ ਵਿਚ ਨਿੱਤਰ ਆਇਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਲਕੇ ਵਿਚ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ ਹਨ। ਭਾਜਪਾ ਵੱਲੋਂ ਵੀ ਇਸ ਸੀਟ ਲਈ ਖਾਸੀ ਦਿਲਚਸਪੀ ਦਿਖਾਈ ਜਾ ਰਹੀ ਹੈ। ਯਾਦ ਰਹੇ ਕਿ ਮੁਲਕ ਵਿਚ ਅਗਲੇ ਸਾਲ 2024 ਵਿਚ ਲੋਕ ਸਭਾ ਚੋਣਾਂ ਹਨ ਤੇ ਇਨ੍ਹਾਂ ਚੋਣਾਂ ਤੋਂ ਪਹਿਲਾਂ ਇਸ ਸੀਟ ਤੋਂ ਜਿੱਤ ਕਾਫੀ ਅਹਿਮੀਅਤ ਰੱਖਦੀ ਹੈ। ਸੂਬੇ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਪਹਿਲਾਂ ਹੀ ਆਪਣੀ ਸੰਗਰੂਰ ਸੀਟ ਹਾਰ ਕੇ ਕਾਫੀ ਨਮੋਸ਼ੀ ਝੱਲ ਚੁੱਕੀ ਹੈ। ਇਸ ਸੀਟ ਉਤੇ ਭਗਵੰਤ ਮਾਨ ਵੱਲੋਂ ਅਸਤੀਫਾ ਦੇਣ ਪਿੱਛੋਂ ਜ਼ਿਮਨੀ ਚੋਣ ਹੋਈ ਸੀ। ਜਲੰਧਰ ਸੀਟ ਉਤੇ ਕਾਂਗਰਸ ਦਾ ਕਬਜ਼ਾ ਸੀ ਤੇ ਇਹ ਸਿਆਸੀ ਧਿਰ ਇਸ ਸੀਟ ਨੂੰ ਹੱਥੋਂ ਜਾਣ ਨਹੀਂ ਦੇਣਾ ਚਾਹੁੰਦੀ। ਪੰਜਾਬ ਕਾਂਗਰਸ ਵੱਲੋਂ ਇਸ ਚੋਣ ਲਈ ਇਸ ਸੀਟ ਅਧੀਨ ਪੈਂਦੇ 9 ਵਿਧਾਨ ਸਭਾ ਹਲਕਿਆਂ ਵਿਚ ਪਾਰਟੀ ਦੇ ਇੰਚਾਰਜ ਅਤੇ ਸਹਿ-ਇੰਚਾਰਜ ਨਿਯੁਕਤ ਕੀਤੇ ਗਏ ਹਨ। ਇਸ ਲਈ ਪਾਰਟੀ ਵੱਲੋਂ ਸਭ ਤੋਂ ਪਹਿਲਾਂ ਉਮੀਦਵਾਰ ਐਲਾਨ ਕੇ ਪੂਰੀ ਵਾਹ ਲਾਈ ਜਾ ਰਹੀ ਹੈ।






Personal Injury and Wrongful Death Attorneys

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

*Personal Injury and Wrongful Death Attorneys*

Case Results*
$10 MILLION
Motorcycle vs. Truck Collision
$8 MILLION
Wrongful Death
$5.25 MILLION
Traumatic Brain Injury

Offices in San Francisco and Union City



WILLIAM E. WEISS
Of Counsel



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill,
New York 11419

# ਨਸ਼ਿਆਂ ਖਿਲਾਫ ਮੁਹਿੰਮ ਦੇ ਅੰਕੜੇ ਫਿਕਰ ਵਧਾਉਣ ਵਾਲੇ

**ਚੰਡੀਗੜ੍ਹ:** ਪੰਜਾਬ ਵਿਚ ਨਸ਼ਿਆਂ ਖ਼ਿਲਾਫ਼ ਮੁਹਿੰਮ ਬਾਰੇ ਤਾਜ਼ਾ ਅੰਕੜੇ ਨਿਰਾਸ਼ਾ ਵਾਲੇ ਹਨ। ਪੰਜਾਬ ਦੇ ਨਸ਼ਾ ਛੁਡਾਊ ਕੇਂਦਰਾਂ 'ਚ ਪਿਛਲੇ ਸਵਾ ਛੇ ਵਰ੍ਹਿਆਂ 'ਚ 8.82 ਲੱਖ ਮਰੀਜ਼ ਪੁੱਜੇ ਪਰ ਇਨ੍ਹਾਂ 'ਚੋਂ ਸਿਰਫ 4106 ਵਿਅਕਤੀ ਹੀ ਨਸ਼ਿਆਂ ਨੂੰ ਅਲਵਿਦਾ ਆਖ ਸਕੇ। ਅੱਧਾ ਫੀਸਦੀ ਤੋਂ ਵੀ ਘੱਟ ਵਿਅਕਤੀ ਨਸ਼ੇ ਛੱਡਣ 'ਚ ਸਫਲ ਹੋਏ ਹਨ।

ਵੱਡੀ ਗਿਣਤੀ ਉਨ੍ਹਾਂ ਦੀ ਹੈ, ਜਿਨ੍ਹਾਂ ਨਸ਼ਾ ਛੱਡ ਦਿੱਤਾ ਪਰ ਉਹ ਓਟ ਸੈਂਟਰਾਂ 'ਚ ਮਿਲਦੀ ਗੋਲੀ ਖਾਣ ਲੱਗ ਗਏ ਹਨ। ਪੰਜਾਬ 'ਚ ਇਸ ਸਮੇਂ 26 ਸਰਕਾਰੀ ਅਤੇ 182 ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ ਹਨ। ਇਸ ਤੋਂ ਬਿਨਾਂ 19 ਸਰਕਾਰੀ ਅਤੇ 75 ਪ੍ਰਾਈਵੇਟ ਮੁੜ ਵਸੇਬਾ ਸੈਂਟਰ ਹਨ। 26 ਅਕਤੂਬਰ, 2017 ਤੋਂ ਇਨ੍ਹਾਂ ਕੇਂਦਰਾਂ 'ਚ ਰਜਿਸਟਰਡ ਹੋਣ ਵਾਲੇ ਮਰੀਜ਼ਾਂ ਦਾ ਰਿਕਾਰਡ ਰੱਖਣਾ ਸ਼ੁਰੂ ਕੀਤਾ ਸੀ। ਅਕਤੂਬਰ 2017 ਤੋਂ ਫਰਵਰੀ 2023 ਤੱਕ ਇਨ੍ਹਾਂ ਸਰਕਾਰੀ ਤੇ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ/ਓਟ ਕਲੀਨਿਕਾਂ 'ਚ 8.82 ਲੱਖ ਮਰੀਜ਼ ਰਜਿਸਟਰਡ ਹੋਏ ਹਨ



ਜਿਨ੍ਹਾਂ 'ਚੋਂ 2.63 ਲੱਖ ਸਰਕਾਰੀ ਅਤੇ 6.19 ਲੱਖ ਪ੍ਰਾਈਵੇਟ ਕੇਂਦਰਾਂ ਵਿਚ ਹਨ। ਓਟ ਕਲੀਨਿਕਾਂ ਅਤੇ ਇਨ੍ਹਾਂ ਕੇਂਦਰਾਂ ਵਿਚ ਡਾਕਟਰਾਂ ਵੱਲੋਂ ਨਸ਼ੇ ਤੋਂ ਪ੍ਰਭਾਵਿਤ ਲੋਕਾਂ ਨੂੰ ਬੁਪਰੇਨੋਰਫਿਨ, ਨਾਲੇਕਸਨ, ਟਰਾਮਾਡੋਲ, ਲੋਰਾਜੇਪਾਮ, ਕਲੋਨਾਜੇਪਾਮ ਅਤੇ ਐਂਟੀ ਡਿਪਰੈਸ਼ਨ ਦਵਾਈ ਦਿੱਤੀ ਜਾਂਦੀ ਹੈ। ਅਧਿਕਾਰੀਆਂ ਮੁਤਾਬਕ ਬਹੁਤੇ ਨਸ਼ੇੜੀ ਤਾਂ ਇਨ੍ਹਾਂ ਦਵਾਈਆਂ 'ਤੇ ਲੱਗ ਗਏ ਹਨ। ਪੰਜਾਬ ਵਿਧਾਨ ਸਭਾ 'ਚ ਵੀ ਇਹ ਮਸਲਾ ਉੱਠਿਆ ਸੀ ਕਿ ਓਟ ਕਲੀਨਿਕਾਂ 'ਚ ਮਿਲਦੀ ਗੋਲੀ ਨੂੰ ਬਤੌਰ ਨਸ਼ਾ ਹੀ ਮਰੀਜ਼ ਲੈ ਰਹੇ ਹਨ ਅਤੇ ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਪੰਜਾਬ 'ਚ ਸਿਆਸੀ ਸੱਤਾ ਦੇ ਬਦਲਾਅ ਪਿੱਛੋਂ ਵੀ ਇਨ੍ਹਾਂ ਕੇਂਦਰਾਂ ਵਿਚ ਮਰੀਜ਼ਾਂ ਦੇ ਅੰਕੜੇ ਵਿਚ ਕੋਈ ਫਰਕ ਨਹੀਂ ਆਇਆ ਹੈ। ਵਿਧਾਨ ਸਭਾ 'ਚ ਬਸਪਾ ਵਿਧਾਇਕ ਡਾ. ਨਛੱਤਰ ਪਾਲ ਦੇ ਲਿਖਤੀ ਸੁਆਲ ਦੇ ਜੁਆਬ ਵਿਚ ਸਰਕਾਰ ਨੇ ਦੱਸਿਆ ਕਿ ਮੌਜੂਦਾ ਵਰ੍ਹੇ ਦੇ ਪਹਿਲੇ ਦੋ ਮਹੀਨਿਆਂ ਵਿਚ ਇਨ੍ਹਾਂ ਕੇਂਦਰਾਂ ਵਿਚ 15,978 ਮਰੀਜ਼ ਪੁੱਜੇ ਹਨ। ਕਾਂਗਰਸੀ ਰਾਜ ਭਾਗ ਆਉਣ ਸਮੇਂ ਪਹਿਲੇ ਵਰ੍ਹੇ 2017 ਵਿਚ ਸਰਕਾਰੀ ਤੇ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਵਿਚ ਰਜਿਸਟਰਡ ਮਰੀਜ਼ਾਂ ਦੀ ਗਿਣਤੀ 1790 ਰਹੀ ਸੀ। ਸਰਕਾਰੀ ਤੱਥਾਂ ਅਨੁਸਾਰ ਸਾਲ 2018 ਵਿਚ ਇਨ੍ਹਾਂ ਮਰੀਜ਼ਾਂ ਦੀ ਗਿਣਤੀ 1.20 ਲੱਖ, 2019 ਵਿਚ 2.43 ਲੱਖ, 2020 ਵਿਚ 2.47 ਲੱਖ, 2021 ਵਿਚ 1.26 ਲੱਖ ਅਤੇ 2022 ਵਿਚ ਇਹ ਅੰਕੜਾ 1.05 ਲੱਖ ਰਹੀ। ਸਰਕਾਰੀ ਨਸ਼ਾ ਛੁਡਾਊ ਕੇਂਦਰਾਂ/ਓਟ ਕਲੀਨਿਕਾਂ 'ਤੇ ਨਜ਼ਰ ਮਾਰੀਏ ਤਾਂ ਬਠਿੰਡਾ ਜ਼ਿਲ੍ਹੇ 'ਚ ਸਵਾ ਛੇ ਸਾਲਾਂ ਵਿਚ 24,328 ਮਰੀਜ਼ ਪੁੱਜੇ। ਦੂਸਰਾ ਨੰਬਰ ਤਰਨ ਤਾਰਨ ਦਾ ਹੈ ਜਿੱਥੇ 23,648 ਮਰੀਜ਼ ਰਜਿਸਟਰਡ ਹੋਏ। ਅੰਮ੍ਰਿਤਸਰ 'ਚ 20,379, ਗੁਰਦਾਸਪੁਰ 'ਚ 20,901, ਮੋਗਾ 'ਚ 19,622 ਤੇ ਫਰੀਦਕੋਟ 'ਚ 11,636 ਮਰੀਜ਼ ਇਨ੍ਹਾਂ ਕੇਂਦਰਾਂ 'ਚ ਪੁੱਜੇ। ਬਦਨਾਮੀ ਦੇ ਡਰੋਂ ਬਹੁਤੇ ਨਸ਼ੇੜੀ ਪ੍ਰਾਈਵੇਟ ਕੇਂਦਰਾਂ ਨੂੰ ਤਰਜੀਹ ਦਿੰਦੇ ਹਨ। ਮੁਹਾਲੀ ਦੇ ਸਰਕਾਰੀ ਕੇਂਦਰਾਂ ਵਿਚ ਸਵਾ ਛੇ ਸਾਲਾਂ ਵਿਚ ਸਿਰਫ 3,246 ਮਰੀਜ਼ ਪੁੱਜੇ ਜਦੋਂ ਕਿ ਪ੍ਰਾਈਵੇਟ ਕੇਂਦਰਾਂ ਵਿਚ 31,709 ਮਰੀਜ਼ ਪੁੱਜੇ ਹਨ। ਮਿਸਾਲ ਦੇ ਤੌਰ 'ਤੇ ਰੋਪੜ ਦੇ ਸਰਕਾਰੀ ਕੇਂਦਰਾਂ ਵਿਚ ਸਿਰਫ 4,716 ਮਰੀਜ਼ ਪੁੱਜੇ ਜਦੋਂ ਕਿ ਪ੍ਰਾਈਵੇਟ ਕੇਂਦਰਾਂ ਵਿਚ 11,254 ਮਰੀਜ਼ ਇਲਾਜ ਲਈ ਰਜਿਸਟਰਡ ਹੋਏ।

## ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਦੇ ਅੰਕੜੇ

**ਚੰਡੀਗੜ੍ਹ:** ਪੰਜਾਬ ਦੇ ਪ੍ਰਾਈਵੇਟ ਕੇਂਦਰਾਂ ਦਾ ਅੰਕੜਾ ਵੇਖੀਏ ਤਾਂ ਜ਼ਿਲ੍ਹਾ ਲੁਧਿਆਣਾ ਵਿਚ ਲੰਘੇ ਸਵਾ ਛੇ ਸਾਲਾਂ ਵਿਚ 1.21 ਲੱਖ ਮਰੀਜ਼ ਰਜਿਸਟਰਡ ਹੋਏ ਹਨ ਜਦਕਿ ਪਟਿਆਲਾ ਜ਼ਿਲ੍ਹੇ 'ਚ 54,933 ਮਰੀਜ਼ ਪੁੱਜੇ ਹਨ। ਫਿਰੋਜ਼ਪੁਰ ਦੇ ਪ੍ਰਾਈਵੇਟ ਕੇਂਦਰਾਂ 'ਚ 25,682, ਮੁਕਤਸਰ 'ਚ 42,380, ਹੁਸ਼ਿਆਰਪੁਰ 'ਚ 31,104 ਤੇ ਬਰਨਾਲਾ 'ਚ 19,779 ਮਰੀਜ਼ ਰਜਿਸਟਰਡ ਹੋਏ ਹਨ। ਨਸ਼ਿਆਂ ਨੂੰ ਛੱਡਣ ਵਾਲੇ ਮਰੀਜ਼ਾਂ ਦੀ ਗਿਣਤੀ 4,106 ਹੈ ਜਿਸ 'ਚੋਂ ਸਰਕਾਰੀ ਕੇਂਦਰਾਂ 'ਚ 3,810 ਤੇ ਪ੍ਰਾਈਵੇਟ 'ਚ 296 ਲੋਕਾਂ ਨੇ ਨਸ਼ਿਆਂ ਨੂੰ ਅਲਵਿਦਾ ਕਿਹਾ ਹੈ।

## ਲੋਕ ਕੌਮੀ ਪਾਰਟੀਆਂ ਦੀ ਥਾਂ ਖੇਤਰੀ ਦਲਾਂ ਨੂੰ ਸਹਿਯੋਗ ਕਰਨ: ਸੁਖਬੀਰ

**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਥੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਕੌਮੀ ਪਾਰਟੀਆਂ ਦਾ ਖਹਿੜਾ ਛੱਡ ਕੇ ਖੇਤਰੀ ਪਾਰਟੀਆਂ ਨੂੰ ਸਹਿਯੋਗ ਦੇਣ ਕਿਉਂਕਿ ਖੇਤਰੀ ਪਾਰਟੀਆਂ ਹੀ ਸੂਬੇ ਦੇ ਹਿੱਤਾਂ ਦੀ ਰਾਖੀ ਕਰ ਸਕਦੀਆਂ ਹਨ।ਉਹ ਇੱਥੇ ਅਕਾਲੀ ਆਗੂਆਂ, ਵਰਕਰਾਂ, ਉਦਯੋਗਪਤੀਆਂ ਤੇ ਵਪਾਰੀਆਂ ਨਾਲ ਮੀਟਿੰਗ ਕਰਨ ਲਈ ਪਹੁੰਚੇ ਸਨ। ਮੀਟਿੰਗ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕੌਮੀ ਪਾਰਟੀਆਂ ਦਾ ਉਦੇਸ਼ ਸੂਬਿਆਂ ਦੇ ਹਿੱਤਾਂ ਦੀ ਰਾਖੀ ਕਰਨਾ ਨਹੀਂ, ਸਗੋਂ ਸਿਰਫ ਕੇਂਦਰ ਵਿਚ ਸਰਕਾਰ ਸਥਾਪਤ ਕਰਨਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਸੂਬੇ ਦੇ ਹਿਤਾਂ ਦੀ ਰਾਖੀ ਲਈ ਕੁਰਬਾਨੀਆਂ ਦਿੱਤੀਆਂ ਹਨ ਤੇ ਭਵਿੱਖ ਵਿਚ ਵੀ ਇਸ ਲਈ ਕੋਈ ਵੀ ਕੁਰਬਾਨੀ ਕਰਨ ਤੋਂ ਪਿੱਛੇ ਨਹੀਂ ਹਟੇਗਾ।

# ਸਿੱਖਿਆ ਵਿਭਾਗ ਨੇ ਅਧਿਆਪਕ ਯੋਗਤਾ ਪ੍ਰੀਖਿਆ 'ਚ ਨਵਾਂ ਚੰਨ ਚਾੜ੍ਹਿਆ

## ਪ੍ਰਸ਼ਨ ਪੱਤਰਾਂ ਵਿਚ ਉੱਤਰ ਹੀ ਦੱਸ ਦਿੱਤੇ ਗਏ

**ਬਰਨਾਲਾ:** ਅਧਿਆਪਕ ਯੋਗਤਾ ਪ੍ਰੀਖਿਆ (ਟੈੱਟ) ਦੇ ਪੇਪਰ ਦੇ ਕੁਝ ਪ੍ਰਸ਼ਨ ਪੱਤਰਾਂ ਵਿਚ ਉੱਤਰ ਹੀ ਦੱਸ ਦਿੱਤੇ ਗਏ। ਸਮਾਜਿਕ ਸਿੱਖਿਆ ਦੀ ਪ੍ਰੀਖਿਆ ਲਈ ਉੱਤਰ ਆਪਸ਼ਨਾਂ ਵਿਚੋਂ ਇਕ ਹਾਈਲਾਈਟ (ਬੋਲਡ) ਕੀਤੀ ਹੋਣ ਕਾਰਨ ਯੂਨੀਵਰਸਿਟੀ ਦੀ ਵੱਡੀ ਕੁਤਾਹੀ ਸਾਹਮਣੇ ਆਈ ਹੈ। ਇਸ ਪ੍ਰੀਖਿਆ ਦੇ ਸਹੀ ਜਵਾਬ ਹੀ ਬੋਲਡ ਹੋਣ ਕਾਰਨ ਮਿਹਨਤ ਕਰਕੇ ਪ੍ਰੀਖਿਆ 'ਚ ਬੈਠਣ ਵਾਲੇ ਬੇਰੁਜ਼ਗਾਰ ਅਧਿਆਪਕਾਂ ਵਿਚ ਰੋਸ ਹੈ। ਇਹ ਪ੍ਰਸ਼ਨ ਪੱਤਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਮਾਹਿਰਾਂ ਵੱਲੋਂ ਤਿਆਰ ਕੀਤਾ ਗਿਆ ਹੈ। ਦੂਜੇ ਪਾਸੇ ਯੂਨੀਵਰਸਿਟੀ ਅਧਿਕਾਰੀ ਨੇ ਦੱਸਿਆ ਕਿ ਇਸ ਸਬੰਧੀ ਪ੍ਰਿੰਟਿੰਗ ਵਿਚ ਗਲਤੀ ਹੋਈ ਹੈ ਜਿਸ ਕਾਰਨ ਇਹ ਪ੍ਰੀਖਿਆ ਮੁੜ ਲੈਣ ਬਾਰੇ ਮੀਟਿੰਗ ਕੀਤੀ ਜਾਵੇਗੀ।



ਅਧਿਆਪਕ ਯੋਗਤਾ ਪ੍ਰੀਖਿਆ 'ਚ ਹਰ ਪ੍ਰਸ਼ਨ ਦੇ ਉੱਤਰ ਲਈ ਚਾਰ ਬਦਲ ਦਿੱਤੇ ਹੁੰਦੇ ਹਨ ਜਿਨ੍ਹਾਂ ਵਿਚੋਂ ਕੋਈ ਇਕ ਢੁਕਵਾਂ ਉੱਤਰ ਚੁਣਨਾ ਹੁੰਦਾ ਹੈ ਪਰ ਇਸ ਦੇ ਸਪੱਸ਼ਟ ਉਤਰ ਹੀ ਦੱਸਣ ਕਾਰਨ ਪ੍ਰੀਖਿਆ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਬੇਰੁਜ਼ਗਾਰ ਅਧਿਆਪਕ ਯੂਨੀਅਨ ਦੇ ਸੂਬਾ ਆਗੂ ਸੁਖਵਿੰਦਰ ਸਿੰਘ ਢਿੱਲਵਾਂ ਨੇ ਦੱਸਿਆ ਕਿ ਪ੍ਰੀਖਿਆ ਦੇ ਕੁਝ ਪ੍ਰਸ਼ਨ ਪੱਤਰਾਂ 'ਚ ਵਿਸ਼ੇਸ਼ ਕਰਕੇ ਪੇਪਰਾਂ ਦੇ 'ਡੀ' ਸੈੱਟ ਦੇ ਸਮਾਜਿਕ ਸਿੱਖਿਆ ਵਿਸ਼ੇ ਨਾਲ ਸਬੰਧਤ ਕਰੀਬ 60 ਪ੍ਰਸ਼ਨਾਂ ਦੇ ਸਹੀ ਉੱਤਰ ਨੂੰ ਪਹਿਲਾਂ ਹੀ 'ਗੂੜ੍ਹਾ' ਕੀਤਾ ਹੋਇਆ ਸੀ, ਜਿਸ ਤੋਂ ਹਰੇਕ ਉਮੀਦਵਾਰ ਸਹਿਜੇ ਹੀ ਅੰਦਾਜ਼ਾ ਲਗਾ ਸਕਦਾ ਸੀ ਕਿ ਸਹੀ ਉੱਤਰ ਕਿਹੜਾ ਹੈ। ਸੈੱਟ 'ਸੀ' ਵਿਚ ਵੀ ਅਜਿਹਾ ਮਾਮਲਾ ਸਾਹਮਣੇ ਆਉਣ 'ਤੇ ਸਥਾਨਕ ਪ੍ਰੀਖਿਆ ਕੇਂਦਰ 'ਚੋਂ ਪ੍ਰੀਖਿਆਰਥੀਆਂ ਤੋਂ ਪ੍ਰਸ਼ਨ ਪੱਤਰ ਵਾਪਸ ਲੈ ਲਏ ਗਏ ਸਨ। ਹੋਰਨਾਂ ਥਾਵਾਂ 'ਤੇ ਵੀ ਅਜਿਹਾ ਹੋਣ ਦੇ ਖਦਸ਼ੇ ਹਨ। ਉਨ੍ਹਾਂ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਨ ਦੀ ਮੰਗ ਕੀਤੀ ਹੈ।

ਦੂਜੇ ਪਾਸੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਕੰਪਿਊਟਰ ਸਾਇੰਸ ਵਿਭਾਗ ਦੇ ਪ੍ਰੋ. ਹਰਦੀਪ ਸਿੰਘ (ਪ੍ਰੀਖਿਆ ਕੋਆਰਡੀਨੇਟਰ) ਨੇ ਕਿਹਾ ਕਿ ਇਸ ਪ੍ਰੀਖਿਆ ਦੀ ਪ੍ਰਿੰਟਿੰਗ ਵਿਚ ਗਲਤੀ ਹੋਈ ਹੈ ਅਤੇ ਪੰਜਾਬ ਸਰਕਾਰ ਦੇ ਸਬੰਧਿਤ ਵਿਭਾਗ ਨਾਲ ਵਿਚਾਰ-ਵਟਾਂਦਰਾ ਕਰ ਕੇ ਇਹ ਪ੍ਰੀਖਿਆ ਦੁਬਾਰਾ ਲੈਣ ਬਾਰੇ ਵਿਚਾਰ ਕੀਤਾ ਜਾਵੇਗਾ।

# ਮੂਸੇਵਾਲੇ ਦੇ ਮਾਪਿਆ ਵੱਲੋਂ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਮੋੜਵਾਂ ਜਵਾਬ

**ਮਾਨਸਾ:** ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਸਬੰਧੀ 'ਆਪ' ਦੇ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਦਿੱਤੇ ਬਿਆਨ ਤੋਂ ਨਾਰਾਜ਼ ਹੋਏ ਮਰਹੂਮ ਗਾਇਕ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਮੰਤਰੀ ਵੱਲੋਂ ਬੋਲੇ ਗਏ ਸ਼ਬਦਾਂ ਨੇ ਉਨ੍ਹਾਂ ਨੂੰ ਠੇਸ ਪਹੁੰਚਾਈ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਕਮੀਆਂ 'ਤੇ ਪਰਦਾ ਪਾਉਣ ਲਈ ਅਮਨ ਅਰੋੜਾ ਉਲਟਾ ਉਨ੍ਹਾਂ ਦੀਆਂ ਗਲਤੀਆਂ ਕੱਢ ਰਹੇ ਹਨ। ਪਿੰਡ ਮੂਸਾ ਵਿਚ ਜੁੜੇ ਮਰਹੂਮ ਗਾਇਕ ਦੇ ਪ੍ਰਸ਼ੰਸਕਾਂ ਨੂੰ ਸੰਬੋਧਨ ਕਰਦਿਆਂ ਬਲਕੌਰ ਸਿੱਧੂ ਨੇ ਕਿਹਾ ਕਿ ਚੋਣਾਂ ਤੋਂ ਬਾਅਦ 9-10 ਦਿਨਾਂ ਤੱਕ ਸਿੱਧੂ ਮੂਸੇਵਾਲਾ ਨੂੰ ਕੋਈ ਸੁਰੱਖਿਆ ਨਹੀਂ ਮਿਲੀ ਹੋਈ ਸੀ, ਪਰ ਇਹ ਗੱਲ ਜਨਤਕ ਨਹੀਂ ਕੀਤੀ ਗਈ ਸੀ। 28 ਮਈ 2022 ਨੂੰ ਜਦੋਂ ਸੁਰੱਖਿਆ ਘਟਾਈ ਗਈ ਤਾਂ ਸਰਕਾਰ ਦੇ



ਅਧਿਕਾਰੀਆਂ ਨੇ ਸੋਸ਼ਲ ਮੀਡੀਆ 'ਤੇ ਇਸ ਦਾ ਪ੍ਰਚਾਰ ਕੀਤਾ। ਉਨ੍ਹਾਂ ਕਿਹਾ ਕਿ ਗੈਂਗਸਟਰ ਗੋਲਡੀ ਬਰਾੜ ਨੇ ਵੀ ਇਕ ਇੰਟਰਵਿਊ ਵਿਚ ਮੰਨਿਆ ਹੈ ਕਿ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਘਟਾਏ ਜਾਣ ਦਾ ਪਤਾ ਲੱਗਣ 'ਤੇ ਹੀ ਉਸ ਨੂੰ ਮਾਰਨ ਦੀ ਯੋਜਨਾ ਬਣਾਈ ਗਈ ਸੀ।

ਮੂਸੇਵਾਲਾ ਦੇ ਪਿਤਾ ਨੇ ਕਿਹਾ ਕਿ ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਪੁੱਛਿਆ ਹੈ ਕਿ ਵਿਦੇਸ਼ਾਂ 'ਚ ਬੈਠੇ ਗੈਂਗਸਟਰਾਂ ਨੂੰ ਭਾਰਤ ਲਿਆਉਣ ਵਿਚ ਤਾਂ ਦੇਰੀ ਹੋ ਸਕਦੀ ਹੈ, ਪਰ ਨੇੜੇ ਬੈਠੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਵਿਚ ਦੇਰੀ ਕਿਉਂ ਕੀਤੀ ਜਾ ਰਹੀ ਹੈ, ਜਿਨ੍ਹਾਂ ਵੱਲੋਂ ਜਨਤਕ ਕੀਤੀ ਸੂਚਨਾ ਕਾਰਨ ਇਹ ਹਾਦਸਾ ਵਾਪਰਿਆ। ਉਨ੍ਹਾਂ ਕਿਹਾ ਕਿ ਆਪਣੇ ਪੁੱਤਰ ਦੇ ਕਤਲ ਦਾ ਇਨਸਾਫ ਲੈਣ ਲਈ ਉਹ ਮੁੜ ਵਿਧਾਨ ਸਭਾ ਵੀ ਜਾ ਸਕਦੇ ਹਨ।

## ਕੋਟਕਪੂਰਾ ਕਾਂਡ: ਪੰਜਾਬ ਸਰਕਾਰ ਨੇ ਜਾਂਚ 'ਚ ਲੋਕਾਂ ਤੋਂ ਸਹਿਯੋਗ ਮੰਗਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ 'ਚ ਲੋਕਾਂ ਤੋਂ ਸਹਿਯੋਗ ਮੰਗਿਆ ਹੈ। ਏ.ਡੀ.ਜੀ.ਪੀ. ਐੱਲ ਕੇ ਯਾਦਵ ਦੀ ਅਗਵਾਈ ਹੇਠਲੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਕਿਹਾ ਕਿ ਜੇਕਰ ਕਿਸੇ ਵਿਅਕਤੀ ਕੋਲ ਇਸ ਕੇਸ ਨਾਲ ਸਬੰਧਤ ਕੋਈ ਢੁਕਵੀਂ ਜਾਣਕਾਰੀ ਹੈ, ਜਿਸ ਨਾਲ ਕੇਸ 'ਤੇ ਪ੍ਰਭਾਵ ਪੈ ਸਕਦਾ ਹੈ, ਤਾਂ ਉਹ ਵਿਅਕਤੀ ਨਿੱਜੀ ਤੌਰ 'ਤੇ ਉਨ੍ਹਾਂ ਨਾਲ ਪੁਲਿਸ ਹੈੱਡਕੁਆਰਟਰ, ਸੈਕਟਰ-9, ਚੰਡੀਗੜ੍ਹ ਵਿਖੇ ਸਥਿਤ ਦਫ਼ਤਰ ਵਿਚ 16, 23 ਅਤੇ 30 ਮਾਰਚ ਨੂੰ ਸਵੇਰੇ ਸਾਢੇ 10 ਵਜੇ ਤੋਂ ਦੁਪਹਿਰ 1.30 ਵਜੇ ਤੱਕ ਮੁਲਾਕਾਤ ਕਰ ਸਕਦੇ ਹਨ। ਸ੍ਰੀ ਯਾਦਵ ਨੇ ਕਿਹਾ ਕਿ ਕੋਈ ਵੀ ਵਿਅਕਤੀ ਇਸ ਸਬੰਧੀ ਵਟਸਐਪ ਨੰਬਰ 9875983237 'ਤੇ ਮੈਸੇਜ ਭੇਜ ਕੇ ਜਾਂ 20210. 'ਤੇ ਈਮੇਲ ਰਾਹੀਂ ਵੀ ਜਾਣਕਾਰੀ ਸਾਂਝੀ ਕਰ ਸਕਦਾ ਹੈ।

ਦੱਸਣਯੋਗ ਹੈ ਕਿ ਕੋਟਕਪੂਰਾ ਗੋਲੀ ਕਾਂਡ 14 ਅਕਤੂਬਰ, 2015 ਨੂੰ ਵਾਪਰਿਆ ਸੀ। ਇਸ ਕਾਂਡ ਦੀ ਜਾਂਚ ਲਈ ਪੰਜਾਬ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ਾਂ 'ਤੇ ਸੂਬਾ ਸਰਕਾਰ ਨੇ ਏ.ਡੀ.ਜੀ.ਪੀ. ਐੱਲ ਕੇ ਯਾਦਵ, ਆਈ.ਜੀ. ਰਾਕੇਸ਼ ਅਗਰਵਾਲ ਅਤੇ ਐਸ.ਐਸ.ਪੀ. ਮੋਗਾ ਗੁਲਨੀਤ ਸਿੰਘ ਖੁਰਾਣਾ ਸਮੇਤ ਤਿੰਨ ਸੀਨੀਅਰ ਅਧਿਕਾਰੀਆਂ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ (ਸਿਟ) ਦਾ ਗਠਨ ਕੀਤਾ ਸੀ। ਇਸ ਸਿਟ ਨੇ 24 ਫਰਵਰੀ ਨੂੰ ਅਦਾਲਤ 'ਚ ਆਪਣਾ ਪਹਿਲਾ ਚਲਾਨ ਪੇਸ਼ ਕਰ ਦਿੱਤਾ ਹੈ। ਉਸ ਤੋਂ ਬਾਅਦ ਸਿਟ ਨੇ ਪੰਜਾਬ ਦੇ ਇਕ ਆਈ.ਏ.ਐਸ. ਸਣੇ ਚਾਰ ਪੁਲਿਸ ਅਧਿਕਾਰੀਆਂ ਤੋਂ ਵੀ ਕਈ ਘੰਟੇ ਪੁੱਛ-ਗਿਛ ਕੀਤੀ ਸੀ।

# ਸਿੱਖ ਕੌਮ ਨੂੰ ਦੇਸ਼ ਵਿਚ ਕਦੇ ਵੀ ਇਨਸਾਫ ਨਹੀਂ ਮਿਲਿਆ: ਜਥੇਦਾਰ

## ਸ਼੍ਰੋਮਣੀ ਕਮੇਟੀ ਦੇ ਟੁਕੜੇ ਕਰਨ ਵਾਲਿਆਂ ਨੂੰ ਬਦਅਸੀਸ ਲੱਗੇਗੀ

**ਸ੍ਰੀ ਆਨੰਦਪੁਰ ਸਾਹਿਬ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਹੋਲੇ ਮਹੱਲੇ ਮੌਕੇ ਸਿੱਖ ਕੌਮ ਨੂੰ ਸੁਨੇਹਾ ਦਿੰਦਿਆਂ ਕਿਹਾ ਕਿ ਦੇਸ਼ ਦੀ ਸੰਸਦ ਨੂੰ ਅਖੰਡ ਰੱਖਣ ਲਈ ਹਾਕਮ ਧਿਰਾਂ ਸਿਰਤੋੜ ਯਤਨ ਕਰਦੀਆਂ ਹਨ ਪਰ ਸਿੱਖਾਂ ਦੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਟੋਟੇ ਕਰਨਾ ਸਿੱਖਾਂ ਨੂੰ ਅਤੇ ਸਿੱਖ ਸੰਸਥਾਵਾਂ ਨੂੰ ਤੋੜਨ ਤੇ ਕਮਜ਼ੋਰ ਕਰਨ ਦਾ ਘਿਣਾਉਣਾ ਯਤਨ ਹੈ।

ਅਜਿਹਾ ਕਰਨ ਵਾਲਿਆਂ ਦਾ ਕਦੇ ਵੀ ਭਲਾ ਨਹੀਂ ਹੋ ਸਕੇਗਾ ਤੇ ਸਮੁੱਚਾ ਖਾਲਸਾ ਪੰਥ ਉਨ੍ਹਾਂ ਨੂੰ ਬਦਅਸੀਸ ਦਿੰਦਾ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਫਸੀਲ ਤੋਂ ਸੁਨੇਹਾ ਜਾਰੀ ਕਰਦਿਆਂ ਜਥੇਦਾਰ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਸੁਰਜੀਤ ਕਰਨ ਦੀ ਗੱਲ ਕਰਦਿਆਂ ਕਿਹਾ ਕਿ ਅਕਾਲੀ ਦਲ ਤਾਂ ਮਜ਼ਦੂਰਾਂ ਦੀ ਪਾਰਟੀ ਸੀ ਨਾ ਕਿ ਸਰਮਾਏਦਾਰਾਂ ਦੀ। ਇਸ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਤੋਂ ਕਿਸਾਨਾਂ ਤੇ ਮਜ਼ਦੂਰਾਂ ਦੀ ਪਾਰਟੀ ਬਣਾਉਣ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਫਰਜ਼ੀ ਸੋਸ਼ਲ ਮੀਡੀਆ



ਆਈ.ਡੀ. ਬਣਾ ਕੇ ਕੁਝ ਏਜੰਸੀਆਂ ਸਿੱਖ ਕੌਮ ਖ਼ਿਲਾਫ਼ ਕੂੜ ਪ੍ਰਚਾਰ ਕਰ ਰਹੀਆਂ ਹਨ ਅਤੇ ਕੌਮ ਖ਼ਿਲਾਫ਼ ਗਲਤ ਧਾਰਨਾ ਵੀ ਬਣਾਈ ਜਾ ਰਹੀ ਹੈ ਤਾਂ ਜੋ ਦੁਨੀਆਂ ਭਰ ਵਿਚ ਸਿੱਖਾਂ ਖ਼ਿਲਾਫ਼ ਲਹਿਰ ਉਸਾਰੀ ਜਾ ਸਕੇ। ਉਨ੍ਹਾਂ ਕਿਹਾ ਕਿ ਮਨੀਕਰਨ ਵਿਖੇ ਵਾਪਰੀ ਘਟਨਾ ਅਤੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਿੱਖ ਨੌਜਵਾਨ ਦੇ ਕਤਲ ਦੀ ਘਟਨਾ ਦੁਖਦਾਈ ਹੈ। ਉਨ੍ਹਾਂ ਨੇ ਸਮੂਹ ਨੌਜਵਾਨਾਂ ਨੂੰ ਸੁਨੇਹਾ ਦਿੱਤਾ ਕਿ ਗੁਰੂ ਸਾਹਿਬਾਨ ਨੇ ਹਲੀਮੀ ਤੇ ਨਿਮਾਣੇ ਰਹਿਣ ਦਾ ਉਪਦੇਸ਼ ਦਿੱਤਾ ਹੈ ਨਾ ਕਿ ਹੁੱਲੜਬਾਜ਼ੀ ਕਰਨ ਦਾ।

ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ 1947 ਤੋਂ ਲੈ ਕੇ ਹੁਣ ਤੱਕ ਕਦੇ ਵੀ ਸਿੱਖ ਕੌਮ ਨੂੰ ਦੇਸ਼ ਵਿਚ ਇਨਸਾਫ ਨਹੀਂ ਮਿਲਿਆ। ਇਹੀ ਕਾਰਨ ਹੈ ਕਿ ਹੁਣ ਹਰਿਆਣਾ ਦੀ ਵੱਖਰੀ ਕਮੇਟੀ ਬਿਨਾਂ ਕੌਮ ਦੀ ਮੰਗ ਜਾਂ ਜਰੂਰਤ ਤੋਂ ਬਣਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਦਾ ਮੁੱਖ ਕਾਰਨ ਇਹ ਹੈ ਕਿ ਕਿਸਾਨੀ ਅੰਦੋਲਨ ਦੌਰਾਨ ਸਭ ਤੋਂ ਵੱਡਾ ਸਹਾਰਾ ਸ਼੍ਰੋਮਣੀ ਕਮੇਟੀ ਹੀ ਸੀ ਜਿਸ ਨੇ ਕਿਸਾਨੀ ਦੀ ਮਦਦ ਲਈ ਲੰਗਰ ਲਗਾਏ ਅਤੇ ਸੰਗਤ ਨੂੰ ਪ੍ਰੇਰਿਤ ਕੀਤਾ। ਇਸ ਰੁਝਾਨ ਤੋਂ ਘਬਰਾਈਆਂ ਸਰਕਾਰਾਂ ਦੀ ਪੁਰਜ਼ੋਰ ਕੋਸ਼ਿਸ਼ ਸੀ ਕਿ ਸਿੱਖਾਂ ਦੀ ਪਾਰਲੀਮੈਂਟ (ਸ਼੍ਰੋਮਣੀ ਕਮੇਟੀ) ਨੂੰ ਤੋੜਿਆ ਜਾਵੇ ਤੇ ਉਸ ਦਾ ਸਿੱਟਾ ਹਰਿਆਣਾ ਕਮੇਟੀ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕਰਨ ਵਾਲਿਆਂ ਨੂੰ ਪੰਥ ਕਦੇ ਵੀ ਮੁਆਫ ਨਹੀਂ ਕਰੇਗਾ ਤੇ ਅਜਿਹੀਆਂ ਤਾਕਤਾਂ ਦਾ ਕਦੇ ਵੀ ਭਲਾ ਨਹੀਂ ਹੋਵੇਗਾ ਕਿਉਂਕਿ ਅੱਜ ਸਮੁੱਚਾ ਖਾਲਸਾ ਪੰਥ ਉਨ੍ਹਾਂ ਨੂੰ ਬਦਦੁਆ ਦੇ ਰਿਹਾ ਹੈ।

## ਰੁਮਾਲੇ ਭੇਟ ਕਰਨ ਦੀ ਥਾਂ ਨਕਦ ਚੜ੍ਹਾਵਾ ਚੜ੍ਹਾਓ: ਧਾਮੀ

**ਸ੍ਰੀ ਆਨੰਦਪੁਰ ਸਾਹਿਬ:** ਹੋਲੇ ਮਹੱਲੇ ਮੌਕੇ ਸਿੱਖ ਕੌਮ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼ਬਦ ਗੁਰੂ ਪ੍ਰਤੀ ਸ਼ਰਧਾ ਤੇ ਸਤਿਕਾਰ ਭੇਟ ਕਰਨ ਲਈ ਰੁਮਾਲੇ ਭੇਟ ਕਰਨ ਦੀ ਥਾਂ ਸੰਗਤ 200-300 ਰੁਪਏ ਨਕਦ ਚੜ੍ਹਾਵਾ ਚੜ੍ਹਾਏ ਤਾਂ ਜੋ ਗੋਲਕ ਦੀ ਮਾਇਆ ਲੋੜਵੰਦਾਂ ਦੇ ਭਲੇ ਲਈ ਅਤੇ ਸਿੱਖ ਨੌਜਵਾਨਾਂ ਨੂੰ ਆਈ.ਏ.ਐਸ. ਤੇ ਆਈ.ਪੀ.ਐਸ. ਅਧਿਕਾਰੀ ਬਣਾਉਣ ਲਈ ਕੰਮ ਆ ਸਕੇ ਅਤੇ ਹਰ ਸਾਲ 8-10 ਡੀ.ਸੀ. ਜਾਂ ਐਸ.ਐਸ.ਪੀ. ਪੱਧਰ ਦੇ ਸਿੱਖ ਅਧਿਕਾਰੀ ਬਣਾਏ ਜਾ ਸਕਣ। ਉਨ੍ਹਾਂ ਕਿਹਾ ਕਿ ਕਾਰਜਪਾਲਿਕਾ ਤੇ ਨਿਆਂਪਾਲਿਕਾ ਵਿਚ ਸਿੱਖਾਂ ਦੀ ਗਿਣਤੀ ਘੱਟ ਹੋਣਾ ਕੌਮ ਲਈ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਉਨ੍ਹਾਂ ਦੇ ਇਸ ਬਿਆਨ 'ਤੇ ਕਈ ਤਰ੍ਹਾਂ ਦੇ ਸਵਾਲ ਚੁੱਕੇ ਜਾਣਗੇ ਪਰ ਟਰੱਕਾਂ ਦੇ ਟਰੱਕ ਭਰ ਕੇ ਰੁਮਾਲੇ ਵੰਡਣ ਦੀ ਬਜਾਏ ਜੇਕਰ ਗੁਰੂ ਦੀ ਗੋਲਕ ਵਿਚ ਸਿੱਖ ਸੰਗਤ ਨਕਦੀ ਚੜ੍ਹਾਵਾ ਹੀ ਚੜ੍ਹਾਏ ਤਾਂ ਉਸ ਦਾ ਵਰਤੋਂ ਸਿੱਖ ਬੱਚਿਆਂ ਨੂੰ ਉੱਚ ਸਿੱਖਿਆ ਮੁਹੱਈਆ ਕਰਵਾਉਣ ਤੇ ਉਨ੍ਹਾਂ ਦੇ ਆਰਥਿਕ ਵਿਕਾਸ ਲਈ ਕੀਤੀ ਜਾ ਸਕਦੀ ਹੈ।

# Matrimonials

## ਲੜਕੀ ਦੀ ਲੋੜ ਹੈ

US settled, Jatt Sikh, well educated, landlord family seeks professionally qualified match for US Citizen, handsome, turbaned boy, 6", 26, B.E. Computer Science, excellent salary, teetotaler, well versed in both cultures. Please respond with recent photographs and detailed particulars at singhusa2022@gmail.com, or WhatsApp: +1-248-854-0003 5-8

Khatri Hindu family looking for a suitable match for their son US Citizen 38, 5'9" divorced with full custody of child, non-smoker/non-drinker. Caste and religion no bar. Well settled in California. Please contact Whatsapp/Phone: 909-286-5400" 3-6

An educated Jatt Sikh family looking for a suitable match for their 42, 5'10" son - US citizen, a lawyer working at a major US University. Doctorate degree from US. Divorced, shared custody of two kids. Please contact us at: dsr9822@gmail.com 2-5

Looking for a suitable match for our USA green card holder, 5'7" 1987 born Sikh Tonk Kshatriya son. All family members are settled in the USA. Educational level includes business management and currently works in transportation. Serious inquiries please contact @ 314-309-4408 or E-mail at: santokhkainth53@gmail.com. 1-4

Suitable Jatt Sikh match for US born Jatt Sikh Gill boy 30, 5'8.5" and is of healthier build. Only sibling belonging to a well to do family with land and property in India and US. Currently manages the family owned Gas station. Call 269-506-0599 and/or email gill9256@gmail.com 1-4

Sikh Family looking for a suitable match for their USA Citizen handsome son 32, 5'11" , Well educated, Well Settled. Prefer Punjabi Girl in America or Canada. Minimum height 5'4". Serious enquiries only. Please Contact us at: +15103968812 9-12

Sikh Arora family looking for a suitable match for their 5'-8" B.tech. PMlM son, living in Canada (getting P R soon). Father Associate Professor in a college having Urban Agriculture land also. Want sikh beautiful girl with professional qualifications. Please Contact us at: +9198963-19944 (India). 4-7

ਗਰੀਨ ਕਾਰਡ ਹੋਲਡਰ ਰਾਮਗੜੀਆ ਸਿੱਖ, 36 ਸਾਲ, ਕੱਦ 5'11" ਡਿਗਰੀ ਹੋਲਡਰ, ਆਪਣਾ ਕਾਰੋਬਾਰ ਕਰਦੇ ਲੜਕੇ ਲਈ ਅਮਰੀਕਾ ਰਹਿੰਦੀ ਸੋਹਣੀ ਸੁਨੱਖੀ (ਤਲਾਕਸ਼ੁਦਾ ਜਾਂ ਬੱਚੇ ਵਾਲੀ ਵੀ ਵਿਚਾਰਨਯੋਗ) ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 765-602-6904 (ਵ੍ਹਟਸਐਪ)। 2-5

Khatri Sikh family residing in USA looking for a compatible Sikh match from USA or Canada for their US citizen Turbaned son, 1984 born, 5'10", never married, BS & MS (USA), working as an Engineer with a pharmaceutical company in Pennsylvania. Caste no bar. Serious enquiries only. Please contact us with complete details and picture at WhatsApp +1-331-280-7906 or E-mail at sanjogmatri27@gmail.com 1-4

Looking for suitable, educated match for Jatt Sikh boy, born in 1995, 5'10, well settled in USA, own business, back home from moga, Punjab. Prefer girl in USA or canada . Please send biodata and most recent pictures to whats app 17345482767 or Email- satnambhullar1966@gmail.com 1-4

Jatt Sikh family looking for a suitable Jatt Sikh girl for their US born 27 years, 5'11", Mechanical Engineer son. Boy is well established and doing a federal job. Girl must be Engineer or Doctor. Serious enquiries only. Please contact us at 678-448-2202.


SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-673-3825**

***EARLY BIRD SALE!!!!***

**Domestic fares available**


## ਦੋ ਛੋਟੇ ਜਹਾਜ਼ ਆਪਸ ਵਿਚ ਟਕਰਾਏ, 4 ਮੌਤਾਂ

ਓਰਲੈਂਡੋ : ਅਮਰੀਕਾ ਵਿਚ ਦੋ ਛੋਟੇ ਜਹਾਜ਼ਾਂ ਦੇ ਮੱਧ ਅਸਮਾਨ ਵਿਚ ਆਪਸ ਵਿਚ ਟਕਰਾਅ ਜਾਣ ਕਾਰਨ ਉਨ੍ਹਾਂ ਵਿਚ ਸਵਾਰ ਸਾਰੇ 4 ਵਿਅਕਤੀਆਂ ਦੀ ਮੌਤ ਹੋ ਗਈ। ਇਹ ਜਾਣਕਾਰੀ ਪੋਲਕ ਕਾਊਂਟੀ ਸ਼ੈਰਿਫ ਦਫਤਰ ਨੇ ਜਾਰੀ ਕੀਤੀ ਹੈ। ਇਹ ਹਾਦਸਾ ਓਰਲੈਂਡੋ ਦੇ ਦੱਖਣ-ਪੱਛਮ ਵਿਚ ਤਕਰੀਬਨ 45 ਮੀਲ ਦੂਰ ਵਿੰਟਰ ਹੈਵਨ ਵਿਚਲੇ ਕਹਾਰਟ ਰਿਜ ਉਪਰ ਵਾਪਰਿਆ।

ਅਧਿਕਾਰੀਆਂ ਅਨੁਸਾਰ ਪਾਈਪਰ ਜੇ-3 ਕੱਬਸੀ ਪਲੇਨ ਜਿਸ ਨੂੰ ਜੈਕ ਬਰਾਊਨਜ਼ ਸੀ ਪਲੇਨ ਬੇਸ ਵੱਲੋਂ ਚਲਾਇਆ ਜਾਂਦਾ ਹੈ ਤੇ ਸਥਾਈ ਖੰਭਾਂ ਵਾਲਾ ਜਹਾਜ਼ ਚੇਰੋਕੀ ਪਾਈਪਰ 161 ਜਿਸ ਨੂੰ ਪੋਲਕ ਸਟੇਟ ਕਾਲਜ ਦੀ ਤਰਫੋਂ ਓਰਮੌਂਡ ਬੀਚ ਉਪਰ ਸਨਰਾਈਜ਼ ਐਵੀਏਸ਼ਨ ਵੱਲੋਂ ਚਲਾਇਆ ਜਾਂਦਾ ਹੈ, ਹਾਦਸੇ ਵਿਚ ਸ਼ਾਮਿਲ ਸਨ। ਸ਼ੈਰਿਫ ਦਫਤਰ ਅਨੁਸਾਰ ਮ੍ਰਿਤਕਾਂ ਵਿਚ ਪਾਇਲਟ ਤੇ ਇੰਸਟਰਕਟਰ ਫੇਦਈ ਰੇਨਬੇਕਰ (24), ਪੋਲਕ ਸਟੇਟ ਕਾਲਜ ਦਾ ਵਿਦਿਆਰਥੀ ਜ਼ੈਚਰੀ ਜੀਨਮੇਸ (19), ਰੈਂਡਲ ਐਲਬਰਟ ਕਰਾਫੋਰਡ (67) ਤੇ ਲੂਇਸ ਸੀਡੀਫਾਜ਼ੀਓ (78) ਸ਼ਾਮਿਲ ਹਨ।

ਸ਼ੈਰਿਫ ਦਫਤਰ ਦੇ ਚੀਫ਼ ਆਫ ਸਟਾਫ਼ ਸਟੀਵ ਲੈਸਟਰ ਨੇ ਕਿਹਾ ਹੈ ਕਿ ਇਕ ਜਹਾਜ਼ ਦਾ ਮਲਬਾ ਲੇਕ ਹਾਰਟ ਰਿਜ਼ ਵਿਚੋਂ ਪਾਣੀ ਦੀ ਸਤ੍ਹਾ ਉਪਰ ਹੀ ਮਿਲਿਆ ਹੈ ਜਦਕਿ ਦੂਸਰਾ ਜਹਾਜ਼ ਪਾਣੀ ਵਿਚ ਪੂਰੀ ਤਰ੍ਹਾਂ ਡੁੱਬ ਚੁੱਕਾ ਸੀ। ਉਸਦਾ ਮਲਬਾ ਪਾਣੀ ਦੇ 21 ਫੁੱਟ ਹੇਠਾਂ ਮਿਲਿਆ ਹੈ। ਪੋਲਕ ਕਾਊਂਟੀ ਸ਼ੈਰਿਫ ਗਰੈਡੀਜੂਡ ਨੇ ਪੀੜਤਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਹਾਦਸੇ ਦੀ ਸੰਘੀ ਅਧਿਕਾਰੀਆਂ ਵੱਲੋਂ ਜਾਂਚ ਕੀਤੀ ਜਾਵੇਗੀ।

## ਅਮਰੀਕੀ ਸੈਨੇਟ ਵੱਲੋਂ ਅਰੁਣ ਸੁਬਰਾਮਨੀਅਮ ਦੀ ਡਿਸਟ੍ਰਿਕਟ ਜੱਜ ਵਜੋਂ ਨਿਯੁਕਤੀ ਦੀ ਪੁਸ਼ਟੀ

**ਸੈਕਰਾਮੈਂਟੋ:** ਅਮਰੀਕੀ ਸੈਨੇਟ ਵੱਲੋਂ ਭਾਰਤੀ-ਅਮਰੀਕੀ ਅਰੁਣ ਸੁਬਰਾਮਨੀਅਮ ਦੀ ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਦੇ ਡਿਸਟ੍ਰਿਕਟ ਜੱਜ ਵਜੋਂ ਨਿਯੁਕਤੀ ਦੀ ਪੁਸ਼ਟੀ ਕਰ ਦੇਣ ਦੀ ਖ਼ਬਰ ਹੈ। ਉਹ ਪਹਿਲੇ ਦੱਖਣ-ਏਸ਼ਿਆਈ ਹੋਣਗੇ ਜੋ ਇਸ ਬੈਂਚ ਉਪਰ ਸੇਵਾ ਨਿਭਾਉਣਗੇ। ਸੈਨੇਟ ਨੇ 58-37 ਵੋਟਾਂ ਦੇ ਫਰਕ ਨਾਲ ਉਨ੍ਹਾਂ ਦੀ ਡਿਸਟ੍ਰਿਕਟ ਜੱਜ ਵਜੋਂ ਨਿਯੁਕਤੀ ਦੀ ਪੁਸ਼ਟੀ ਕੀਤੀ। ਸੈਨੇਟਰ ਚਾਰਲਸ ਸ਼ੂਮਰ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਸੁਬਰਾਮਨੀਅਮ ਭਾਰਤੀ ਪ੍ਰਵਾਸੀ ਦਾ ਪੁੱਤਰ ਹੈ ਜਿਸ ਦਾ ਕਰੀਅਰ ਲੋਕਾਂ ਨੂੰ ਸਮਰਪਿਤ ਰਿਹਾ ਹੈ।

ਸੁਬਰਾਮਨੀਅਮ ਦਾ ਜਨਮ ਪਿਟਸਬਰਗ, ਪੈਨਸਿਲਵਾਨੀਆ ਵਿਚ 1979 ਨੂੰ ਹੋਇਆ ਸੀ। ਉਸ ਦੇ ਮਾਂ-ਬਾਪ 1970ਵਿਆਂ ਦੇ ਸ਼ੁਰੂ ਵਿਚ ਭਾਰਤ ਤੋਂ ਆ ਕੇ ਅਮਰੀਕਾ ਵੱਸ ਗਏ ਸਨ।

## 4 ਅਪ੍ਰੈਲ ਦੀਆਂ ਮਿਉਂਸਪਲ ਰਨ-ਆਫ ਚੋਣਾਂ ਲਈ ਅਰਜ਼ੀਆਂ ਖੁੱਲ੍ਹੀਆਂ

### *ਸ਼ੁਰੂਆਤੀ ਵੋਟਿੰਗ 20 ਮਾਰਚ ਨੂੰ ਸਵੇਰੇ 9 ਵਜੇ ਸ਼ੁਰੂ ਹੋਵੇਗੀ*

**ਸ਼ਿਕਾਗੋ:** ਸ਼ਿਕਾਗੋ ਸਿਟੀ ਦੇ ਅੰਦਰ ਵੋਟਰ ਹੁਣ 4 ਅਪ੍ਰੈਲ ਦੀਆਂ ਮਿਉਂਸਪਲ ਰਨ-ਆਫ ਚੋਣਾਂ ਲਈ ਡਾਕ ਰਾਹੀਂ ਵੋਟ ਪਾਉਣ ਲਈ ਅਰਜ਼ੀ ਦੇ ਸਕਦੇ ਹਨ। ਐਪਲੀਕੇਸ਼ਨ ਪੋਰਟਲ: https://www.chicagoelections.gov/en/vote-by-mail-applicaiton.html ਖੁੱਲ੍ਹਾ ਹੈ।

ਦੱਸਣਯੋਗ ਹੈ ਕਿ ਜਦੋਂ ਤੱਕ ਕੋਈ ਵੋਟਰ ਪਹਿਲਾਂ ਹੀ ਮੇਲ ਰੋਸਟਰ ਦੁਆਰਾ ਸਥਾਈ ਵੋਟ 'ਤੇ ਨਹੀਂ ਹੈ, ਉਸ ਨੂੰ 4 ਅਪ੍ਰੈਲ ਦੀ ਚੋਣ ਲਈ ਸਵੈ-ਚਾਲਿਤ ਤੌਰ 'ਤੇ ਡਾਕ ਰਾਹੀਂ ਨਵੀਂ ਵੋਟ ਮੇਲ ਬੈਲੇਟ ਰਾਹੀਂ ਪ੍ਰਾਪਤ ਨਹੀਂ ਹੋਵੇਗੀ। ਵੋਟਰ ਨੂੰ 4 ਅਪ੍ਰੈਲ ਲਈ ਡਾਕ ਰਾਹੀਂ ਵੋਟ ਪ੍ਰਾਪਤ ਕਰਨ ਲਈ ਦੁਬਾਰਾ ਅਰਜ਼ੀ ਦੇਣ ਦੀ ਲੋੜ ਹੋਵੇਗੀ।

ਵੋਟਰ ਬੇਨਤੀ ਕਰ ਸਕਦੇ ਹਨ ਕਿ ਉਨ੍ਹਾਂ ਦੀ ਵੋਟ ਡਾਕ ਬੈਲੇਟ ਰਾਹੀਂ ਸ਼ਹਿਰ ਅਤੇ ਰਾਜ ਤੋਂ ਬਾਹਰ ਭੇਜੀ ਜਾਵੇ। ਵੋਟਰ ਅਪਲਾਈ ਕਰ ਸਕਦੇ ਹਨ ਅਤੇ ਅੰਗਰੇਜ਼ੀ, ਸਪੈਨਿਸ਼, ਚੀਨੀ, ਹਿੰਦੀ, ਪੋਲਿਸ਼, ਕੋਰੀਅਨ ਅਤੇ ਟੈਗਾਲੋਗ ਵਿਚ ਡਾਕ ਰਾਹੀਂ ਵੋਟ ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹਨ। ਜਦੋਂ ਵੋਟਰਾਂ ਨੂੰ ਡਾਕ ਰਾਹੀਂ ਆਪਣੀ ਵੋਟ ਪ੍ਰਾਪਤ ਹੁੰਦੀ ਹੈ, ਤਾਂ ਉਹ ਇਸਨੂੰ ਸਟੈਂਡਰਡ ਯੂ.ਐਸ. ਮੇਲ ਰਾਹੀਂ ਵਾਪਸ ਭੇਜ ਸਕਦੇ ਹਨ ਅਤੇ ਇਹ 4 ਅਪ੍ਰੈਲ, 2023 ਨੂੰ ਚੋਣ ਦਿਵਸ 'ਤੇ ਜਾਂ ਇਸ ਤੋਂ ਪਹਿਲਾਂ ਪੋਸਟਮਾਰਕ ਕੀਤਾ ਜਾਣਾ ਚਾਹੀਦਾ ਹੈ।

6 ਮਾਰਚ, 2023 ਮਿਊਂਸਪਲ ਰਨ-ਆਫ ਚੋਣ ਲਈ ਆਨਲਾਈਨ ਡਾਕ ਰਾਹੀਂ ਵੋਟ ਪਾਉਣ ਲਈ ਅਰਜ਼ੀ ਦੇਣ ਦਾ ਪਹਿਲਾ ਦਿਨ ਹੈ।

17 ਮਾਰਚ, ਵੋਟਰਾਂ ਨੂੰ ਡਾਕ ਰਾਹੀਂ ਵੋਟ ਪਾਉਣ ਲਈ ਸਭ ਤੋਂ ਪਹਿਲਾਂ ਸੰਭਾਵਿਤ ਦਿਨ ਹੈ।

30 ਮਾਰਚ, ਬੋਰਡ ਲਈ ਡਾਕ ਰਾਹੀਂ ਨਵੀਂ ਵੋਟ ਪ੍ਰਾਪਤ ਕਰਨ ਦਾ ਆਖਰੀ ਦਿਨ ਹੋਵੇਗਾ।

4 ਅਪ੍ਰੈਲ, 2023 ਡਾਕ ਰਾਹੀਂ ਵਾਪਸ ਆਉਣ 'ਤੇ ਬੈਲੇਟ ਰਿਟਰਨ ਲਿਫਾਫੇ 'ਤੇ ਪੋਸਟਮਾਰਕ ਲਈ ਆਖਰੀ ਦਿਨ ਹੋਵੇਗਾ। ਜੇ ਕੋਈ ਵੋਟਰ ਡਾਕ ਰਾਹੀਂ ਵੋਟ ਵਾਪਸ ਨਾ ਕਰਨ ਦਾ ਫੈਸਲਾ ਕਰਦਾ ਹੈ, ਤਾਂ ਵੋਟਰ ਉਸ ਵੋਟਰ ਦੇ ਘਰ ਦੇ ਪਤੇ ਲਈ ਚੋਣ ਸਥਾਨ ਅਤੇ ਪੋਲਿੰਗ ਸਥਾਨ 'ਤੇ ਜੱਜਾਂ ਨੂੰ ਡਾਕ ਰਾਹੀਂ ਵੋਟ ਭੇਜ ਸਕਦਾ ਹੈ, ਅਤੇ ਫਿਰ ਵਿਅਕਤੀਗਤ ਤੌਰ 'ਤੇ ਵੋਟ ਪਾ ਸਕਦਾ ਹੈ। ਜੇਕਰ ਡਾਕ ਰਾਹੀਂ ਵੋਟ ਗਵਾਚ ਗਈ ਸੀ ਜਾਂ ਨਹੀਂ ਪਹੁੰਚੀ, ਤਾਂ ਵੋਟਰ ਹਲਫ਼ਨਾਮੇ 'ਤੇ ਦਸਤਖਤ ਕਰ ਸਕਦਾ ਹੈ ਅਤੇ ਉਸ ਵੋਟਰ ਦੇ ਘਰ ਦੇ ਪਤੇ ਲਈ ਚੋਣ ਸਥਾਨ ਅਤੇ ਪੋਲਿੰਗ ਸਥਾਨ 'ਤੇ ਵੀ ਵਿਅਕਤੀਗਤ ਤੌਰ 'ਤੇ ਵੋਟ ਪਾ ਸਕਦਾ ਹੈ। ਡਾਕ ਰਾਹੀਂ ਭੇਜੀ ਗਈ ਵੋਟ ਗਿਣਤੀ ਵਿਚ ਸ਼ਾਮਲ ਕਰਨ ਲਈ 18 ਅਪ੍ਰੈਲ ਆਖਰੀ ਦਿਨ ਹੈ।

ਸ਼ਿਕਾਗੋ ਦੇ ਸਾਰੇ 50 ਵਾਰਡਾਂ ਅਤੇ 4 ਅਪ੍ਰੈਲ ਦੀ ਮਿਉਂਸਪਲ ਰਨ-ਆਫ ਚੋਣ ਲਈ ਦੋ ਡਾਊਨਟਾਊਨ ਸਾਈਟਾਂ 'ਤੇ ਸ਼ੁਰੂਆਤੀ ਵੋਟਿੰਗ ਸੋਮਵਾਰ, 20 ਮਾਰਚ ਨੂੰ ਸ਼ੁਰੂ ਹੋਵੇਗੀ ਅਤੇ 4 ਅਪ੍ਰੈਲ (ਚੋਣ ਦਿਵਸ) ਤੱਕ ਚੱਲੇਗੀ। ਸਾਰੀਆਂ 50 ਵਾਰਡ ਅਰਲੀ ਵੋਟਿੰਗ ਸਾਈਟਾਂ ਅਤੇ ਬੋਰਡ ਸੁਪਰਸਾਈਟ (191 ਐਨ. ਕਲਾਰਕ) ਚੋਣਾਂ ਵਾਲੇ ਦਿਨ ਵੋਟ ਕੇਂਦਰਾਂ ਵਜੋਂ ਖੁੱਲ੍ਹੀਆਂ ਰਹਿਣਗੀਆਂ।

ਰਜਿਸਟ੍ਰੇਸ਼ਨ ਸੇਵਾਵਾਂ ਲਈ, ਵੋਟਰ https://www[cihcagoelecitons[gov/en/reigster-to-vote-change-of-address[html 'ਤੇ ਜਾ ਸਕਦੇ ਹਨ ਜਾਂ (312) 269-7936 'ਤੇ ਸੰਪਰਕ ਕਰ ਸਕਦੇ ਹਨ।


**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਕਾਲ ਕਰੋ:**
***847-359-0746***

# ਪੰਜਾਬ ਬਜਟ: ਕਰਜ਼ੇ ਦੀ ਪੰਡ ਹੋਰ ਭਾਰੀ ਹੋਣ ਦੇ ਸੰਕੇਤ

**ਚੰਡੀਗੜ੍ਹ:** ਭਗਵੰਤ ਮਾਨ ਸਰਕਾਰ ਵੱਲੋਂ ਪੇਸ਼ ਕੀਤੇ ਗਏ ਬਜਟ 'ਚ ਪੰਜਾਬ ਸਿਰ ਕਰਜ਼ੇ ਦੀ ਪੰਡ ਦਾ ਬੋਝ ਘਟਣ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਬਲਕਿ ਕਰਜ਼ੇ ਦਾ ਭਾਰ ਵਧਣ ਦਾ ਅਨੁਮਾਨ ਹੈ। ਪੰਜਾਬ ਸਰਕਾਰ ਦੀ ਅਗਲੇ ਮਾਲੀ ਵਰ੍ਹੇ ਦੌਰਾਨ 34784.15 ਕਰੋੜ ਰੁਪਏ ਦਾ ਨਵਾਂ ਕਰਜ਼ਾ ਚੁੱਕਣ ਦੀ ਤਜਵੀਜ਼ ਹੈ ਜਦੋਂ ਕਿ 'ਆਪ' ਸਰਕਾਰ ਨੇ ਚਲੰਤ ਮਾਲੀ ਸਾਲ 'ਚ 30,985.60 ਕਰੋੜ ਦਾ ਕਰਜ਼ਾ ਚੁੱਕਿਆ ਹੈ। 'ਆਪ' ਸਰਕਾਰ ਦੇ ਦੋ ਵਰ੍ਹੇ ਪੂਰੇ ਹੋਣ 'ਤੇ ਪੰਜਾਬ ਸਿਰ ਕੁੱਲ 65769 ਕਰੋੜ (ਦੋ ਸਾਲ 'ਚ) ਦਾ ਕਰਜ਼ਾ ਚੜ੍ਹ ਜਾਣਾ ਹੈ। ਮਾਰਚ 2024 ਤੱਕ ਪੰਜਾਬ ਸਿਰ ਕਰਜ਼ਾ 3,47,542 ਕਰੋੜ ਰੁਪਏ ਹੋ ਜਾਵੇਗਾ। ਵਿੱਤ ਮੰਤਰੀ ਨੇ ਕਿਹਾ ਕਿ ਨਵਾਂ ਕਰਜ਼ਾ ਘੱਟ ਵਿਆਜ ਦਰਾਂ 'ਤੇ ਲੈਣ ਨੂੰ ਤਰਜੀਹ ਦਿੱਤੀ ਜਾਵੇਗੀ। ਬਜਟ 'ਚ ਕਰਜ਼ੇ ਦੀ ਅਦਾਇਗੀ ਲਈ 22 ਹਜ਼ਾਰ ਕਰੋੜ ਰੁਪਏ ਦੀ ਰਾਸ਼ੀ ਰੱਖੀ ਗਈ ਹੈ।




ਖ਼ਰਚਿਆਂ ਦਾ ਅਨੁਮਾਨ ਦੇਖੀਏ ਤਾਂ 2023-24 ਵਿਚ 34620.26 ਕਰੋੜ ਰੁਪਏ ਤਾਂ ਤਨਖ਼ਾਹਾਂ ਅਤੇ ਉਜਰਤਾਂ ਵਿਚ ਚਲੇ ਜਾਣਗੇ ਜਦੋਂ ਕਿ 18 ਹਜ਼ਾਰ ਕਰੋੜ ਰੁਪਏ ਪੈਨਸ਼ਨ ਅਤੇ ਸੇਵਾਮੁਕਤੀ ਲਾਭ 'ਚ ਖ਼ਰਚ ਹੋਣਗੇ। ਐਤਕੀਂ ਪੁਲਿਸ ਦੇ ਬਜਟ 'ਚ 11 ਫ਼ੀਸਦੀ ਦਾ ਵਾਧਾ ਕੀਤਾ ਗਿਆ ਹੈ ਅਤੇ ਸੂਬੇ ਵਿਚ ਅਮਨ ਕਾਨੂੰਨ ਨੂੰ ਲੈ ਕੇ ਮਿਲ ਰਹੀਆਂ ਸਖ਼ਤ ਚੁਣੌਤੀਆਂ ਨਾਲ ਨਜਿੱਠਣ ਲਈ ਖ਼ਾਸ ਕਰਕੇ ਸਰਹੱਦੀ ਜ਼ਿਲ੍ਹਿਆਂ ਵਿਚ ਪੁਲਿਸ ਦੇ ਆਧੁਨਿਕੀਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਨਸ਼ਿਆਂ ਦੇ ਵੱਧ ਰਹੇ ਪ੍ਰਕੋਪ ਨੂੰ ਮੱਠਾ ਕਰਨ ਵਾਸਤੇ ਖੇਡ ਬਜਟ ਵਿਚ ਵੀ 55 ਫ਼ੀਸਦੀ ਦਾ ਵਾਧਾ ਕੀਤਾ ਗਿਆ ਹੈ। ਖੇਤੀ ਵਿਭਿੰਨਤਾ ਲਈ ਇਕ ਹਜ਼ਾਰ ਕਰੋੜ ਰੁਪਏ ਰੱਖੇ ਗਏ ਹਨ ਅਤੇ ਕਿਸਾਨਾਂ ਲਈ ਫ਼ਸਲ ਬੀਮਾ ਸ਼ੁਰੂ ਕਰਨ ਦਾ ਵੀ ਐਲਾਨ ਕੀਤਾ ਹੈ। ਕਿਸਾਨਾਂ ਨੂੰ ਮੁਫ਼ਤ ਬਿਜਲੀ ਜਾਰੀ ਰਹੇਗੀ ਅਤੇ 9331 ਕਰੋੜ ਰੁਪਏ ਬਿਜਲੀ ਸਬਸਿਡੀ ਵਾਸਤੇ ਰੱਖੇ ਗਏ ਹਨ। ਬਾਸਮਤੀ ਦੀ ਖ਼ਰੀਦ ਲਈ ਇੱਕ ਰਿਵਾਲਵਿੰਗ ਫ਼ੰਡ ਬਣਾਇਆ ਜਾਵੇਗਾ ਅਤੇ ਨਰਮੇ ਦੇ ਬੀਜਾਂ ਦੀ ਖ਼ਰੀਦ 'ਤੇ 33 ਫ਼ੀਸਦੀ ਸਬਸਿਡੀ ਦਿੱਤੀ ਜਾਣੀ ਹੈ। ਬਾਗ਼ਬਾਨੀ ਲਈ 253 ਕਰੋੜ ਰੁਪਏ ਰੱਖੇ ਗਏ ਹਨ ਅਤੇ ਬਾਗ਼ਬਾਨੀ ਵਿਚ ਕੀਮਤਾਂ ਦੇ ਉਤਰਾਅ ਚੜ੍ਹਾਅ ਦੌਰਾਨ ਸਥਿਰਤਾ ਰੱਖਣ ਲਈ 'ਭਾਵ ਅੰਤਰ ਭੁਗਤਾਨ ਯੋਜਨਾ' ਤਹਿਤ 15 ਕਰੋੜ ਰੁਪਏ ਗਏ ਹਨ। ਪ੍ਰਿੰਸੀਪਲਾਂ ਦੀ ਵਿਦੇਸ਼ੀ ਸਿਖਲਾਈ ਲਈ 20 ਕਰੋੜ ਦਾ ਬਜਟ ਰੱਖਿਆ ਗਿਆ ਹੈ ਜਦੋਂ ਕਿ 'ਸਕੂਲ ਆਫ਼ ਐਮੀਨੈਂਸ' ਲਈ ਬਜਟ 'ਚ ਬਿਨਾਂ ਕੋਈ ਵਾਧਾ ਕੀਤੇ 200 ਕਰੋੜ ਰੁਪਏ ਹੀ ਰੱਖੇ ਗਏ ਹਨ। ਖੇਡਾਂ ਅਤੇ ਯੁਵਕ ਸੇਵਾਵਾਂ ਲਈ 258 ਕਰੋੜ ਦੇ ਫ਼ੰਡ ਰੱਖੇ ਗਏ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਨੇ 2023-24 ਦੇ ਬਜਟ ਵਿਚ ਅੰਕੜਿਆਂ ਦਾ ਹੇਰ-ਫੇਰ ਕਰ ਕੇ ਲੁਭਾਉਣੀ ਤਸਵੀਰ ਵਿਖਾ ਕੇ ਪੰਜਾਬੀਆਂ ਨਾਲ ਇਕ ਵਾਰ ਫਿਰ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਅਸਲੀਅਤ ਵਿਚ ਪੰਜਾਬ ਆਰਥਿਕ ਬਰਬਾਦੀ ਦੇ ਰਾਹ ਪੈ ਗਿਆ ਹੈ ਕਿਉਂਕਿ ਕਰਜ਼ਾ ਵਧ ਰਿਹਾ ਹੈ ਤੇ ਸਾਰੇ ਪੈਮਾਨਿਆਂ 'ਤੇ ਸਾਡੀ ਕਾਰਗੁਜ਼ਾਰੀ ਬਹੁਤ ਮਾੜੀ ਹੈ। ਸੂਬੇ ਸਿਰ ਕਰਜ਼ਾ 42,181 ਕਰੋੜ ਰੁਪਏ ਹੋਰ ਵਧ ਕੇ 3.47 ਲੱਖ ਕਰੋੜ ਰੁਪਏ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਕਰਜ਼ਾ ਜੀ.ਐਸ.ਡੀ.ਪੀ. ਦਾ 46.81 ਫ਼ੀਸਦੀ ਬਣਦਾ ਹੈ ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਸੂਬਾ ਆਰਥਿਕ ਕੰਗਾਲੀ ਵੱਲ ਵੱਧ ਰਿਹਾ ਹੈ। ਉਨ੍ਹਾਂ 'ਆਪ' ਸਰਕਾਰ ਵੱਲੋਂ ਪੇਸ਼ ਕੀਤੇ ਮਾਲੀਆ ਅੰਕੜਿਆਂ ਨੂੰ ਵੀ ਬੇਨਕਾਬ ਕੀਤਾ। ਉਨ੍ਹਾਂ ਕਿਹਾ ਕਿ ਮਾਲੀਆ ਘਾਟਾ 12,553 ਕਰੋੜ ਰੁਪਏ ਤੋਂ ਵਧ ਕੇ 24,588 ਕਰੋੜ ਰੁਪਏ ਹੋ ਗਿਆ ਹੈ। ਬਜਟ ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਸ਼ਾਸਨਿਕ ਨਕਾਮੀ ਦਾ ਝਲਕਾਰਾ ਹੈ ਤੇ 'ਆਪ' ਸਰਕਾਰ ਲੋਕਾਂ ਨਾਲ ਕੀਤੇ ਵਾਅਦਿਆਂ ਤੋਂ ਵੀ ਭੱਜ ਗਈ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਦਾ ਇਹ ਦੂਜਾ ਬਜਟ ਹੈ, ਪਰ ਅਜੇ ਤੱਕ ਇਸ ਨੇ ਸੂਬੇ ਦੀਆਂ ਸਾਰੀਆਂ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਦਾ ਕੀਤਾ ਵਾਅਦਾ ਨਹੀਂ ਨਿਭਾਇਆ। ਉਨ੍ਹਾਂ ਕਿਹਾ ਕਿ ਬੁਢਾਪਾ ਪੈਨਸ਼ਨ ਸਕੀਮ ਵਾਸਤੇ ਵੀ ਕੋਈ ਪੈਸਾ ਨਹੀਂ ਰੱਖਿਆ ਗਿਆ।

## 'ਮਿਰਜ਼ਾ ਗ਼ਾਲਿਬ' ਦੇ ਬੀਜੇ ਕੰਡੇ ਚੁਗ ਰਹੇ ਹਾਂ: ਮੁੱਖ ਮੰਤਰੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਸਦਨ 'ਚ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਬਿਨਾਂ ਨਾਮ ਲਏ ਤਿੱਖੇ ਹਮਲੇ ਕੀਤੇ। ਸ੍ਰੀ ਮਾਨ ਨੇ ਪੰਜਾਬ ਦੀ ਉਲਝੀ ਤਾਣੀ ਦੀ ਗੱਲ ਕਰਦਿਆਂ ਕਿਹਾ, "ਅਸੀਂ ਤਾਂ ਮਿਰਜ਼ਾ ਗ਼ਾਲਿਬ ਦੇ ਬੀਜੇ ਹੋਏ ਕੰਡੇ ਚੁਗ ਰਹੇ ਹਾਂ।" ਉਨ੍ਹਾਂ ਕਿਹਾ ਕਿ ਹਰਪਾਲ ਚੀਮਾ ਨੇ ਆਮ ਭਾਸ਼ਾ 'ਚ ਗੱਲ ਕੀਤੀ, ਜਦੋਂਕਿ ਪਹਿਲਾਂ ਤਾਂ ਬਜਟ ਮੌਕੇ ਅਲਾਮਾ ਇਕਬਾਲ, ਮਿਰਜ਼ਾ ਗ਼ਾਲਿਬ, ਇਜ਼ਰਾਈਲ ਤੇ ਗਾਜ਼ਾ ਪੱਟੀ ਦੀਆਂ ਗੱਲਾਂ ਹੁੰਦੀਆਂ ਸਨ, ਕਿੰਨੀਆਂ ਪਾਰਟੀਆਂ ਬਦਲ ਲਈਆਂ ਪਰ ਸ਼ੇਅਰ ਅੱਜ ਵੀ ਉਹੀ ਨੇ। ਭਗਵੰਤ ਮਾਨ ਨੇ ਵਿਰੋਧੀ ਬੈਂਚਾਂ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਇਨ੍ਹਾਂ ਨੇ ਉਸ ਨੂੰ ਬਜਟ ਲਈ ਡੈਪੂਟੇਸ਼ਨ 'ਤੇ ਲਿਆਂਦਾ ਸੀ, ਹੁਣ ਮਿਹਣੇ ਕਾਂਗਰਸ ਨੂੰ ਸੁਣਨੇ ਪੈ ਰਹੇ ਨੇ।

# ਸਰਕਾਰ ਵੱਲੋਂ ਬੁਢਾਪਾ ਪੈਨਸ਼ਨ 'ਚ ਛੇਤੀ ਵਾਧੇ ਦਾ ਭਰੋਸਾ




**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਬਜ਼ੁਰਗਾਂ ਦੀ ਬੁਢਾਪਾ ਪੈਨਸ਼ਨ, ਸ਼ਗਨ ਸਕੀਮ ਅਤੇ ਵਾਹਨ ਚਾਲਕਾਂ ਦੇ ਮੁੱਦਿਆਂ 'ਤੇ ਸਵਾਲ ਉਠੇ। ਅਕਾਲੀ ਵਿਧਾਇਕਾ ਗੁਨੀਵ ਕੌਰ ਮਜੀਠੀਆ ਵੱਲੋਂ ਪੁੱਛੇ ਸਵਾਲ ਦੇ ਜਵਾਬ 'ਚ ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਸਦਨ 'ਚ ਕਿਹਾ ਕਿ 'ਆਪ' ਵੱਲੋਂ ਬੁਢਾਪਾ ਪੈਨਸ਼ਨ 'ਚ ਵਾਧੇ ਦਾ ਜੋ ਵਾਅਦਾ ਕੀਤਾ ਗਿਆ ਸੀ, ਉਹ ਜਲਦੀ ਪੂਰਾ ਹੋਵੇਗਾ।

ਡਾ. ਬਲਜੀਤ ਕੌਰ ਨੇ ਤਰਕ ਦਿੱਤਾ ਕਿ ਮੁਢਲੇ ਪੜਾਅ 'ਤੇ ਇਨ੍ਹਾਂ ਪੈਨਸ਼ਨਾਂ ਵਿਚ ਹੋਈਆਂ ਬੇਨਿਯਮੀਆਂ ਨੂੰ ਦਰੁਸਤ ਕੀਤਾ ਜਾ ਰਿਹਾ ਹੈ, ਜਿਸ ਤਹਿਤ ਜੁਲਾਈ 2022 ਵਿਚ ਸਰਵੇਖਣ ਕਰਕੇ 90,248 ਮ੍ਰਿਤਕ ਸ਼ਨਾਖ਼ਤ ਕੀਤੇ ਗਏ ਅਤੇ ਇਨ੍ਹਾਂ ਦੇ ਨਾਮ 'ਤੇ ਲਈ ਗਈ ਬੁਢਾਪਾ ਪੈਨਸ਼ਨ 'ਚੋਂ 23.94 ਕਰੋੜ ਵਸੂਲੇ ਵੀ ਗਏ ਹਨ। ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਵੱਲੋਂ 2017 'ਚ ਕਰਵਾਏ ਅਜਿਹੇ ਸਰਵੇਖਣ 'ਚ 70,137 ਲਾਭਪਾਤਰੀ ਅਯੋਗ ਨਿਕਲੇ ਸਨ।

ਡਾ. ਬਲਜੀਤ ਕੌਰ ਨੇ ਕਿਹਾ ਕਿ ਇਨ੍ਹਾਂ ਅਯੋਗ ਲਾਭਪਾਤਰੀਆਂ ਤੋਂ 162.35 ਕਰੋੜ ਦੀ ਵਸੂਲੀ ਕੀਤੀ ਜਾਣੀ ਬਣਦੀ ਸੀ, ਪਰ ਕਾਂਗਰਸ ਸਰਕਾਰ ਸਮੇਂ ਸਿਰਫ ਕਿ ਕਰੋੜ ਰੁਪਏ ਹੀ ਵਸੂਲੇ ਗਏ।

ਡਾ. ਬਲਜੀਤ ਕੌਰ ਨੇ ਨਰੇਸ਼ ਕਟਾਰੀਆ ਵੱਲੋਂ ਪੁੱਛੇ ਸਵਾਲ ਦੇ ਜਵਾਬ 'ਚ ਕਿਹਾ ਕਿ ਮੌਜੂਦਾ ਸੈਸ਼ਨ ਤੋਂ ਤੁਰਤ ਬਾਅਦ ਜ਼ੀਰਾ ਹਲਕੇ 'ਚ ਸ਼ਗਨ ਸਕੀਮ ਦੇ ਬਕਾਇਆ ਕੇਸਾਂ ਦੀ ਅਦਾਇਗੀ ਕਰ ਦਿੱਤੀ ਜਾਵੇਗੀ।

## ਮੈਰੀਟੋਰੀਅਸ ਸਕੂਲਾਂ ਨੂੰ ਲੈ ਕੇ ਉੱਠੇ ਸਵਾਲ

**ਚੰਡੀਗੜ੍ਹ:** ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਵਿਧਾਇਕ ਚਰਨਜੀਤ ਸਿੰਘ ਵੱਲੋਂ ਮੈਰੀਟੋਰੀਅਸ ਸਕੂਲਾਂ ਬਾਰੇ ਚੁੱਕੇ ਸਵਾਲ ਦੇ ਜਵਾਬ ਵਿਚ ਦੱਸਿਆ ਕਿ ਪੰਜਾਬ ਦੇ 10 ਮੈਰੀਟੋਰੀਅਸ ਸਕੂਲਾਂ ਦੇ ਟੀਚਿੰਗ ਤੇ ਨਾਨ ਟੀਚਿੰਗ ਸਟਾਫ ਨੂੰ ਪੰਜਾਬ ਸਰਕਾਰ ਵੱਲੋਂ 7 ਅਕਤੂਬਰ 2022 ਨੂੰ ਬਣਾਈ ਨੀਤੀ ਤਹਿਤ ਹੀ ਵਿਚਾਰਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਕੂਲਾਂ ਦੇ ਜਿਹੜੇ ਅਧਿਆਪਕ ਤੇ ਹੋਰ ਕਰਮਚਾਰੀ ਸਰਕਾਰੀ ਨੀਤੀ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣਗੇ, ਉਨ੍ਹਾਂ ਨੂੰ ਰੈਗੂਲਰ ਕੀਤਾ ਜਾਵੇਗਾ। ਬੈਂਸ ਨੇ ਦੱਸਿਆ ਕਿ ਇਨ੍ਹਾਂ ਸਕੂਲਾਂ ਵਿਚ ਇਸ ਵੇਲੇ 5363 ਵਿਦਿਆਰਥੀ ਪੜ੍ਹ ਰਹੇ ਹਨ ਅਤੇ ਇਨ੍ਹਾਂ ਸਕੂਲਾਂ ਵਿਚ 309 ਅਧਿਆਪਕ ਤਾਇਨਾਤ ਹਨ।

# ਬਜਟ 'ਤੇ ਬਹਿਸ ਦੌਰਾਨ ਮੋਦੀ 'ਤੇ ਖੁੱਲ੍ਹ ਕੇ ਵਰ੍ਹੇ ਭਗਵੰਤ ਮਾਨ



**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਿਧਾਨ ਸਭਾ 'ਚ ਬਜਟ ਉਤੇ ਬਹਿਸ ਦੀ ਸਮਾਪਤੀ ਮੌਕੇ ਪਹਿਲੀ ਦਫ਼ਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਿੱਧੇ ਤੌਰ 'ਤੇ ਨਿਸ਼ਾਨੇ 'ਤੇ ਲਿਆ। ਉਨ੍ਹਾਂ ਕਿਹਾ, "ਅਸੀਂ ਕੇਂਦਰ ਤੋਂ ਭੀਖ ਨਹੀਂ ਬਲਕਿ ਆਪਣਾ ਹੱਕ ਮੰਗਦੇ ਹਾਂ ਪਰ ਭਾਜਪਾ ਵਾਲੇ ਆਖਦੇ ਨੇ ਕਿ ਕੇਂਦਰ ਪੰਜਾਬ ਨੂੰ ਫ਼ੰਡ ਦੇ ਕੇ ਮਦਦ ਕਰਦਾ ਹੈ।" ਸ੍ਰੀ ਮਾਨ ਨੇ ਕਿਹਾ ਕਿ ਪੰਜਾਬ ਜੀ.ਐਸ.ਟੀ. ਇਕੱਠਾ ਕਰਕੇ ਕੇਂਦਰ ਕੋਲ ਜਮ੍ਹਾਂ ਕਰਾਉਂਦਾ ਹੈ ਅਤੇ ਉਸ 'ਚੋਂ ਆਪਣਾ ਹਿੱਸਾ ਮੰਗਦਾ ਹੈ, ਇਹ ਕੇਂਦਰ ਦਾ ਕੋਈ ਅਹਿਸਾਨ ਨਹੀਂ। ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਖੁੱਲ੍ਹਾ ਹੱਲਾ ਬੋਲਦਿਆਂ ਕਿਹਾ ਕਿ ਜਦੋਂ ਉਹ ਲੋਕਾਂ ਦੇ ਟੈਕਸ ਦੇ ਪੈਸੇ ਨਾਲ ਲੋਕਾਂ ਨੂੰ ਹੀ ਸਹੂਲਤਾਂ ਦਿੰਦੇ ਹਨ ਤਾਂ "ਵੱਡੇ ਸਾਹਿਬ" ਇਸ ਨੂੰ ਰਿਓੜੀ ਵੰਡ ਆਖ ਦਿੰਦੇ ਹਨ। ਉਨ੍ਹਾਂ ਕਿਹਾ ਕਿ "ਵੱਡੇ ਸਾਹਿਬ" ਨੇ ਜਨਤਕ ਅਦਾਰੇ ਵੇਚ ਦਿੱਤੇ ਪਰ ਖ਼ਰੀਦਿਆਂ ਕੁੱਝ ਮੀਡੀਆ ਹੀ ਹੈ। ਮਾਨ ਨੇ ਕੇਂਦਰ ਵੱਲੋਂ ਵਿਤਕਰੇ ਦੀ ਗੱਲ ਕਰਦਿਆਂ ਕਿਹਾ ਕਿ ਕੇਂਦਰੀ ਬਜਟ 'ਚੋਂ ਪੰਜਾਬ ਗ਼ਾਇਬ ਸੀ ਅਤੇ ਗਣਤੰਤਰ ਦਿਵਸ ਮੌਕੇ ਪੰਜਾਬ ਦੀ ਝਾਕੀ ਕੱਢ ਦਿੱਤੀ ਗਈ ਜੋ ਪੰਜਾਬੀਆਂ ਦੀ ਕੁਰਬਾਨੀ ਦੀ ਤੌਹੀਨ ਹੈ। ਉਨ੍ਹਾਂ ਨੇ ਅਕਾਲੀ-ਭਾਜਪਾ ਤੇ ਕਾਂਗਰਸ ਦੀਆਂ ਸਰਕਾਰਾਂ ਨੂੰ ਪੰਜਾਬ ਦੀ ਲੁੱਟ ਲਈ ਜ਼ਿੰਮੇਵਾਰ ਦੱਸਿਆ।

## ਕਮਜ਼ੋਰ ਵਰਗਾਂ ਲਈ 25 ਹਜ਼ਾਰ ਮਕਾਨ ਬਣਾਏ ਮਾਨ ਸਰਕਾਰ: ਅਰੋੜਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ 'ਚ ਚੱਲ ਰਹੇ ਬਜਟ ਇਜਲਾਸ ਦੇ ਪ੍ਰਸ਼ਨ ਕਾਲ ਦੌਰਾਨ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਅਮਨ ਅਰੋੜਾ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ 25 ਹਜ਼ਾਰ ਮਕਾਨ ਬਣਾ ਕੇ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਦੋ ਪੜਾਵਾਂ ਵਿਚ ਸਮਾਂ-ਬੱਧ ਤਰੀਕੇ ਨਾਲ ਇਨ੍ਹਾਂ ਮਕਾਨਾਂ ਦੀ ਉਸਾਰੀ ਕਰਵਾਈ ਜਾਵੇਗੀ ਤੇ ਪਹਿਲੇ ਪੜਾਅ ਤਹਿਤ 15 ਹਜ਼ਾਰ ਮਕਾਨ ਉਸਾਰਨ ਸਬੰਧੀ ਟੈਂਡਰ ਛੇਤੀ ਹੀ ਜਾਰੀ ਕੀਤੇ ਜਾਣਗੇ।'ਆਪ' ਵਿਧਾਇਕ ਕੁਲਵੰਤ ਸਿੰਘ ਵੱਲੋਂ ਪੁੱਛੇ ਸਵਾਲ ਦੇ ਜਵਾਬ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਮੁਹਾਲੀ ਜ਼ਿਲ੍ਹੇ ਵਿਚ ਸਭ ਤੋਂ ਜ਼ਿਆਦਾ ਮਕਾਨ ਕਮਜ਼ੋਰ ਵਰਗ ਦੇ ਪਰਿਵਾਰਾਂ ਨੂੰ ਦਿੱਤੇ ਜਾਣਗੇ। ਪਟਿਆਲਾ ਵਿਚ 826 ਮਕਾਨ ਇਸ ਵਰਗ ਨੂੰ ਅਲਾਟ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਬੀਤੇ 22 ਵਰ੍ਹਿਆਂ 'ਚ 615 ਕਲੋਨੀਆਂ ਨੂੰ ਲਾਇਸੈਂਸ ਦਿੱਤੇ ਗਏ ਹਨ ਤੇ 58 ਮੈਗਾ ਪ੍ਰਾਜੈਕਟ ਪ੍ਰਵਾਨ ਕੀਤੇ ਗਏ ਹਨ, ਜਿਨ੍ਹਾਂ ਵਿਚ 472 ਏਕੜ ਥਾਂ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਰਾਖਵੀਂ ਕੀਤੀ ਗਈ ਹੈ। ਇਸ ਜ਼ਮੀਨ 'ਚੋਂ 300 ਏਕੜ ਦਾ ਕਬਜ਼ਾ ਸਰਕਾਰ ਨੇ ਲੈ ਲਿਆ ਹੈ।



# ਵਿਰੋਧੀ ਧਿਰ ਨੇ ਕੇਂਦਰ ਵੱਲੋਂ ਜਾਰੀ ਫ਼ੰਡਾਂ ਬਾਰੇ ਪਾਇਆ ਰੌਲਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਆਮ ਆਦਮੀ ਕਲੀਨਿਕਾਂ ਦੇ ਹਵਾਲੇ ਨਾਲ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਭੇਜੇ ਗਏ ਆਯੂਸ਼ਮਾਨ ਸਕੀਮ ਦੇ ਫ਼ੰਡਾਂ ਨੂੰ ਹੋਰ ਥਾਂ ਵਰਤਿਆ ਗਿਆ ਹੈ, ਜਦਕਿ ਦਿਹਾਤੀ ਹਸਪਤਾਲ ਤੇ ਡਿਸਪੈਂਸਰੀਆਂ ਖ਼ਾਲੀ ਹੋ ਗਏ ਹਨ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਜਾਰੀ ਆਯੂਸ਼ਮਾਨ ਫ਼ੰਡ ਸਿਰਫ ਸਿਹਤ ਸੇਵਾਵਾਂ 'ਤੇ ਹੀ ਵਰਤੇ ਗਏ ਹਨ। ਕਾਂਗਰਸੀ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਵੱਲੋਂ ਫਗਵਾੜਾ ਦੇ ਸਿਵਲ ਹਸਪਤਾਲ 'ਚ ਖ਼ਾਲੀ ਪਈਆਂ ਅਸਾਮੀਆਂ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਸਿਹਤ ਮੰਤਰੀ ਨੇ ਕਿਹਾ ਕਿ ਉਹ ਫਗਵਾੜਾ ਦੇ ਹਸਪਤਾਲ ਵਿਚ ਅਗਲੇ ਮਾਲੀ ਵਰ੍ਹੇ ਦੌਰਾਨ ਡਾਕਟਰਾਂ ਤੇ ਹੋਰ ਸਟਾਫ ਦੀ ਭਰਤੀ ਕਰਨਗੇ।

ਸਿਹਤ ਮੰਤਰੀ ਨੇ ਕਿਹਾ ਕਿ ਸਰਕਾਰ ਡਾਕਟਰਾਂ ਦੀ ਨਵੀਂ ਭਰਤੀ ਕਰ ਰਹੀ ਹੈ, ਜਿਸ ਮਗਰੋਂ ਆਮ ਆਦਮੀ ਕਲੀਨਿਕਾਂ 'ਚ ਤਾਇਨਾਤ ਕੀਤੇ ਡਾਕਟਰਾਂ ਨੂੰ ਵਾਪਸ ਡਿਸਪੈਂਸਰੀਆਂ 'ਚ ਭੇਜ ਦਿੱਤਾ ਜਾਵੇਗਾ। ਉਨ੍ਹਾਂ ਸੁਪਰ ਸਪੈਸ਼ਲਿਸਟ ਡਾਕਟਰਾਂ ਦੇ ਮਿਹਨਤਾਨੇ ਵਿਚ ਵਾਧਾ ਕਰਨ ਦੀ ਗੱਲ ਵੀ ਕਹੀ।

ਉਨ੍ਹਾਂ ਦੱਸਿਆ ਕਿ ਪਹਿਲੇ ਪੜਾਅ ਤਹਿਤ ਜ਼ਿਲ੍ਹਾ ਹਸਪਤਾਲਾਂ ਦੀ ਕਾਇਆ-ਕਲਪ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਪ੍ਰਾਈਵੇਟ ਡਾਕਟਰਾਂ ਵੱਲੋਂ ਸਰਕਾਰੀ ਹਸਪਤਾਲਾਂ ਵਿਚ ਮੁਫ਼ਤ ਸੇਵਾਵਾਂ ਦੇਣ ਦੀ ਪੇਸ਼ਕਸ਼ ਕੀਤੀ ਗਈ ਹੈ। ਸ੍ਰੀ ਬਾਜਵਾ ਵੱਲੋਂ ਬਾਬਾ ਫ਼ਰੀਦ ਮੈਡੀਕਲ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਲਗਾਉਣ ਬਾਰੇ ਪੁੱਛੇ ਸਵਾਲ ਦਾ ਸਿਹਤ ਮੰਤਰੀ ਨੇ ਜਵਾਬ ਨਹੀਂ ਦਿੱਤਾ।



ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਨੇ ਅਕਾਲੀ ਵਿਧਾਇਕਾ ਗੁਨੀਵ ਕੌਰ ਮਜੀਠੀਆ ਦੇ ਸਵਾਲ ਦੇ ਜਵਾਬ 'ਚ ਦੱਸਿਆ ਕਿ ਅੰਮ੍ਰਿਤਸਰ-ਮਜੀਠਾ-ਫ਼ਤਿਹਗੜ੍ਹ ਚੂੜੀਆਂ ਸੜਕ ਦੀ ਮੁਰੰਮਤ ਲਈ ਸੈਂਟਰਲ ਰੋਡ ਇਨਫਰਾਸਟਰੱਕਚਰ ਸਕੀਮ ਤਹਿਤ ਫ਼ੰਡ ਲੈਣ ਲਈ ਕੇਂਦਰ ਸਰਕਾਰ ਨੂੰ ਤਜਵੀਜ਼ ਭੇਜੀ ਹੈ ਤੇ ਚਾਲੂ ਮਾਲੀ ਵਰ੍ਹੇ ਦੇ ਅਖ਼ੀਰ ਤੱਕ ਪ੍ਰਵਾਨਗੀ ਮਿਲਣ ਦੀ ਸੰਭਾਵਨਾ ਹੈ। ਵਿਧਾਇਕਾ ਨੇ ਕਿਹਾ ਕਿ ਸੜਕ ਦੀ ਮੁਰੰਮਤ ਲਈ ਫ਼ੰਡ ਸੂਬਾ ਸਰਕਾਰ ਜਾਰੀ ਕਰੇ। ਉਨ੍ਹਾਂ ਖਸਤਾ ਹਾਲ ਸੜਕ ਕਰਕੇ ਹੁੰਦੇ ਹਾਦਸਿਆਂ ਦਾ ਮੁੱਦਾ ਵੀ ਚੁੱਕਿਆ। ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਕਟਾਹਰੀ ਤੋਂ ਰਾੜਾ ਸਾਹਿਬ ਜਾਣ ਵਾਲੀ ਨਹਿਰ 'ਤੇ ਬਣੇ ਕਮਜ਼ੋਰ ਪੁਲ ਦਾ ਸਵਾਲ ਚੁੱਕਿਆ, ਜਿਸ ਦੇ ਜਵਾਬ ਵਿਚ ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਇਹ ਪੁਲ ਆਵਾਜਾਈ ਲਈ ਸੁਰੱਖਿਅਤ ਹੈ ਅਤੇ ਪੁਲ ਦੀ ਮੁੜ ਉਸਾਰੀ ਲਈ ਤਖ਼ਮੀਨਾ ਤਿਆਰ ਕਰਕੇ ਕੇਂਦਰ ਨੂੰ ਭੇਜਿਆ ਹੋਇਆ ਹੈ।

# ਮਾਨ ਸਰਕਾਰ ਦੇ ਟੈਕਸ ਮੁਕਤ ਬਜਟ 'ਚ ਹਰ ਧਿਰ ਨੂੰ ਖੁਸ਼ ਕਰਨ ਦੀ ਕੋਸ਼ਿਸ਼

**ਚੰਡੀਗੜ੍ਹ:** ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਬਿਨਾਂ ਕੋਈ ਨਵਾਂ ਟੈਕਸ ਲਗਾਏ ਵਿੱਤੀ ਵਰ੍ਹਾ 2023-24 ਲਈ 'ਆਪ' ਸਰਕਾਰ ਦਾ 1,96,462.28 ਕਰੋੜ ਰੁਪਏ ਦਾ ਪਹਿਲਾ ਮੁਕੰਮਲ ਬਜਟ ਪੇਸ਼ ਕੀਤਾ। 'ਆਪ' ਸਰਕਾਰ ਦੀ ਪਹਿਲੀ ਵਰ੍ਹੇਗੰਢ ਮੌਕੇ ਪੇਸ਼ ਬਜਟ ਵਿਚ ਵਿੱਤ ਮੰਤਰੀ ਨੇ 'ਰੰਗਲਾ ਪੰਜਾਬ' ਸਿਰਜਣ ਦੀ ਝਲਕ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ।

ਬਜਟ ਵਿਚ ਔਰਤਾਂ ਲਈ ਇਕ ਹਜ਼ਾਰ ਰੁਪਏ ਮਾਸਿਕ ਮਾਣ ਭੱਤੇ ਬਾਰੇ ਕੋਈ ਤਜਵੀਜ਼ ਨਾ ਹੋਣ ਦੇ ਰੋਸ ਵਜੋਂ ਵਿਰੋਧੀ ਧਿਰ ਕਾਂਗਰਸ ਨੇ ਸਦਨ 'ਚੋਂ ਵਾਕਆਊਟ ਕੀਤਾ। ਵਿੱਤ ਮੰਤਰੀ ਚੀਮਾ ਨੇ ਆਪਣੇ ਦੂਜੇ ਬਜਟ 'ਚ ਬਿਨਾਂ ਨਵੇਂ ਟੈਕਸ ਲਾਏ ਮਾਲੀਆ ਪ੍ਰਾਪਤੀ 'ਚ ਵਾਧੇ ਦਾ ਦਾਅਵਾ ਕੀਤਾ। ਉਨ੍ਹਾਂ ਸਦਨ ਵਿਚ 11 ਵਜੇ ਡਿਜ਼ੀਟਲ ਬਜਟ ਪੇਸ਼ ਕੀਤਾ ਅਤੇ ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਵੀ ਸਦਨ ਵਿਚ ਮੌਜੂਦ ਸਨ। ਵਿੱਤੀ ਸੰਕਟ ਦੌਰਾਨ ਬਕਾਇਆ (ਚੋਣ) ਗਾਰੰਟੀਆਂ ਦੀ ਪੂਰਤੀ ਕਰਨਾ 'ਆਪ' ਸਰਕਾਰ ਲਈ ਵੱਡੀ ਚੁਣੌਤੀ ਹੈ।

ਵਿੱਤ ਮੰਤਰੀ ਨੇ ਬਜਟ 'ਚ ਖੇਤੀ, ਸਿੱਖਿਆ ਅਤੇ ਸਿਹਤ ਨੂੰ ਕੇਂਦਰੀ ਧੁਰੇ 'ਚ ਰੱਖਿਆ ਅਤੇ ਸੂਬੇ ਵਿਚ ਬੁਨਿਆਦੀ ਢਾਂਚਾ ਵਿਕਸਤ ਕਰਨ ਵਾਸਤੇ ਨਵੇਂ ਪ੍ਰੋਜੈਕਟਾਂ ਦਾ ਐਲਾਨ ਕੀਤਾ। ਪਹਿਲੇ ਬਜਟ ਨੂੰ 'ਆਪ' ਸਰਕਾਰ ਨੇ 'ਜਨਤਾ ਬਜਟ' ਦਾ ਨਾਮ ਦਿੱਤਾ ਸੀ, ਜੋ ਵੱਖ-ਵੱਖ ਵਰਗਾਂ ਨਾਲ ਸਲਾਹ ਮਸ਼ਵਰੇ ਮਗਰੋਂ ਤਿਆਰ ਕੀਤਾ ਗਿਆ ਸੀ। ਐਤਕੀਂ ਅਜਿਹਾ ਕਿਧਰੇ ਨਜ਼ਰ ਨਹੀਂ ਆਇਆ ਹੈ। ਪੰਜਾਬ ਬਜਟ 'ਚ ਵਰ੍ਹਾ 2023-24 ਲਈ 1,96,462.28 ਕਰੋੜ ਰੁਪਏ ਦਾ ਖਰਚਾ ਤਜਵੀਜ਼ ਕੀਤਾ ਗਿਆ ਹੈ। ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਐਤਕੀਂ ਸਰਕਾਰ ਨੇ 1,23,440 ਕਰੋੜ ਰੁਪਏ ਦੇ ਮਾਲੀਆ ਖ਼ਰਚਿਆਂ ਦੇ ਮੁਕਾਬਲੇ 98,852.13 ਕਰੋੜ ਰੁਪਏ ਮਾਲੀਆ ਪ੍ਰਾਪਤੀਆਂ ਦਾ ਟੀਚਾ ਰੱਖਿਆ ਹੈ। ਚੀਮਾ ਨੇ ਕਿਹਾ ਕਿ ਕੋਈ ਨਵਾਂ ਟੈਕਸ ਨਹੀਂ ਲਾਇਆ ਗਿਆ ਹੈ ਅਤੇ ਮਾਲੀਆ ਘਾਟਾ 24,588.78 ਕਰੋੜ ਰੁਪਏ ਹੋਵੇਗਾ। ਉਨ੍ਹਾਂ ਕਿਹਾ ਕਿ ਟੈਕਸ ਵਸੂਲੀ 'ਚ ਸਭ ਕਮੀਆਂ ਦੂਰ ਕਰਨ ਲਈ ਟੈਕਸ ਇੰਟੈਲੀਜੈਂਸ ਮਜ਼ਬੂਤ ਕੀਤਾ ਜਾ ਰਿਹਾ ਹੈ।



### ਰੰਗਲੇ ਪੰਜਾਬ ਵੱਲ ਕਦਮ: ਮੁੱਖ ਮੰਤਰੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬਾ ਸਰਕਾਰ ਦੇ ਸਾਲ 2023-24 ਦੇ ਬਜਟ ਨੂੰ 'ਰੰਗਲਾ ਪੰਜਾਬ' ਬਣਾਉਣ ਵੱਲ ਇਕ ਕਦਮ ਦੱਸਿਆ ਹੈ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਆਮ ਲੋਕਾਂ ਦੇ ਬਜਟ ਵਿਚ ਆਮ ਲੋਕਾਂ 'ਤੇ ਕੋਈ ਨਵਾਂ ਟੈਕਸ ਨਹੀਂ ਲਾਇਆ ਹੈ। ਬਜਟ ਵਿਚ ਹਰ ਵਰਗ ਸਮੇਤ ਸਿਹਤ, ਸਿੱਖਿਆ, ਖੇਤੀ, ਰੁਜ਼ਗਾਰ ਤੇ ਵਪਾਰ 'ਤੇ ਖਾਸ ਧਿਆਨ ਦਿੱਤਾ ਗਿਆ ਹੈ।

ਚੀਮਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਲਏ ਕਰਜ਼ਿਆਂ 'ਤੇ 15,946 ਕਰੋੜ ਰੁਪਏ ਦੇ ਮੂਲ ਅਤੇ 20,100 ਕਰੋੜ ਰੁਪਏ ਵਿਆਜ ਵਜੋਂ ਵਾਪਸ ਕਰ ਦਿੱਤੇ ਹਨ। ਚੀਮਾ ਨੇ ਕਿਹਾ ਕਿ ਉਨ੍ਹਾਂ ਨੇ ਕਰਜ਼ਿਆਂ ਦੀ ਅਦਾਇਗੀ ਅਤੇ ਐਮਰਜੈਂਸੀ ਵਰਤੋਂ ਲਈ ਤਿੰਨ ਹਜ਼ਾਰ ਕਰੋੜ ਰੁਪਏ ਦਾ ਸਿੰਕਿੰਗ ਫੰਡ ਬਣਾਇਆ ਹੈ। ਵਿੱਤ ਮੰਤਰੀ ਨੇ ਕੇਂਦਰ ਸਰਕਾਰ ਵੱਲ ਬਕਾਇਆ ਖੜ੍ਹੀ 9035 ਕਰੋੜ ਦੀ ਰਾਸ਼ੀ ਜਿਸ 'ਚ ਕੇਂਦਰੀ ਲਿਮਟ ਦੀ ਅਡਜਸਮੈਂਟ ਵਾਲੇ 6155 ਕਰੋੜ ਅਤੇ ਦਿਹਾਤੀ ਵਿਕਾਸ ਫ਼ੰਡ ਦੀ 2880 ਕਰੋੜ ਦੀ ਰਾਸ਼ੀ ਸ਼ਾਮਲ ਹੈ, 'ਤੇ ਵੀ ਟੇਕ ਲਾਈ ਹੈ। ਬਜਟ 'ਚ ਆਪਣੇ ਕਰਾਂ ਤੋਂ 51,835 ਕਰੋੜ ਦੀ ਆਮਦਨ ਦਾ ਅਤੇ 20,735 ਕਰੋੜ ਦੀਆਂ ਕੇਂਦਰ ਤੋਂ ਗਰਾਂਟਾਂ ਪ੍ਰਾਪਤ ਹੋਣ ਦਾ ਅਨੁਮਾਨ ਹੈ ਜਦੋਂ ਕਿ ਕੇਂਦਰੀ ਕਰਾਂ ਦੇ ਹਿੱਸੇ ਵਜੋਂ 18,458 ਕਰੋੜ ਮਿਲਣ ਦਾ ਅਨੁਮਾਨ ਹੈ। ਇਸੇ ਤਰ੍ਹਾਂ ਬਜਟ 'ਚ 1,23,440.91 ਕਰੋੜ ਦਾ ਮਾਲੀਆ ਖਰਚਾ ਅਤੇ 10354.53 ਕਰੋੜ ਦਾ ਪੂੰਜੀਗਤ ਖਰਚਾ ਤਜਵੀਜ਼ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਬਿਜਲੀ ਦਿੱਤੇ ਜਾਣ ਪਿੱਛੋਂ ਅਗਲੇ ਮਾਲੀ ਵਰ੍ਹੇ 'ਚ ਸਭ ਤੋਂ ਵੱਡਾ ਖਰਚਾ 20,243.76 ਕਰੋੜ ਰੁਪਏ ਹਰ ਤਰ੍ਹਾਂ ਦੀ ਬਿਜਲੀ ਸਬਸਿਡੀ ਆਉਣ ਦਾ ਅਨੁਮਾਨ ਹੈ। ਵਿੱਤ ਮੰਤਰੀ ਨੇ ਜੀ.ਐਸ.ਟੀ. ਤੋਂ 23 ਹਜ਼ਾਰ ਕਰੋੜ ਦੀ ਪ੍ਰਾਪਤੀ ਅਤੇ ਆਬਕਾਰੀ ਤੋਂ 9785 ਕਰੋੜ ਦੀ ਆਮਦਨ ਦਾ ਅਨੁਮਾਨ ਲਾਇਆ ਹੈ। ਆਬਕਾਰੀ ਆਮਦਨੀ ਤੋਂ ਸਰਕਾਰ ਨੂੰ ਚਾਲੂ ਮਾਲੀ ਸਾਲ 'ਚ 45 ਫ਼ੀਸਦੀ ਵੱਧ ਆਮਦਨ ਹੋਈ ਹੈ। ਪੈਟਰੋਲੀਅਮ ਪਦਾਰਥਾਂ 'ਤੇ ਵੈਟ 'ਚ ਵਾਧੇ ਵਜੋਂ 7600 ਕਰੋੜ ਦੀ ਆਮਦਨ ਦਾ ਅਨੁਮਾਨ ਹੈ। ਬਜਟ 'ਚ ਸ਼ਹਿਰੀ ਵਿਕਾਸ ਤੋਂ ਵੱਡਾ ਮਾਲੀਆ 1550 ਕਰੋੜ ਮਿਲਣ ਦੀ ਤਜਵੀਜ਼ ਹੈ ਜਦੋਂ ਕਿ ਚਾਲੂ ਵਰ੍ਹੇ 'ਚ 200 ਕਰੋੜ ਰੁਪਏ ਪ੍ਰਾਪਤ ਹੋਏ ਹਨ। ਔਰਤਾਂ ਨੂੰ ਮੁਫ਼ਤ ਸਫ਼ਰ ਦੀ ਸਹੂਲਤ ਵਜੋਂ ਪੰਜਾਬ ਰੋਡਵੇਜ਼ ਤੋਂ 335.60 ਕਰੋੜ ਦੀ ਸੰਭਾਵੀ ਆਮਦਨ ਦੇ ਅਨੁਮਾਨ ਦੇ ਮੁਕਾਬਲੇ ਚਲੰਤ ਵਰ੍ਹੇ 'ਚ 90 ਕਰੋੜ ਰੁਪਏ ਹੀ ਪ੍ਰਾਪਤ ਹੋਏ ਹਨ। ਕੇਂਦਰ ਤੋਂ ਗਰਾਂਟ ਇਨ ਏਡ ਵਜੋਂ 20735.08 ਕਰੋੜ ਮਿਲਣ ਦਾ ਅਨੁਮਾਨ ਹੈ ਜਦੋਂ ਕਿ ਚਾਲੂ ਵਿੱਤੀ ਵਰ੍ਹੇ 'ਚ 26206.78 ਕਰੋੜ ਪ੍ਰਾਪਤ ਹੋਏ ਹਨ।

### 'ਆਪ' ਨੇ ਬਜਟ ਲਈ ਪੰਜਾਬ ਸਰਕਾਰ ਦੀ ਪਿੱਠ ਥਾਪੜੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਸਰਕਾਰ ਦੇ ਬਜਟ 2023-24 ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਬਜਟ ਪੰਜਾਬ ਦੀ ਤਰੱਕੀ ਅਤੇ ਵਿਕਾਸ ਲਈ ਅਹਿਮ ਸਾਬਤ ਹੋਵੇਗਾ। 'ਆਪ' ਪੰਜਾਬ ਦੇ ਪ੍ਰਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਸੂਬਾ ਸਰਕਾਰ ਨੇ ਬਜਟ 'ਚ ਹਰ ਵਰਗ ਦਾ ਧਿਆਨ ਰੱਖਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ, ਇਸ ਲਈ ਬਜਟ 'ਚ ਪੰਜਾਬ ਦੇ ਕਿਸਾਨਾਂ ਅਤੇ ਕਿਸਾਨੀ 'ਤੇ ਵਿਸ਼ੇਸ਼ ਤੌਰ 'ਤੇ ਧਿਆਨ ਦਿੱਤਾ ਹੈ ਤਾਂ ਜੋ ਕਿਸਾਨਾਂ ਦੀ ਹਾਲਤ ਸੁਧਾਰੀ ਜਾ ਸਕੇ। ਖੇਤੀਬਾੜੀ ਲਈ ਬਜਟ 'ਚ ਪਿਛਲੇ ਸਾਲ ਦੇ ਮੁਕਾਬਲੇ 20 ਫੀਸਦ ਦਾ ਵਾਧਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਫਸਲੀ ਵਿਭਿੰਨਤਾ ਲਈ ਇਕ ਹਜ਼ਾਰ ਕਰੋੜ ਰੁਪਏ ਰੱਖੇ ਗਏ ਹਨ।

### ਬਜਟ ਨੇ ਸੁਪਨੇ ਚੂਰ-ਚੂਰ ਕੀਤੇ: ਬਾਜਵਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਸਰਕਾਰ ਦੇ ਪਹਿਲੇ ਮੁਕੰਮਲ ਬਜਟ ਨੂੰ ਪੂਰੀ ਤਰ੍ਹਾਂ ਨਿਰਾਸ਼ਾਜਨਕ ਕਰਾਰ ਦਿੰਦਿਆਂ ਕਿਹਾ ਕਿ ਇਸ ਬਜਟ ਨੇ ਉਨ੍ਹਾਂ ਲੋਕਾਂ ਦੇ ਸੁਪਨੇ ਚੂਰ-ਚੂਰ ਕਰ ਦਿੱਤੇ ਹਨ, ਜਿਨ੍ਹਾਂ ਨੇ 'ਆਪ' ਨੂੰ ਸੱਤਾ ਵਿਚ ਲਿਆਂਦਾ ਹੈ। ਬਾਜਵਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ 75 ਸਾਲਾਂ 'ਚ ਪੰਜਾਬ 'ਤੇ 2,75,000 ਕਰੋੜ ਦਾ ਕਰਜ਼ਾ ਸੀ। ਜੇਕਰ ਇਹ ਸਰਕਾਰ ਆਪਣੀ ਪੰਜ ਸਾਲ ਦੀ ਮਿਆਦ ਪੂਰੀ ਕਰਨ ਵਿਚ ਸਫਲ ਹੋ ਜਾਂਦੀ ਹੈ, ਤਾਂ ਇਹ ਮੌਜੂਦਾ ਕਰਜ਼ੇ ਵਿਚ ਦੋ ਲੱਖ ਕਰੋੜ ਹੋਰ ਜੋੜ ਦੇਵੇਗੀ।

## ਭਾਜਪਾ ਵੱਲੋਂ ਸੂਬੇ ਵਿਚ ਅਮਨ-ਕਾਨੂੰਨ ਦੀ ਸਥਿਤੀ 'ਤੇ ਫਿਕਰਮੰਦੀ

**ਅੰਮ੍ਰਿਤਸਰ:** ਭਾਜਪਾ ਆਗੂ ਰਾਣਾ ਗੁਰਮੀਤ ਸਿੰਘ ਸੋਢੀ ਅਤੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਨੇ ਦੋਸ਼ ਲਾਇਆ ਕਿ ਸੂਬੇ ਵਿਚ ਅਮਨ-ਕਾਨੂੰਨ ਦੀ ਸਥਿਤੀ ਯੂਪੀ ਤੇ ਬਿਹਾਰ ਤੋਂ ਵੀ ਬਦਤਰ ਹੋ ਗਈ ਹੈ ਅਤੇ ਹਰ ਪਾਸੇ ਡਰ ਦਾ ਮਾਹੌਲ ਬਣਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਸੂਬੇ ਵਿਚ ਅਮਨ ਕਾਨੂੰਨ ਦੀ ਸਥਿਤੀ 'ਤੇ ਨਜ਼ਰ ਰੱਖ ਰਹੀ ਹੈ। ਭਾਜਪਾ ਆਗੂਆਂ ਨੇ ਆਖਿਆ ਕਿ ਸੂਬੇ ਦੀ ਸਥਿਤੀ ਚਿੰਤਾਜਨਕ ਬਣੀ ਹੋਈ ਹੈ। ਗੈਂਗਸਟਰ ਅਤੇ ਵੱਖਵਾਦੀ ਤਾਕਤਾਂ ਦੀਆਂ ਸਰਗਰਮੀਆਂ ਕਾਰਨ ਲੋਕ ਸਹਿਮੇ ਹੋਏ ਹਨ। ਅਜਨਾਲਾ ਥਾਣੇ ਵਿਚ ਵਾਪਰੀ ਹਿੰਸਕ ਘਟਨਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਅਤੇ ਉਸ ਦੇ ਸਾਥੀਆਂ ਨੇ ਹਥਿਆਰਾਂ ਦੇ ਜੋਰ 'ਤੇ ਥਾਣੇ 'ਤੇ



ਕਬਜ਼ਾ ਕੀਤਾ। ਉਨ੍ਹਾਂ ਪੁਲਿਸ 'ਤੇ ਹਮਲਾ ਕਰਕੇ ਡਰ ਦਾ ਮਾਹੌਲ ਪੈਦਾ ਕੀਤਾ। ਇਹ ਘਟਨਾ ਨੂੰ ਵਾਪਰਿਆਂ ਦੋ ਹਫਤੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਰ ਹੁਣ ਤੱਕ ਪੁਲਿਸ ਵੱਲੋਂ ਹਮਲਾ ਕਰਨ ਵਾਲਿਆਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ ਜਿਸ ਨਾਲ ਪੰਜਾਬ ਦੀ ਆਪ ਸਰਕਾਰ ਦੀ ਭੂਮਿਕਾ ਸ਼ੱਕ ਦੇ ਘੇਰੇ ਵਿਚ ਆ ਗਈ ਹੈ।

## ਖੇਤੀ, ਸਿੱਖਿਆ ਤੇ ਸਿਹਤ ਸਹੂਲਤਾਂ ਵੱਲੋਂ ਖਾਸ ਧਿਆਨ

**ਚੰਡੀਗੜ੍ਹ:** ਬਜਟ ਵਿਚ ਮੁੱਖ ਫੋਕਸ ਖੇਤੀ 'ਤੇ ਕੀਤਾ ਗਿਆ ਹੈ। ਖੇਤੀ ਲਈ ਬਜਟ ਵਿਚ 13,888 ਕਰੋੜ ਰੁਪਏ ਰੱਖੇ ਗਏ ਹਨ ਜਿਸ 'ਚ 20 ਫ਼ੀਸਦੀ ਵਾਧਾ ਕੀਤਾ ਗਿਆ ਹੈ। ਖੇਤੀ ਵਿਭਿੰਨਤਾ ਲਈ ਇਕ ਹਜ਼ਾਰ ਕਰੋੜ ਰੁਪਏ ਰੱਖੇ ਗਏ ਹਨ। 125 ਕਰੋੜ ਰੁਪਏ ਝੋਨੇ ਦੀ ਸਿੱਧੀ ਬਿਜਾਈ ਅਤੇ ਮੂੰਗੀ ਨੂੰ ਘੱਟੋ-ਘੱਟ ਸਮਰਥਨ ਮੁੱਲ 'ਤੇ ਖ਼ਰੀਦਣ ਲਈ ਰਾਖਵੇਂ ਰੱਖੇ ਹਨ। ਪਿੰਡਾਂ ਵਿਚ 2754 ਕਿਸਾਨ ਮਿੱਤਰ ਰੱਖੇ ਜਾਣੇ ਹਨ। ਫਸਲੀ ਬੀਮਾ ਸਕੀਮ ਤੋਂ ਇਲਾਵਾ ਨਵੀਂ ਖੇਤੀ ਨੀਤੀ ਦਾ ਐਲਾਨ ਵੀ ਕੀਤਾ ਗਿਆ ਹੈ। ਪਰਾਲੀ ਸਾੜਨ ਤੋਂ ਰੋਕਣ ਵਾਸਤੇ 350 ਕਰੋੜ ਰੱਖੇ ਗਏ ਹਨ। ਵਿੱਤ ਮੰਤਰੀ ਨੇ ਐਲਾਨ ਕੀਤਾ ਕਿ ਖੇਤੀ ਸੈਕਟਰ 'ਚ ਕਿਸਾਨਾਂ ਲਈ ਮੁਫਤ ਬਿਜਲੀ ਦੀ ਸਹੂਲਤ ਜਾਰੀ ਰੱਖੀ ਜਾਵੇਗੀ।

ਸਿੱਖਿਆ ਲਈ ਬਜਟ ਵਿਚ 12 ਫ਼ੀਸਦੀ ਵਾਧੇ ਨਾਲ ਐਤਕੀਂ 17,072 ਕਰੋੜ ਰੁਪਏ ਦਾ



ਪ੍ਰਬੰਧ ਕੀਤਾ ਗਿਆ ਹੈ ਅਤੇ ਇਸੇ ਤਰ੍ਹਾਂ ਸਿਹਤ ਖੇਤਰ ਲਈ 11 ਫ਼ੀਸਦੀ ਵਾਧੇ ਨਾਲ 4781 ਕਰੋੜ ਰੁਪਏ ਰੱਖੇ ਗਏ ਹਨ। ਸਕੂਲ ਆਫ਼ ਐਮੀਨੈਂਸ ਵਾਸਤੇ 200 ਕਰੋੜ, ਸਰਕਾਰੀ ਸਕੂਲਾਂ ਦੀ ਚਾਰਦੀਵਾਰੀ ਸਮੇਤ ਬੁਨਿਆਦੀ ਢਾਂਚੇ ਵਾਸਤੇ 324 ਕਰੋੜ, ਪੰਜਾਬ ਯੁਵਾ ਉੱਦਮੀ ਪ੍ਰੋਗਰਾਮ ਲਈ 30 ਕਰੋੜ, ਪ੍ਰੀ-ਮੈਟ੍ਰਿਕ ਵਜ਼ੀਫ਼ਾ ਸਕੀਮ ਲਈ 78 ਕਰੋੜ, ਮਿਡ-ਡੇ-ਮੀਲ ਲਈ 456 ਕਰੋੜ ਰੱਖੇ ਗਏ ਹਨ। ਇਸੇ ਤਰ੍ਹਾਂ 142 ਹੋਰ ਮੁਹੱਲਾ ਕਲੀਨਿਕ ਤਿਆਰੀ ਅਧੀਨ ਹਨ।

## ਚੋਣ ਗਾਰੰਟੀਆਂ ਦੀ ਪੂਰਤੀ 'ਆਪ' ਸਰਕਾਰ ਲਈ ਵੱਡੀ ਚੁਣੌਤੀ

**ਚੰਡੀਗੜ੍ਹ:** ਵਿੱਤੀ ਸੰਕਟ ਦੌਰਾਨ ਬਕਾਇਆ (ਚੋਣ) ਗਾਰੰਟੀਆਂ ਦੀ ਪੂਰਤੀ ਕਰਨਾ 'ਆਪ' ਸਰਕਾਰ ਲਈ ਵੱਡੀ ਚੁਣੌਤੀ ਹੈ। ਪੰਜਾਬ ਸਰਕਾਰ ਦੇ ਬਜਟ ਵਿਚ 18 ਸਾਲ ਤੋਂ ਉੱਪਰ ਦੀਆਂ ਮਹਿਲਾਵਾਂ ਨੂੰ ਪ੍ਰਤੀ ਮਹੀਨਾ ਇਕ ਹਜ਼ਾਰ ਰੁਪਏ ਵਿੱਤੀ ਮਦਦ ਦੇਣ ਦੀ ਗਰੰਟੀ ਦੀ ਪੂਰਤੀ ਲਈ ਕੋਈ ਪੈਸਾ ਨਹੀਂ ਰੱਖਿਆ ਗਿਆ ਹੈ। ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਉਹ ਜਲਦ ਹੀ ਇਸ ਗਰੰਟੀ ਨੂੰ ਪੂਰਾ ਕਰਨਗੇ। ਬਜਟ ਵਿਚ ਬੁਢਾਪਾ ਪੈਨਸ਼ਨ ਵਿਚ ਵਾਧਾ ਕਰਨ ਦਾ ਵਾਅਦਾ ਵੀ ਪੂਰਾ ਨਹੀਂ ਕੀਤਾ ਗਿਆ। 'ਆਪ' ਸਰਕਾਰ ਨੇ 2500 ਰੁਪਏ ਬੁਢਾਪਾ ਪੈਨਸ਼ਨ ਕਰਨ ਦਾ ਐਲਾਨ ਕੀਤਾ ਸੀ। ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਮਜ਼ਦੂਰਾਂ ਦੇ ਵਾਰਸਾਂ ਦੀ ਵਿੱਤੀ ਮਦਦ ਲਈ ਵੀ ਬਜਟ 'ਚ ਕੋਈ ਵਿਵਸਥਾ ਨਹੀਂ ਕੀਤੀ ਗਈ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ 'ਆਪ' ਸਰਕਾਰ ਦਾ ਇਹ ਦੂਜਾ ਬਜਟ ਹੈ, ਪਰ ਅਜੇ ਤੱਕ ਇਸ ਨੇ ਸੂਬੇ ਦੀਆਂ ਸਾਰੀਆਂ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਦਾ ਕੀਤਾ ਵਾਅਦਾ ਨਹੀਂ



ਨਿਭਾਇਆ। ਉਨ੍ਹਾਂ ਕਿਹਾ ਕਿ ਬੁਢਾਪਾ ਪੈਨਸ਼ਨ ਸਕੀਮ ਵਾਸਤੇ ਵੀ ਕੋਈ ਪੈਸਾ ਨਹੀਂ ਰੱਖਿਆ ਗਿਆ।

ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਬਜਟ ਨਿਰਾਸ਼ ਕਰਨ ਵਾਲਾ ਹੈ। ਬਜਟ ਨੇ ਕਿਸਾਨ, ਮਜ਼ਦੂਰ ਅਤੇ ਵਪਾਰੀ ਵਰਗ ਨੂੰ ਨਿਰਾਸ਼ ਹੀ ਕੀਤਾ ਹੈ। ਉਨ੍ਹਾਂ ਕਿਹਾ ਕਿ ਔਰਤਾਂ ਨੂੰ ਇਕ ਹਜ਼ਾਰ ਰੁਪਏ ਦੇਣ ਵਾਸਤੇ ਕੋਈ ਤਜਵੀਜ਼ ਨਹੀਂ ਰੱਖੀ ਗਈ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਮਿਲੇ ਫੰਡਾਂ 'ਤੇ ਪੰਜਾਬ ਸਰਕਾਰ ਸ਼ੁਕਰਗੁਜ਼ਾਰ ਹੀ ਨਹੀਂ ਹੋ ਰਹੀ ਹੈ। ਸਾਬਕਾ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਕਿਹਾ ਕਿ ਸਰਕਾਰ ਨੇ ਬਜਟ ਨੂੰ ਸੰਜੀਦਗੀ ਨਾਲ ਲਿਆ ਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਵਾਗਡੋਰ ਭਾਜਪਾ ਦੇ ਹੱਥ ਆਉਣ 'ਤੇ ਹੀ ਸੂਬਾ ਸੰਕਟ 'ਚੋਂ ਨਿਕਲ ਸਕਦਾ ਹੈ।

### ਗਾਰੰਟੀ ਜਲਦ ਪੂਰੀ ਕੀਤੀ ਜਾਵੇਗੀ: ਚੀਮਾ

**ਚੰਡੀਗੜ੍ਹ:** ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਬਜਟ ਪੇਸ਼ ਕਰਨ ਮਗਰੋਂ ਕੀਤੀ ਪ੍ਰੈੱਸ ਕਾਨਫ਼ਰੰਸ 'ਚ ਕਿਹਾ ਕਿ ਔਰਤਾਂ ਨੂੰ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੀ ਵਿੱਤੀ ਮਦਦ ਦੇਣ ਦੀ ਗਾਰੰਟੀ ਜਲਦ ਪੂਰੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਨੇ ਦੂਸਰੇ ਵਰ੍ਹੇ ਬਿਨਾਂ ਕੋਈ ਟੈਕਸ ਲਾਏ ਲੋਕ ਪੱਖੀ ਬਜਟ ਪੇਸ਼ ਕੀਤਾ ਹੈ। ਉਨ੍ਹਾਂ ਦਾ ਮੁੱਖ ਜ਼ੋਰ ਚੋਰੀ ਰੋਕਣ 'ਤੇ ਹੋਵੇਗਾ ਤਾਂ ਜੋ ਖ਼ਜ਼ਾਨੇ ਵਿਚ ਇਕ-ਇਕ ਪੈਸਾ ਲਿਆਂਦਾ ਜਾ ਸਕੇ। ਟੈਕਸ ਚੋਰੀ ਰੋਕੇ ਜਾਣ ਨਾਲ ਇਕ ਸਾਲ ਵਿਚ 205 ਕਰੋੜ ਰੁਪਏ ਖ਼ਜ਼ਾਨੇ ਵਿਚ ਆਏ ਹਨ।

### 'ਆਪ' ਸਰਕਾਰ ਹੋਈ ਬੇਨਕਾਬ: ਵੜਿੰਗ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਜਟ ਵਿਚ ਕੀਤੇ ਗਏ ਆਪਣੇ ਹੀ ਐਲਾਨਾਂ ਨਾਲ ਪੂਰੀ ਤਰ੍ਹਾਂ ਬੇਨਕਾਬ ਹੋ ਗਈ ਹੈ। 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਦੇ ਦਾਅਵਿਆਂ 'ਤੇ ਚੁਟਕੀ ਲੈਂਦਿਆਂ ਉਨ੍ਹਾਂ ਕਿਹਾ ਕਿ ਉਹ ਤਾਂ ਕਹਿੰਦੇ ਸਨ ਕਿ ਰੇਤੇ ਦੀ ਮਾਈਨਿੰਗ ਤੋਂ ਹਰ ਸਾਲ 20,000 ਕਰੋੜ ਰੁਪਏ ਕਮਾਉਣਗੇ, ਪਰ ਬਜਟ ਦੇ ਅੰਕੜੇ ਦਰਸਾਉਂਦੇ ਹਨ ਕਿ ਸੂਬੇ ਨੇ ਪਿਛਲੇ ਸਾਲ ਰੇਤ ਦੀ ਮਾਈਨਿੰਗ ਤੋਂ ਸਿਰਫ 153 ਕਰੋੜ ਰੁਪਏ ਕਮਾਏ ਹਨ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਦਿੱਲੀ ਫਤਹਿ ਦਿਵਸ: ਦਿੱਲੀ ਕਮੇਟੀ ਵੱਲੋਂ ਜਥੇਦਾਰ ਨੂੰ ਸੱਦਾ ਪੱਤਰ

**ਅੰਮ੍ਰਿਤਸਰ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਦੀ ਅਗਵਾਈ ਹੇਠਲੇ ਇਕ ਵਫ਼ਦ ਨੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਤੇ ਹੋਰ ਪੰਥਕ ਸ਼ਖ਼ਸੀਅਤਾਂ ਨੂੰ 8 ਅਤੇ 9 ਅਪਰੈਲ ਨੂੰ ਲਾਲ ਕਿਲ੍ਹੇ 'ਤੇ ਮਨਾਏ ਜਾ ਰਹੇ ਦਿੱਲੀ ਫਤਹਿ ਦਿਵਸ ਸਮਾਗਮਾਂ ਦੇ ਸੱਦਾ ਪੱਤਰ ਦਿੱਤੇ।

ਇਸ ਵਫ਼ਦ ਨੇ ਨਿਹੰਗ ਜਥੇਬੰਦੀ ਬੁੱਢਾ ਦਲ ਵੱਲੋਂ ਸ਼ਹੀਦ ਅਕਾਲੀ ਫੂਲਾ ਸਿੰਘ ਦੀ ਸ਼ਹੀਦੀ ਸ਼ਤਾਬਦੀ ਸਬੰਧੀ ਕਰਵਾਏ ਗਏ ਸਮਾਗਮ ਵਿਚ ਸ਼ਮੂਲੀਅਤ ਕੀਤੀ ਅਤੇ ਦਰਬਾਰ ਸਾਹਿਬ ਮੱਥਾ ਵੀ ਟੇਕਿਆ। ਦਿੱਲੀ ਕਮੇਟੀ ਦੇ ਸਿੱਖ ਆਗੂਆਂ ਨੇ ਦੱਸਿਆ ਕਿ ਇਸ ਵਾਰ ਮਨਾਇਆ ਜਾ ਰਿਹਾ ਦਿੱਲੀ ਫਤਹਿ ਦਿਵਸ ਅਕਾਲੀ ਬਾਬਾ ਫੂਲਾ ਸਿੰਘ ਦੇ 200 ਸਾਲਾ ਸ਼ਹੀਦੀ ਦਿਹਾੜੇ ਅਤੇ ਜੱਸਾ ਸਿੰਘ ਰਾਮਗੜ੍ਹੀਆ ਦੀ 300 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਕੀਤਾ ਗਿਆ ਹੈ। ਇਸ ਤੋਂ ਪਹਿਲਾਂ 6 ਅਪਰੈਲ ਨੂੰ ਅਕਾਲ ਤਖਤ ਤੋਂ ਨਗਰ ਕੀਰਤਨ ਸਜਾਇਆ ਜਾਵੇਗਾ, ਜੋ ਦਿੱਲੀ ਪੁੱਜ ਕੇ ਸੰਪੂਰਨ ਹੋਵੇਗਾ। ਇਹ ਨਗਰ ਕੀਰਤਨ 6 ਅਪਰੈਲ ਦੀ ਰਾਤ ਨੂੰ ਅੰਬਾਲਾ ਵਿਚ ਗੁਰਦੁਆਰਾ ਮੰਜੀ ਸਾਹਿਬ ਠਹਿਰਾਅ ਕਰੇਗਾ ਅਤੇ ਅਗਲੇ ਦਿਨ 7 ਅਪਰੈਲ ਨੂੰ ਦਿੱਲੀ ਵਿਚ ਗੁਰਦੁਆਰਾ ਮਜਨੂੰ ਕਾ ਟਿੱਲਾ ਵਿਖੇ ਪੁੱਜ ਕੇ ਸੰਪੂਰਨ ਹੋਵੇਗਾ। ਉਨ੍ਹਾਂ ਦੱਸਿਆ ਕਿ 8 ਅਪਰੈਲ ਨੂੰ ਕੀਰਤਨ ਦਰਬਾਰ ਹੋਵੇਗਾ ਤੇ 9 ਅਪਰੈਲ ਨੂੰ ਖਾਲਸਾ ਮਾਰਚ ਸਜਾਇਆ ਜਾਵੇਗਾ।

## ਮੱਧ ਪ੍ਰਦੇਸ਼: 'ਆਪ' ਨੇ ਮੁਫਤ ਸਹੂਲਤਾਂ ਦਾ ਵਾਅਦਾ ਕੀਤਾ

**ਭੁਪਾਲ:** ਆਮ ਆਦਮੀ ਪਾਰਟੀ (ਆਪ) ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਥੇ ਵਾਅਦਾ ਕੀਤਾ ਕਿ ਜੇ ਉਨ੍ਹਾਂ ਦੀ ਪਾਰਟੀ ਮੱਧ ਪ੍ਰਦੇਸ਼ ਵਿਚ ਸੱਤਾ ਵਿਚ ਆਉਂਦੀ ਹੈ ਤਾਂ ਮੁਫਤ ਬਿਜਲੀ, ਸਿੱਖਿਆ ਅਤੇ ਸਿਹਤ ਸੇਵਾਵਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਦੇ ਨਾਲ ਪੰਜਾਬ ਹਮਰੁਤਬਾ ਭਗਵੰਤ ਮਾਨ ਵੀ ਸਨ। ਇੱਥੇ ਭੇਲ ਦੇ ਦੁਸਹਿਰਾ ਮੈਦਾਨ ਵਿਚ ਜਨਤਕ ਮੀਟਿੰਗ ਦੌਰਾਨ ਸ੍ਰੀ ਕੇਜਰੀਵਾਲ ਨੇ ਇਹ ਵੀ ਐਲਾਨ ਕੀਤਾ ਕਿ 'ਆਪ' ਸਰਕਾਰ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਨਿਯਮਤ ਕਰੇਗੀ ਅਤੇ ਸੂਬੇ ਵਿਚੋਂ ਭ੍ਰਿਸ਼ਟਾਚਾਰ ਨੂੰ ਖਤਮ ਕਰੇਗੀ। ਉਨ੍ਹਾਂ ਕਿਹਾ, 'ਮੈਂ ਦਿੱਲੀ ਅਤੇ ਪੰਜਾਬ ਵਾਂਗ ਮੱਧ ਪ੍ਰਦੇਸ਼ ਵਿਚ ਮੁਫਤ ਬਿਜਲੀ ਦਿਆਂਗਾ।' ਉਨ੍ਹਾਂ ਨੇ ਦਿੱਲੀ ਤੇ ਪੰਜਾਬ ਵਿਚ 'ਆਪ' ਸਰਕਾਰਾਂ ਦੀ ਕਾਰਗੁਜ਼ਾਰੀ 'ਤੇ ਚਾਨਣਾ ਪਾਇਆ

# ਪੰਜਾਬੀ ਯੂਨੀਵਰਸਿਟੀ ਨੂੰ ਲੋੜੀਂਦੀ ਗਰਾਂਟ ਦੇਣ ਦਾ ਫੈਸਲਾ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਦੀ ਗਰਾਂਟ ਘਟਾਉਣ ਕਾਰਨ ਪੈਦਾ ਹੋਇਆ ਰੇੜਕਾ ਖਤਮ ਹੋਇਆ ਜਾਪ ਰਿਹਾ ਹੈ, ਕਿਉਂਕਿ ਪੰਜਾਬ ਸਰਕਾਰ ਨੇ ਯੂਨੀਵਰਸਿਟੀ ਦੀ ਮੰਗ 'ਤੇ ਬਣਦੀ ਬਜਟ ਗਰਾਂਟ ਦੇਣ ਦਾ ਫੈਸਲਾ ਕੀਤਾ ਹੈ। ਇਹ ਸਹਿਮਤੀ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਵਾਈਸ ਚਾਂਸਲਰ ਪ੍ਰੋਫੈਸਰ ਅਰਵਿੰਦ ਦਰਮਿਆਨ ਹੋਈ ਮੀਟਿੰਗ ਦੌਰਾਨ ਬਣੀ।

ਯੂਨੀਵਰਸਿਟੀ ਦੇ ਬੁਲਾਰੇ ਨੇ ਦੱਸਿਆ ਕਿ ਵਿੱਤ ਮੰਤਰੀ ਹਰਪਾਲ ਚੀਮਾ, ਮੁੱਖ ਮੰਤਰੀ ਦੇ ਪ੍ਰਿੰਸੀਪਲ ਸਕੱਤਰ, ਵਿੱਤ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਅਤੇ ਪ੍ਰਿੰਸੀਪਲ ਸਕੱਤਰ (ਉਚੇਰੀ ਸਿੱਖਿਆ) ਨਾਲ ਵਾਈਸ ਚਾਂਸਲਰ ਅਤੇ ਯੂਨੀਵਰਸਿਟੀ ਦੇ ਹੋਰ ਅਧਿਕਾਰੀਆਂ ਦੀਆਂ ਮੀਟਿੰਗਾਂ ਹੋਈਆਂ, ਜਿਸ ਵਿਚ ਸਰਕਾਰ ਨੇ ਸਪੱਸ਼ਟ ਕੀਤਾ ਕਿ ਯੂਨੀਵਰਸਿਟੀ ਵੱਲੋਂ ਮੰਗੀ ਲੋੜੀਂਦੀ (30 ਕਰੋੜ ਪ੍ਰਤੀ ਮਹੀਨਾ) ਪੂਰੀ ਗਰਾਂਟ ਦਿੱਤੀ ਜਾ ਰਹੀ ਹੈ। ਯੂਨੀਵਰਸਿਟੀ ਵੱਲੋਂ ਪਹਿਲੀ ਤਿਮਾਹੀ ਲਈ ਬਣਦੀ ਰਕਮ ਦਾ ਬਿੱਲ ਭੇਜ ਦਿੱਤਾ ਜਾਵੇ। ਸਰਕਾਰ ਨੇ ਭਰੋਸਾ ਦਿਵਾਇਆ ਕਿ ਯੂਨੀਵਰਸਿਟੀ ਨੂੰ ਕੋਈ ਵਿੱਤੀ ਸੰਕਟ ਨਹੀਂ ਆਉਣ ਦਿੱਤਾ ਜਾਵੇਗਾ। ਵਾਈਸ ਚਾਂਸਲਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਸਬੰਧਤ ਅਧਿਕਾਰੀਆਂ ਦਾ ਧੰਨਵਾਦ ਕੀਤਾ ਹੈ। ਯੂਨੀਵਰਸਿਟੀ ਵੱਲੋਂ ਪਹਿਲੀ ਤਿਮਾਹੀ ਦੀ ਬਣਦੀ ਰਕਮ ਦਾ ਬਿੱਲ ਸਰਕਾਰ ਨੂੰ ਭੇਜ ਦਿੱਤਾ ਗਿਆ ਹੈ। ਵਾਈਸ ਚਾਂਸਲਰ ਨੇ ਆਸ ਪ੍ਰਗਟਾਈ ਕਿ ਇਸ ਮਾਹੌਲ ਵਿਚ ਅਧਿਆਪਕ, ਕਰਮਚਾਰੀ ਅਤੇ ਵਿਦਿਆਰਥੀ ਯੂਨੀਵਰਸਿਟੀ ਦੇ ਹਰ ਪੱਖੋਂ ਵਿਕਾਸ ਲਈ ਆਪਣਾ ਪੂਰਾ ਤਾਣ ਲਗਾ ਦੇਣਗੇ। ਯਾਦ ਰਹੇ ਕਿ ਸਰਕਾਰ ਨੇ ਯੂਨੀਵਰਸਿਟੀ ਨੂੰ ਮਿਲਦੀ 200 ਕਰੋੜ ਦੀ ਗਰਾਂਟ ਘਟਾ ਕੇ 164 ਕਰੋੜ ਕਰਨ ਦੇ ਖ਼ਿਲਾਫ਼ ਵਿਦਿਆਰਥੀਆਂ, ਅਧਿਆਪਕਾਂ ਤੇ ਮੁਲਾਜ਼ਮਾਂ ਵੱਲੋਂ 13 ਮਾਰਚ ਨੂੰ ਯੂਨੀਵਰਸਿਟੀ ਦੇ ਮੁੱਖ ਗੇਟ 'ਤੇ ਪੱਕਾ ਮੋਰਚਾ ਸ਼ੁਰੂ ਕਰ ਦਿੱਤਾ ਗਿਆ ਸੀ।

# ਸਿਲੀਕਾਨ ਵੈਲੀ ਬੈਂਕ ਮਗਰੋਂ ਇਕ ਹੋਰ ਅਮਰੀਕੀ ਬੈਂਕ ਡੁੱਬਿਆ

**ਨਿਊ ਯਾਰਕ:** ਸਿਲੀਕਾਨ ਵੈਲੀ ਬੈਂਕ (ਐਸ.ਵੀ.ਬੀ.) ਮਗਰੋਂ ਅਮਰੀਕਾ ਦਾ 'ਸਿਗਨੇਚਰ ਬੈਂਕ' ਡੁੱਬ ਗਿਆ ਹੈ। ਬਾਇਡਨ ਸਰਕਾਰ ਨੇ ਇਸ ਖੇਤਰੀ ਬੈਂਕ ਨੂੰ ਬੰਦ ਕਰ ਦਿੱਤਾ ਹੈ। ਅਮਰੀਕੀ ਸਦਰ ਜੋਅ ਬਾਇਡਨ ਨੇ ਮੁਲਕ ਦੇ ਬੈਂਕਿੰਗ ਪ੍ਰਬੰਧ ਵਿਚ ਲੋਕਾਂ ਦੇ ਭਰੋਸੇ ਨੂੰ ਕਾਇਮ ਰੱਖਣ ਲਈ ਐਲਾਨ ਕੀਤਾ ਹੈ ਕਿ ਸਿਗਨੇਚਰ ਬੈਂਕ ਦੇ ਖਾਤਾਧਾਰਕਾਂ ਨੂੰ ਐਸ.ਵੀ.ਬੀ. ਦੇ ਖਾਤਾਧਾਰਕਾਂ ਨਾਲ ਕੀਤੇ ਸਮਝੌਤੇ ਵਾਂਗ ਉਨ੍ਹਾਂ ਦਾ ਸਾਰਾ ਪੈਸਾ ਮਿਲੇਗਾ। ਬਾਇਡਨ ਨੇ ਦਾਅਵਾ ਕੀਤਾ ਕਿ ਅਮਰੀਕੀ ਬੈਂਕਿੰਗ ਪ੍ਰਬੰਧ ਪੂਰੀ ਤਰ੍ਹਾਂ ਸੁਰੱਖਿਅਤ ਤੇ ਚੜ੍ਹਦੀ ਕਲਾਂ ਵਿਚ ਹੈ। ਅਮਰੀਕੀ ਬੈਂਕਾਂ ਦੇ ਉਪਰੋਥਲੀ ਬੰਦ ਹੋਣ ਦਾ ਅਸਰ ਏਸ਼ਿਆਈ ਤੇ ਯੂਰਪੀ ਬਾਜ਼ਾਰਾਂ ਵਿਚ ਵੀ ਨਜ਼ਰ ਆਇਆ ਹੈ, ਜੋ ਨਾਟਕੀ ਢੰਗ ਨਾਲ ਡਿੱਗ ਗਏ।

ਨਿਵੇਸ਼ਕਾਂ ਦੇ ਮਨਾਂ ਵਿਚ ਬਣੇ ਖ਼ੌਫ ਕਰਕੇ ਭਾਰਤੀ ਸ਼ੇਅਰ ਬਾਜ਼ਾਰ ਪੰਜ ਮਹੀਨਿਆਂ ਦੇ ਹੇਠਲੇ ਪੱਧਰ 'ਤੇ ਪੁੱਜ ਗਿਆ। ਬੀ.ਐਸ.ਈ. ਦਾ 30 ਸ਼ੇਅਰਾਂ ਵਾਲਾ ਸੈਂਸੈਕਸ 897.28 ਨੁਕਤਿਆਂ ਦੇ ਨੁਕਸਾਨ ਨਾਲ 58,237.85 ਦੇ ਪੱਧਰ ਨੂੰ ਪੁੱਜ ਗਿਆ ਜਦੋਂਕਿ ਐਨ.ਐਸ.ਈ. ਦੇ ਨਿਫਟੀ ਨੂੰ 258.60 ਨੁਕਤਿਆਂ ਦੀ ਮਾਰ ਪਈ। ਰਾਸ਼ਟਰਪਤੀ ਜੋਅ ਬਾਇਡਨ ਨੇ ਅਮਰੀਕੀਆਂ ਨੂੰ ਕਿਹਾ ਕਿ ਦੇਸ਼ ਦਾ ਵਿੱਤੀ ਪ੍ਰਬੰਧ ਬਿਲਕੁਲ ਸੁਰੱਖਿਅਤ ਹੈ।

## 3 ਸਾਲਾ ਬੱਚੀ ਨੇ 4 ਸਾਲਾ ਭੈਣ ਨੂੰ ਮਾਰੀ ਗੋਲੀ

**ਹਿਊਸਟਨ:** ਅਮਰੀਕਾ ਦੇ ਟੈਕਸਾਸ ਸੂਬੇ ਵਿਚ 3 ਸਾਲਾ ਬੱਚੀ ਨੇ ਆਪਣੀ 4 ਸਾਲਾ ਭੈਣ ਦੀ ਉਦੋਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ, ਜਦੋਂ ਉਸ ਦੇ ਹੱਥ ਭਰੀ ਹੋਈ ਸੈਮੀ-ਆਟੋਮੈਟਿਕ ਬੰਦੂਕ ਲੱਗ ਗਈ। ਘਟਨਾ ਉਦੋਂ ਹੋਈ ਜਦੋਂ ਘਰ ਵਿਚ ਮਾਪੇ ਵੀ ਸਨ ਪਰ ਹਥਿਆਰ ਲਾਪਰਵਾਹੀ ਨਾਲ ਰੱਖਿਆ ਹੋਇਆ ਸੀ।

## ਸ਼ਰਾਬੀ ਟੀ.ਟੀ.ਈ. ਵੱਲੋਂ ਯਾਤਰੀ ਨਾਲ ਬਦਸਲੂਕੀ

**ਲਖਨਊ:** ਅਕਾਲ ਤਖਤ ਐਕਸਪ੍ਰੈਸ ਵਿਚ ਸ਼ਰਾਬੀ ਟੀ.ਟੀ.ਈ. ਨੇ ਕਥਿਤ ਤੌਰ ਉਤੇ ਔਰਤ ਦੇ ਸਿਰ ਉਤੇ ਪਿਸ਼ਾਬ ਕਰ ਦਿੱਤਾ ਹੈ।

ਮਹਿਲਾ ਆਪਣੇ ਪਤੀ ਰਾਜੇਸ਼ ਕੁਮਾਰ ਨਾਲ ਯਾਤਰਾ ਕਰ ਰਹੀ ਸੀ। ਦੋਵੇਂ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ। ਜੀ.ਆਰ.ਪੀ. ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਐਤਵਾਰ ਅੱਧੀ ਰਾਤ ਨੂੰ ਅਕਾਲ ਤਖਤ ਐਕਸਪ੍ਰੈਸ ਦੇ ਏ1 ਕੋਚ ਵਿਚ ਉਸ ਸਮੇਂ ਵਾਪਰੀ, ਜਦੋਂ ਗੱਡੀ ਅੰਮ੍ਰਿਤਸਰ ਤੋਂ ਕੋਲਕਾਤਾ ਜਾ ਰਹੀ ਸੀ। ਔਰਤ ਦਾ ਰੌਲਾ ਸੁਣ ਕੇ ਆਸਪਾਸ ਦੇ ਯਾਤਰੀ ਇਕੱਠੇ ਹੋ ਗਏ ਅਤੇ ਸ਼ਰਾਬੀ ਟੀ.ਟੀ.ਈ. ਨੂੰ ਕਾਬੂ ਕਰ ਲਿਆ। ਜਦੋਂ ਟਰੇਨ ਚਾਰਬਾਗ ਰੇਲਵੇ ਸਟੇਸ਼ਨ ਲਖਨਊ ਪਹੁੰਚੀ ਤਾਂ ਟੀ.ਟੀ.ਈ. ਨੂੰ ਫਿਰ ਜੀ.ਆਰ.ਪੀ. ਦੇ ਹਵਾਲੇ ਕਰ ਦਿੱਤਾ ਗਿਆ।

# ਬਾਦਲਾਂ ਖਿਲਾਫ ਸ਼ਿਕੰਜਾ ਕੱਸਿਆ

*(ਪਹਿਲੇ ਸਫੇ ਦੀ ਬਾਕੀ)*

ਬਾਅਦ ਸਰਕਾਰ ਨੂੰ ਫੁਰਤੀ ਦਿਖਾਉਣੀ ਪਈ। ਇਸ ਤੋਂ ਪਹਿਲਾਂ ਕਾਂਗਰਸ ਵੀ ਇਨਸਾਫ ਦਾ ਵਾਅਦਾ ਕਰ ਕੇ ਸੱਤਾ ਵਿਚ ਆਈ ਸੀ। ਉਸ ਵੇਲੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਸੀ ਕਿ ਸੂਬੇ ਦੇ ਉਸ ਵੇਲੇ ਦੇ ਗ੍ਰਹਿ ਮੰਤਰੀ ਅਤੇ ਮੁੱਖ ਮੰਤਰੀ ਦੇ ਇਸ਼ਾਰੇ ਬਿਨਾ ਇਹ ਗੋਲੀਕਾਂਡ ਹੋਣਾ ਸੰਭਵ ਹੀ ਨਹੀਂ ਸੀ ਪਰ ਕਾਂਗਰਸ ਸਰਕਾਰ ਨੇ ਆਪਣੇ ਪੰਜ ਸਾਲ ਜਾਂਚ ਕਮੇਟੀਆਂ ਬਣਾਉਂਦੇ ਹੀ ਲੰਘਾ ਦਿੱਤੇ।

ਪਹਿਲੀ ਜੂਨ 2015 ਨੂੰ ਕੋਟਕਪੂਰਾ ਦੇ ਬੁਰਜ ਜਵਾਹਰ ਸਿੰਘ ਵਾਲਾ ਤੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਾਪਤਾ ਹੋ ਗਿਆ ਸੀ। 12 ਅਕਤੂਬਰ ਨੂੰ ਗੁਰੂ ਗ੍ਰੰਥ ਸਾਹਿਬ ਦੇ ਅੰਗ ਬਰਗਾੜੀ ਪਿੰਡ ਵਿਚੋਂ ਮਿਲੇ ਸਨ। 14 ਅਕਤੂਬਰ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਦੋਸ਼ੀਆਂ ਦੀ ਗ੍ਰਿਫਤਾਰੀ ਨੂੰ ਲੈ ਕੇ ਕੋਟਕਪੂਰਾ ਵਿਚ ਸਿੱਖਾਂ ਵੱਲੋਂ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ ਜਿਸ ਉੱਤੇ ਪੁਲਿਸ ਵੱਲੋਂ ਲਾਠੀਚਾਰਜ ਕੀਤਾ ਗਿਆ। ਇਸੇ ਦਿਨ ਬਹਿਬਲ ਕਲਾਂ ਵਿਚ ਸ਼ਾਂਤਮਈ ਧਰਨੇ ਉਤੇ ਬੈਠੀ ਸੰਗਤ ਉਤੇ ਪੁਲਿਸ ਵੱਲੋਂ ਫਾਇਰਿੰਗ ਕਰ ਦਿੱਤੀ ਗਈ ਸੀ ਜਿਸ ਵਿਚ ਦੋ ਸਿੱਖ ਨੌਜਵਾਨਾਂ ਦੀ ਮੌਤ ਹੋ ਗਈ। ਸਿੱਖ ਸੰਗਤ ਵਿਚ ਵਧਦੇ ਰੋਸ ਨੂੰ ਦੇਖਦੇ ਹੋਏ ਉਸ ਵੇਲੇ ਦੀ ਅਕਾਲੀ-ਭਾਜਪਾ ਸਰਕਾਰ ਨੇ 24 ਅਕਤੂਬਰ ਨੂੰ ਸੇਵਾ ਮੁਕਤ ਜਸਟਿਸ ਜੋਰਾ ਸਿੰਘ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ। 30 ਜੂਨ 2016 ਨੂੰ ਜਸਟਿਸ ਜੋਰਾ ਸਿੰਘ ਕਮਿਸ਼ਨ ਨੇ ਰਿਪੋਰਟ ਸਰਕਾਰ ਨੂੰ ਸੌਂਪੀ ਪਰ ਕਮਿਸ਼ਨ ਦੀਆਂ ਤਜਵੀਜ਼ਾਂ ਉਤੇ ਸਰਕਾਰ ਨੇ ਕੋਈ ਕਾਰਵਾਈ ਹੀ ਨਹੀਂ ਕੀਤੀ। 14 ਅਪਰੈਲ 2017 ਨੂੰ ਅਮਰਿੰਦਰ ਸਿੰਘ ਸਰਕਾਰ ਨੇ ਸੇਵਾ ਮੁਕਤ ਜਸਟਿਸ ਰਣਜੀਤ ਸਿੰਘ ਦੀ ਅਗਵਾਈ ਵਿਚ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਲਈ ਕਮਿਸ਼ਨ ਦਾ ਗਠਨ ਕੀਤਾ। 30 ਜੂਨ 2018 ਨੂੰ ਜਸਟਿਸ ਰਣਜੀਤ ਸਿੰਘ ਨੇ ਬੇਅਦਬੀ ਦੇ ਮਾਮਲਿਆਂ ਦੀ ਰਿਪੋਰਟ ਸਰਕਾਰ ਨੂੰ ਸੌਂਪੀ। ਪੰਜਾਬ ਵਿਧਾਨ ਸਭਾ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਉਤੇ ਬਹਿਸ ਹੋਈ ਪਰ ਇਸ ਤੋਂ ਅੱਗੇ ਕੋਈ ਗੱਲ ਹੀ ਨਾ ਵਧੀ। ਹੁਣ ਸੱਤਾ ਵਿਚ ਆਈ ਆਮ ਆਦਮੀ ਪਾਰਟੀ ਵੱਲੋਂ ਇਸ ਮਾਮਲੇ ਵਿਚ ਕੀਤੀ ਜਾ ਰਹੀ ਕਾਰਵਾਈ ਤੋਂ ਵੱਡੀਆਂ ਉਮੀਦਾਂ ਜਾਗੀਆਂ ਹਨ।

# ਪੰਜ ਕਿਸਾਨ ਜਥੇਬੰਦੀਆਂ ਵੱਲੋਂ ਸੰਸਦ ਵੱਲ ਮਾਰਚ

**ਨਵੀਂ ਦਿੱਲੀ:** ਪੰਜ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਆਲ ਇੰਡੀਆ ਕਿਸਾਨ ਫੈਡਰੇਸ਼ਨ, ਕਿਸਾਨ ਸੰਘਰਸ਼ ਕਮੇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ (ਮਾਨਸਾ) ਅਤੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਸੱਦੇ 'ਤੇ ਕਿਸਾਨਾਂ ਵੱਲੋਂ ਸੰਸਦ ਵੱਲ ਮਾਰਚ ਕੀਤਾ ਗਿਆ ਅਤੇ ਬਾਅਦ ਵਿਚ ਜੰਤਰ-ਮੰਤਰ ਵਿਚ ਰੋਸ ਰੈਲੀ ਕੀਤੀ ਗਈ। ਇਸ ਤੋਂ ਪਹਿਲਾਂ ਕਿਸਾਨਾਂ ਨੇ ਹੱਥਾਂ ਵਿਚ ਝੰਡੇ ਅਤੇ ਮਾਟੋ ਲੈ ਕੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਤੋਂ ਮਾਰਚ ਕੱਢਿਆ। ਉਹ ਕੇਂਦਰ ਸਰਕਾਰ ਵਿਰੁੱਧ ਆਪਣੀ ਨਾਰਾਜ਼ਗੀ ਜ਼ਾਹਰ ਕਰਨ ਲਈ ਦਿੱਲੀ ਪੁੱਜੇ।

ਆਗੂਆਂ ਨੇ ਕਿਹਾ ਕਿ ਕਿਸਾਨਾਂ ਅਤੇ ਪਾਣੀਆਂ ਦੇ ਮੁੱਦੇ ਬਾਰੇ ਗਲਤ ਫੈਸਲੇ ਲੈ ਕੇ ਕੇਂਦਰ ਸਰਕਾਰ ਨੇ ਬੇਇਨਸਾਫੀ ਕੀਤੀ ਹੈ। ਆਗੂਆਂ ਕਿਹਾ ਕਿ ਰਾਜਸਥਾਨ ਤੇ ਦਿੱਲੀ ਵਰਗੇ ਗੈਰ-ਰਿਪੇਰੀਅਨ ਰਾਜਾਂ ਨੂੰ ਬਹੁਤ ਸਾਰਾ ਪਾਣੀ ਦਿੱਤਾ ਗਿਆ ਸੀ, ਜਿਸ ਕਰਕੇ ਸੂਬੇ ਦੀ 73 ਫੀਸਦੀ ਖੇਤੀ ਵਾਲੀ ਜ਼ਮੀਨ ਸਿੰਜਾਈ ਰਹਿਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪਾਣੀ ਦੇ ਗੰਭੀਰ ਸੰਕਟ ਨਾਲ ਜੂਝ ਰਿਹਾ ਹੈ ਕਿਉਂਕਿ ਧਰਤੀ ਹੇਠਲਾ ਪਾਣੀ ਦਿਨੋਂ-ਦਿਨ ਘਟਦਾ ਜਾ ਰਿਹਾ ਹੈ। ਪਾਣੀ, ਸਿੰਜਾਈ ਤੇ ਨਹਿਰਾਂ ਆਦਿ ਰਾਜ ਸੂਚੀ ਦੇ ਲੜੀ ਨੰਬਰ 17 'ਤੇ ਰਾਜਾਂ ਦਾ ਵਿਸ਼ਾ ਹੈ, ਇਸ ਲਈ ਕੇਂਦਰ ਨੂੰ ਪਾਣੀ ਦੇ ਮੁੱਦੇ 'ਤੇ ਕਾਨੂੰਨ ਬਣਾਉਣ ਜਾਂ ਕੋਈ ਕਾਰਜਕਾਰੀ ਆਦੇਸ਼ ਪਾਸ ਕਰਨ ਦਾ ਕੋਈ ਅਧਿਕਾਰ ਨਹੀਂ ਹੈ।

# ਆਸਕਰ 'ਚ ਭਾਰਤ ਨੇ ਇਤਿਹਾਸ ਰਚਿਆ, 2 ਐਵਾਰਡ ਜਿੱਤੇ


**ਲਾਸ ਏਂਜਲਸ:** ਆਸਕਰ 'ਚ ਭਾਰਤ ਨੇ ਪਹਿਲੀ ਵਾਰ ਦੋ ਪੁਰਸਕਾਰ ਹਾਸਲ ਕਰਕੇ ਇਤਿਹਾਸ ਰਚਿਆ ਹੈ। 95ਵੇਂ ਆਸਕਰ ਸਮਾਰੋਹ ਦੌਰਾਨ ਫਿਲਮ 'ਆਰ.ਆਰ.ਆਰ.' ਦੇ ਗੀਤ 'ਨਾਟੂ-ਨਾਟੂ' ਨੂੰ ਬਿਹਤਰੀਨ ਗੀਤ ਜਦਕਿ 'ਦਾ ਐਲੀਫੈਂਟ ਵਿਸਪਰਰਸ' ਨੂੰ ਬਿਹਤਰੀਨ ਦਸਤਾਵੇਜ਼ੀ ਲਘੂ ਫਿਲਮ ਵਜੋਂ ਆਸਕਰ ਪੁਰਸਕਾਰ ਮਿਲਿਆ ਹੈ। 'ਨਾਟੂ-ਨਾਟੂ' ਨੂੰ ਇਸ ਤੋਂ ਪਹਿਲਾਂ ਗੋਲਡਨ ਗਲੋਬ ਐਵਾਰਡ 'ਚ ਬਿਹਤਰੀਨ ਗੀਤ ਦਾ ਪੁਰਸਕਾਰ ਮਿਲ ਚੁੱਕਾ ਹੈ। ਆਸਕਰ ਸਮਾਰੋਹ ਦੌਰਾਨ 'ਨਾਟੂ-ਨਾਟੂ' ਗੀਤ ਲਿਖਣ ਵਾਲੇ ਚੰਦਰਬੋਸ ਤੇ ਕੰਪੋਜ਼ਰ ਐਮ.ਐਮ. ਕਿਰਵਾਨੀ ਨੇ ਟਰਾਫੀ ਹਾਸਲ ਕੀਤੀ। ਇਸ ਦੌਰਾਨ ਫਿਲਮ ਦੇ ਨਿਰਦੇਸ਼ਕ ਐਸ.ਐਸ. ਰਾਜਾਮੌਲੀ ਵੀ ਹਾਜ਼ਰ ਸਨ। ਬਿਹਤਰੀਨ ਸ਼ਾਰਟ ਦਸਤਾਵੇਜ਼ੀ ਫਿਲਮ ਚੁਣੀ ਗਈ 'ਦਾ ਐਲੀਫੈਂਟ ਵਿਸਪਰਰਸ' ਦੀ ਨਿਰਦੇਸ਼ਕ ਕਾਰਤਿਕੀ ਗੋਂਸਾਲਵੇਸ ਤੇ ਨਿਰਮਾਤਾ ਗੁਨੀਤ ਮੋਂਗਾ ਨੇ ਪੁਰਸਕਾਰ ਪ੍ਰਾਪਤ ਕੀਤਾ। ਇਸ ਦੌਰਾਨ ਉਥੇ ਪੇਸ਼ਕਰਤਾ ਵਜੋਂ ਮੌਜੂਦ ਬਾਲੀਵੁੱਡ ਅਦਾਕਾਰਾ ਦੀਪਿਕਾ ਪਾਦੂਕੋਨ ਭਾਵੁਕ ਹੋ ਗਈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਆਸਟਰੇਲੀਆ 'ਚ ਖਾਲਿਸਤਾਨ ਪੱਖੀ ਸਰਗਰਮੀਆਂ ਵਧਣ 'ਤੇ ਫਿਕਰ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਆਸਟਰੇਲਿਆਈ ਹਮਰੁਤਬਾ ਐਂਥਨੀ ਅਲਬਨੀਜ ਨਾਲ ਮੁਲਾਕਾਤ ਦੌਰਾਨ ਉਥੋਂ ਦੇ ਮੰਦਰਾਂ 'ਤੇ ਹਮਲਿਆਂ ਅਤੇ ਖਾਲਿਸਤਾਨ ਪੱਖੀ ਸਰਗਰਮੀਆਂ ਵਧਣ 'ਤੇ ਚਿੰਤਾ ਜਤਾਈ। ਅਲਬਨੀਜ ਨੇ ਭਰੋਸਾ ਦਿੱਤਾ ਹੈ ਕਿ ਉਹ ਇਨ੍ਹਾਂ ਚੁਣੌਤੀਆਂ ਦੇ ਟਾਕਰੇ ਲਈ ਢੁਕਵੇਂ ਕਦਮ ਉਠਾਉਣਗੇ। ਉਂਜ ਦੋਵੇਂ ਆਗੂਆਂ ਨੇ ਰੱਖਿਆ ਸਬੰਧ ਮਜ਼ਬੂਤ ਕਰਨ ਸਮੇਤ ਵਿਆਪਕ ਆਰਥਿਕ ਸਹਿਯੋਗ ਸਮਝੌਤੇ (ਸੀ.ਈ.ਸੀ.ਏ.) ਦੇ ਨਿਬੇੜੇ ਦਾ ਅਹਿਦ ਲਿਆ। ਪਲੇਠੀ ਭਾਰਤ-ਆਸਟਰੇਲੀਆ ਸਿਖਰ ਵਾਰਤਾ ਮਗਰੋਂ ਅਲਬਨੀਜ ਨੇ ਕਿਹਾ ਕਿ ਦੋਵੇਂ ਮੁਲਕ ਸੀ.ਈ.ਸੀ.ਏ. 'ਤੇ ਛੇਤੀ ਦਸਤਖ਼ਤ ਕਰਨਗੇ ਜਿਸ ਦਾ ਵਿਦਿਆਰਥੀਆਂ ਅਤੇ ਮਾਹਿਰਾਂ ਨੂੰ ਲਾਭ ਹੋਵੇਗਾ। ਦੋਵੇਂ ਮੁਲਕਾਂ ਨੇ ਚਾਰ ਸਮਝੌਤਿਆਂ 'ਤੇ ਦਸਤਖ਼ਤ ਕਰਦਿਆਂ ਖੇਡਾਂ, ਕਾਢਾਂ, ਆਡੀਓ-ਵਿਜੁਅਲ ਪ੍ਰੋਡਕਸ਼ਨ ਅਤੇ ਸੋਲਰ ਪਾਵਰ ਦੇ ਖੇਤਰਾਂ 'ਚ ਸਹਿਯੋਗ ਵਧਾਉਣ 'ਤੇ ਸਹਿਮਤੀ ਜਤਾਈ। ਸ੍ਰੀ ਮੋਦੀ ਨੇ ਆਪਣੇ ਬਿਆਨ 'ਚ ਭਾਰਤੀ



ਭਾਈਚਾਰੇ ਵੱਲੋਂ ਆਸਟਰੇਲੀਆ 'ਚ ਦਿੱਤੇ ਜਾ ਰਹੇ ਯੋਗਦਾਨ ਦਾ ਹਵਾਲਾ ਦਿੱਤਾ ਅਤੇ ਪਿਛਲੇ ਕੁਝ ਹਫਤਿਆਂ ਤੋਂ ਆਸਟਰੇਲੀਆ ਦੇ ਮੰਦਰਾਂ 'ਤੇ ਹਮਲਿਆਂ ਦੀਆਂ ਰਿਪੋਰਟਾਂ 'ਤੇ ਅਫਸੋਸ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਅਜਿਹੀਆਂ ਖ਼ਬਰਾਂ ਨਾਲ ਭਾਰਤ 'ਚ ਹਰ ਕਿਸੇ ਦਾ ਫਿਕਰਮੰਦ ਹੋਣਾ ਕੁਦਰਤੀ ਗੱਲ ਹੈ। 'ਅਲਬਨੀਜ ਨੇ ਮੈਨੂੰ ਭਰੋਸਾ ਦਿੱਤਾ ਹੈ ਕਿ ਭਾਰਤੀਆਂ ਦੀ ਸੁਰੱਖਿਆ ਯਕੀਨੀ ਬਣਾਉਣਾ ਉਨ੍ਹਾਂ ਦੀ ਵਿਸ਼ੇਸ਼ ਤਰਜੀਹ ਹੈ। ਸਾਡੀਆਂ ਟੀਮਾਂ ਇਸ ਮਾਮਲੇ ਬਾਰੇ ਨਿਯਮਤ ਤੌਰ 'ਤੇ ਇਕ-ਦੂਜੇ ਦੇ ਸੰਪਰਕ 'ਚ ਰਹਿਣਗੀਆਂ ਅਤੇ ਜਿਥੋਂ ਤੱਕ ਸੰਭਵ ਹੋਵੇਗਾ, ਉਹ ਸਹਿਯੋਗ ਕਰਨਗੀਆਂ।' ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਭਰੋਸਾ ਜ਼ਾਹਿਰ ਕੀਤਾ ਕਿ ਆਸਟਰੇਲੀਅਨ ਸਰਕਾਰ ਉਥੇ ਵਸਦੇ ਭਾਰਤੀ ਭਾਈਚਾਰੇ ਨੂੰ ਸੁਰੱਖਿਅਤ ਅਤੇ ਸੁਖਾਵਾਂ ਮਾਹੌਲ ਪ੍ਰਦਾਨ ਕਰਨ ਲਈ ਕਦਮ ਉਠਾਏਗੀ।

## ਕੇਂਦਰ ਵੱਲੋਂ ਖਾਲਿਸਤਾਨ ਪੱਖੀ ਛੇ ਯੂਟਿਊਬ ਚੈਨਲਾਂ 'ਤੇ ਰੋਕ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਖਾਲਿਸਤਾਨ ਨੂੰ ਉਤਸ਼ਾਹਿਤ ਕਰਨ ਵਾਲੇ ਛੇ ਯੂਟਿਊਬ ਚੈਨਲਾਂ 'ਤੇ ਰੋਕ ਲਗਾ ਦਿੱਤੀ ਹੈ। ਇਸ ਸਬੰਧੀ ਸੂਚਨਾ ਤੇ ਪ੍ਰਸਾਰਨ ਸਕੱਤਰ ਅਪੂਰਵਾ ਚੰਦਰਾ ਨੇ ਕਿਹਾ ਕਿ ਵਿਦੇਸ਼ੀ ਮੁਲਕਾਂ ਵੱਲੋਂ ਚਲਾਏ ਜਾ ਰਹੇ ਛੇ ਚੈਨਲਾਂ 'ਤੇ ਰੋਕ ਲਗਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਚੈਨਲਾਂ ਰਾਹੀਂ ਸਰਹੱਦੀ ਸੂਬੇ ਵਿਚ ਗੜਬੜ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਜ਼ਿਕਰਯੋਗ ਹੈ ਕਿ ਸਰਕਾਰ ਨੇ ਇਹ ਕਾਰਵਾਈ ਕੱਟੜ ਪ੍ਰਚਾਰਕ ਤੇ ਖਾਲਿਸਤਾਨੀ ਪੱਖੀ ਅੰਮ੍ਰਿਤਪਾਲ ਸਿੰਘ ਵੱਲੋਂ ਆਪਣੇ ਸਾਥੀਆਂ ਸਣੇ ਅਜਨਾਲਾ ਪੁਲਿਸ ਸਟੇਸ਼ਨ 'ਤੇ ਹਥਿਆਰਾਂ ਸਣੇ ਹੱਲਾ ਬੋਲ ਕੇ ਆਪਣੇ ਸਾਥੀ ਦੀ ਰਿਹਾਈ ਕਰਵਾ ਲੈਣ ਦੇ ਮੱਦੇਨਜ਼ਰ ਕੀਤੀ ਗਈ ਹੈ।

## ਅਤਿਵਾਦੀ ਗਤੀਵਿਧੀਆਂ ਬਰਦਾਸ਼ਤ ਨਹੀਂ ਕਰਾਂਗੇ: ਸ਼ਾਹ

**ਹੈਦਰਾਬਾਦ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਆਖਿਆ ਹੈ ਕਿ ਅਤਿਵਾਦ ਨੂੰ ਬਿਲਕੁਲ ਬਰਦਾਸ਼ਤ ਨਾ ਕਰਨ ਦੀ ਮੋਦੀ ਸਰਕਾਰ ਦੀ ਨੀਤੀ ਭਵਿੱਖ ਵਿਚ ਵੀ ਜਾਰੀ ਰਹੇਗੀ। ਉਨ੍ਹਾਂ ਇਥੇ ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀ.ਆਈ.ਐਸ.ਐਫ.) ਦੀ 54ਵੀਂ ਸਥਾਪਨਾ ਦਿਵਸ ਪਰੇਡ ਵਿਚ ਕਿਹਾ ਕਿ ਦੇਸ਼ ਦੇ ਕਿਸੇ ਵੀ ਹਿੱਸੇ ਵਿਚ ਵੱਖਵਾਦ, ਅਤਿਵਾਦ ਅਤੇ ਦੇਸ਼ ਵਿਰੋਧੀ ਗਤੀਵਿਧੀਆਂ ਨਾਲ ਸਖਤੀ ਨਾਲ ਨਜਿੱਠਿਆ ਜਾਵੇਗਾ।

## ਜੀ-20 ਸੰਮੇਲਨ ਖਿਲਾਫ ਰੋਸ ਪ੍ਰਦਰਸ਼ਨ ਦਾ ਐਲਾਨ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਨੇ ਅੰਮ੍ਰਿਤਸਰ 'ਚ ਹੋਣ ਵਾਲੇ ਜੀ-20 ਸੰਮੇਲਨ ਖਿਲਾਫ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਕਿਸਾਨ ਜਥੇਬੰਦੀ ਨੇ ਮੰਗ ਕੀਤੀ ਕਿ ਦੇਸ਼ ਤੇ ਪੰਜਾਬ ਦੀ ਖੇਤੀ ਤੇ ਸਨਅਤ ਨੂੰ ਸਾਮਰਾਜੀ ਲੁਟੇਰਿਆਂ ਦੇ ਪਰਛਾਵੇਂ ਤੋਂ ਦੂਰ ਰੱਖਿਆ ਜਾਵੇ ਤੇ ਸੰਸਾਰ ਵਪਾਰ ਸੰਸਥਾ ਵਰਗੇ ਸਾਮਰਾਜੀ ਅਦਾਰਿਆਂ ਨਾਲ ਕੀਤੇ ਲੋਕ ਵਿਰੋਧੀ ਸਮਝੌਤੇ ਰੱਦ ਕੀਤੇ ਜਾਣ। ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਸਾਨ ਜਥੇਬੰਦੀ ਨੇ ਸਾਮਰਾਜੀ ਜਮਹੂਰੀ ਤਾਕਤਾਂ ਨੂੰ ਸੱਦਾ ਦਿੱਤਾ ਕਿ ਉਹ ਜਥੇਬੰਦੀ ਵੱਲੋਂ ਕੀਤੇ ਜਾ ਰਹੇ ਇਸ ਪ੍ਰਦਰਸ਼ਨ ਦੀ ਹਮਾਇਤ ਕਰਨ ਤੇ ਸਾਮਰਾਜੀ ਲੁਟੇਰੇ ਹਿੱਤਾਂ ਲਈ ਕਰਵਾਏ ਜਾ ਰਹੇ ਇਸ ਸੰਮੇਲਨ ਦਾ ਵਿਰੋਧ ਕਰਨ ਲਈ ਆਵਾਜ਼ ਬੁਲੰਦ ਕਰਨ।

# ਮੋਦੀ ਦੀ ਸੁਰੱਖਿਆ 'ਚ ਕੁਤਾਹੀ ਮਾਮਲੇ 'ਚ ਪੰਜਾਬ ਸਰਕਾਰ ਤੋਂ ਰਿਪੋਰਟ ਮੰਗੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 5 ਜਨਵਰੀ 2022 ਦੇ ਪੰਜਾਬ ਦੇ ਦੌਰੇ ਦੌਰਾਨ ਹੋਈ ਸੁਰੱਖਿਆ ਕੁਤਾਹੀ ਦੇ ਮਾਮਲੇ ਵਿਚ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਤੋਂ ਕਾਰਵਾਈ ਦੀ ਰਿਪੋਰਟ ਮੰਗੀ ਹੈ। ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿਚ ਹੋਈ ਕੁਤਾਹੀ ਲਈ ਜ਼ਿੰਮੇਵਾਰ ਅਧਿਕਾਰੀਆਂ ਦੇ ਖ਼ਿਲਾਫ਼ ਕਾਰਵਾਈ ਵਿਚ ਹੋ ਰਹੀ ਦੇਰੀ ਤੋਂ ਨਾਰਾਜ਼ ਕੇਂਦਰ ਨੇ ਰਾਜ ਸਰਕਾਰ ਤੋਂ ਕਾਰਵਾਈ ਦੀ ਰਿਪੋਰਟ ਮੰਗੀ ਹੈ। ਕੇਂਦਰੀ ਗ੍ਰਹਿ ਸਕੱਤਰ ਅਜੈ ਕੁਮਾਰ ਭੱਲਾ ਨੇ ਇਸ ਮਾਮਲੇ ਵਿਚ ਪੰਜਾਬ ਦੇ ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਨਾਲ ਗੱਲਬਾਤ ਕੀਤੀ। ਹਲਕਿਆਂ ਮੁਤਾਬਕ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਇਸ ਮਹੀਨੇ ਚਾਰਜਸ਼ੀਟ ਹੋ ਸਕਦੀ ਹੈ। ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿਚ ਹੋਈ ਕੁਤਾਹੀ ਦੀ ਜਾਂਚ ਲਈ ਸੁਪਰੀਮ ਕੋਰਟ ਵੱਲੋਂ 5 ਮੈਂਬਰੀ ਕਮੇਟੀ ਦਾ



ਗਠਨ ਕੀਤਾ ਗਿਆ ਸੀ, ਜਿਸ ਦੀ ਅਗਵਾਈ ਸੇਵਾਮੁਕਤ ਜਸਟਿਸ ਇੰਦੂ ਮਲਹੋਤਰਾ ਨੇ ਕੀਤੀ ਸੀ। ਪੜਤਾਲੀਆ ਕਮੇਟੀ ਵੱਲੋਂ 6 ਮਹੀਨੇ ਪਹਿਲਾਂ ਪੇਸ਼ ਕੀਤੀ ਰਿਪੋਰਟ ਵਿਚ ਰਾਜ ਦੇ ਉਸ ਵੇਲੇ ਦੇ ਮੁੱਖ ਸਕੱਤਰ ਅਨਿਰੁੱਧ ਤਿਵਾੜੀ, ਪੁਲਿਸ ਮੁਖੀ ਐਸ. ਚਟੋਪਾਧਿਆਏ ਅਤੇ ਫਿਰੋਜ਼ਪੁਰ ਦੇ ਐਸ.ਐਸ.ਪੀ. ਅਤੇ ਹੋਰ ਅਧਿਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਰਿਪੋਰਟ ਵਿਚ ਪੰਜਾਬ ਪੁਲਿਸ ਦੇ ਅਧਿਕਾਰੀਆਂ ਦੇ ਲਾਪਰਵਾਹ ਰਵੱਈਏ ਅਤੇ ਯੋਜਨਾ ਅਤੇ ਤਾਲਮੇਲ ਵਿਚ ਭਾਰੀ ਕਮੀ ਦਾ ਵੀ ਜ਼ਿਕਰ ਕੀਤਾ ਗਿਆ ਸੀ। ਇਹ ਘਟਨਾ ਜਿਸ ਵੇਲੇ ਹੋਈ ਸੀ, ਉਸ ਵੇਲੇ ਪੰਜਾਬ ਵਿਚ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਕਾਂਗਰਸ ਦੀ ਸਰਕਾਰ ਸੀ। ਇਸ ਹਫਤੇ ਦੀ ਸ਼ੁਰੂਆਤ ਵਿਚ ਭੱਲਾ ਨੇ ਜੰਜੂਆ ਤੋਂ ਕਾਰਵਾਈ ਦੀ ਰਿਪੋਰਟ ਤਲਬ ਕੀਤੀ ਸੀ। ਕੇਂਦਰੀ ਗ੍ਰਹਿ ਸਕੱਤਰ ਨੇ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਵਿਚ ਦੇਰੀ ਦਾ ਵੀ ਜ਼ਿਕਰ ਕੀਤਾ ਸੀ। ਜ਼ਿਕਰਯੋਗ ਹੈ 5 ਜਨਵਰੀ 2022 ਨੂੰ ਪ੍ਰਧਾਨ ਮੰਤਰੀ ਪੰਜਾਬ ਦੌਰੇ ਉਤੇ ਗਏ ਸਨ। ਉਸ ਵੇਲੇ ਬਠਿੰਡਾ ਹਵਾਈ ਅੱਡੇ ਤੋਂ ਹੁਸੈਨੀਵਾਲਾ ਜਾਣ ਲਈ ਸੜਕੀ ਰਸਤੇ ਰਾਹੀਂ ਸਫਰ ਕਰ ਰਹੇ ਸਨ ਜਦੋਂ ਉਨ੍ਹਾਂ ਦਾ ਕਾਫਲਾ ਇਕ ਫਲਾਈਓਵਰ ਉਤੇ ਅੱਧੇ ਘੰਟੇ ਤੱਕ ਫਸਿਆ ਰਿਹਾ।

## ਖਾਲਿਸਤਾਨ ਪੱਖੀ ਸੁਨੇਹੇ ਭੇਜਣ ਦੇ ਦੋਸ਼ ਹੇਠ ਦੋ ਗ੍ਰਿਫਤਾਰ

**ਅਹਿਮਦਾਬਾਦ:** ਗੁਜਰਾਤ ਪੁਲਿਸ ਨੇ ਭਾਰਤ ਤੇ ਆਸਟਰੇਲੀਆ ਵਿਚਾਲੇ ਕ੍ਰਿਕਟ ਟੈਸਟ ਮੈਚ ਤੋਂ ਪਹਿਲਾਂ ਨਰਿੰਦਰ ਮੋਦੀ ਸਟੇਡੀਅਮ ਵਿਚ ਦਾਖਲ ਹੋਣ ਦੀ ਧਮਕੀ ਦੇਣ ਵਾਲੇ ਖਾਲਿਸਤਾਨ ਪੱਖੀ ਸਮੂਹ ਵੱਲੋਂ ਜਾਰੀ ਵੀਡੀਓ ਤੇ ਆਵਾਜ਼ ਸੁਨੇਹੇ ਦੇ ਮਾਮਲੇ ਵਿਚ ਮੱਧ ਪ੍ਰਦੇਸ਼ ਦੇ ਰੀਵਾ ਜ਼ਿਲ੍ਹੇ ਤੋਂ ਦੋ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਯਾਦ ਰਹੇ ਕਿ ਭਾਰਤ ਤੇ ਆਸਟਰੇਲੀਆ ਵਿਚਾਲੇ ਚੌਥਾ ਤੇ ਆਖਰੀ ਟੈਸਟ ਮੈਚ 9 ਮਾਰਚ ਤੋਂ ਅਹਿਮਦਾਬਾਦ ਵਿਚ ਸ਼ੁਰੂ ਹੋਇਆ ਸੀ। ਅਧਿਕਾਰੀ ਨੇ ਕਿਹਾ ਕਿ ਅਹਿਮਦਾਬਾਦ ਪੁਲਿਸ ਦੀ ਸਾਈਬਰ ਅਪਰਾਧ ਸ਼ਾਖਾ ਨੇ ਗੁਆਂਢੀ ਸੂਬੇ ਮੱਧ ਪ੍ਰਦੇਸ਼ ਦੇ ਰੀਵਾ ਜ਼ਿਲ੍ਹੇ ਵਿਚੋਂ ਸੁਨੇਹਾ ਭੇਜੇ ਜਾਣ ਦਾ ਪਤਾ ਲਗਾਇਆ ਅਤੇ ਉਥੋਂ ਦੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ। ਵੱਡੀ ਗਿਣਤੀ ਵਿਚ ਭੇਜੇ ਗਏ ਸੁਨੇਹਿਆਂ ਵਿਚ ਲੋਕਾਂ ਨੂੰ ਘਰਾਂ ਵਿਚ ਸੁਰੱਖਿਅਤ ਰਹਿਣ ਦੀ ਅਪੀਲ ਕੀਤੀ ਗਈ ਸੀ ਕਿਉਂਕਿ ਖਾਲਿਸਤਾਨ ਸਮਰਥਕ ਸਮੂਹ ਨੇ ਕ੍ਰਿਕਟ ਸਟੇਡੀਅਮ ਵਿਚ ਦਾਖਲ ਹੋਣ ਅਤੇ ਆਪਣਾ ਝੰਡਾ ਲਗਾਉਣ ਦੀ ਯੋਜਨਾ ਬਣਾਈ ਸੀ। ਇਹ ਸੁਨੇਹਾ ਭਾਰਤ-ਆਸਟਰੇਲੀਆ ਕ੍ਰਿਕਟ ਟੈਸਟ ਮੈਚ ਤੋਂ ਪਹਿਲਾਂ ਜਾਰੀ ਕੀਤਾ ਗਿਆ ਸੀ ਜਿਸ ਨੂੰ ਦੇਖਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੇ ਆਸਟਰੇਲਿਆਈ ਹਮਰੁਤਬਾ ਐਂਥਨੀ ਅਲਬਨੀਜ ਵੀ ਸਟੇਡੀਅਮ ਪਹੁੰਚੇ ਸਨ।

## ਭਾਰਤ ਤੇ ਰੂਸ ਹੋਰ ਹਵਾਈ ਉਡਾਣਾਂ ਸ਼ੁਰੂ ਕਰਨ ਲਈ ਸਹਿਮਤ

**ਨਵੀਂ ਦਿੱਲੀ:** ਭਾਰਤ ਅਤੇ ਰੂਸ ਨੇ 'ਸਿਧਾਂਤਕ ਤੌਰ ਉਤੇ' ਦੁਵੱਲਾ ਹਵਾਈ ਸੇਵਾ ਸਮਝੌਤਾ ਸੋਧਣ ਲਈ ਸਹਿਮਤੀ ਜਤਾਈ ਹੈ ਜਿਸ ਤਹਿਤ ਵੱਖ-ਵੱਖ ਭਾਰਤੀ ਸ਼ਹਿਰਾਂ ਲਈ ਹਫਤਾਵਾਰੀ 64 ਰੂਸੀ ਉਡਾਣਾਂ ਦੀ ਇਜਾਜ਼ਤ ਦਿੱਤੀ ਜਾਵੇਗੀ। ਮੌਜੂਦਾ ਸਮਝੌਤੇ ਤਹਿਤ ਰੂਸ ਭਾਰਤ ਵੱਲ ਹਫਤਾਵਾਰੀ 52 ਨਾਗਰਿਕ ਉਡਾਣਾਂ ਚਲਾ ਸਕਦਾ ਹੈ।

ਮੌਜੂਦਾ ਸਮੇਂ ਦੌਰਾਨ ਐਰੋਫਲੋਟ ਭਾਰਤ ਲਈ ਸੱਤ ਹਫਤਾਵਾਰੀ ਹਵਾਈ ਉਡਾਣਾਂ ਚਲਾ ਰਹੀ ਹੈ ਜਦ ਕਿ ਕੋਈ ਵੀ ਭਾਰਤੀ ਏਅਰਲਾਈਨ ਰੂਸ ਲਈ ਉਡਾਣ ਨਹੀਂ ਭਰ ਰਹੀ ਹੈ। ਏਅਰ ਇੰਡੀਆ ਮਾਸਕੋ ਲਈ ਹਵਾਈ ਉਡਾਣਾਂ ਚਲਾਉਂਦੀ ਸੀ। ਰੂਸੀ ਕੰਪਨੀ ਨੂੰ ਭਾਰਤ ਲਈ ਹਫਤਾਵਰੀ ਉਡਾਣਾਂ ਕੁੱਲ ਸੰਖਿਆ ਦੇ ਕੋਟੇ ਦੀ ਪੂਰੀ ਤਰ੍ਹਾਂ ਵਰਤੋਂ ਕਰਨ ਵਿਚ ਕੁਝ ਸਮਾਂ ਲੱਗੇਗਾ। ਪਿਛਲੇ ਮਹੀਨੇ ਸ਼ਹਿਰੀ ਹਵਾਬਾਜ਼ੀ ਸਕੱਤਰ ਰਾਜੀਵ ਬਾਂਸਲ ਦੀ ਅਗਵਾਈ ਹੇਠ ਭਾਰਤੀ ਵਫ਼ਦ ਨੇ ਸ਼ਹਿਰੀ ਹਵਾਬਾਜ਼ੀ 'ਚ ਦੁਵੱਲੇ ਸਹਿਯੋਗ ਨਾਲ ਸਬੰਧਤ ਮੀਟਿੰਗ ਲਈ ਮਾਸਕੋ ਦਾ ਦੌਰਾ ਕੀਤਾ ਸੀ।

## ਭਾਰਤ ਅਤੇ ਫਰਾਂਸ ਨੇ ਅਰਬ ਸਾਗਰ ਵਿਚ ਸਾਂਝੀਆਂ ਮਸ਼ਕਾਂ ਕੀਤੀਆਂ

**ਨਵੀਂ ਦਿੱਲੀ:** ਭਾਰਤੀ ਜਲ ਸੈਨਾ ਦੇ ਦੇਸ਼ ਵਿਚ ਬਣੇ ਮਿਜ਼ਾਈਲ ਫੁੰਡਣ ਵਾਲੇ ਜੰਗੀ ਬੇੜੇ ਆਈ.ਐਨ.ਐਸ. ਸਹਿਯਾਦਰੀ ਨੇ ਅਰਬ ਸਾਗਰ ਵਿਚ ਫਰਾਂਸੀਸੀ ਜਲ ਸੈਨਾ ਦੇ ਦੋ ਮੁੱਖ ਜੰਗੀ ਬੇੜਿਆਂ ਨਾਲ ਸਾਂਝੀ ਸਮੁੰਦਰੀ ਮਸ਼ਕ ਵਿਚ ਹਿੱਸਾ ਲਿਆ। 11 ਅਤੇ 12 ਮਾਰਚ ਨੂੰ ਹੋਈ ਮਸ਼ਕ ਦੌਰਾਨ ਦੋਵਾਂ ਦੇਸ਼ਾਂ ਦੀਆਂ ਜਲ ਸੈਨਾਵਾਂ ਅਤੇ ਫੌਜੀ ਸਾਜ਼ੋ-ਸਾਮਾਨ ਨੂੰ ਸਾਂਝਾ ਕੀਤਾ ਗਿਆ ਅਤੇ ਜੰਗੀ ਬੇੜਿਆਂ ਦੀ ਸਮਰੱਥਾ ਪਰਖੀ ਗਈ।

ਫਰਾਂਸ ਦੀ ਜਲ ਸੈਨਾ ਵੱਲੋਂ ਇਸ ਮੌਕੇ ਜੰਗੀ ਬੇੜੇ ਐੱਫ.ਐੱਸ ਡਿਕਸਮਿਊਡ ਅਤੇ ਐੱਫ.ਐੱਸ ਲਾ ਫੇਯੇਟ ਨੂੰ ਤਾਇਨਾਤ ਕੀਤਾ ਗਿਆ ਸੀ। ਇਸ ਅਭਿਆਸ ਤੋਂ ਦੋਵਾਂ ਸਮੁੰਦਰੀ ਫੌਜਾਂ ਦਰਮਿਆਨ ਆਪਸੀ ਸਹਿਯੋਗ ਦੀ ਪੁਸ਼ਟੀ ਹੁੰਦੀ ਹੈ। ਯਾਦ ਰਹੇ ਕਿ ਭਾਰਤ 'ਚ ਬਣਿਆ ਮਿਜ਼ਾਈਲ ਫੁੰਡਣ ਵਾਲਾ ਭਾਰਤੀ ਜੰਗੀ ਬੇੜਾ ਸਹਿਯਾਦਰੀ ਅਤਿਆਧੁਨਿਕ ਹਥਿਆਰਾਂ ਅਤੇ ਸੈਂਸਰ ਨਾਲ ਲੈਸ ਹੈ, ਜੋ ਉਸ ਨੂੰ ਹਵਾ ਤੇ ਸਤਾ ਅਤੇ ਸਤਾ ਤੋਂ ਹੇਠਲੇ ਖਤਰਿਆਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਬੇਅਸਰ ਕਰਨ ਦੇ ਸਮਰੱਥ ਬਣਾਉਂਦਾ ਹੈ।

# ਅਜਨਾਲਾ ਘਟਨਾ: ਕਮੇਟੀ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਰਿਪੋਰਟ ਸੌਂਪੀ

**ਅੰਮ੍ਰਿਤਸਰ:** ਧਰਨਿਆਂ, ਰੋਸ ਪ੍ਰਦਰਸ਼ਨਾਂ ਅਤੇ ਝਗੜਿਆਂ ਵਾਲੀਆਂ ਥਾਵਾਂ ਉਤੇ ਗੁਰੂ ਗਰੰਥ ਸਾਹਿਬ ਜੀ ਦੇ ਪਾਵਨ ਸਰੂਪ ਲੈ ਕੇ ਜਾਣ ਦੇ ਮਾਮਲੇ ਸਬੰਧੀ ਸ੍ਰੀ ਅਕਾਲ ਤਖਤ ਵੱਲੋਂ ਕਾਇਮ 15 ਮੈਂਬਰੀ ਕਮੇਟੀ ਨੇ ਆਪਣੀ ਰਿਪੋਰਟ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸੌਂਪ ਦਿੱਤੀ ਹੈ।

ਰਿਪੋਰਟ ਬਾਰੇ ਅਗਲਾ ਫੈਸਲਾ ਹੁਣ ਪੰਜ ਸਿੰਘ ਸਾਹਿਬਾਨ ਵੱਲੋਂ ਕੀਤਾ ਜਾਵੇਗਾ। ਇਹ ਰਿਪੋਰਟ ਕਮੇਟੀ ਦੇ ਕੋਆਰਡੀਨੇਟਰ ਅਤੇ ਅਕਾਲੀ ਆਗੂ ਕਰਨੈਲ ਸਿੰਘ ਪੀਰ ਮੁਹੰਮਦ ਵੱਲੋਂ ਇਥੇ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਖੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸੌਂਪੀ ਗਈ। ਮਿਲੇ ਵੇਰਵਿਆਂ ਮੁਤਾਬਕ ਕਮੇਟੀ ਮੈਂਬਰਾਂ ਦੀ ਆਪਸ ਵਿਚ ਇਸ ਗੱਲ 'ਤੇ ਸਹਿਮਤੀ ਬਣੀ ਹੈ ਕਿ ਧਰਨਿਆਂ, ਰੋਸ ਪ੍ਰਦਰਸ਼ਨਾਂ ਅਤੇ ਝਗੜਿਆਂ ਵਾਲੀਆਂ ਥਾਵਾਂ 'ਤੇ ਪਾਵਨ ਸਰੂਪ ਲੈ ਕੇ ਨਹੀਂ



ਜਾਣਾ ਚਾਹੀਦਾ। ਪਾਵਨ ਸਰੂਪ ਦਾ ਅਦਬ-ਸਤਿਕਾਰ ਸਭ ਤੋਂ ਪਹਿਲਾਂ ਹੈ ਅਤੇ ਇਸ ਨੂੰ ਹਰ ਹਾਲ ਵਿਚ ਬਰਕਰਾਰ ਰੱਖਣਾ ਹਰ ਸਿੱਖ ਦਾ ਮੁਢਲਾ ਫ਼ਰਜ਼ ਹੈ।

ਇਸ ਰਿਪੋਰਟ ਵਿਚ ਵੱਖ-ਵੱਖ ਮੈਂਬਰਾਂ ਵੱਲੋਂ ਦਿੱਤੀ ਗਈ ਰਾਇ ਵੱਖਰੇ ਤੌਰ 'ਤੇ ਵੀ ਦਰਜ ਕੀਤੀ ਗਈ ਹੈ। ਜਦਕਿ ਸਮੂਹਿਕ ਰਾਇ ਨੂੰ ਇਸ ਰਿਪੋਰਟ ਵਿਚ ਦਰਜ ਕੀਤਾ ਗਿਆ ਹੈ। ਕਮੇਟੀ ਦੇ ਬਹੁਗਿਣਤੀ ਮੈਂਬਰਾਂ ਨੇ ਅਜਨਾਲਾ ਵਿਚ ਵਾਪਰੀ ਹਿੰਸਕ ਘਟਨਾ, ਜਿੱਥੇ ਪਾਵਨ ਸਰੂਪ ਦੀ ਕਥਿਤ ਬੇਅਦਬੀ ਹੋਈ ਹੈ, ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ ਅਤੇ ਇਸ 'ਤੇ ਇਤਰਾਜ਼ ਪ੍ਰਗਟ ਕੀਤਾ ਹੈ। ਕਮੇਟੀ ਦੇ ਬਹੁਤੇ ਮੈਂਬਰਾਂ ਨੇ ਸਿਧਾਂਤਕ ਤੌਰ 'ਤੇ ਇਸ ਨੂੰ ਗਲਤ ਕਰਾਰ ਦਿੱਤਾ ਹੈ।

ਦੱਸਣਯੋਗ ਹੈ ਕਿ 23 ਫਰਵਰੀ ਨੂੰ ਅਜਨਾਲਾ ਵਿਚ 'ਵਾਰਿਸ ਪੰਜਾਬ ਦੇ' ਜਥੇਬੰਦੀ ਵੱਲੋਂ ਆਪਣੇ ਇਕ ਗ੍ਰਿਫਤਾਰ ਸਾਥੀ ਨੂੰ ਰਿਹਾਅ ਕਰਵਾਉਣ ਅਤੇ ਦਰਜ ਕੇਸ ਨੂੰ ਰੱਦ ਕਰਵਾਉਣ ਦੇ ਮਾਮਲੇ ਨੂੰ ਲੈ ਕੇ ਪਾਵਨ ਸਰੂਪ ਦੀ ਅਗਵਾਈ ਹੇਠ ਥਾਣੇ ਦਾ ਘਿਰਾਓ ਕੀਤਾ ਗਿਆ ਸੀ, ਜਿਥੇ ਪੁਲਿਸ ਅਤੇ ਜਥੇਬੰਦੀ ਦੇ ਕਾਰਕੁਨਾਂ ਵਿਚਾਲੇ ਹਿੰਸਕ ਝੜਪ ਹੋਈ। ਇਸ ਦੌਰਾਨ ਪਾਵਨ ਸਰੂਪ ਵਾਲੀ ਬੱਸ ਦੇ ਸ਼ੀਸ਼ਿਆਂ ਨੂੰ ਨੁਕਸਾਨ ਪਹੁੰਚਿਆ ਸੀ। ਮਾਮਲੇ 'ਚ ਸਿੱਖ ਜਥੇਬੰਦੀ 'ਤੇ ਦੋਸ਼ ਲੱਗ ਰਿਹਾ ਹੈ ਕਿ ਉਸ ਨੇ ਪਾਵਨ ਸਰੂਪ ਨੂੰ ਆਪਣੇ ਮੰਤਵ ਵਾਸਤੇ ਢਾਲ ਬਣਾ ਕੇ ਵਰਤਿਆ ਹੈ ਅਤੇ ਨਿਰਾਦਰ ਹੋਇਆ ਹੈ।

ਇਸ ਘਟਨਾ 'ਤੇ ਹੁਣ ਤੱਕ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖਤ ਚੁੱਪ ਹਨ ਪਰ ਸ੍ਰੀ ਅਕਾਲ ਤਖਤ ਦੇ ਜਥੇਦਾਰ ਵੱਲੋਂ ਭਵਿੱਖ ਵਿਚ ਇਸ ਸਬੰਧੀ ਨੀਤੀ ਬਣਾਉਣ ਲਈ ਸਿੱਖ ਸੰਪਰਦਾਵਾਂ ਤੇ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ 15 ਮੈਂਬਰੀ ਕਮੇਟੀ ਬਣਾਈ ਗਈ ਸੀ ਅਤੇ ਕਮੇਟੀ ਨੂੰ ਇਸ ਮਾਮਲੇ ਵਿਚ ਆਪਣੀ ਰਾਇ ਦੇਣ ਲਈ ਆਖਿਆ ਗਿਆ ਸੀ। ਕਮੇਟੀ ਦੇ ਕੋ-ਆਰਡੀਨੇਟਰ ਕਰਨੈਲ ਸਿੰਘ ਪੀਰਮੁਹੰਮਦ ਨੇ ਦੱਸਿਆ ਕਿ ਸਬ-ਕਮੇਟੀ ਵੱਲੋਂ ਤਿਆਰ ਕੀਤੀ ਰਿਪੋਰਟ ਅੱਜ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਵਿਚ ਸੌਂਪ ਦਿੱਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਉਹ ਲੰਘੀ 6 ਮਾਰਚ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਈ ਮੀਟਿੰਗ ਦੌਰਾਨ ਸ਼ਾਮਲ ਹੋਏ ਸਨ ਅਤੇ ਸਬ ਕਮੇਟੀ ਵਿਚ ਸ਼ਾਮਲ ਵੱਖ-ਵੱਖ ਸੰਸਥਾਵਾਂ, ਜਥੇਬੰਦੀਆਂ ਤੇ ਨਿਹੰਗ ਸਿੰਘ ਸੰਪਰਦਾਵਾਂ ਦੇ ਮੁਖੀਆਂ ਨੇ ਸਰਬਸੰਮਤੀ ਨਾਲ ਰਿਪੋਰਟ ਤਿਆਰ ਕਰਕੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਸੌਂਪਣ ਲਈ ਉਨ੍ਹਾਂ ਦੀ ਜ਼ਿੰਮੇਵਾਰੀ ਲਾਈ ਸੀ।

# ਪੰਜਾਬੀ ਯੂਨੀਵਰਸਿਟੀ ਦੇ ਬਜਟ ਵਿਚ ਕੱਟ ਪਿੱਛੋਂ ਗੰਭੀਰ ਵਿੱਤੀ ਸੰਕਟ ਦਾ ਖਦਸ਼ਾ




**ਪਟਿਆਲਾ:** ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੇ ਗਏ ਸਾਲਾਨਾ ਬਜਟ ਵਿਚ ਪਹਿਲਾਂ ਹੀ ਵਿੱਤੀ ਘਾਟੇ 'ਚ ਚੱਲ ਰਹੀ ਪੰਜਾਬੀ ਯੂਨੀਵਰਸਿਟੀ ਨੂੰ ਰਾਹਤ ਦੇਣ ਦੀ ਥਾਂ 34 ਕਰੋੜ ਰੁਪਏ ਦੀ ਕਟੌਤੀ ਕਰ ਦਿੱਤੀ ਗਈ ਹੈ। ਪਿਛਲੀ ਵਾਰ ਸਰਕਾਰ ਵੱਲੋਂ ਯੂਨੀਵਰਸਿਟੀ ਨੂੰ ਮਿਲੇ 200 ਕਰੋੜ ਰੁਪਏ ਦੀ ਥਾਂ ਇਸ ਵਾਰ ਸਿਰਫ 164 ਕਰੋੜ ਰੁਪਏ ਹੀ ਰੱਖੇ ਗਏ ਹਨ, ਜਿਸ ਨਾਲ ਯੂਨੀਵਰਸਿਟੀ ਦਾ ਵਿੱਤੀ ਸੰਕਟ ਹੋਰ ਗੰਭੀਰ ਹੋਣ ਦਾ ਖਦਸ਼ਾ ਹੈ। ਸਰਕਾਰ ਵੱਲੋਂ ਪੇਸ਼ ਕੀਤੇ ਗਏ ਬਜਟ ਪ੍ਰਤੀ ਯੂਨੀਵਰਸਿਟੀ ਖੇਮੇ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਯੂਨੀਵਰਸਿਟੀ ਦੇ ਟੀਚਿੰਗ ਤੇ ਨਾਨ ਟੀਚਿੰਗ ਅਮਲੇ ਦੀਆਂ ਤਨਖਾਹਾਂ 'ਤੇ ਪਹਿਲਾਂ ਲਗਭਗ 360 ਕਰੋੜ ਦਾ ਖਰਚਾ ਆਉਂਦਾ ਸੀ, ਜੋ ਨਵੇਂ ਪੇਅ ਕਮਿਸ਼ਨ ਮਗਰੋਂ ਵੱਧ ਕੇ ਹੁਣ ਲਗਭਗ 460 ਕਰੋੜ ਰੁਪਏ ਹੋ ਗਿਆ ਹੈ, ਜਦਕਿ 150 ਕਰੋੜ ਰੁਪਏ ਦਾ ਕਰਜ਼ਾ ਪਹਿਲਾਂ ਹੀ 'ਵਰਸਿਟੀ ਦੇ ਸਿਰ 'ਤੇ ਹੈ। ਯੂਨੀਵਰਸਿਟੀ ਦੇ ਵਿਦਿਆਰਥੀ ਰਹਿ ਚੁੱਕੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਯੂਨੀਵਰਸਿਟੀ ਦੀਆਂ ਫੇਰੀਆਂ ਦੌਰਾਨ ਇਸ ਨੂੰ ਕਰਜ਼ਾ ਮੁਕਤ ਕਰਨ ਦਾ ਭਰੋਸਾ ਦਿਵਾਇਆ ਜਾਂਦਾ ਰਿਹਾ ਹੈ, ਪਰ ਤਾਜ਼ਾ ਬਜਟ ਵਿਚ ਪਿਛਲੇ ਸਾਲ ਨਾਲੋਂ 34 ਕਰੋੜ ਰੁਪਏ ਘਟਾ ਦਿੱਤੇ ਗਏ ਹਨ।

ਕਾਂਗਰਸੀ ਸੰਸਦ ਮੈਂਬਰ ਪਰਨੀਤ ਕੌਰ ਦਾ ਕਹਿਣਾ ਹੈ ਕਿ ਸਿੱਖਿਆ ਨੂੰ ਤਰਜੀਹ ਦੇਣ ਦੇ ਦਾਅਵੇ ਕਰਨ ਵਾਲੀ 'ਆਪ' ਸਰਕਾਰ ਦੋਹਰੇ ਮਾਪਦੰਡ ਅਪਣਾ ਰਹੀ ਹੈ। ਪੀਯੂ ਦੀ ਗਰਾਂਟ 'ਚ ਕਟੌਤੀ ਦੇ ਮਾਮਲੇ 'ਚ ਸਰਕਾਰ ਦੀ ਆਲੋਚਨਾ ਕਰਦਿਆਂ, ਉਨ੍ਹਾਂ ਕਿਹਾ ਕਿ ਆਪਣੇ ਵਾਅਦੇ ਮੁਤਾਬਕ ਸਰਕਾਰ ਨੂੰ ਚਾਹੀਦਾ ਸੀ ਕਿ ਯੂਨੀਵਰਸਿਟੀ ਨੂੰ ਘਾਟੇ 'ਚੋਂ ਬਾਹਰ ਕੱਢਣ ਸਮੇਤ ਗਰਾਂਟ 'ਚ ਵਾਧਾ ਕੀਤਾ ਜਾਂਦਾ।

## ਸਰਕਾਰ ਸਿੱਖਿਆ ਖੇਤਰ ਨੂੰ ਪੂੰਜੀਪਤੀਆਂ ਹਵਾਲੇ ਕਰਨ ਲੱਗੀ: ਉਗਰਾਹਾਂ

**ਪਟਿਆਲਾ:** ਸਰਕਾਰ ਵੱਲੋਂ ਪੰਜਾਬੀ ਯੂਨੀਵਰਸਿਟੀ ਦੇ ਬਜਟ ਵਿਚ 18 ਫੀਸਦੀ ਕਟੌਤੀ ਕਰਨ ਦੀ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਨੇ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਵੀ ਪੰਜਾਬ ਦੇ ਸਿੱਖਿਆ ਖੇਤਰ ਨੂੰ ਪੂੰਜੀਪਤੀਆਂ ਦੇ ਹਵਾਲੇ ਕਰਨ 'ਤੇ ਤੁਲੀ ਹੋਈ ਹੈ। ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਸਾਂਝੇ ਪ੍ਰੈਸ ਬਿਆਨ ਵਿਚ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਵੀ ਯੂਨੀਵਰਸਿਟੀ ਲਈ ਘਾਟੇ ਦਾ ਬਜਟ ਪੇਸ਼ ਕੀਤਾ ਜਾਂਦਾ ਰਿਹਾ ਹੈ, ਜਿਸ ਕਾਰਨ 'ਵਰਸਿਟੀ ਸਿਰ ਪਹਿਲਾਂ ਹੀ 150 ਕਰੋੜ ਦਾ ਕਰਜ਼ਾ ਚੜ੍ਹ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਬਜਟ ਘਟਾ ਕੇ ਯੂਨੀਵਰਸਿਟੀ ਬੰਦ ਕਰਨ ਦਾ ਰਾਹ ਫੜ ਲਿਆ ਹੈ।

# ਸਰਕਾਰੀ ਸਕੂਲਾਂ 'ਚ ਪਹਿਲੇ ਦਿਨ ਰਿਕਾਰਡ ਇਕ ਲੱਖ ਦਾਖਲੇ



**ਮੁਹਾਲੀ:** ਸਿੱਖਿਆ ਵਿਭਾਗ ਵੱਲੋਂ ਵਿੱਢੀ ਗਈ ਦਾਖਲਾ ਮੁਹਿੰਮ ਤਹਿਤ ਪਹਿਲੇ ਦਿਨ ਵਿਚ ਇਕ ਲੱਖ ਤੋਂ ਵੱਧ ਦਾਖਲੇ ਕਰਨ ਦਾ ਰਿਕਾਰਡ ਬਣਾਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਵਿਭਾਗ ਵੱਲੋਂ 10 ਮਾਰਚ ਨੂੰ ਸਵੇਰੇ 8 ਵਜੇ ਇਹ ਮੁਹਿੰਮ ਆਰੰਭੀ ਗਈ ਸੀ, ਜੋ ਰਾਤ 10 ਵਜੇ ਤੱਕ ਜਾਰੀ ਰਹੀ। ਇਸ ਦੌਰਾਨ ਵਿਭਾਗ ਵੱਲੋਂ 1,00298 ਵਿਦਿਆਰਥੀਆਂ ਦੇ ਦਾਖਲੇ ਦਰਜ ਕੀਤੇ ਗਏ ਹਨ।

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਸ ਪ੍ਰਾਪਤੀ ਲਈ ਮਿਹਨਤੀ ਅਧਿਆਪਕਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਸਾਰੇ ਅਧਿਆਪਕਾਂ ਦੇ ਸਹਿਯੋਗ ਨਾਲ ਇਹ ਟੀਚਾ ਹਾਸਲ ਕੀਤਾ ਜਾ ਸਕਿਆ ਹੈ ਤੇ ਆਉਣ ਵਾਲੇ ਦਿਨਾਂ ਵਿਚ ਹੋਰ ਵੀ ਚੰਗੇ ਨਤੀਜੇ ਦੇਖਣ ਨੂੰ ਮਿਲਣਗੇ। ਉਨ੍ਹਾਂ ਦਾਅਵਾ ਕੀਤਾ ਕਿ ਇਸ ਅਭਿਆਨ ਦੌਰਾਨ ਵੱਡੀ ਗਿਣਤੀ 'ਚ ਬੱਚਿਆਂ ਨੇ ਪ੍ਰਾਈਵੇਟ ਸਕੂਲਾਂ 'ਚੋਂ ਨਾਮ ਕਟਵਾ ਕੇ ਸਰਕਾਰੀ ਸਕੂਲਾਂ ਵਿਚ ਦਾਖਲੇ ਲਏ ਹਨ। ਸਰਕਾਰੀ ਅੰਕੜਿਆਂ ਮੁਤਾਬਕ ਸ੍ਰੀ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਵਿਚ ਤੈਅ ਟੀਚੇ ਦੀ ਥਾਂ 134.6 ਫੀਸਦੀ ਦਾਖਲੇ ਹੋਏ ਹਨ, ਜਦਕਿ ਸਰਹੱਦੀ ਜ਼ਿਲ੍ਹਿਆਂ ਫ਼ਿਰੋਜ਼ਪੁਰ, ਅੰਮ੍ਰਿਤਸਰ, ਫਾਜ਼ਿਲਕਾ, ਤਰਨ ਤਾਰਨ ਸਮੇਤ ਬਰਨਾਲਾ, ਬਠਿੰਡਾ, ਕਪੂਰਥਲਾ, ਪਟਿਆਲਾ, ਐਸ.ਬੀ.ਐਸ. ਨਗਰ, ਮਾਲੇਰਕੋਟਲਾ ਤੇ ਸੰਗਰੂਰ ਵਿਚ 128.28 ਫੀਸਦ ਤੋਂ 103.44 ਦਾਖਲੇ ਦਰਜ ਕੀਤੇ ਗਏ ਹਨ। ਸਿੱਖਿਆ ਮੰਤਰੀ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਦਾਖਲਾ ਮੁਹਿੰਮ ਨੂੰ ਮਿਲੇ ਭਰਪੂਰ ਹੁੰਗਾਰੇ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ 'ਆਪ' ਸਰਕਾਰ ਵੱਲੋਂ ਸਿੱਖਿਆ ਪ੍ਰਤੀ ਅਪਣਾਈ ਗਈ ਨੀਤੀ ਨੂੰ ਲੋਕਾਂ ਨੇ ਆਪਣੀ ਹਾਮੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਹ ਮੁਹਿੰਮ 31 ਮਾਰਚ ਤੱਕ ਸਾਰੇ ਸਰਕਾਰੀ ਸਕੂਲ ਵਿਚ ਜਾਰੀ ਰਹੇਗੀ।

# ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਅਹੁਦੇ ਤੋਂ ਮੁੜ ਲਾਂਭੇ

**ਚੰਡੀਗੜ੍ਹ:** ਸਰਕਾਰ ਨੇ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਮਨੀਸ਼ਾ ਗੁਲਾਟੀ ਨੂੰ ਮੁੜ ਅਹੁਦੇ ਤੋਂ ਹਟਾ ਦਿੱਤਾ ਹੈ। ਪੰਜਾਬ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰਦਿਆਂ ਮਨੀਸ਼ਾ ਗੁਲਾਟੀ ਦੇ ਕਾਰਜਕਾਲ ਵਿਚ ਕੀਤੇ ਵਾਧੇ ਨੂੰ ਤੁਰਤ ਪ੍ਰਭਾਵ ਨਾਲ ਵਾਪਸ ਲੈ ਲਿਆ ਹੈ।

ਇਹ ਵਾਧਾ 18 ਸਤੰਬਰ 2020 ਨੂੰ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਸਰਕਾਰ ਨੇ ਕੀਤਾ ਸੀ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਫਰਵਰੀ 2023 ਵਿਚ ਮਨੀਸ਼ਾ ਗੁਲਾਟੀ ਨੂੰ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਦੇ ਅਹੁਦੇ ਤੋਂ ਹਟਾ ਦਿੱਤਾ ਸੀ। ਉਸ ਸਮੇਂ ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਵਿਭਾਗ ਦੇ ਅਧਿਕਾਰੀ ਕ੍ਰਿਪਾ ਸ਼ੰਕਰ ਸਰੋਜ ਨੇ ਪੱਤਰ ਜਾਰੀ ਕਰਦਿਆਂ ਸਾਲ 2020 'ਚ ਮਨੀਸ਼ਾ ਗੁਲਾਟੀ ਦੇ ਕਾਰਜਕਾਲ 'ਚ ਕੀਤੇ ਗਏ ਤਿੰਨ ਸਾਲ ਦੇ ਵਾਧੇ ਨੂੰ ਵਾਪਸ ਲੈ ਲਿਆ ਸੀ।

ਸੂਬਾ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਦੇ ਕਾਰਜਕਾਲ ਵਿਚ ਵਾਧਾ ਨਹੀਂ ਕੀਤਾ ਜਾ ਸਕਦਾ। ਉਸ ਸਮੇਂ ਸੂਬਾ ਸਰਕਾਰ ਦੇ ਫੈਸਲੇ ਨੂੰ ਮਨੀਸ਼ਾ ਗੁਲਾਟੀ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਚੁਣੌਤੀ ਦਿੱਤੀ, ਜਿਸ ਤੋਂ ਬਾਅਦ



ਸੂਬਾ ਸਰਕਾਰ ਨੇ ਜਾਰੀ ਆਦੇਸ਼ਾਂ ਨੂੰ ਰੱਦ ਕਰ ਦਿੱਤਾ ਸੀ। ਦੱਸਣਯੋਗ ਹੈ ਕਿ ਮਨੀਸ਼ਾ ਗੁਲਾਟੀ ਪੰਜਾਬ ਵਿਧਾਨ ਸਭਾ ਚੋਣਾਂ 2022 ਸਮੇਂ ਭਾਜਪਾ ਵਿਚ ਸ਼ਾਮਲ ਹੋ ਗਏ ਸਨ।

ਦੂਜੇ ਪਾਸੇ ਮਨੀਸ਼ਾ ਗੁਲਾਟੀ ਨੇ ਉਨ੍ਹਾਂ ਨੂੰ ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਚੇਅਰਪਰਸਨ ਦੇ ਅਹੁਦੇ ਤੋਂ ਮੁੜ ਹਟਾਉਣ ਸਬੰਧੀ ਕੋਈ ਵੀ ਟਿੱਪਣੀ ਗੁਰੇਜ਼ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸਰਕਾਰਾਂ ਦੇ ਫੈਸਲੇ ਹਨ ਤੇ ਇਸ ਬਾਰੇ ਕੁਝ ਵੀ ਕਿਹਾ ਨਹੀਂ ਜਾ ਸਕਦਾ। ਮਨੀਸ਼ਾ ਗੁਲਾਟੀ ਨੇ ਕਿਹਾ, "ਸਮਾਜ ਵਿਚ ਇਹੋ ਜਿਹੇ ਅਹੁਦਿਆਂ ਬਾਰੇ ਫੈਸਲੇ ਰਾਜਨੀਤੀ ਨੂੰ ਪਾਸੇ ਰੱਖ ਕੇ ਲੈਣੇ ਚਾਹੀਦੇ ਹਨ।"

## ਡੇਰਾ ਸਿਰਸਾ ਦੇ ਮੁਖੀ ਖਿਲਾਫ ਕੇਸ ਦਰਜ



**ਜਲੰਧਰ:** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਵਿਰੁੱਧ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਹੇਠ ਥਾਣਾ ਪਤਾਰਾ ਵਿਚ ਮਾਮਲਾ ਦਰਜ ਕੀਤਾ ਗਿਆ ਹੈ। ਸ੍ਰੀ ਗੁਰੂ ਰਵਿਦਾਸ ਟਾਈਗਰ ਫੋਰਸ ਦੇ ਪ੍ਰਧਾਨ ਜੱਸੀ ਤੱਲਣ ਵੱਲੋਂ ਦਿਹਾਤੀ ਪੁਲਿਸ ਨੂੰ ਕੀਤੀ ਗਈ ਸ਼ਿਕਾਇਤ ਵਿਚ ਕਿਹਾ ਗਿਆ ਕਿ ਡੇਰਾ ਮੁਖੀ ਆਪਣੇ ਧਾਰਮਿਕ ਚੈਨਲ 'ਤੇ ਗੁਰੂ ਰਵਿਦਾਸ ਅਤੇ ਭਗਤ ਕਬੀਰ ਬਾਰੇ ਤੱਥਾਂ ਤੋਂ ਰਹਿਤ ਮਨਘੜਤ ਸਾਖੀਆਂ ਸੁਣਾ ਕੇ ਦੋਵੇਂ ਧਾਰਮਿਕ ਰਹਿਬਰਾਂ ਦਾ ਅਪਮਾਨ ਕਰ ਰਿਹਾ ਹੈ। ਜੱਸੀ ਨੇ ਸ਼ਿਕਾਇਤ ਵਿਚ ਕਿਹਾ ਕਿ ਡੇਰਾ ਮੁਖੀ ਦੇ ਇਸ ਬਿਆਨ ਨਾਲ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਉਸ ਨੇ ਦੱਸਿਆ ਕਿ ਉਸ ਨੇ ਪੁਲਿਸ ਨੂੰ ਇਸ ਸਬੰਧੀ ਤਿੰਨ ਮਾਰਚ ਨੂੰ ਸ਼ਿਕਾਇਤ ਦਰਜ ਕਰਵਾਈ ਸੀ ਜਿਸ 'ਤੇ ਕਾਰਵਾਈ ਕਰਦਿਆਂ ਥਾਣਾ ਪਤਾਰਾ ਵਿਚ 7 ਮਾਰਚ ਨੂੰ ਕੇਸ ਦਰਜ ਕੀਤਾ ਗਿਆ ਹੈ।

## ਬੀ.ਐਸ.ਐਫ. 'ਚ ਸਾਬਕਾ ਅਗਨੀਵੀਰਾਂ ਲਈ ਰਾਖਵੇਂਕਰਨ ਦਾ ਐਲਾਨ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਬੀ.ਐਸ.ਐਫ. ਦੀ ਭਰਤੀ ਲਈ ਸਾਬਕਾ ਅਗਨੀਵੀਰਾਂ ਵਾਸਤੇ 10% ਰਾਖਵੇਂਕਰਨ ਦਾ ਐਲਾਨ ਕੀਤਾ ਹੈ। ਗ੍ਰਹਿ ਮੰਤਰਾਲੇ ਨੇ ਸੀਮਾ ਸੁਰੱਖਿਆ ਬਲ, ਜਨਰਲ ਡਿਊਟੀ ਕਾਡਰ (ਨਾਨ-ਗਜਟਿਡ) ਭਰਤੀ ਨਿਯਮ, 2015 ਵਿਚ ਸੋਧ ਕੀਤੀ ਹੈ। ਨੋਟੀਫਿਕੇਸ਼ਨ ਅਨੁਸਾਰ ਕਾਂਸਟੇਬਲਾਂ ਦੀ ਭਰਤੀ ਵਿਚ ਸਾਬਕਾ ਅਗਨੀਵੀਰਾਂ ਦੇ ਪਹਿਲੇ ਬੈਚ ਦੇ ਉਮੀਦਵਾਰਾਂ ਲਈ ਉਪਰਲੀ ਉਮਰ ਸੀਮਾ ਵਿਚ ਪੰਜ ਸਾਲ ਦੀ ਛੋਟ ਦਿੱਤੀ ਜਾਵੇਗੀ। ਅਗਲੇ ਬੈਚ ਨੂੰ ਉਮਰ ਹੱਦ ਵਿਚ ਤਿੰਨ ਸਾਲ ਦੀ ਛੋਟ ਮਿਲੇਗੀ। ਨੋਟੀਫਿਕੇਸ਼ਨ ਅਨੁਸਾਰ ਸਾਬਕਾ ਅਗਨੀਵੀਰਾਂ ਨੂੰ ਸਰੀਰਕ ਕੁਸ਼ਲਤਾ ਟੈਸਟ ਵਿਚ ਵੀ ਛੋਟ ਮਿਲੇਗੀ।

# ਪੰਜਾਬ ਵਿਚ ਨਰਮਾ ਤੇ ਬਾਸਮਤੀ ਹੇਠ ਰਕਬਾ ਵਧਾਉਣ 'ਤੇ ਜ਼ੋਰ

**ਚੰਡੀਗੜ੍ਹ:** ਪੰਜਾਬ ਭਵਨ ਵਿਚ ਮਿਸ਼ਨ ਉੱਨਤ ਕਿਸਾਨ ਅਧੀਨ ਪ੍ਰਮੁੱਖ ਸਕੱਤਰ ਖੇਤੀਬਾੜੀ ਸੁਮੇਰ ਸਿੰਘ ਗੁਰਜਰ ਵੱਲੋਂ ਨਰਮਾ ਅਤੇ ਬਾਸਮਤੀ ਉਤਪਾਦਕ ਜ਼ਿਲ੍ਹਿਆਂ ਦੇ ਮੁੱਖ ਖੇਤੀਬਾੜੀ ਅਫਸਰਾਂ ਅਤੇ ਖੇਤੀਬਾੜੀ ਵਿਕਾਸ ਅਫਸਰਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਵਿਚ ਸੁਮੇਰ ਸਿੰਘ ਗੁਰਜਰ ਨੇ ਜ਼ਮੀਨੀ ਪੱਧਰ 'ਤੇ ਨਰਮੇ ਅਤੇ ਬਾਸਮਤੀ ਦੀ ਫਸਲ ਨੂੰ ਖੇਤੀ ਵਿਭਿੰਨਤਾ ਵਜੋਂ ਪ੍ਰਫੁੱਲਤ ਕਰਨ ਬਾਰੇ ਖੇਤੀਬਾੜੀ ਅਫਸਰਾਂ ਨਾਲ ਵਿਸਥਾਰ ਵਿਚ ਵਿਚਾਰ-ਵਟਾਂਦਰਾ ਕੀਤਾ।

ਇਸ ਦੌਰਾਨ ਉਨ੍ਹਾਂ ਖੇਤੀ ਧੰਦੇ ਨੂੰ ਨਵੀਂ ਦਿਸ਼ਾ ਦੇ ਕੇ ਪੰਜਾਬ ਦੀ ਕਿਸਾਨੀ ਨੂੰ ਖੁਸ਼ਹਾਲ



ਬਣਾਉਣ ਲਈ ਸਾਰਿਆਂ ਦੇ ਸਹਿਯੋਗ ਦੀ ਮੰਗ ਕੀਤੀ ਅਤੇ ਜ਼ਿੰਮੇਵਾਰੀ ਨਾਲ ਜ਼ਮੀਨੀ ਪੱਧਰ 'ਤੇ ਕੰਮ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ 'ਮਿਸ਼ਨ ਉੱਨਤ ਕਿਸਾਨ ਅਧੀਨ' ਨਰਮੇ ਦੀ ਫਸਲ ਹੇਠ ਰਕਬਾ ਵਧਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ, ਜਿਸ ਤਹਿਤ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਪੀ.ਏ.ਯੂ. ਲੁਧਿਆਣਾ ਵੱਲੋਂ ਸਿਫਾਰਸ਼ ਨਰਮੇ ਦੇ ਬੀਜ ਉੱਪਰ 33 ਫੀਸਦ ਸਬਸਿਡੀ ਅਤੇ ਸਮੇਂ-ਸਿਰ ਨਹਿਰੀ ਪਾਣੀ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਇੱਥੇ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਇਸ ਸਾਲ ਨਰਮਾ ਜ਼ਿਲ੍ਹਿਆਂ ਵਿਚ ਬਹਾਰ ਰੁੱਤ ਦੀ ਮੂੰਗੀ ਨਹੀਂ ਖਰੀਦੇਗੀ। ਇਸ ਦੌਰਾਨ ਉਨ੍ਹਾਂ ਮੀਟਿੰਗ ਵਿਚ ਆਏ ਖੇਤੀਬਾੜੀ ਅਫਸਰਾਂ ਨੂੰ ਨਰਮਾ ਅਤੇ ਬਾਸਮਤੀ ਉਤਪਾਦਕ ਜ਼ਿਲ੍ਹਿਆਂ ਵਿਚ ਯੋਗ ਉਮੀਦਵਾਰਾਂ ਨੂੰ ਪਾਰਦਰਸ਼ੀ ਢੰਗ ਨਾਲ ਕਿਸਾਨ ਮਿੱਤਰ ਦੇ ਤੌਰ 'ਤੇ ਭਰਤੀ ਕਰਨ ਦੀ ਹਦਾਇਤ ਵੀ ਕੀਤੀ।

## ਵੱਧ ਉਮਰ ਦੇ ਬਜ਼ੁਰਗ ਘਰੋਂ ਪਾ ਸਕਣਗੇ ਵੋਟ

**ਬੰਗਲੂਰੂ:** ਚੋਣ ਕਮਿਸ਼ਨ ਨੇ ਆਖਿਆ ਹੈ ਕਿ ਉਸ ਨੇ ਕਰਨਾਟਕ ਵਿਚ ਵਿਧਾਨ ਸਭਾ ਚੋਣਾਂ ਦੌਰਾਨ 80 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਲਈ ਵੋਟ-ਫਰੋਮ-ਹੋਮ (ਵੀ.ਐਫ.ਐਚ) ਸਹੂਲਤ ਸ਼ੁਰੂ ਕੀਤੀ ਹੈ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਦੱਸਿਆ ਕਿ ਇਹ ਪਹਿਲੀ ਵਾਰ ਹੈ ਕਿ ਕਮਿਸ਼ਨ 80 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ ਇਹ ਸਹੂਲਤ ਮੁਹੱਈਆ ਕਰਵਾ ਰਿਹਾ ਹੈ। ਵੋਟਿੰਗ ਦੌਰਾਨ ਵੀਡੀਓਗ੍ਰਾਫੀ ਕਰਵਾਈ ਜਾਵੇਗੀ ਅਤੇ ਵੋਟਰਾਂ ਦੀ ਗੁਪਤਤਾ ਯਕੀਨੀ ਬਣਾਈ ਜਾਵੇਗੀ।

# ਮਾਨ ਸਰਕਾਰ ਵੱਲੋਂ ਇਸ ਵਾਰ ਸ਼ਰਾਬ ਵਿਕਰੀ ਤੋਂ ਚੋਖਾ ਮੁਨਾਫਾ ਵੱਟਣ ਦੀ ਰਣਨੀਤੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਨੇ ਸਾਲ 2023-24 ਦੀ ਆਬਕਾਰੀ ਨੀਤੀ ਨੂੰ ਮਨਜ਼ੂਰੀ ਦੇ ਦਿੱਤੀ। ਬੁਲਾਰੇ ਨੇ ਦੱਸਿਆ ਕਿ ਮੌਜੂਦਾ ਰਿਟੇਲ ਲਾਇਸੈਂਸਾਂ ਨੂੰ ਨਵਿਆਉਣ ਲਈ ਪ੍ਰਚੂਨ ਵਿਕਰੀ ਲਾਇਸੈਂਸ ਐਲ-2/ਐੱਲ-14ਏ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਇਸ ਨੀਤੀ ਤਹਿਤ ਸਾਲ 2023-24 ਦੌਰਾਨ 1004 ਕਰੋੜ ਰੁਪਏ ਦੇ ਵਾਧੇ ਨਾਲ 9754 ਕਰੋੜ ਰੁਪਏ ਇਕੱਤਰ ਕਰਨ ਦਾ ਟੀਚਾ ਹੈ। ਬੀਅਰ ਬਾਰ, ਹਾਰਡ ਬਾਰ, ਕਲੱਬਾਂ ਤੇ ਮਾਈਕਰੋਬ੍ਰਿਊਰੀਜ਼ ਵੱਲੋਂ ਵੇਚੀ ਜਾਂਦੀ ਸ਼ਰਾਬ ਉੱਤੇ ਲਗਦਾ ਵੈਟ ਘਟਾ ਕੇ 13 ਫੀਸਦੀ ਤੇ 10 ਫੀਸਦੀ ਸਰਚਾਰਜ ਕੀਤਾ ਗਿਆ ਹੈ। ਗਰੁੱਪ ਦੀ ਤਬਦੀਲੀ, ਇਕ ਆਬਕਾਰੀ ਸਾਲ ਵਿਚ 10 ਲੱਖ ਰੁਪਏ ਤੇ ਸ਼ਰਤਾਂ ਪੂਰੀਆਂ ਕਰਨ ਉੱਤੇ ਸਿਰਫ਼ ਇਕ ਵਾਰ ਕਰਨ ਦੀ ਇਜਾਜ਼ਤ ਹੋਵੇਗੀ। ਐੱਲ-50 ਪਰਮਿਟ ਦੀ ਸਾਲਾਨਾ ਫੀਸ 2500 ਤੋਂ ਘਟਾ ਕੇ 2000 ਰੁਪਏ ਤੇ ਜੀਵਨ ਭਰ ਲਈ ਐੱਲ-50 ਪਰਮਿਟ ਦੀ ਫੀਸ 20 ਹਜ਼ਾਰ ਤੋਂ ਘਟਾ ਕੇ 10 ਹਜ਼ਾਰ ਰੁਪਏ ਕਰ ਦਿੱਤੀ ਗਈ ਹੈ।

ਕੈਬਨਿਟ ਨੇ 'ਪੰਜਾਬ ਸਟੇਟ ਮਾਈਨਰ ਮਿਨਰਲ ਪਾਲਿਸੀ-2023' ਨੂੰ ਮਨਜ਼ੂਰੀ ਦੇ ਦਿੱਤੀ। ਮਾਈਨਿੰਗ ਸਾਈਟਾਂ ਨੂੰ ਦੋ ਸ਼੍ਰੇਣੀਆਂ ਕਮਰਸ਼ੀਅਲ ਮਾਈਨਿੰਗ ਸਾਈਟਾਂ (ਸੀ.ਐਮ.ਐਸ.) ਅਤੇ ਪਬਲਿਕ ਮਾਈਨਿੰਗ ਸਾਈਟਾਂ (ਪੀ.ਐਮ.ਐਸ.) ਵਿਚ ਵੰਡਿਆ ਗਿਆ ਹੈ। ਵਪਾਰਕ ਮਾਈਨਿੰਗ ਸਾਈਟਾਂ ਦੀ ਈ-ਟੈਂਡਰ ਪ੍ਰਕਿਰਿਆ ਰਾਹੀਂ ਨਿਲਾਮੀ ਕੀਤੀ



ਜਾਵੇਗੀ, ਜਦੋਂ ਕਿ ਜਨਤਕ ਮਾਈਨਿੰਗ ਸਾਈਟਾਂ ਨੂੰ ਵਿਭਾਗ ਵੱਲੋਂ ਹੱਥੀਂ ਚਲਾਇਆ ਜਾਵੇਗਾ। ਇਨ੍ਹਾਂ ਦੋਵਾਂ ਕਮਰਸ਼ਲ ਮਾਈਨਿੰਗ ਸਾਈਟਾਂ ਅਤੇ ਪਬਲਿਕ ਮਾਈਨਿੰਗ ਸਾਈਟਾਂ ਉੱਤੇ ਪਿਟ ਹੈੱਡ ਤੋਂ ਰੇਤਾ 5.50 ਰੁਪਏ ਪ੍ਰਤੀ ਕਿਊਬਿਕ ਫੁੱਟ ਦੀ ਦਰ ਨਾਲ ਵੇਚਿਆ ਜਾਵੇਗਾ। ਦੋ ਏਕੜ ਜਾਂ ਤਿੰਨ ਫੁੱਟ ਤੱਕ ਡੂੰਘਾਈ ਤੱਕ ਦੇ ਖੇਤਰ ਵਿਚ ਗੈਰ ਵਪਾਰਕ ਪ੍ਰੋਜੈਕਟਾਂ ਲਈ ਸਿਰਫ ਸਧਾਰਨ ਮਿੱਟੀ ਦੀ ਹੱਥੀਂ ਖੁਦਾਈ ਦੀ ਇਜਾਜ਼ਤ ਹੋਵੇਗੀ। ਕੈਬਨਿਟ ਨੇ ਜਲ ਸਰੋਤ ਤੇ ਟਰਾਂਸਪੋਰਟ ਵਿਭਾਗ ਦੇ ਪੁਨਰਗਠਨ ਦੀ ਤਜਵੀਜ਼ ਨੂੰ ਵੀ ਪ੍ਰਵਾਨ ਕਰ ਲਿਆ। ਟਰਾਂਸਪੋਰਟ ਵਿਭਾਗ ਦੇ ਵਿੰਗ ਸਟੇਟ ਟਰਾਂਸਪੋਰਟ ਕਮਿਸ਼ਨਰ ਦੀਆਂ ਅਸਾਮੀਆਂ ਦੇ ਪੁਨਰਗਠਨ ਨੂੰ ਵੀ ਮਨਜ਼ੂਰ ਕਰ ਲਿਆ।

# ਭ੍ਰਿਸ਼ਟਾਚਾਰ ਖਿਲਾਫ ਮੁਹਿੰਮ: ਕਈ ਹੋਰ ਕਾਂਗਰਸੀਆਂ 'ਤੇ ਸ਼ਿਕੰਜੇ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਪਿੱਛੋਂ ਭ੍ਰਿਸ਼ਟਾਚਾਰ ਖਿਲਾਫ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ। ਇਸ ਮੁਹਿੰਮ ਦੇ ਲਪੇਟੇ ਵਿਚ ਆਪ ਸਰਕਾਰ ਦੇ ਕੁਝ ਮੰਤਰੀ ਤੇ ਆਗੂ ਵੀ ਆ ਚੁੱਕੇ ਹਨ ਪਰ ਸਭ ਤੋਂ ਵੱਧ ਸੇਕ ਕਾਂਗਰਸ ਨੂੰ ਲੱਗਾ ਹੈ।

ਕਾਂਗਰਸ ਦੇ ਸਾਬਕਾ ਉਪ ਮੁੱਖ ਮੰਤਰੀ ਓ.ਪੀ. ਸੋਨੀ, ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ, ਸਾਧੂ ਸਿੰਘ ਧਰਮਸੋਤ ਤੋਂ ਬਾਅਦ ਹੁਣ ਵਿਜੀਲੈਂਸ ਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਖਿਲਾਫ਼ ਲੁਕਆਊਟ ਨੋਟਿਸ ਜਾਰੀ ਕੀਤਾ ਹੈ। ਵਿਜੀਲੈਂਸ ਨੂੰ ਖਦਸ਼ਾ ਹੈ ਕਿ ਚੰਨੀ ਵਿਦੇਸ਼ ਭੱਜ ਸਕਦਾ ਹੈ।

ਜਾਣਕਾਰੀ ਮਿਲੀ ਹੈ ਕਿ ਵਿਜੀਲੈਂਸ ਵੱਲੋਂ ਆਉਂਦੇ ਦਿਨਾਂ ਵਿਚ ਹੋਰ ਕਾਂਗਰਸੀ ਆਗੂਆਂ ਨੂੰ ਵੀ ਲਪੇਟੇ ਵਿਚ ਲਿਆ ਜਾ ਸਕਦਾ ਹੈ। ਦੱਸਿਆ ਜਾ ਰਿਹਾ ਹੈ ਕਿ ਸਾਬਕਾ ਖੇਡ ਮੰਤਰੀ ਪਰਗਟ ਸਿੰਘ ਸਮੇਤ ਕਈ ਹੋਰ ਆਗੂ ਪਹਿਲਾਂ ਹੀ ਵਿਜੀਲੈਂਸ ਦੀ ਰਡਾਰ ਉਤੇ ਹਨ ਤੇ ਉਨ੍ਹਾਂ ਖਿਲਾਫ ਵੀ ਮਹਿਕਮੇ ਵੱਲੋਂ ਜਲਦ ਕਾਰਵਾਈ ਕੀਤੀ ਜਾ ਸਕਦੀ ਹੈ, ਹਾਲਾਂਕਿ ਵਿਜੀਲੈਂਸ ਦੀ ਇਸ



ਕਾਰਵਾਈ ਨੂੰ ਆ ਰਹੀ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਚਰਨਜੀਤ ਸਿੰਘ ਚੰਨੀ ਇਕ ਦਲਿਤ ਆਗੂ ਹਨ ਤੇ ਜਲੰਧਰ ਹਲਕੇ 'ਚ ਬਹੁ ਗਿਣਤੀ ਐਸ.ਸੀ. ਭਾਈਚਾਰੇ ਨਾਲ ਸਬੰਧਤ ਹੋਣ ਕਾਰਨ ਉਹ ਕਾਂਗਰਸ ਦੀ ਚੋਣ ਮੁਹਿੰਮ ਦਾ ਇਕ ਵੱਡਾ ਥੰਮ੍ਹ ਮੰਨੇ ਜਾ ਰਹੇ ਹਨ ਤੇ ਇਸੇ ਤਰ੍ਹਾਂ ਸਾਬਕਾ ਖੇਡ ਮੰਤਰੀ ਪਰਗਟ ਸਿੰਘ ਦਾ ਹਲਕਾ ਜਲੰਧਰ ਛਾਉਣੀ ਵੀ ਜਲੰਧਰ ਲੋਕ ਸਭਾ ਹਲਕੇ 'ਚ ਹੀ ਪੈਂਦਾ ਹੈ ਤੇ ਅਜਿਹੇ 'ਚ ਕਾਂਗਰਸ ਲਈ ਮੁਸ਼ਕਲਾਂ ਖੜ੍ਹੀਆਂ ਹੋ ਸਕਦੀਆਂ ਹਨ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਪਹਿਲਾਂ ਹੀ ਵਿਧਾਨ ਸਭਾ 'ਚ ਵਿਰੋਧੀ ਦੇ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨਾਲ ਹੋਈ ਤਿੱਖੀ ਬਹਿਸ ਦੌਰਾਨ ਇਹ ਸਾਫ ਕਰ ਚੁੱਕੇ ਹਨ ਕਿ ਕੋਈ ਵੀ ਭ੍ਰਿਸ਼ਟਾਚਾਰੀ ਬਖਸ਼ਿਆ ਨਹੀਂ ਜਾਵੇਗਾ ਤੇ ਸਭ ਦੀ ਵਾਰੀ ਆਵੇਗੀ। ਇਸੇ ਤਰ੍ਹਾਂ ਵਿਜੀਲੈਂਸ ਵੱਲੋਂ ਕਾਂਗਰਸੀ ਆਗੂਆਂ ਖਿਲਾਫ਼ ਕੀਤੀ ਜਾਣ ਵਾਲੀ ਕਾਰਵਾਈ ਦਾ ਖਦਸ਼ਾ ਵਿਧਾਨ ਸਭਾ ਦੀ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਖੁਦ ਪ੍ਰਤਾਪ ਸਿੰਘ ਬਾਜਵਾ ਵੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਵੱਲੋਂ ਜਲੰਧਰ ਦੀ ਜ਼ਿਮਨੀ ਚੋਣ ਨੂੰ ਲੈ ਕੇ ਕਾਂਗਰਸੀ ਆਗੂਆਂ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ . ਅਜਿਹੇ 'ਚ ਵਿਜੀਲੈਂਸ ਵੱਲੋਂ ਦਲਿਤ ਆਗੂ ਤੇ ਸਾਬਕਾ ਮੁੱਖ ਮੰਤਰੀ ਚੰਨੀ ਤੋਂ ਬਾਅਦ ਕਈ ਹੋਰਨਾਂ ਆਗੂਆਂ ਖ਼ਿਲਾਫ਼ ਵੀ ਕਾਰਵਾਈ ਕੀਤੀ ਜਾ ਸਕਦੀ ਹੈ। ਦੱਸਿਆ ਜਾ ਰਿਹਾ ਹੈ ਕਿ ਚੰਨੀ ਤੋਂ ਬਾਅਦ ਵਿਜੀਲੈਂਸ ਦਾ ਅਗਲਾ ਨਿਸ਼ਾਨਾ ਸਾਬਕਾ ਖੇਡ ਮੰਤਰੀ ਪਰਗਟ ਸਿੰਘ ਹੋ ਸਕਦੇ ਹਨ, ਜਿਨ੍ਹਾਂ ਖਿਲਾਫ ਵਿਜੀਲੈਂਸ ਵੱਲੋਂ ਖੇਡ ਕਿੱਟ ਘਪਲੇ 'ਚ ਪਹਿਲਾਂ ਹੀ ਜਾਂਚ ਆਰੰਭੀ ਜਾ ਚੁੱਕੀ ਹੈ, ਹਾਲਾਂਕਿ ਪਰਗਟ ਸਿੰਘ ਹਾਲ ਦੀ ਘੜੀ ਵਿਦੇਸ਼ ਗਏ ਹੋਏ ਹਨ ਪਰ ਉਨ੍ਹਾਂ ਵੱਲੋਂ ਬਜਟ ਇਜਲਾਸ 'ਚ ਹਿੱਸਾ ਲੈਣ ਦੀ ਥਾਂ ਵਿਦੇਸ਼ ਯਾਤਰਾ ਉਤੇ ਜਾਣ ਸਬੰਧੀ ਵੀ ਕਈ ਤਰ੍ਹਾਂ ਦੀ ਚਰਚਾ ਸਿਆਸੀ ਗਲਿਆਰਿਆਂ 'ਚ ਚੱਲ ਰਹੀ ਹੈ।

## ਮੈਂ ਡਰਨ ਵਾਲਿਆਂ 'ਚੋਂ ਨਹੀਂ ਹਾਂ: ਚਰਨਜੀਤ ਚੰਨੀ



**ਮੋਰਿੰਡਾ:** ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਨੇ ਕਿਹਾ ਕਿ ਉਹ ਡਰਨ ਵਾਲਿਆਂ ਵਿਚੋਂ ਨਹੀਂ ਹਨ ਤੇ ਪੰਜਾਬ ਛੱਡ ਕੇ ਕਿਧਰੇ ਨਹੀਂ ਜਾ ਰਹੇ ਹਨ। ਚੰਨੀ ਨੇ ਸਾਫ ਕਰ ਦਿੱਤਾ ਕਿ ਉਹ ਹਰ ਕਿਸਮ ਦੀ ਜਾਂਚ ਦਾ ਸਾਹਮਣਾ ਕਰਨ ਲਈ ਤਿਆਰ ਹਨ। ਚੰਨੀ ਨੇ ਕਿਹਾ ਕਿ ਉਹ ਕੈਲੀਫੋਰਨੀਆ ਜਾ ਰਹੇ ਸੀ, ਉੱਥੇ ਉਨ੍ਹਾਂ ਨੇ ਨਗਰ ਕੀਰਤਨ ਵਿਚ ਸ਼ਾਮਲ ਹੋਣਾ ਸੀ ਪ੍ਰੰਤੂ ਪਿਛਲੇ ਦਿਨੀਂ ਬਜਟ ਸੈਸ਼ਨ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਇਹ ਕਹਿੰਦੇ ਸੁਣੇ ਗਏ ਕਿ ਹੁਣ ਚੰਨੀ ਨੂੰ ਫੜ ਕੇ ਅੰਦਰ ਦੇਣਾ ਹੈ। ਇਹ ਗੱਲ ਸੁਣਨ ਤੋਂ ਬਾਅਦ ਉਨ੍ਹਾਂ ਨੇ ਵਿਦੇਸ਼ ਜਾਣ ਦਾ ਪ੍ਰੋਗਰਾਮ ਰੱਦ ਕਰ ਦਿੱਤਾ। ਹਾਲਾਂਕਿ ਉਸ ਨੇ ਵਿਦੇਸ਼ ਜਾਣ ਲਈ ਟਿਕਟ ਵੀ ਬੁੱਕ ਕਰਵਾ ਲਈ ਸੀ ਪ੍ਰੰਤੂ ਹੁਣ ਟਿਕਟ ਰੱਦ ਕਰਵਾਈ ਗਈ ਹੈ ਤਾਂ ਜੋ ਪੰਜਾਬ ਸਰਕਾਰ ਇਹ ਨਾ ਕਹੇ ਉਹ (ਚੰਨੀ) ਕਾਰਵਾਈ ਤੋਂ ਬਚਣ ਲਈ ਦੁਬਾਰਾ ਵਿਦੇਸ਼ ਭੱਜ ਗਏ ਹਨ। ਉਨ੍ਹਾਂ ਕਿਹਾ ਕਿ ਵਿਜੀਲੈਂਸ ਜਦੋਂ ਵੀ ਜਾਂਚ ਲਈ ਸੱਦੇਗੀ, ਉਹ ਹਾਜ਼ਰ ਹੋ ਜਾਣਗੇ, ਬਸ਼ਰਤੇ ਨਿਰਪੱਖ ਜਾਂਚ ਹੋਵੇ।

# ਅਣਪਛਾਤੇ ਸਰੋਤਾਂ ਤੋਂ ਕੌਮੀ ਪਾਰਟੀਆਂ ਨੂੰ ਹੋਈ 66 ਫੀਸਦੀ ਆਮਦਨ

**ਨਵੀਂ ਦਿੱਲੀ:** 2021-22 ਵਿਚ ਸੱਤ ਕੌਮੀ ਪਾਰਟੀਆਂ ਨੂੰ ਕੁੱਲ ਆਮਦਨ ਵਿਚੋਂ 66 ਫੀਸਦੀ ਤੋਂ ਵੱਧ ਆਮਦਨ ਚੋਣ ਬਾਂਡ ਵਰਗੇ 'ਅਣਜਾਣ ਸਰੋਤਾਂ' ਤੋਂ ਹੋਈ, ਜੋ ਕੁੱਲ 83 ਫੀਸਦੀ ਬਣਦੀ ਹੈ। ਇਹ ਜਾਣਕਾਰੀ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ ਨੇ ਸਾਂਝੀ ਕੀਤੀ।



ਚੋਣ ਸੁਧਾਰਾਂ ਲਈ ਕੰਮ ਕਰਦੀ ਸਮਾਜ ਸੇਵੀ ਸੰਸਥਾ ਨੇ ਅਧਿਕਾਰਤ ਵੇਰਵਿਆਂ ਦੇ ਹਵਾਲੇ ਨਾਲ ਦੱਸਿਆ ਕਿ ਇਨ੍ਹਾਂ ਸੱਤ ਪਾਰਟੀਆਂ ਵਿਚ ਭਾਰਤੀ ਜਨਤਾ ਪਾਰਟੀ, ਕਾਂਗਰਸ, ਟੀ.ਐਮ.ਸੀ, ਐਨ.ਸੀ.ਪੀ, ਸੀ.ਪੀ.ਆਈ, ਸੀ.ਪੀ.ਆਈ. (ਐਮ) ਅਤੇ ਨੈਸ਼ਨਲ ਪੀਪਲ'ਜ਼ ਪਾਰਟੀ ਸ਼ਾਮਲ ਹਨ। ਇਨ੍ਹਾਂ ਨੇ ਸੰਨ 2021-22 ਵਿਚ ਅਣਜਾਣ ਸਰੋਤਾਂ ਤੋਂ 2,172 ਕਰੋੜ ਰੁਪਏ ਇਕੱਠੇ ਕੀਤੇ ਹਨ। ਉਨ੍ਹਾਂ ਦੱਸਿਆ ਕਿ ਅਣਪਛਾਤੇ ਸਰੋਤਾਂ ਤੋਂ ਇਨ੍ਹਾਂ ਦੀ ਕੁੱਲ ਆਮਦਨ ਦਾ 66.04 ਫੀਸਦੀ ਹਿੱਸਾ ਬਣਦਾ ਹੈ। ਇਸ ਤੋਂ ਇਲਾਵਾ ਚੋਣ ਬਾਂਡਾਂ ਰਾਹੀਂ 1,811.94 ਕਰੋੜ ਜਾਂ 83.41 ਫੀਸਦੀ ਆਮਦਨ ਅਣਪਛਾਤੇ ਸਰੋਤਾਂ ਤੋਂ ਹੋਈ ਹੈ।

ਐਨ.ਜੀ.ਓ. ਏ.ਡੀ.ਆਰ. ਮੁਤਾਬਕ ਇਨ੍ਹਾਂ ਪਾਰਟੀਆਂ ਵੱਲੋਂ ਸਾਲਾਨਾ ਆਡਿਟ ਰਿਪੋਰਟ ਰਾਹੀਂ ਅਣਪਛਾਤੇ ਸਰੋਤਾਂ ਤੋਂ ਹੋਈ ਆਮਦਨ ਦਾ ਜ਼ਿਕਰ ਕੀਤਾ ਜਾਂਦਾ ਹੈ ਪਰ ਸਰੋਤਾਂ ਬਾਰੇ ਨਹੀਂ ਦੱਸਿਆ ਜਾਂਦਾ। ਮੌਜੂਦਾ ਸਮੇਂ ਸਿਆਸੀ ਪਾਰਟੀਆਂ ਨੂੰ ਉਨ੍ਹਾਂ ਵਿਅਕਤੀਆਂ ਤੇ ਸੰਸਥਾਵਾਂ ਦੇ ਨਾਮ ਦੱਸਣੇ ਲੋੜੀਂਦੇ ਨਹੀਂ ਹੁੰਦੇ ਜਿਨ੍ਹਾਂ ਨੇ ਵੀਹ ਹਜ਼ਾਰ ਤੋਂ ਘੱਟ ਚੰਦਾ ਦਿੱਤਾ ਹੁੰਦਾ ਹੈ। ਏ.ਡੀ.ਆਰ. ਮੁਤਾਬਕ ਇਸ ਵਿੱਤੀ ਵਰ੍ਹੇ ਭਾਜਪਾ ਨੇ 1,161 ਕਰੋੜ ਦੀ ਆਮਦਨ ਅਣਪਛਾਤੇ ਸਰੋਤਾਂ ਤੋਂ ਹੋਣ ਦਾ ਖੁਲਾਸਾ ਕੀਤਾ। ਇੰਜ ਹੀ ਟੀ.ਐਮ.ਸੀ. ਨੇ ਅਣਪਛਾਤੇ ਸਰੋਤਾਂ ਤੋਂ 528 ਕਰੋੜ ਪ੍ਰਾਪਤ ਹੋਣ ਬਾਰੇ ਦੱਸਿਆ।

# ਭਗਵੰਤ ਮਾਨ ਦੀ ਕੋਠੀ ਘੇਰਨ ਗਏ ਅਧਿਆਪਕਾਂ ਤੇ ਪੁਲਿਸ ਵਿਚਾਲੇ ਖਿੱਚ-ਧੂਹ

**ਸੰਗਰੂਰ:** ਇਥੇ ਸਥਿਤ ਮੁੱਖ ਮੰਤਰੀ ਦੀ ਕੋਠੀ ਅੱਗੇ 4161 ਮਾਸਟਰ ਕਾਡਰ ਅਧਿਆਪਕਾਂ ਅਤੇ ਪੁਲਿਸ ਵਿਚਕਾਰ ਜ਼ੋਰਦਾਰ ਧੱਕਾ-ਮੁੱਕੀ ਹੋਈ। ਪ੍ਰਾਪਤ ਜਾਣਕਾਰੀ ਅਨੁਸਾਰ ਉਕਤ 4161 ਅਧਿਆਪਕਾਂ ਦੀ ਚੋਣ ਤਾਂ ਹੋ ਚੁੱਕੀ ਹੈ, ਪਰ ਹਾਲੇ ਤੱਕ ਇਨ੍ਹਾਂ ਨੂੰ ਸਟੇਸ਼ਨ ਅਲਾਟ ਨਹੀਂ ਕੀਤੇ ਗਏ। ਇਸੇ ਮੰਗ ਤਹਿਤ ਉਕਤ ਚੁਣੇ ਗਏ ਅਧਿਆਪਕ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਲਈ ਇਥੇ ਪਹੁੰਚੇ ਸਨ।



ਇਸ ਮੌਕੇ ਪੁਲਿਸ ਵੱਲੋਂ ਕੀਤੀ ਗਈ ਨਾਕਾਬੰਦੀ ਤੇ ਲਗਾਏ ਬੈਰੀਕੇਡ ਲੰਘ ਕੇ ਜਦੋਂ ਪ੍ਰਦਰਸ਼ਨਕਾਰੀ ਮੁੱਖ ਮੰਤਰੀ ਦੀ ਕੋਠੀ ਵੱਲ ਵਧਣ ਲੱਗੇ ਤਾਂ ਪੁਲਿਸ ਨੇ ਉਨ੍ਹਾਂ ਨੂੰ ਰੋਕਣ ਦਾ ਯਤਨ ਕੀਤਾ। ਇਸ ਦੌਰਾਨ ਦੋਵੇਂ ਧਿਰਾਂ ਵਿਚਾਲੇ ਜ਼ਬਰਦਸਤ ਖਿੱਚ-ਧੂਹ ਹੋਈ। ਜਾਣਕਾਰੀ ਅਨੁਸਾਰ ਪੰਜਾਬ ਭਰ 'ਚੋਂ ਚੁਣੇ ਗਏ 4161 ਮਾਸਟਰ ਕਾਡਰ ਅਧਿਆਪਕ ਪਹਿਲਾਂ ਸਥਾਨਕ ਮਿਲਕ ਪਲਾਂਟ ਨੇੜੇ ਇਕੱਠੇ ਹੋਏ, ਜਿਥੋਂ ਬਾਅਦ ਦੁਪਹਿਰ ਰੋਸ ਮਾਰਚ ਕਰਦੇ ਹੋਏ ਮੁੱਖ ਮੰਤਰੀ ਦੀ ਰਿਹਾਇਸ਼ੀ ਕਲੋਨੀ ਦੇ ਗੇਟ ਨੇੜੇ ਮੁੱਖ ਸੜਕ 'ਤੇ ਪੁੱਜੇ। ਪੁਲਿਸ ਅਤੇ ਪ੍ਰਦਰਸ਼ਨਕਾਰੀਆਂ ਵਿਚ ਹੋਈ ਧੱਕਾ-ਮੁੱਕੀ ਵਿਚ ਕਈ ਪ੍ਰਦਰਸ਼ਨਕਾਰੀਆਂ ਦੀਆਂ ਪੱਗਾਂ ਵੀ ਲੱਥ ਗਈਆਂ। ਇਸ ਮੌਕੇ ਮਹਿਲਾ ਅਧਿਆਪਕਾ ਗੁਰਜੀਤ ਕੌਰ ਸੰਗਰੂਰ ਅਤੇ ਅਲਕਾ ਫਗਵਾੜਾ ਸੜਕ 'ਤੇ ਡਿੱਗ ਪਈਆਂ। ਇਸ ਮਗਰੋਂ ਪੁਲਿਸ ਮੁਲਾਜ਼ਮਾਂ ਨੇ ਡਾਂਗਾਂ ਦੇ ਜ਼ੋਰ 'ਤੇ ਪ੍ਰਦਰਸ਼ਨਕਾਰੀਆਂ ਨੂੰ ਉਥੋਂ ਖਦੇੜ ਦਿੱਤਾ। ਇਸ ਟਕਰਾਅ ਮਗਰੋਂ ਦਰਜਨਾਂ ਪ੍ਰਦਰਸ਼ਨਕਾਰੀ ਮੁੜ ਨਾਕਾਬੰਦੀ ਵਾਲੀ ਥਾਂ 'ਤੇ ਪਹੁੰਚੇ ਤੇ ਉਨ੍ਹਾਂ ਉਥੇ ਸੜਕ 'ਤੇ ਹੀ ਧਰਨਾ ਆਰੰਭ ਦਿੱਤਾ। ਸੂਬਾ ਕਮੇਟੀ ਮੈਂਬਰ ਸੰਦੀਪ ਗਿੱਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਬੀਤੀ 5 ਜਨਵਰੀ ਨੂੰ ਲੁਧਿਆਣਾ ਵਿਚ 4161 ਅਧਿਆਪਕਾਂ ਨੂੰ ਨਿਯੁਕਤੀ ਪੱਤਰ ਵੰਡੇ ਸਨ, ਪਰ ਸਵਾ ਦੋ ਮਹੀਨਿਆਂ ਬਾਅਦ ਵੀ ਹਾਲੇ ਤੱਕ ਉਨ੍ਹਾਂ ਨੂੰ ਸਟੇਸ਼ਨ ਅਲਾਟ ਨਹੀਂ ਕੀਤੇ ਗਏ।

# ਗੋਇੰਦਵਾਲ ਜੇਲ੍ਹ ਮਾਮਲਾ: ਅਦਾਲਤ ਵੱਲੋਂ ਸਾਰੇ ਜੇਲ੍ਹ ਅਧਿਕਾਰੀ ਬਰੀ

**ਸ੍ਰੀ ਗੋਇੰਦਵਾਲ ਸਾਹਿਬ:** ਕੇਂਦਰੀ ਜੇਲ੍ਹ ਗੋਇੰਦਵਾਲ ਸਾਹਿਬ ਵਿਚ ਵਾਪਰੀ ਗੈਂਗਵਾਰ ਦੇ ਮਾਮਲੇ ਵਿਚ ਨਾਮਜ਼ਦ ਜੇਲ੍ਹ ਅਧਿਕਾਰੀਆਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਹੈ। ਸਥਾਨਕ ਪੁਲਿਸ ਨੇ ਅਦਾਲਤ 'ਚ ਸੁਣਵਾਈ ਦੌਰਾਨ ਨਾਮਜ਼ਦ ਸਾਰੇ ਜੇਲ੍ਹ ਅਧਿਕਾਰੀਆਂ ਨੂੰ ਕਲੀਨ ਚਿੱਟ ਦਿੰਦਿਆਂ ਰਿਮਾਂਡ ਦੌਰਾਨ ਕੋਈ ਵੀ ਗੱਲ ਸਾਹਮਣੇ ਨਾ ਆਉਣ ਦੇ ਤੱਥ ਰੱਖੇ ਹਨ ਤੇ ਮਾਮਲੇ 'ਚੋਂ ਰਾਹਤ ਦੇਣ ਦੀ ਦਰਖਾਸਤ ਕੀਤੀ, ਜਿਸ ਦੇ ਚੱਲਦਿਆਂ ਅਦਾਲਤ ਨੇ ਜੇਲ੍ਹ ਅਧਿਕਾਰੀਆਂ ਨੂੰ ਬਰੀ ਕਰ ਦਿੱਤਾ। ਸਬ ਡਿਵੀਜ਼ਨ ਜੁਡੀਸ਼ਲ ਮੈਜਿਸਟਰੇਟ ਸ੍ਰੀਮਤੀ ਈਤੂ ਸੋਢੀ ਦੀ ਅਦਾਲਤ ਨੇ ਜੇਲ੍ਹ ਅਧਿਕਾਰੀਆਂ ਨੂੰ ਇਸ ਮਾਮਲੇ ਵਿਚ ਰਾਹਤ ਦਿੰਦੇ ਹੋਏ ਸਿਰਫ ਰਿਲੀਵ ਕਰਨ ਦਾ ਫੈਸਲਾ ਸੁਣਾਉਂਦੇ



ਹੋਏ ਰਿਹਾਅ ਕੀਤਾ। ਫਿਲਹਾਲ ਇਹ ਕੇਸ ਅਦਾਲਤ ਵਿਚ ਵਿਚਾਰ ਅਧੀਨ ਹੈ। ਜ਼ਿਕਰਯੋਗ ਹੈ ਕਿ 26 ਫਰਵਰੀ ਨੂੰ ਜੇਲ੍ਹ ਵਿਚ ਹੋਈ ਗੈਂਗਵਾਰ ਤੋਂ ਬਾਅਦ ਸਥਾਨਕ ਪੁਲਿਸ ਵੱਲੋਂ ਧਾਰਾ 302/ 307 ਤਹਿਤ ਕਾਰਵਾਈ ਕਰਦਿਆਂ 8 ਗੈਂਗਸਟਰਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ ਅਤੇ ਜੇਲ੍ਹਰ ਸਣੇ 7 ਜੇਲ੍ਹ ਅਧਿਕਾਰੀਆਂ ਨੂੰ ਗੈਂਗਸਟਰਾਂ ਨਾਲ ਮਿਲੀਭੁਗਤ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ।

## ਬੇਅਦਬੀ: ਡੇਰੇ ਦੇ ਤਿੰਨ ਕੌਮੀ ਕਮੇਟੀ ਮੈਂਬਰਾਂ ਖਿਲਾਫ਼ ਚਲਾਨ ਪੇਸ਼



ਬੇਅਦਬੀ ਕਾਂਡ ਨਾਲ ਜੁੜੇ ਤਿੰਨ ਕੇਸਾਂ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਡੇਰਾ ਸੱਚਾ ਸੌਦਾ ਦੀ ਕੌਮੀ ਕਮੇਟੀ ਦੇ ਤਿੰਨ ਮੈਂਬਰਾਂ ਖਿਲਾਫ਼ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿਚ ਚਲਾਨ ਪੇਸ਼ ਕੀਤਾ। ਜਾਂਚ ਟੀਮ ਨੇ ਕੌਮੀ ਕਮੇਟੀ ਮੈਂਬਰ ਹਰਸ਼ ਧੂਰੀ, ਪ੍ਰਦੀਪ ਕਲੇਰ ਅਤੇ ਸੰਦੀਪ ਬਰੇਟਾ ਖ਼ਿਲਾਫ਼ ਅਦਾਲਤ ਵਿਚ ਚਲਾਨ ਪੇਸ਼ ਕੀਤਾ। ਇਨ੍ਹਾਂ ਤਿੰਨਾਂ ਵਿਅਕਤੀਆਂ ਨੂੰ ਅਜੇ ਤੱਕ ਵਿਸ਼ੇਸ਼ ਜਾਂਚ ਟੀਮ ਗ੍ਰਿਫ਼ਤਾਰ ਨਹੀਂ ਕਰ ਸਕੀ। ਇਸ ਲਈ ਇਲਾਕਾ ਮੈਜਿਸਟਰੇਟ ਨੇ ਇਕ ਸਾਲ ਪਹਿਲਾਂ ਇਨ੍ਹਾਂ ਤਿੰਨਾਂ ਮੈਂਬਰਾਂ ਨੂੰ ਭਗੌੜੇ ਐਲਾਨ ਦਿੱਤਾ ਸੀ ਅਤੇ ਇਨ੍ਹਾਂ ਦੀਆਂ ਜਾਇਦਾਦਾਂ ਕੁਰਕ ਕਰਨ ਲਈ ਕਿਹਾ ਸੀ ਪਰ ਜਾਂਚ ਟੀਮ ਨੂੰ ਇਨ੍ਹਾਂ ਵਿਅਕਤੀਆਂ ਦੀ ਕੋਈ ਜਾਇਦਾਦ ਨਹੀਂ ਮਿਲੀ। ਸੂਚਨਾ ਅਨੁਸਾਰ ਡੇਰੇ ਦੀ ਕੌਮੀ ਕਮੇਟੀ ਦੇ ਇਹ ਤਿੰਨੇ ਮੈਂਬਰ ਘਟਨਾ ਤੋਂ ਬਾਅਦ ਦੇਸ਼ ਵਿਚੋਂ ਬਾਹਰ ਜਾਣ ਵਿਚ ਸਫਲ ਹੋ ਗਏ ਸਨ। ਕੌਮੀ ਕਮੇਟੀ ਮੈਂਬਰਾਂ 'ਤੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ, ਉਸ ਦੇ ਅੰਗ ਗਲੀਆਂ ਵਿਚ ਖਿਲਾਰਨ ਅਤੇ ਇਤਰਾਜ਼ਯੋਗ ਪੋਸਟਰ ਲਾਉਣ ਦੀਆਂ ਘਟਨਾਵਾਂ ਦੀਆਂ ਸਾਜ਼ਿਸ਼ਾਂ ਰਚਣ ਦੇ ਇਲਜ਼ਾਮ ਹਨ।

# ਪੰਜਾਬ ਦੇ ਹਜ਼ਾਰਾਂ ਕਾਸ਼ਤਕਾਰਾਂ ਨੂੰ ਮਿਲੇਗਾ ਜ਼ਮੀਨ ਮਾਲਕੀ ਦਾ ਹੱਕ

**ਨਵੀਂ ਦਿੱਲੀ:** ਜ਼ਮੀਨੀ ਸੁਧਾਰਾਂ ਬਾਰੇ ਨਵੇਂ ਕਾਨੂੰਨ ਤਹਿਤ ਪੰਜਾਬ ਦੇ ਉਨ੍ਹਾਂ 11200 ਤੋਂ ਵੱਧ ਬੇਜ਼ਮੀਨੇ ਕਾਸ਼ਤਕਾਰਾਂ ਨੂੰ ਜ਼ਮੀਨਾਂ ਦੇ ਮਾਲਕਾਨਾ ਹੱਕ ਮਿਲ ਜਾਣਗੇ ਜੋ ਪੀੜ੍ਹੀ ਦਰ ਪੀੜ੍ਹੀ ਚਾਰ ਹਜ਼ਾਰ ਏਕੜ ਤੋਂ ਵੱਧ ਰਕਬੇ 'ਚ ਬਿਜਾਈ ਕਰਦੇ ਆ ਰਹੇ ਸਨ। ਬਕਾਇਆਂ ਦੀ ਅਦਾਇਗੀ ਕਰਨ ਮਗਰੋਂ ਜ਼ਮੀਨਾਂ ਇਨ੍ਹਾਂ ਕਾਸ਼ਤਕਾਰਾਂ ਦੇ ਨਾਂ ਹੋ ਜਾਣਗੀਆਂ ਜੋ ਹੱਡ-ਭੰਨਵੀਂ ਮਿਹਨਤ ਕਰ ਕੇ ਸਾਰਿਆਂ ਲਈ ਅਨਾਜ ਪੈਦਾ ਕਰਨ ਦੇ ਬਾਵਜੂਦ ਆਰਥਿਕ ਅਤੇ ਸਮਾਜਿਕ ਤੌਰ 'ਤੇ ਹਾਲੇ ਤੱਕ ਪਛੜੇ ਹੋਏ ਸਨ।

ਹੁਣ ਇਹ ਨਵਾਂ ਕਾਨੂੰਨ ਇਨ੍ਹਾਂ ਕਾਸ਼ਤਕਾਰਾਂ ਲਈ ਆਸ ਦੀ ਕਿਰਨ ਲਿਆਇਆ ਹੈ। ਇਨ੍ਹਾਂ ਕਾਸ਼ਤਕਾਰਾਂ ਵਿਚਲੀ ਬਹੁਗਿਣਤੀ ਦੇਸ਼ ਦੀ ਵੰਡ ਦੌਰਾਨ ਆਏ ਉਨ੍ਹਾਂ ਲੋਕਾਂ ਦੀ ਹੈ ਜਿਨ੍ਹਾਂ ਨੂੰ ਜ਼ਮੀਨ ਰਸਮੀ ਤੌਰ 'ਤੇ ਅਲਾਟ ਨਹੀਂ ਸੀ ਹੋ ਸਕੀ; ਬਾਅਦ ਵਿਚ ਹੋਰ ਥਾਵਾਂ ਤੋਂ ਪਰਵਾਸ ਕਰ ਕੇ ਆਏ ਲੋਕ ਵੀ ਇਨ੍ਹਾਂ ਵਿਚ ਸ਼ਾਮਲ ਹਨ। ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਪੰਜਾਬ ਅਸੈਂਬਲੀ



ਵੱਲੋਂ ਪਾਸ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸਾਲ 2020 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੇਲੇ ਪੰਜਾਬ ਅਸੈਂਬਲੀ ਵਿਚ ਪੰਜਾਬ ਭੋਂਡੇਦਾਰ, ਬੂਟੇਮਾਰ, ਡੋਹਲੀਦਾਰ, ਇਨਸਾਰ ਮਿਆਦੀ, ਮੁੱਕਰਰੀਦਾਰ, ਮੰਧੀਮਾਰ, ਪਨਾਹੀ ਕਦੀਮੀ, ਸੌਂਜੀਦਾਰ ਜਾਂ ਤਰੱਦਦਕਾਰ (ਮਲਕੀਅਤੀ ਅਧਿਕਾਰ) ਬਿੱਲ 2020 ਪਾਸ ਕੀਤਾ ਗਿਆ ਸੀ।

ਅਧਿਕਾਰੀ ਨੇ ਕਿਹਾ ਕਿ ਰਾਸ਼ਟਰਪਤੀ ਨੇ ਪੰਜਾਬ ਅਸੈਂਬਲੀ ਵੱਲੋਂ ਪਾਸ ਬਿੱਲ ਨੂੰ ਰਸਮੀ ਪ੍ਰਵਾਨਗੀ ਦੇ ਦਿੱਤੀ ਹੈ। ਰਾਸ਼ਟਰਪਤੀ ਦੀ ਇਸ ਪੇਸ਼ਕਦਮੀ ਨਾਲ ਪੰਜਾਬ ਦੇ ਉਨ੍ਹਾਂ 11,200 ਤੋਂ ਵੱਧ ਕਾਸ਼ਤਕਾਰਾਂ ਨੂੰ ਬਕਾਇਆਂ (ਮੁਆਵਜ਼ੇ) ਦੀ ਅਦਾਇਗੀ ਮਗਰੋਂ ਉਨ੍ਹਾਂ ਜ਼ਮੀਨਾਂ ਦੇ ਮਾਲਕਾਨਾ ਹੱਕ ਮਿਲ ਜਾਣਗੇ, ਜੋ ਉਹ ਪਿਛਲੀਆਂ ਕਈ ਪੀੜ੍ਹੀਆਂ ਤੋਂ ਵਾਹ ਰਹੇ ਸਨ। ਅਧਿਕਾਰੀ ਨੇ ਕਿਹਾ ਕਿ ਇਸ ਕਾਨੂੰਨ ਦਾ ਸਭ ਤੋਂ ਵੱਧ ਫਾਇਦਾ ਸਮਾਜ ਦੇ ਆਰਥਿਕ ਤੇ ਸਮਾਜਿਕ ਤੌਰ 'ਤੇ ਕਮਜ਼ੋਰ ਵਰਗਾਂ ਨਾਲ ਸਬੰਧਤ ਕਾਸ਼ਤਕਾਰਾਂ ਨੂੰ ਹੋਵੇਗਾ। ਇਨ੍ਹਾਂ ਕਾਸ਼ਤਕਾਰਾਂ ਨੂੰ ਪਿਛਲੇ ਕਈ ਸਾਲਾਂ ਤੋਂ ਇਹ ਛੋਟੀਆਂ ਜ਼ਮੀਨਾਂ ਵਾਹੁਣ ਦੇ ਅਧਿਕਾਰ ਪੀੜ੍ਹੀ ਦਰ ਪੀੜ੍ਹੀ ਮਿਲੇ ਹੋਏ ਹਨ। ਹਾਲਾਂਕਿ ਜ਼ਮੀਨ ਉਨ੍ਹਾਂ ਦੇ ਨਾਂ 'ਤੇ ਨਾ ਬੋਲਣ ਕਰਕੇ, ਉਨ੍ਹਾਂ ਨੂੰ ਨਾ ਤਾਂ ਵਿੱਤੀ ਸੰਸਥਾਵਾਂ ਤੋਂ ਕਰਜ਼ਾ ਮਿਲਦਾ ਸੀ ਤੇ ਨਾ ਕਿਸੇ ਕੁਦਰਤੀ ਆਫਤ ਮੌਕੇ ਉਹ ਕੋਈ ਮੁਆਵਜ਼ਾ ਲੈਣ ਦੇ ਹੱਕਦਾਰ ਸਨ। ਹੁਣ ਉਨ੍ਹਾਂ ਨੂੰ ਜ਼ਮੀਨ ਮਾਲਕਾਂ ਵਾਂਗ ਸਾਰੇ ਲਾਭ ਮਿਲਣਗੇ।

# ਰਾਸ਼ਟਰਪਤੀ ਵੱਲੋਂ ਬੰਦੀ ਸਿੱਖਾਂ ਦੀ ਰਿਹਾਈ ਬਾਰੇ ਹਾਂ-ਪੱਖੀ ਹੁੰਗਾਰਾ

**ਅੰਮ੍ਰਿਤਸਰ:** ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ ਤੇ ਦੇਸ ਦੀ ਖੁਸ਼ਹਾਲੀ, ਤਰੱਕੀ ਅਤੇ ਸ਼ਾਂਤੀ ਲਈ ਅਰਦਾਸ ਕੀਤੀ। ਉਨ੍ਹਾਂ ਇਤਿਹਾਸਕ ਜਲ੍ਹਿਆਂਵਾਲਾ ਬਾਗ ਵਿਖੇ ਵੀ ਸ਼ਹੀਦੀ ਸਮਾਰਕ 'ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਅੰਮ੍ਰਿਤਸਰ ਦੌਰੇ 'ਤੇ ਰਾਸ਼ਟਰਪਤੀ ਮੁਰਮੂ ਮਗਰੋਂ ਸ੍ਰੀ ਦੁਰਗਿਆਣਾ ਮੰਦਰ ਅਤੇ ਇਤਿਹਾਸਕ ਰਾਮ ਤੀਰਥ ਮੰਦਰ ਵਿਖੇ ਵੀ ਨਤਮਸਤਕ ਹੋਏ। ਇਸ ਦੌਰਾਨ ਸ਼ਹਿਰ ਵਿਚ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਉਨ੍ਹਾਂ ਦੇ ਨਾਲ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ, ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼, ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਤੇ ਹੋਰ ਸ਼ਾਮਲ ਸਨ।



ਸ੍ਰੀ ਦਰਬਾਰ ਸਾਹਿਬ ਪਹੁੰਚਣ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਹੋਰ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਰਾਸ਼ਟਰਪਤੀ ਮੁਰਮੂ ਨੂੰ ਫੁੱਲਾਂ ਦੇ ਗੁਲਦਸਤੇ ਦੇ ਕੇ 'ਜੀ ਆਇਆਂ' ਕਿਹਾ। ਰਾਸ਼ਟਰਪਤੀ ਦੋ ਘੰਟੇ ਤੋਂ ਵੱਧ ਸਮਾਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਰਹੇ। ਉਨ੍ਹਾਂ ਨੇ ਦੇਸ ਵਿਚ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਦੀ ਅਰਦਾਸ ਕੀਤੀ। ਇਸ ਰੂਹਾਨੀ ਅਸਥਾਨ ਬਾਰੇ ਆਪਣੀਆਂ ਭਾਵਨਾਵਾਂ ਦਰਜ ਕਰਦਿਆਂ ਉਨ੍ਹਾਂ ਯਾਤਰੂ ਕਿਤਾਬ ਵਿਚ ਲਿਖਿਆ, "ਇਸ ਪਵਿੱਤਰ ਅਸਥਾਨ 'ਤੇ ਆ ਕੇ ਮੈਂ ਬਹੁਤ ਖੁਸ਼ ਹਾਂ, ਇਹ ਅਸਥਾਨ ਸੁੰਦਰ ਭਵਨ ਉਸਾਰੀ ਕਲਾ ਅਤੇ ਰੂਹਾਨੀ ਸ਼ਾਂਤੀ ਵਾਲਾ ਹੈ, ਜਿੱਥੇ ਸ਼ਾਂਤੀ ਅਤੇ ਆਪਸੀ ਸਦਭਾਵਨਾ ਦੀਆਂ ਭਾਵਨਾਵਾਂ ਉਜਾਗਰ ਹੁੰਦੀਆਂ ਹਨ।"

ਇਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਰਾਸ਼ਟਰਪਤੀ ਦਰੋਪਦੀ ਮੁਰਮੂ ਕੋਲ ਬੰਦੀ ਸਿੱਖਾਂ ਦੀ ਰਿਹਾਈ ਅਤੇ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਲਈ ਬਣਾਏ ਗਏ ਐਕਟ ਨੂੰ ਰੱਦ ਕਰਨ ਦੀ ਮੰਗ ਰੱਖੀ ਹੈ, ਜਿਸ ਦਾ ਰਾਸ਼ਟਰਪਤੀ ਵੱਲੋਂ ਹਾਂ-ਪੱਖੀ ਹੁੰਗਾਰਾ ਦਿੱਤਾ ਗਿਆ ਹੈ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਵਿਚ ਲੰਮੇ ਸਮੇਂ ਤੋਂ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਹੋਰਨਾਂ ਨਾਲ ਮੁਲਾਕਾਤ ਲਈ ਸਮਾਂ ਮੰਗਿਆ ਜਾ ਰਿਹਾ ਸੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਪਣੀਆਂ ਮੰਗਾਂ ਸਬੰਧੀ ਰਾਸ਼ਟਰਪਤੀ ਨੂੰ ਦੋ ਵੱਖ-ਵੱਖ ਮੰਗ ਪੱਤਰ ਦਿੱਤੇ ਅਤੇ ਗੱਲਬਾਤ ਵੀ ਕੀਤੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਰਾਸ਼ਟਰਪਤੀ ਨੇ ਬੜੇ ਸਹਿਜ ਸੁਭਾਅ ਨਾਲ ਉਨ੍ਹਾਂ ਦੀਆਂ ਮੰਗਾਂ ਨੂੰ ਸੁਣਿਆ ਹੈ ਅਤੇ ਹਾਂ-ਪੱਖੀ ਹੁੰਗਾਰਾ ਵੀ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਇਹ ਪਹਿਲਾ ਮੌਕਾ ਹੈ ਕਿ ਰਾਸ਼ਟਰਪਤੀ ਨੇ ਇੰਨਾ ਖੁੱਲ੍ਹਾ ਸਮਾਂ ਦਿੱਤਾ ਅਤੇ ਖੁੱਲ੍ਹ ਕੇ ਗੱਲਬਾਤ ਵੀ ਕੀਤੀ। ਉਨ੍ਹਾਂ ਉਮੀਦ ਪ੍ਰਗਟਾਈ ਹੈ ਕਿ ਰਾਸ਼ਟਰਪਤੀ ਇਨ੍ਹਾਂ ਮੰਗਾਂ ਨੂੰ ਜ਼ਰੂਰ ਪੂਰਾ ਕਰਨਗੇ। ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਵਿਚ ਉਨ੍ਹਾਂ ਕਿਹਾ ਕਿ ਲੰਮੀਆਂ ਸਜ਼ਾਵਾਂ ਭੁਗਤਣ ਦੇ ਬਾਵਜੂਦ ਵੀ ਸਿੱਖ ਬੰਦੀਆਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਇਹ ਮਨੁੱਖੀ ਅਧਿਕਾਰਾਂ ਦਾ ਵੱਡਾ ਉਲੰਘਣ ਹੈ। ਰਾਸ਼ਟਰਪਤੀ ਪਾਸੋਂ ਮੰਗ ਕੀਤੀ ਗਈ ਕਿ ਉਹ ਇਸ ਮਾਮਲੇ ਵਿਚ ਦਖ਼ਲ ਦੇਣ ਅਤੇ ਸਰਕਾਰ ਨੂੰ ਬੰਦੀ ਸਿੱਖ ਰਿਹਾਅ ਕਰਨ ਲਈ ਆਦੇਸ਼ ਜਾਰੀ ਕਰਨ। ਦੂਸਰੇ ਮੰਗ ਪੱਤਰ ਵਿਚ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਐਕਟ 2014 ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ।

## ਦਸਤਖ਼ਤੀ ਮੁਹਿੰਮ 'ਤੇ ਹਰਸਿਮਰਤ ਨੇ ਕੀਤੇ ਦਸਤਖ਼ਤ

**ਤਲਵੰਡੀ ਸਾਬੋ:** ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ੁਰੂ ਕੀਤੀ ਗਈ ਦਸਤਖ਼ਤੀ ਮੁਹਿੰਮ ਵਿਚ ਬਠਿੰਡਾ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਨੇ ਸ਼ਾਮਲ ਹੁੰਦਿਆਂ ਇਥੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸਥਾਪਿਤ ਕਾਊਂਟਰ 'ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਬਣਾਏ ਪ੍ਰੋਫਾਰਮੇ 'ਤੇ ਦਸਤਖ਼ਤ ਕੀਤੇ। ਇਸ ਤੋਂ ਪਹਿਲਾਂ ਉਹ ਤਖ਼ਤ ਸ੍ਰੀ ਦਮਦਮਾ ਸਾਹਿਬ ਨਤਮਸਤਕ ਵੀ ਹੋਏ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਸਦ ਮੈਂਬਰ ਨੇ ਬੰਦੀ ਸਿੰਘਾਂ ਦੀ ਰਿਹਾਈ ਨਾ ਹੋਣ ਸਬੰਧੀ ਕੇਂਦਰ ਦੀ ਭਾਜਪਾ ਸਰਕਾਰ ਦੇ ਨਾਲ ਦਿੱਲੀ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਵੀ ਨਿਸ਼ਾਨੇ ਸਾਧੇ। ਉਨ੍ਹਾਂ ਕਿਹਾ ਕਿ ਜਿਥੇ ਕੇਂਦਰ ਸਰਕਾਰ ਬੰਦੀ ਸਿੰਘਾਂ ਦੀ ਰਿਹਾਈ ਜਾਣਬੁਝ ਕੇ ਲਟਕਾ ਰਹੀ ਹੈ, ਉਥੇ ਹੀ ਦਿੱਲੀ ਸਰਕਾਰ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੇ ਦਸਤਾਵੇਜ਼ਾਂ 'ਤੇ ਦਸਤਖ਼ਤ ਨਹੀਂ ਕਰ ਰਹੀ। ਇਸ ਲਈ ਇਹ ਦੋਵੇਂ ਸਰਕਾਰਾਂ ਕਸੂਰਵਾਰ ਹਨ।

## ਅੰਮ੍ਰਿਤਪਾਲ ਸਿੰਘ ਦਾ ਸਾਥੀ ਹਵਾਈ ਅੱਡੇ ਤੋਂ ਗ੍ਰਿਫਤਾਰ



**ਅੰਮ੍ਰਿਤਸਰ:** ਸ੍ਰੀ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ 'ਤੇ 'ਵਾਰਿਸ ਪੰਜਾਬ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਕਥਿਤ ਸੋਸ਼ਲ ਮੀਡੀਆ ਹੈਂਡਲਰ ਗੁਰਿੰਦਰਪਾਲ ਸਿੰਘ ਔਜਲਾ ਨੂੰ ਇੰਗਲੈਂਡ ਜਾਣ ਸਮੇਂ ਹਵਾਈ ਅੱਡੇ ਦੇ ਅਧਿਕਾਰੀਆਂ ਨੇ ਕਾਬੂ ਕਰ ਕੇ ਪੁਲਿਸ ਹਵਾਲੇ ਕਰ ਦਿੱਤਾ ਹੈ। ਇਹ ਵਿਅਕਤੀ ਯੂਕੇ ਆਧਾਰਿਤ ਪਰਵਾਸੀ ਭਾਰਤੀ ਹੈ ਅਤੇ ਜਲੰਧਰ ਪੁਲਿਸ ਨੂੰ ਲੋੜੀਂਦਾ ਸੀ। ਉਹ ਏਅਰ ਇੰਡੀਆ ਦੀ ਉਡਾਣ ਰਾਹੀਂ ਲੰਡਨ ਜਾ ਰਿਹਾ ਸੀ। ਵੇਰਵਿਆਂ ਅਨੁਸਾਰ ਜਲੰਧਰ ਦੀ ਸਦਰ ਪੁਲਿਸ ਨੇ ਫਰਵਰੀ ਵਿਚ ਉਸ ਖ਼ਿਲਾਫ਼ ਸੋਸ਼ਲ ਮੀਡੀਆ 'ਤੇ ਹਥਿਆਰ ਦਿਖਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਸੀ। ਉਹ ਗ੍ਰਿਫ਼ਤਾਰੀ ਤੋਂ ਬਚ ਰਿਹਾ ਸੀ ਤੇ ਪੁਲਿਸ ਨੇ ਉਸ ਦੇ ਖ਼ਿਲਾਫ਼ ਲੁੱਕਆਊਟ ਸਰਕੂਲਰ ਐਲ.ਓ.ਸੀ. ਜਾਰੀ ਕਰ ਦਿੱਤੀ ਸੀ। ਪੁਲਿਸ ਨੇ ਉਸ ਦਾ ਮੋਬਾਈਲ ਜ਼ਬਤ ਕਰ ਲਿਆ ਹੈ।

## ਆਨੰਦਪੁਰ ਸਾਹਿਬ ਨਿਹੰਗ ਕਤਲ ਕਾਂਡ ਨੇ ਲਿਆ ਨਵਾਂ ਮੋੜ

**ਨੂਰਪੁਰ ਬੇਦੀ:** ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਦੌਰਾਨ ਨਿਹੰਗ ਪਰਦੀਪ ਸਿੰਘ ਦੇ ਕਤਲ ਮਾਮਲੇ ਨੇ ਨਵਾਂ ਮੋੜ ਲੈ ਲਿਆ ਹੈ। ਇਸ ਝੜਪ ਵਿਚ ਜ਼ਖ਼ਮੀ ਹੋਏ ਸਤਬੀਰ ਸਿੰਘ, ਜੋ ਪੀ.ਜੀ.ਆਈ. ਵਿਚ ਜੇਰੇ ਇਲਾਜ ਹੈ, ਦੀ ਪਤਨੀ ਗੁਰਵਿੰਦਰ ਕੌਰ ਨੇ ਕਿਹਾ ਕਿ ਉਸ ਨੂੰ ਪਰਦੀਪ ਸਿੰਘ ਦੀ ਮੌਤ ਦਾ ਅਫਸੋਸ ਹੈ ਪਰ ਪਰਦੀਪ ਨੇ ਹੀ ਪਹਿਲਾਂ ਉਸ ਦੇ ਪਤੀ 'ਤੇ ਕਿਰਪਾਨਾਂ ਨਾਲ ਹਮਲਾ ਕੀਤਾ ਸੀ।

ਉਸ ਨੇ ਦੱਸਿਆ ਕਿ ਪਰਦੀਪ ਨੇ ਸਤਬੀਰ ਦੇ ਦੋਵੇਂ ਹੱਥ ਵੱਢੇ, ਬਾਂਹ ਨੂੰ ਨੁਕਸਾਨ ਪਹੁੰਚਾਇਆ ਅਤੇ ਲੱਤਾਂ 'ਤੇ ਡੰਡੇ ਮਾਰੇ ਸਨ। ਗੁਰਵਿੰਦਰ ਅਨੁਸਾਰ ਪਰਦੀਪ ਨੇ ਆਪਣੇ ਕੀਤੇ ਲਈ ਸਤਬੀਰ ਤੋਂ ਮੁਆਫੀ ਵੀ ਮੰਗੀ ਸੀ। ਉਸ ਨੇ ਕਿਹਾ ਕਿ ਪਰਦੀਪ 'ਤੇ ਹਮਲਾ ਉਥੇ ਮੌਜੂਦ ਭੀੜ ਵੱਲੋਂ ਕੀਤਾ ਗਿਆ ਹੈ, ਜਦਕਿ ਉਸ ਦਾ ਪਤੀ ਉਸ ਵੇਲੇ ਜ਼ਖ਼ਮੀ ਸੀ। ਗੁਰਵਿੰਦਰ ਨੇ ਮੀਡੀਆ 'ਤੇ ਵੀ ਇਕਪਾਸੜ ਖ਼ਬਰਾਂ ਦਿਖਾਉਣ ਦੇ ਦੋਸ਼ ਲਗਾਏ। ਉਸ ਵੱਲੋਂ ਮੰਗ ਕੀਤੀ ਗਈ ਹੈ ਕਿ ਇਸ ਕੇਸ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਈ ਜਾਵੇ। ਪਿੰਡ ਉਪਰਲੀ ਨਲਹੋਟੀ ਵਾਸੀਆਂ ਨੇ ਕਿਹਾ ਕਿ ਸਤਬੀਰ ਦਾ ਪਿਤਾ ਨਿਰੰਜਨ ਸਿੰਘ ਘਟਨਾ ਵੇਲੇ ਪਿੰਡ ਸੀ, ਪਰ ਪੁਲਿਸ ਨੇ ਉਸ 'ਤੇ ਵੀ ਪਰਚਾ ਦਰਜ ਕਰ ਦਿੱਤਾ ਹੈ। ਪਰਦੀਪ ਸਿੰਘ ਦੇ ਕਾਤਲਾਂ ਨੂੰ ਫੜਨ ਲਈ ਪੁਲਿਸ ਵੱਲੋਂ ਤਿੰਨ ਟੀਮਾਂ ਬਣਾਈਆਂ ਗਈਆਂ ਹਨ। ਡੀ.ਐਸ.ਪੀ. ਅਜੇ ਸਿੰਘ ਨੇ ਦੱਸਿਆ ਕਿ ਪੀ.ਜੀ.ਆਈ. ਵਿਚ ਜੇਰੇ ਇਲਾਜ ਸਤਬੀਰ ਸਿੰਘ ਦੇ ਬਿਆਨ ਦਰਜ ਕਰਨ ਮਗਰੋਂ ਅਗਲੀ ਕਾਰਵਾਈ ਕੀਤੀ ਜਾਵੇਗੀ। ਹੁਣ ਤੱਕ ਕੁੱਲ 7 ਨੌਜਵਾਨਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ।




## ਗੁਰੂ ਘਰ 'ਤੇ ਹਮਲੇ ਦੀ ਸਾਜ਼ਿਸ਼ ਘੜਨ ਦੇ ਦੋਸ਼ ਹੇਠ ਸਿੱਖ ਆਗੂ ਗ੍ਰਿਫਤਾਰ

**ਨਿਊ ਯਾਰਕ:** ਅਮਰੀਕਾ ਦੇ ਕੈਲੀਫੋਰਨੀਆ ਵਿਚ ਕਈ ਲੋਕਾਂ ਨੂੰ ਗੋਲੀਆਂ ਮਾਰਨ ਅਤੇ ਇਕ ਪ੍ਰਸਿੱਧ ਗੁਰਦੁਆਰੇ ਨੂੰ ਅੱਗ ਲਾਉਣ ਲਈ ਕਥਿਤ ਭਾੜੇ ਦੇ ਲੋਕਾਂ ਨੂੰ ਰੱਖਣ ਦੀ ਕੋਸ਼ਿਸ਼ ਦੇ ਦੋਸ਼ ਹੇਠ ਭਾਰਤੀ ਮੂਲ ਦੇ ਇਕ ਸਿੱਖ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਮੀਡੀਆ ਰਿਪੋਰਟਾਂ ਵਿਚ ਇਹ ਜਾਣਕਾਰੀ ਦਿੱਤੀ ਗਈ। ਬੇਕਰਸਫੀਲਡ.ਕੌਮ ਪੋਰਟਲ ਦੀ ਖ਼ਬਰ ਮੁਤਾਬਕ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਖਾਲਸਾ ਦਰਬਾਰ ਨੂੰ ਕਥਿਤ ਤੌਰ 'ਤੇ ਨਿਸ਼ਾਨਾ ਬਣਾਉਣ ਅਤੇ ਜਾਇਦਾਦ ਨੂੰ ਅੱਗ ਲਾਉਣ ਨੂੰ ਲੈ ਕੇ ਬੇਕਰਸਫੀਲਡ ਸਿਟੀ ਕੌਂਸਲ ਦੇ ਸਾਬਕਾ ਉਮੀਦਵਾਰ ਰਾਜਵੀਰ ਰਾਜ ਸਿੰਘ ਗਿੱਲ (60) ਨੂੰ ਲੰਘੀ 4 ਮਾਰਚ ਨੂੰ ਗ੍ਰਿਫਤਾਰ ਕੀਤਾ ਗਿਆ। ਖ਼ਬਰ ਵਿਚ ਦੱਸਿਆ ਗਿਆ ਕਿ ਗਿੱਲ ਦੀ ਰਿਹਾਇਸ਼ 'ਤੇ ਅਧਿਕਾਰੀਆਂ ਨੇ ਤਲਾਸ਼ੀ ਵਾਰੰਟ ਤਾਮੀਲ ਕੀਤਾ ਸੀ ਜਿਸ ਮਗਰੋਂ ਉਸ ਨੂੰ ਛੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ। ਬੇਕਰਸਫੀਲਡ ਪੁਲਿਸ ਵਿਭਾਗ ਨੇ ਦੱਸਿਆ ਕਿ ਗਿੱਲ ਨੇ ਗੁਰਦੁਆਰੇ ਨੂੰ ਅੱਗ ਲਾਉਣ ਅਤੇ ਆਪਣੇ ਨਾਲ ਵਿਵਾਦ ਵਾਲੇ ਲੋਕਾਂ ਨੂੰ ਗੋਲੀ ਮਾਰਨ ਲਈ ਕੁਝ ਲੋਕਾਂ ਨੂੰ ਮੋਟੀ ਰਕਮ ਦੀ ਪੇਸ਼ਕਸ਼ ਦੀ ਕੋਸ਼ਿਸ਼ ਕੀਤੀ ਸੀ। ਗਿੱਲ ਨੇ 2022 ਵਿਚ ਸਿਟੀ ਕੌਂਸਲ ਵਾਰਡ 7 ਦੀ ਚੋਣ ਮਨਪ੍ਰੀਤ ਕੌਰ ਖ਼ਿਲਾਫ਼ ਲੜਨ ਦੀ ਕੋਸ਼ਿਸ਼ ਕੀਤੀ। ਮਨਪ੍ਰੀਤ ਕੌਰ ਚੋਣ ਜਿੱਤ ਗਈ ਸੀ ਅਤੇ ਉਹ ਬੇਕਰਸਫੀਲਡ ਸਿਟੀ ਕੌਂਸਲ ਲਈ ਚੁਣੀ ਗਈ ਪਹਿਲੀ ਪੰਜਾਬੀ ਔਰਤ ਹੈ। ਇਸ ਮੁੱਦੇ ਬਾਰੇ ਮਨਪ੍ਰੀਤ ਕੌਰ ਨੇ ਕਿਹਾ, "ਮੈਂ ਕਥਿਤ ਦੋਸ਼ਾਂ ਬਾਰੇ ਜਾਣਦੀ ਹਾਂ। ਮੈਨੂੰ ਭਰੋਸਾ ਹੈ ਕਿ ਬੇਕਰਸਫੀਲਡ ਪੁਲਿਸ ਵਿਭਾਗ ਸਾਡੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਲਈ ਕੰਮ ਕਰ ਰਿਹਾ ਹੈ ਅਤੇ ਮਾਮਲੇ ਨੂੰ ਢੁਕਵੇਂ ਤਰੀਕੇ ਨਾਲ ਹੱਲ ਕਰੇਗਾ।"

## ਕਹਾਣੀਕਾਰ ਸੁਖਜੀਤ ਨੂੰ ਸਾਹਿਤ ਅਕਾਦਮੀ ਪੁਰਸਕਾਰ




**ਨਵੀਂ ਦਿੱਲੀ:** ਸਾਲ 2022 ਦੇ 24 ਭਾਸ਼ਾਵਾਂ ਦੇ ਸਾਹਿਤ ਅਕਾਦਮੀ ਪੁਰਸਕਾਰ ਦਿੱਲੀ ਦੇ ਕਮਾਨੀ ਆਡੀਟੋਰੀਅਮ ਵਿਚ ਵੰਡੇ ਗਏ। ਪੰਜਾਬੀ ਭਾਸ਼ਾ ਵਿਚ ਇਸ ਵਾਰ ਦਾ ਪੁਰਸਕਾਰ ਕਹਾਣੀਕਾਰ ਸੁਖਜੀਤ ਨੂੰ ਉਨ੍ਹਾਂ ਦੀ ਕਿਤਾਬ 'ਮੈਂ ਅਯਨਘੋਸ਼ ਨਹੀਂ' ਲਈ ਦਿੱਤਾ ਗਿਆ। ਕਹਾਣੀਕਾਰ ਨੂੰ ਇਕ ਲੱਖ ਰੁਪਏ ਤੇ ਟਰਾਫੀ ਸਨਮਾਨ ਵਜੋਂ ਦਿੱਤੇ ਗਏ। ਪੁਰਸਕਾਰ ਵੰਡਣ ਦੀ ਰਸਮ ਨਵੇਂ ਚੁਣੇ ਗਏ ਚੇਅਰਮੈਨ ਮਾਧਵ ਕੌਸ਼ਿਕ ਤੇ ਮੀਤ ਚੇਅਰਮੈਨ ਲੇਖਿਕਾ ਕੁਮੁਦ ਸ਼ਰਮਾ ਨੇ ਨਿਭਾਈ। ਇਸੇ ਤਰ੍ਹਾਂ ਅੰਗਰੇਜ਼ੀ ਭਾਸ਼ਾ ਵਿਚ ਅਨੁਰਾਧਾ ਰਾਇ, ਗੁਜਰਾਤੀ ਵਿਚ ਗੁਲ ਮੁਹੰਮਦ ਸ਼ੇਖ, ਹਿੰਦੀ ਵਿਚ ਬਦਰੀ ਨਰਾਇਣ, ਕਸ਼ਮੀਰੀ ਲਈ ਫ਼ਾਰੂਕ ਫਯਾਜ਼, ਰਾਜਸਥਾਨੀ ਵਿਚ ਕਮਲ ਰੰਗਾ ਤੇ ਉਰਦੂ ਭਾਸ਼ਾ ਲਈ ਅਨੀਸ ਅਸ਼ਫਾਕ ਨੂੰ ਪੁਰਸਕਾਰ ਦਿੱਤਾ ਗਿਆ। ਇਸ ਤੋਂ ਪਹਿਲਾਂ ਕੇਂਦਰੀ ਸਭਿਆਚਾਰ ਮੰਤਰੀ ਅਰਜੁਨ ਰਾਮ ਮੇਘਵਾਲ ਵੱਲੋਂ ਅਕਾਦਮੀ ਦੀ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ ਗਿਆ। ਇਸ ਵਿਚ ਅਕਾਦਮੀ ਦੀਆਂ ਸਾਹਿਤਕ ਖੇਤਰ ਵਿਚ ਸਰਗਰਮੀਆਂ ਨੂੰ ਪੇਸ਼ ਕੀਤਾ ਗਿਆ।

# ਮੁਹਾਲੀ ਮੋਰਚਾ: ਹਾਈ ਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਨੋਟਿਸ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਚੰਡੀਗੜ੍ਹ-ਮੁਹਾਲੀ ਦੀ ਹੱਦ 'ਤੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਸਬੰਧੀ ਧਰਨਾ ਲਗਾ ਕੇ ਬੈਠੇ ਪ੍ਰਦਰਸ਼ਨਕਾਰੀਆਂ ਨੂੰ ਉਠਾਉਣ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪੰਜਾਬ ਸਰਕਾਰ ਅਤੇ ਹੋਰ ਜ਼ਿੰਮੇਵਾਰ ਅਥਾਰਿਟੀਆਂ ਨੂੰ ਨੋਟਿਸ ਜਾਰੀ ਕੀਤਾ ਹੈ। ਪਟੀਸ਼ਨ ਦਾਖ਼ਲ ਕਰਨ ਵਾਲੀ ਸੰਸਥਾ ਅਰਾਈਵ ਸੇਫ ਸੁਸਾਇਟੀ ਆਫ ਚੰਡੀਗੜ੍ਹ ਨੇ ਹਾਈ ਕੋਰਟ ਵਿਚ ਦਲੀਲ ਦਿੱਤੀ ਹੈ ਕਿ ਉਨ੍ਹਾਂ ਨੂੰ ਪਤਾ ਲੱਗਿਆ ਹੈ ਕਿ ਪ੍ਰਦਰਸ਼ਨਕਾਰੀ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਕੇਸ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਸਮੇਤ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਕਰ ਰਹੇ ਹਨ। ਇਸ ਤੋਂ ਇਲਾਵਾ ਉਹ 1993 ਦੇ ਦਿੱਲੀ ਬੰਬ ਧਮਾਕੇ ਦੇ ਦੋਸ਼ੀ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਚਾਹੁੰਦੇ ਹਨ। ਇਹ ਪਟੀਸ਼ਨ ਜਸਟਿਸ ਅਗਸਟੀਨ ਜਾਰਜ ਮਸੀਹ ਅਤੇ ਜਸਟਿਸ ਗੁਰਬੀਰ ਸਿੰਘ ਦੇ ਡਿਵੀਜ਼ਨ ਬੈਂਚ ਦੇ ਸਾਹਮਣੇ ਰੱਖੀ ਗਈ। ਹੁਣ ਇਸ 'ਤੇ ਅਗਲੀ ਸੁਣਵਾਈ



22 ਮਾਰਚ ਨੂੰ ਹੋਵੇਗੀ, ਜਦੋਂ ਪੰਜਾਬ ਅਤੇ ਯੂਟੀ ਬੈਂਚ ਨੂੰ ਧਰਨਾ ਚੁਕਾਉਣ ਲਈ ਚੁੱਕੇ ਜਾਣ ਵਾਲੇ ਕਦਮਾਂ ਜਾਂ ਪ੍ਰਸਤਾਵਿਤ ਸੁਝਾਵਾਂ ਬਾਰੇ ਜਾਣੂ ਕਰਵਾਉਣਗੇ। ਬੈਂਚ ਨੇ ਯੂਟੀ ਨੂੰ ਪਾਰਟੀ-ਜਵਾਬਦੇਹ ਬਣਾਉਣ ਦੇ ਵੀ ਨਿਰਦੇਸ਼ ਦਿੱਤੇ ਹਨ।

ਐਨ.ਜੀ.ਓ. ਦੇ ਪ੍ਰਧਾਨ ਹਰਮਨ ਸਿੰਘ ਸਿੱਧੂ ਨੇ ਅਦਾਲਤ ਨੂੰ ਦਲੀਲ ਦਿੱਤੀ ਕਿ ਕੋਈ ਨਹੀਂ ਤੈਅ ਕਰ ਸਕਦਾ ਕਿ ਲੋਕਾਂ ਦਾ ਇੰਨਾ ਵੱਡਾ ਇਕੱਠ ਕਦੋਂ ਅਤੇ ਕਿਨ੍ਹਾਂ ਹਾਲਾਤਾਂ ਵਿਚ ਹਿੰਸਕ ਹੋ ਸਕਦਾ ਹੈ ਅਤੇ ਇਹ ਵਿਰੋਧ ਪ੍ਰਦਰਸ਼ਨ 'ਬੇਕਸੂਰ ਰਾਹਗੀਰਾਂ ਦੀ ਸ਼ਾਂਤੀ ਅਤੇ ਸਦਭਾਵਨਾ ਨੂੰ ਭੰਗ ਕਰਨ ਵਾਲੀ ਕਾਨੂੰਨਹੀਣ ਭੀੜ ਦਾ ਰੂਪ ਲੈ ਸਕਦਾ ਹੈ, ਜਿਹੜੇ ਆਪਣੇ ਰੋਜ਼ਾਨਾ ਦੇ ਕੰਮਾਂ ਵਿਚ ਲੱਗੇ ਹੋਏ ਹਨ ਜਾਂ ਮੁਹਾਲੀ ਅਤੇ ਨੇੜਲੇ ਇਲਾਕਿਆਂ ਵਿਚ ਆਪਣੀ ਜਾਇਦਾਦ ਵਿਚ ਰਹਿੰਦੇ ਹਨ।' ਇਸ ਨੂੰ 'ਮਹੱਤਵਪੂਰਨ ਮੁੱਦਾ' ਦੱਸਦਿਆਂ ਸਿੱਧੂ ਨੇ ਕਿਹਾ ਕਿ ਹਾਈ ਕੋਰਟ ਨੂੰ ਇਸ ਮਾਮਲੇ ਸਬੰਧੀ ਸਮੇਂ ਸਿਰ ਦਖ਼ਲ ਦੇਣ ਦੀ ਲੋੜ ਹੈ। ਸਿੱਧੂ ਨੇ ਕਿਹਾ ਕਿ ਅਖ਼ਬਾਰਾਂ ਵਿਚ ਇਹ ਖ਼ਬਰਾਂ ਆਈਆਂ ਹਨ ਕਿ ਜਦੋਂ ਸਿੱਖ ਕੈਦੀਆਂ ਜਾਂ 'ਬੰਦੀ ਸਿੰਘਾਂ' ਦੀ ਰਿਹਾਈ ਦੀ ਮੰਗ ਕਰ ਰਹੇ ਪ੍ਰਦਰਸ਼ਨਕਾਰੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਚੰਡੀਗੜ੍ਹ ਸਥਿਤ ਰਿਹਾਇਸ਼ ਵੱਲ ਵਧ ਰਹੇ ਸਨ ਤਾਂ ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਮੁਲਾਜ਼ਮਾਂ ਵਿਚਾਲੇ ਝੜਪ ਹੋਈ। ਇਸ ਦੌਰਾਨ ਮੁਹਾਲੀ ਜ਼ਿਲ੍ਹੇ ਦੇ 11 ਪੁਲਿਸ ਜਵਾਨ ਜ਼ਖ਼ਮੀ ਹੋਏ, ਜਿਨ੍ਹਾਂ ਨੂੰ ਮੁਹਾਲੀ ਦੇ ਫੇਜ਼-6 ਦੇ ਸਰਕਾਰੀ ਹਸਪਤਾਲ ਵਿਚ ਇਲਾਜ ਲਈ ਭਰਤੀ ਕਰਵਾਇਆ ਗਿਆ ਹੈ। ਜ਼ਖ਼ਮੀਆਂ ਵਿਚ ਸੱਤ ਮਹਿਲਾ ਪੁਲਿਸ ਕਰਮਚਾਰੀ ਵੀ ਸ਼ਾਮਲ ਹਨ।

# ਸ. ਹਰਜੀਤ ਸਿੰਘ ਢੇਸੀ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ

**ਡੈਲਸ:** 12 ਫ਼ਰਵਰੀ, ਡੈਲਸ ਵਾਸੀ ਢੇਸੀ ਪਰਿਵਾਰ ਦੀ ਜ਼ਿੰਦਗੀ ਦਾ ਉਹ ਮਾੜਾ ਦਿਨ ਸੀ ਜਦੋਂ ਤਕਰੀਬਨ ਸਵੇਰੇ 8 ਵਜੇ ਪਰਿਵਾਰ ਦੇ ਮੁਖੀ ਤੇ ਡੈਲਸ ਦੇ ਸਿੱਖ ਭਾਈਚਾਰੇ ਦੀ ਨਾਮਵਰ ਸ਼ਖ਼ਸੀਅਤ ਸ. ਹਰਜੀਤ ਸਿੰਘ ਢੇਸੀ ਦੇ ਸਦੀਵੀ ਵਿਛੋੜੇ ਦੀ ਖਬਰ ਪਰਿਵਾਰ ਨੂੰ ਮਿਲੀ। ਸ. ਢੇਸੀ ਦੇ ਦੇਹਾਂਤ ਨਾਲ ਜਿੱਥੇ ਪਰਿਵਾਰ ਨੂੰ ਡੂੰਘਾ ਸਦਮਾ ਲੱਗਾ ਉਥੇ ਹੀ ਪੰਜਾਬੀ ਸਿੱਖ ਭਾਈਚਾਰੇ ਨੂੰ ਵੀ ਵੱਡਾ ਘਾਟਾ ਪਿਆ। ਹਿਊਸਟਨ ਦੇ ਬਹੁਤ ਸਾਰੇ ਸਿੱਖ ਪਰਿਵਾਰਾਂ ਲਈ ਇਹ ਖਬਰ ਬਹੁਤ ਸੋਗਮਈ ਸੀ। ਸ. ਢੇਸੀ ਹਮੇਸ਼ਾ ਸਮਾਜ ਸੇਵਾ ਦੇ ਕੰਮਾਂ 'ਚ ਵਧ-ਚੜ੍ਹ ਕੇ ਹਿੱਸਾ ਲੈਂਦੇ ਸਨ ਤੇ ਬਹੁਤ ਹੀ ਮਿੱਠ ਬੋਲੜੇ ਤੇ ਸਹਿਜ ਸੁਭਾਅ ਦੇ ਮਾਲਕ ਸਨ। ਭਾਈਚਾਰੇ ਦੇ ਲੋਕਾਂ ਵਿਚ ਉਨ੍ਹਾਂ ਦਾ ਖਾਸ ਨਾਂ ਸੀ ਤੇ ਉਨ੍ਹਾਂ ਦੇ ਅਚਾਨਕ ਅਕਾਲ ਚਲਾਣੇ ਨਾਲ ਸਭ ਨੂੰ ਸਦਮਾ ਲੱਗਿਆ।

ਡੈਲਸ ਦੇ ਸਾਰੇ ਗੁਰੂ ਘਰਾਂ, ਸਾਰੀਆਂ ਸਮਾਜਿਕ ਤੇ ਸੱਭਿਆਚਾਰਕ ਸੰਸਥਾਵਾਂ ਵੱਲੋਂ





20 ਫਰਵਰੀ ਨੂੰ ਬੇਮਿਸਾਲ ਇਕੱਠ ਰਾਹੀਂ ਸ. ਢੇਸੀ ਦੀ ਮ੍ਰਿਤਕ ਦੇਹ ਨੂੰ ਸੇਜਲ ਅੱਖਾਂ ਨਾਲ ਅੰਤਮ ਵਿਦਾਇਗੀ ਦਿੱਤੀ। ਇਸ ਮੌਕੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਤੋਂ ਇਲਾਵਾ, ਸਤਿਕਾਰਤ ਸ਼ਖਸੀਅਤਾਂ, ਰਾਜਾ ਸਿੰਘ ਨਿੱਝਰ, ਹਿਊਸਟਨ ਤੋਂ ਸ. ਅਜੀਤ ਸਿੰਘ (ਮਾਨ ਅਕਾਲੀ ਦਲ) ਤੇ ਡਾ. ਹਰਦਮ ਸਿੰਘ ਆਜ਼ਾਦ, ਕੈਲੀਫੋਰਨੀਆ ਤੋਂ ਡਾ. ਪ੍ਰਿਤਪਾਲ ਸਿੰਘ, ਸ. ਸੁਰਿੰਦਰ ਸਿੰਘ ਗਿੱਲ, ਵਰਜੀਨੀਆ ਤੋਂ ਸ. ਪਵਨ ਸਿੰਘ, ਸ. ਗੁਰਸ਼ਰਨ ਸਿੰਘ ਬਗ਼ਲੀ, ਹਿਊਸਟਨ ਤੋਂ ਸੰਪੂਰਨ ਸਿੰਘ ਨੇ ਆਪਣੇ ਪਿਆਰੇ ਤੇ ਹਮਦਰਦ ਦੋਸਤ ਤੇ ਰਿਸ਼ਤੇਦਾਰ ਸ.ਹਰਜੀਤ ਸਿੰਘ ਢੇਸੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

# ਕੈਲਗਰੀ ਵਿੱਚ 'ਦਿੱਲੀ ਰੋਡ ਤੇ ਇੱਕ ਹਾਦਸਾ' ਦਾ ਸਫਲ ਮੰਚਨ

**ਕੈਲਗਰੀ:** ਉਘੀ ਥੀਏਟਰ ਕਲਾਕਾਰ ਤੇ ਪੰਜਾਬੀ ਫਿਲਮਾਂ ਦੀ ਅਦਾਕਾਰਾ ਅਨੀਤਾ ਸਬਦੀਸ਼ ਵਲੋਂ ਪਾਲੀ ਭੁਪਿੰਦਰ ਸਿੰਘ ਦੇ ਲ਼ਿਖੇ ਨਾਟਕ 'ਦਿੱਲੀ ਰੋਡ ਤੇ ਇੱਕ ਹਾਦਸਾ' ਦਾ ਸਫਲ ਪ੍ਰਦਰਸ਼ਨ ਕੀਤਾ ਗਿਆ। ਸੈਂਟਰਲ ਲਾਇਬ੍ਰੇਰੀ ਕੈਲਗਰੀ ਡਾਊਨਟਾਊਨ ਦੇ ਦਰਸ਼ਕਾਂ ਨਾਲ਼ ਖਚਾ-ਖਚ ਭਰੇ ਥੀਏਟਰ ਵਿਚ ਦਰਸ਼ਕਾਂ ਨੇ ਸਾਹ ਰੋਕ ਕੇ ਇਕ ਘੰਟਾ ਅਨੀਤਾ ਦੀ ਕਮਾਲ ਦੀ ਕਲਾਕਾਰੀ ਦਾ ਅਨੰਦ ਮਾਣਿਆ। ਇਹ ਸੋਲੋ ਨਾਟਕ ਸੀ, ਜਿਸ ਵਿਚ ਅਨੀਤਾ ਨੇ ਵੱਖ-ਵੱਖ ਔਰਤਾਂ ਦੇ ਕਿਰਦਾਰ ਨਿਭਾਏ ਅਤੇ ਸਮਾਜ ਵਿਚ ਔਰਤਾਂ ਦੇ ਹਾਲਾਤ ਦੀ ਵੇਦਨਾ ਨੂੰ ਪ੍ਰਗਟ ਕੀਤਾ। ਬੇਸ਼ੱਕ ਨਾਟਕ ਦਾ ਵਿਸ਼ਾ ਕਾਫੀ ਗੰਭੀਰ ਸੀ, ਪਰ ਦਰਸ਼ਕਾਂ ਨੇ ਸਾਰਾ ਨਾਟਕ ਬੜੀ ਨੀਝ ਨਾਲ਼ ਦੇਖਿਆ।

'ਪ੍ਰੋਗਰੈਸਿਵ ਕਲਚਰਲ਼ ਐਸੋਸੀਏਸ਼ਨ ਕੈਲਗਰੀ' ਅਤੇ 'ਸਿੱਖ ਵਿਰਸਾ ਇੰਟਰਨੈਸ਼ਨਲ' ਵਲੋਂ ਇਹ ਸਮਾਗਮ 8 ਮਾਰਚ ਦੇ 'ਕੌਮਾਂਤਰੀ ਨਾਰੀ ਦਿਵਸ' ਅਤੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀਆਂ 23 ਮਾਰਚ ਦੀਆਂ ਸ਼ਹੀਦੀਆਂ ਨੂੰ ਸਮਰਪਿਤ ਕੀਤਾ ਗਿਆ ਸੀ। ਇਸ ਮੌਕੇ ਕੈਮਲੂਪਸ ਤੋਂ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਲੇਖਕ, ਨਾਟਕ ਨਿਰਦੇਸ਼ਕ ਤੇ ਆਲੋਚਕ ਡਾ. ਸੁਰਿੰਦਰ ਧੰਜਲ ਨੇ 'ਕੌਮਾਂਤਰੀ ਨਾਰੀ ਦਿਵਸ ਦੀ ਸਭਿਆਚਾਰਕ ਮਹੱਤਤਾ' ਵਿਸ਼ੇ 'ਤੇ ਭਾਸ਼ਣ ਦਿੱਤਾ। ਉਨ੍ਹਾਂ ਨੇ ਦਰਸ਼ਕਾਂ ਨੂੰ ਅਪੀਲ ਕਰਦਿਆਂ ਕਿਹਾ, 'ਸਾਨੂੰ ਨਾਰੀ ਵਿਰੋਧੀ ਸਭਿਆਚਾਰ ਦੇ ਬਦਲ ਵਜੋਂ ਆਪਣੀਆਂ ਪੰਜਾਬੀ ਬੋਲੀਆਂ ਨੂੰ ਬੰਦ ਕਰ ਕੇ ਨਵੀਆਂ ਬੋਲੀਆਂ ਪ੍ਰਚੱਲਤ ਕਰਨੀਆਂ ਚਾਹੀਦੀਆਂ ਹਨ। ਸਾਨੂੰ ਪੰਜਾਬੀ ਬੋਲੀ, 'ਨੀ ਮੈਂ ਸੱਸ ਕੁੱਟਣੀ, ਕੁੱਟਣੀ ਸੰਦੂਕਾਂ ਓਹਲੇ' ਦੀ ਥਾਂ ਇਹ ਬੋਲੀ ਪ੍ਰਚੱਲਤ ਕਰਨੀ ਚਾਹੀਦੀ ਹੈ, 'ਨੀ ਮੈਂ ਸੱਸ ਰੱਖਣੀ, ਰੱਖਣੀ ਮਾਂ ਬਣਾ ਕੇ'। ਵਿਅੰਗਮਈ ਲਹਿਜ਼ੇ ਵਿਚ ਗੱਲ ਨੂੰ ਅੱਗੇ ਤੋਰਦਿਆਂ, ਧੰਜਲ ਸਾਹਿਬ ਕਹਿੰਦੇ ਹਨ, 'ਜੇ ਸੱਸ ਖਰਾਬੀ ਕਰਦੀ ਹੋਵੇ ਤਾਂ ਸੰਦੂਕਾਂ ਓਹਲੇ ਕਿਉਂ, ਸ਼ਰੇਆਮ ਸਭ ਦੇ ਸਾਹਮਣੇ ਕੁੱਟਣੀ ਚਾਹੀਦੀ ਹੈ?' ਇਸ ਮੌਕੇ ਡਾ. ਧੰਜਲ ਦੀ ਕਿਤਾਬ 'ਦੀਵੇ ਜਗਦੇ ਰਹਿਣ' ਨੂੰ ਡਾ. ਧੰਜਲ, ਮਾਸਟਰ ਭਜਨ ਸਿੰਘ, ਪ੍ਰੋ. ਗੋਪਾਲ ਜੱਸਲ, ਸੁਖਵੀਰ ਗਰੇਵਾਲ਼, ਗੁਰਦੀਪ ਕੌਰ ਪਰਹਾਰ, ਕੁਸੁਮ



ਸ਼ਰਮਾ, ਰਿਸ਼ੀ ਨਾਗਰ, ਮਿਸਿਜ਼ ਮਾਨ ਵਲੋਂ ਰਿਲੀਜ਼ ਕੀਤਾ ਗਿਆ। ਡਾ. ਧੰਜਲ ਨੂੰ ਸਮਾਗਮ



ਦੀਆਂ ਪ੍ਰਬੰਧਕੀ ਸੰਸਥਾਵਾਂ ਵਲੋਂ ਕਿਤਾਬਾਂ ਦਾ ਸੈਟ ਭੇਟ ਕਰ ਕੇ ਸਨਮਾਨਿਤ ਕੀਤਾ ਗਿਆ।

ਕੈਲਗਰੀ ਵਿਚ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਤੇ ਖੇਡਾਂ ਨਾਲ ਜੋੜਨ ਲਈ ਪਿਛਲੇ ਕਈ ਸਾਲਾਂ ਤੋਂ ਸੁਖਵੀਰ ਗਰੇਵਾਲ ਦੀ ਅਗਵਾਈ ਹੇਠ ਚੱਲ ਰਹੇ 'ਯੰਗਸਤਾਨ ਕੈਲਗਰੀ' ਦੇ ਬੱਚਿਆਂ ਸਲੋਨੀ ਗੌਤਮ, ਕੀਰਤ ਕੌਰ ਧਾਰਨੀ ਅਤੇ ਪ੍ਰਭਰੂਪ ਸਿੰਘ ਮਾਂਗਟ ਵਲੋਂ ਨਾਰੀ ਦਿਵਸ ਨੂੰ ਸਮਰਪਿਤ ਗੀਤ ਤੇ ਕਵਿਤਾਵਾਂ ਪੜ੍ਹੀਆਂ ਗਈਆਂ। ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਮੁੱਖ ਕਲਾਕਾਰ ਕਮਲਪ੍ਰੀਤ ਪੰਧੇਰ ਨੇ ਸਟੇਜ ਸਕੱਤਰ ਦੀਆਂ ਸੇਵਾਵਾਂ ਬਾਖੂਬੀ ਨਿਭਾਈਆਂ ਅਤੇ ਕਿਹਾ, 'ਸਾਨੂੰ ਔਰਤਾਂ ਦੇ ਹੱਕਾਂ ਬਾਰੇ ਵੱਡੇ-ਵੱਡੇ ਲੈਕਚਰ ਦੀ ਥਾਂ ਘਰਾਂ ਵਿਚ ਆਪਣੀਆਂ ਮਾਵਾਂ, ਭੈਣਾਂ, ਧੀਆਂ, ਪਤਨੀਆਂ ਨੂੰ ਆਦਰ ਸਤਿਕਾਰ ਦੇਣ ਦੇ ਨਾਲ਼-ਨਾਲ਼ ਘਰੇਲੂ ਕੰਮਾਂ ਵਿਚ ਉਨ੍ਹਾਂ ਦਾ ਸਹਿਯੋਗ ਕਰਨਾ ਚਾਹੀਦਾ ਹੈ।' ਗਾਇਕ ਹਰਜੀਤ ਗਿੱਲ ਵਲੋਂ ਡਾ. ਸੁਰਿੰਦਰ ਧੰਜਲ ਦਾ ਗੀਤ 'ਜੇ ਤੇਰਾ ਦਿਲ ਪੱਥਰ ਦਾ ਹੈ, ਅੱਖ ਦਾ ਭਰਨਾ ਡੁੱਲਣਾ ਕੀ' ਸੁਰੀਲੀ ਆਵਾਜ਼ ਵਿਚ ਪੇਸ਼ ਕੀਤਾ।

**ਮਾਸਟਰ ਭਜਨ ਸਿੰਘ ਨੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਵਲੋਂ ਦਰਸ਼ਕਾਂ ਨੂੰ ਇਕ ਵਾਰ ਫਿਰ ਭਾਰੀ ਹੁੰਗਾਰਾ ਦੇਣ ਦੇ ਨਾਲ਼-ਨਾਲ਼ ਮੀਡੀਆ ਅਦਾਰਿਆਂ ਦਾ ਧੰਨਵਾਦ ਕੀਤਾ। ਜੋ ਹਰੇਕ ਪ੍ਰੋਗਰਾਮ ਨੂੰ ਕਵਰ ਕਰਨ ਲਈ ਪੂਰਨ ਸਹਿਯੋਗ ਦਿੰਦੇ ਹਨ। ਅਨੀਤਾ ਸਬਦੀਸ਼ ਦਾ ਡਾ. ਧੰਜਲ, ਹਰਚਰਨ ਸਿੰਘ ਪਰਹਾਰ ਅਤੇ ਮਾਸਟਰ ਭਜਨ ਸਿੰਘ ਵਲੋਂ ਕਿਤਾਬਾਂ ਦਾ ਸੈਟ ਭੇਟ ਕਰ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਬੰਧਕਾਂ ਦੀ ਅਪੀਲ 'ਤੇ ਦਰਸ਼ਕਾਂ ਨੇ ਅਨੀਤਾ ਸਬਦੀਸ਼ ਦੀ ਦਿਲ ਖੋਲ੍ਹ ਕੇ ਆਰਥਿਕ ਮਦਦ ਕੀਤੀ। ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੇ ਵਾਲੰਟੀਅਰਜ਼ ਵਲੋਂ ਕਿਤਾਬਾਂ ਦਾ ਸਟਾਲ ਵੀ ਲਗਾਇਆ ਗਿਆ।**

# ਲਹਿੰਦੇ ਪੰਜਾਬ ਵਿਚ ਪੰਜਾਬੀਆਂ ਨੇ ਧੂਮ-ਧਾਮ ਨਾਲ ਮਨਾਇਆ 'ਪੰਜਾਬੀ ਸੱਭਿਆਚਾਰ ਦਿਵਸ'

## ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਹੋਏ ਸੈਮੀਨਾਰ

**ਅੰਮ੍ਰਿਤਸਰ, (ਬਿਊਰੋ)** ਲਾਹੌਰ ਤੋਂ 'ਪੰਜਾਬੀ ਪ੍ਰਚਾਰ ਟੀ.ਵੀ.' ਦੇ ਸੰਚਾਲਕ ਅਹਿਮਦ ਰਜ਼ਾ ਪੰਜਾਬੀ ਕੋਲੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਲਹਿੰਦੇ ਪੰਜਾਬ ਦੇ ਵੱਖ-





ਵੱਖ ਸ਼ਹਿਰਾਂ ਅਤੇ ਪਿੰਡਾਂ ਵਿਚ 'ਪੰਜਾਬੀ ਸੱਭਿਆਚਾਰ ਦਿਵਸ' ਬੜੇ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਪੰਜਾਬ ਵਿਚ ਵੱਖ-ਵੱਖ ਥਾਵਾਂ 'ਤੇ ਹੋਏ ਇਨ੍ਹਾਂ ਜਸ਼ਨਾਂ ਵਿਚ ਪੰਜਾਬੀ ਆਰਗੇਨਾਈਜ਼ੇਸ਼ਨਾਂ, ਵਿਦਿਆਰਥੀਆਂ, ਨੌਜੁਆਨਾਂ, ਵਕੀਲਾਂ ਅਤੇ ਕਈ ਸਮਾਜਿਕ ਤੇ ਸੱਭਿਆਚਾਰਕ ਸੰਸਥਾਵਾਂ ਨੇ ਧੂਮ-ਧਾਮ ਨਾਲ ਭਾਗ ਲਿਆ।

ਇੱਥੇ ਜ਼ਿਕਰਯੋਗ ਹੈ ਕਿ ਦੇਸੀ ਮਹੀਨੇ ਦੇ ਪਹਿਲੇ ਮਹੀਨੇ ਚੇਤਰ ਦੇ ਪਹਿਲੇ ਦਿਨ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦਾ ਇਹ ਵਿਸ਼ੇਸ਼ ਦਿਨ ਲਹਿੰਦੇ ਪੰਜਾਬ ਦੇ ਸਮੂਹ ਪੰਜਾਬੀਆਂ ਵੱਲੋਂ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ ਅਤੇ ਇਸ ਸਾਲ ਇਹ 14 ਮਾਰਚ ਦਿਨ ਮੰਗਲਵਾਰ ਨੂੰ ਸਾਰੇ ਪੰਜਾਬ ਵਿਚ ਮਨਾਇਆ ਗਿਆ। ਪੰਜਾਬ ਦੇ ਵੱਖ-ਵੱਖ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਇਸ ਸਬੰਧੀ ਸੈਮੀਨਾਰ ਕੀਤੇ ਗਏ ਅਤੇ ਸਕੂਲਾਂ ਵਿਚ ਵੀ ਵਿਦਿਆਰਥੀਆਂ ਨੂੰ ਇਸ ਦਿਨ ਦੀ ਅਹਿਮੀਅਤ ਬਾਰੇ ਜਾਣਕਾਰੀ ਦਿੱਤੀ ਗਈ।

ਅਹਿਮਦ ਰਜ਼ਾ ਨੇ ਦੱਸਿਆ ਕਿ ਪੰਜਾਬੀ ਸੱਭਿਆਚਾਰ ਨਾਲ ਜੁੜੇ ਇਸ ਦਿਨ ਨੂੰ ਮਨਾਉਣ ਦੀ ਸ਼ੁਰੂਆਤ ਕਰਨ ਲਈ 'ਪੰਜਾਬੀ ਪ੍ਰਚਾਰ ਆਰਗੇਨਾਈਜ਼ੇਸ਼ਨ' ਦੇ ਕੁਝ ਮੈਂਬਰ 2020 ਦੇ ਫ਼ਰਵਰੀ ਮਹੀਨੇ ਉਸ ਸਮੇਂ ਦੇ ਮਨਿਸਟਰ ਆਫ਼ ਕਲਚਰ ਜਨਾਬ ਖ਼ਿਆਲ ਅਹਿਮਦ ਕਾਸਤਰੋ ਨੂੰ ਮਿਲੇ ਅਤੇ ਉਨ੍ਹਾਂ ਨੂੰ ਇਸ ਸਬੰਧੀ ਬੇਨਤੀ ਕੀਤੀ ਗਈ ਜੋ ਉਨ੍ਹਾਂ ਵੱਲੋਂ ਤੁਰੰਤ ਪ੍ਰਵਾਨ ਕਰ ਲਈ ਗਈ। ਮਨਿਸਟਰ ਕਾਸਤਰੋ ਨੇ ਉਸੇ ਦਿਨ ਪੰਜਾਬ ਸਰਕਾਰ ਵੱਲੋਂ ਸਬੰਧਿਤ ਮਹਿਕਮਿਆਂ ਨੂੰ ਇਹ ਸੱਭਿਆਚਾਰਕ ਦਿਨ ਮਨਾਉਣ ਲਈ ਨੋਟੀਫ਼ਿਕੇਸ਼ਨ ਜਾਰੀ ਕਰਵਾ ਦਿੱਤਾ ਅਤੇ ਸਾਲ 2020 ਤੋਂ ਇਹ ਦਿਨ ਪਹਿਲੀ ਚੇਤਰ ਨੂੰ ਮਨਾਉਣਾ ਆਰੰਭ ਹੋ ਗਿਆ।

ਇਸ ਦਿਨ ਨੂੰ ਮਨਾਉਣ ਲਈ ਲਾਹੌਰ, ਫ਼ੈਸਲਾਬਾਦ, ਕਸੂਰ, ਸ਼ੇਖ਼ੂਪੁਰਾ, ਮੁਲਤਾਨ, ਫ਼ਰੂਕਾਬਾਦ, ਨਾਰੋਵਾਲ ਅਤੇ ਪੰਜਾਬ ਦੇ ਕਈ ਹੋਰ ਸ਼ਹਿਰਾਂ ਤੇ ਪਿੰਡਾਂ ਵਿਚ ਪੰਜਾਬੀ ਪਹਿਰਾਵੇ ਵਿਚ ਪੂਰੀ ਤਰ੍ਹਾਂ ਸੱਜ ਕੇ, ਪੈਰੀਂ ਖੁੱਸੇ ਪਾ ਕੇ ਅਤੇ ਸਿਰਾਂ 'ਤੇ ਸ਼ਮਲੇ ਵਾਲੀਆਂ ਪੱਗਾਂ ਬੰਨ੍ਹ ਕੇ ਪੰਜਾਬੀ ਨੌਜੁਆਨ ਢੋਲ ਦੇ ਤਾਲ 'ਤੇ ਪੂਰੇ ਵਜਦ ਵਿਚ ਆ ਕੇ ਭੰਗੜੇ ਪਾਉਂਦੇ ਵੇਖੇ ਗਏ। ਕਈ ਥਾਈਂ ਸਕੂਲੀ ਵਿਦਿਆਰਥੀਆਂ ਅਤੇ ਹੋਰ ਬੱਚਿਆਂ ਨੇ ਭੰਗੜੇ ਵਿਚ ਉਨ੍ਹਾਂ ਦਾ ਖ਼ੂਬ ਸਾਥ ਦਿੱਤਾ।

ਪੰਜਾਬ ਟਾਈਮਜ਼

ਸਨਿਚਰਵਾਰ, 18 ਮਾਰਚ 2023

## ਨੀਤੀਆਂ ਅਤੇ ਸਰਕਾਰ ਦੀ ਨੀਤ

ਭਾਰਤ ਵਿਚ ਜਿਸ ਤਰ੍ਹਾਂ ਦੇ ਹਾਲਾਤ ਬਣ ਰਹੇ ਹਨ, ਉਸ ਨਾਲ ਸਰਕਾਰ ਦੀਆਂ ਨੀਤੀਆਂ ਉਤੇ ਵੱਡੇ ਸਵਾਲੀਆ ਨਿਸ਼ਾਨ ਲੱਗਣੇ ਸ਼ੁਰੂ ਹੋ ਗਏ ਹਨ। ਮੁਲਕ ਵਿਚ ਇਸ ਵਕਤ ਵਧ ਰਹੀ ਮਹਿੰਗਾਈ ਵੱਡਾ ਮੁੱਦਾ ਬਣਿਆ ਹੋਇਆ ਹੈ। ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਡਿਪਟੀ ਗਵਰਨਰ ਵਿਰਲ ਆਚਾਰੀਆ ਦਾ ਦਾਅਵਾ ਹੈ ਕਿ ਮੁਲਕ ਦੇ ਪੰਜ ਮੁੱਖ ਸਨਅਤੀ ਅਦਾਰੇ ਆਪਣੀਆਂ ਵਸਤਾਂ ਅਤੇ ਸੇਵਾਵਾਂ ਦੂਸਰਿਆਂ ਅਦਾਰਿਆਂ ਨਾਲੋਂ ਬਹੁਤ ਮਹਿੰਗੇ ਭਾਅ ਵੇਚਦੇ ਹਨ, ਇਸੇ ਕਾਰਨ ਮਹਿੰਗਾਈ ਲਗਾਤਾਰ ਵਧ ਰਹੀ ਹੈ। ਇਹ ਇਸ਼ਾਰਾ ਰਿਲਾਇੰਸ, ਟਾਟਾ, ਆਦਿੱਤਿਆ ਬਿਰਲਾ ਗਰੁੱਪ, ਅਡਾਨੀ ਗਰੁੱਪ ਅਤੇ ਭਾਰਤੀ ਟੈਲੀਕਾਮ ਵੱਲ ਸੀ। ਵਿਰਲ ਆਚਾਰੀਆ ਬੁਨਿਆਦੀ ਤੌਰ 'ਤੇ ਅਰਥ ਸ਼ਾਸਤਰੀ ਹੈ ਅਤੇ ਵਿਦੇਸ਼ਾਂ ਦੀਆਂ ਕਈ ਯੂਨੀਵਰਸਿਟੀਆਂ ਵਿਚ ਅਰਥ ਸ਼ਾਸਤਰ ਦਾ ਪ੍ਰੋਫੈਸਰ ਰਿਹਾ ਹੈ। 2017 ਵਿਚ ਉਸ ਨੂੰ ਤਿੰਨ ਸਾਲਾਂ ਲਈ ਭਾਰਤੀ ਰਿਜ਼ਰਵ ਬੈਂਕ ਦਾ ਡਿਪਟੀ ਗਵਰਨਰ ਲਾਇਆ ਗਿਆ ਸੀ ਪਰ ਉਸ ਨੇ 2019 ਵਿਚ ਆਪਣੇ ਅਹੁਦੇ ਦੀ ਮਿਆਦ ਖ਼ਤਮ ਹੋਣ ਤੋਂ 6 ਮਹੀਨੇ ਪਹਿਲਾਂ ਹੀ ਅਸਤੀਫ਼ਾ ਦੇ ਦਿੱਤਾ ਸੀ। ਆਚਾਰੀਆ ਨੇ ਕਿਹਾ ਹੈ ਕਿ ਹੁਣ ਅਜਿਹੀ ਸਨਅਤੀ ਨੀਤੀ ਅਪਣਾਈ ਜਾ ਰਹੀ ਹੈ ਜਿਵੇਂ ਇਨ੍ਹਾਂ ਗਰੁੱਪਾਂ ਨੂੰ 'ਸੈਮਸੰਗ' ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੋਵੇ। ਯਾਦ ਰਹੇ ਕਿ 1960ਵਿਆਂ ਵਿਚ ਦੱਖਣੀ ਕੋਰੀਆ ਵਿਚ ਕੁਝ ਅਮੀਰ ਘਰਾਣਿਆਂ ਨੂੰ ਉਤਸ਼ਾਹਿਤ ਕਰਨਾ ਸ਼ੁਰੂ ਕੀਤਾ ਗਿਆ ਸੀ। ਇਹ ਨੀਤੀ ਰਾਸ਼ਟਰਪਤੀ ਪਾਰਕ ਚੰਗ ਲੀ ਦੇ ਰਾਜਕਾਲ (1962-1979) ਦੌਰਾਨ ਅਪਣਾਈ ਗਈ। ਇਸ ਨੀਤੀ ਅਨੁਸਾਰ ਹੁੰਡਈ, ਸੈਮਸੰਗ, ਐੱਲ.ਜੀ., ਐੱਸ.ਕੇ. ਅਤੇ ਕੁਝ ਹੋਰ ਕੰਪਨੀਆਂ ਨੂੰ ਦੂਸਰੀਆਂ ਕੰਪਨੀਆਂ ਦੇ ਮੁਕਾਬਲੇ ਜ਼ਿਆਦਾ ਸਹੂਲਤਾਂ ਤੇ ਕਰਜ਼ੇ ਦੇ ਕੇ ਬਹੁਤ ਵੱਡੀਆਂ ਕੰਪਨੀਆਂ ਬਣਾਇਆ ਗਿਆ। ਨੀਤੀ ਦਾ ਸਾਰ ਇਹ ਸੀ ਕਿ ਬਹੁਤ ਵੱਡੀਆਂ ਕੰਪਨੀਆਂ ਮੁਲਕ ਵਿਚ ਤਰੱਕੀ ਦੇ ਇੰਜਣ ਬਣਨਗੀਆਂ। ਹੁਣ ਭਾਰਤ ਵਿਚ ਵੀ ਅਜਿਹੀਆਂ ਕੰਪਨੀਆਂ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ।

ਦੱਖਣੀ ਕੋਰੀਆ ਅਤੇ ਭਾਰਤ ਦੇ ਸਨਅਤੀ ਘਰਾਣਿਆਂ ਵਿਚ ਵੱਡਾਫਰਕ ਹੈ। ਦੱਖਣੀ ਕੋਰੀਆ ਦੀਆਂ ਕੰਪਨੀਆਂ ਨੇ ਖੋਜ ਕਾਰਜ ਵਿਚ ਵੱਡੀ ਪੱਧਰ 'ਤੇ ਪੈਸੇ ਲਗਾਏ ਅਤੇ ਸੰਸਾਰ ਪੱਧਰ ਦੇ ਉਤਪਾਦ ਪੈਦਾ ਕੀਤੇ। ਭਾਰਤ ਦੀਆਂ ਕੰਪਨੀਆਂ ਖੋਜ ਕਾਰਜਾਂ ਵਿਚ ਪੈਸਾ ਲਗਾਉਣ ਤੋਂ ਝਿਜਕਦੀਆਂ ਹਨ। ਬਹੁਤ ਸਾਰੇ ਕੰਮਾਂ ਅਤੇ ਵਿਕਾਸ ਲਈ ਵਿਦੇਸ਼ੀ ਤਕਨਾਲੋਜੀ ਉਧਾਰੀ ਲੈ ਲਈ ਜਾਂਦੀ ਹੈ ਅਤੇ ਦੇਸੀ ਤਕਨਾਲੋਜੀ ਉੱਨਤ ਹੀ ਨਹੀਂ ਕੀਤੀ ਗਈ। ਵੱਡੇ ਸਨਅਤਕਾਰਾਂ ਨੇ ਯੂਨੀਵਰਸਿਟੀਆਂ ਅਤੇ ਖੋਜ ਅਦਾਰਿਆਂ ਨਾਲ ਵੀ ਬਹੁਤ ਘੱਟ ਸਾਂਝ ਪਾਈ ਹੈ। ਉਂਝ ਵੀ, ਦੱਖਣੀ ਕੋਰੀਆ ਦੇ ਮੁਕਾਬਲੇ ਭਾਰਤ ਖੇਤੀ ਪ੍ਰਧਾਨ ਮੁਲਕ ਹੈ ਜਿਸ ਦੀ 50 ਫ਼ੀਸਦੀ ਵਸੋਂ ਅਜੇ ਵੀ ਖੇਤੀ ਅਤੇ ਖੇਤੀ ਨਾਲ ਸਬੰਧਿਤ ਕਿੱਤਿਆਂ 'ਤੇ ਨਿਰਭਰ ਹੈ।

ਭਾਰਤ ਦਾ ਹਾਲ ਹੁਣ ਇਹ ਹੈ ਕਿ ਖੇਤੀ ਖੇਤਰ ਵੱਡੇ ਸੰਕਟ ਵਿਚੋਂ ਲੰਘ ਰਿਹਾ ਹੈ। ਚਾਰ ਸਾਲ ਪਹਿਲਾਂ ਕੇਂਦਰ ਸਰਕਾਰ ਨੇ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਲਾਗੂ ਕਰਦਿਆਂ ਖੇਤੀ ਕਰਨ ਵਾਲੇ ਪਰਿਵਾਰਾਂ ਨੂੰ 6000 ਰੁਪਏ ਸਾਲਾਨਾ ਦੇਣ ਦਾ ਐਲਾਨ ਕੀਤਾ ਸੀ। ਇਹ ਰਾਹਤ ਤਿੰਨ ਕਿਸ਼ਤਾਂ ਵਿਚ ਦਿੱਤੀ ਜਾਂਦੀ ਹੈ। ਯੋਜਨਾ ਦੇ ਪਹਿਲੀ ਦਸੰਬਰ 2018 ਤੋਂ ਲਾਗੂ ਕੀਤੇ ਜਾਣ ਤੋਂ ਬਾਅਦ ਲਾਭਪਾਤਰੀਆਂ ਦੀ ਗਿਣਤੀ ਵਧਣ ਲੱਗੀ। ਦੂਜੇ ਬੰਨੇ ਸਰਕਾਰ ਨੇ 2023-24 ਦੇ ਬਜਟ ਵਿਚ ਇਸ ਸਕੀਮ ਲਈ ਰੱਖੇ ਫੰਡਾਂ ਵਿਚ 6000 ਕਰੋੜ ਰੁਪਏ ਦੀ ਕਟੌਤੀ ਕਰ ਦਿੱਤੀ ਹੈ। ਉਂਝ ਵੀ ਇਹ ਯੋਜਨਾ ਹਮੇਸ਼ਾ ਹੀ ਵਿਵਾਦਾਂ ਵਿਚ ਰਹੀ ਹੈ। ਖੇਤੀ ਮਾਹਿਰਾਂ ਦਾ ਕਹਿਣਾ ਹੈ ਜੇ ਸਰਕਾਰ ਇਨ੍ਹਾਂ ਪੈਸਿਆਂ ਦਾ ਇਸਤੇਮਾਲ ਕਣਕ ਅਤੇ ਝੋਨੇ ਦੇ ਨਾਲ ਨਾਲ ਕੁਝ ਹੋਰ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੇਣ ਲਈ ਕਰੇ ਤਾਂ ਕਿਸਾਨਾਂ ਨੂੰ ਜ਼ਿਆਦਾ ਫ਼ਾਇਦਾ ਹੋਵੇਗਾ। ਇਸ ਨਾਲ ਖੇਤੀ ਵਿਚ ਵੰਨ-ਸਵੰਨਤਾ ਵਧੇਗੀ ਅਤੇ ਕਿਸਾਨ ਆਪਣੇ ਉੱਦਮ ਨਾਲ ਇਸ ਸਕੀਮ ਤੋਂ ਮਿਲਦੀ ਸਹਾਇਤਾ ਨਾਲੋਂ ਕਿਤੇ ਜ਼ਿਆਦਾ ਲਾਭ ਪ੍ਰਾਪਤ ਕਰ ਸਕਣਗੇ। ਅਸਲ ਵਿਚ ਅਜਿਹੀਆਂ ਯੋਜਨਾਵਾਂ ਸਿਆਸੀ ਲਾਹਾ ਲੈਣ ਲਈ ਲਾਗੂ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਦਾ ਸਬੰਧਿਤ ਖੇਤਰ ਨਾਲ ਕੋਈ ਤੁਅੱਲਕ ਨਹੀਂ ਹੁੰਦਾ। ਅਜਿਹੀਆਂ ਨੀਤੀਆਂ ਨਾਲ ਲੋੜਵੰਦ ਵਰਗਾਂ ਨੂੰ ਤੁਰੰਤ ਲਾਭ ਤਾਂ ਮਿਲਦਾ ਹੈ ਪਰ ਖੇਤਰ ਵਿਚ ਸਥਾਈ ਤਰੱਕੀ ਨਹੀਂ ਹੁੰਦੀ।

ਭਾਰਤੀ ਜਨਤਾ ਪਾਰਟੀ ਨੇ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਕਿ 2022 ਤਕ ਉਨ੍ਹਾਂ ਦੀ ਆਮਦਨ ਦੁੱਗਣੀ ਹੋ ਜਾਵੇਗੀ। ਜੇ ਇਹ ਵਾਅਦਾ ਅਮਲੀ ਰੂਪ ਵਿਚ ਪੂਰਾ ਕੀਤਾ ਜਾਂਦਾ ਤਾਂ ਅਜਿਹੀ ਯੋਜਨਾ ਦੀ ਜ਼ਰੂਰਤ ਨਹੀਂ ਸੀ ਰਹਿਣੀ। ਹਾਲਾਤ ਇਹ ਹਨ ਕਿ ਖੇਤੀ ਵਿਚ ਕੰਮ ਆਉਣ ਵਾਲੀਆਂ ਵਸਤਾਂ, ਖਾਦਾਂ, ਕੀਟਨਾਸ਼ਕਾਂ, ਮਸ਼ੀਨਾਂ ਆਦਿ ਮਹਿੰਗੇ ਹੋ ਰਹੇ ਹਨ ਜਿਸ ਕਾਰਨ ਕਿਸਾਨਾਂ ਦੀ ਆਮਦਨ ਅਮਲੀ ਰੂਪ ਵਿਚ ਘਟ ਰਹੀ ਹੈ। ਪਿਛਲੇ ਸਮੇਂ ਵਿਚ ਆਲੂ, ਪਿਆਜ਼ ਤੇ ਸਬਜ਼ੀਆਂ ਦੇ ਕਾਸ਼ਤਕਾਰਾਂ ਨੂੰ ਵੱਡੇ ਨੁਕਸਾਨ ਹੋਏ ਹਨ। ਹੁਣ ਸਵਾਲਾਂ ਦਾ ਸਵਾਲ ਇਹ ਹੈ ਕਿ ਅਜਿਹੀਆਂ ਨੀਤੀਆਂ ਕਿਉਂ ਨਹੀਂ ਬਣਾਉਂਦੀ ਜਿਨ੍ਹਾਂ ਨਾਲ ਮੁਲਕ ਦੇ ਲੋਕ ਆਤਮ-ਨਿਰਭਰ ਹੋਣ ਅਤੇ ਨਾਲ ਦੀ ਨਾਲ ਮੁਲਕ ਦੀ ਤਰੱਕੀ ਵਿਚ ਹੋਰ ਯੋਗਦਾਨ ਪਾਉਣ। ਅਸਲ ਵਿਚ ਜਦੋਂ ਤੋਂ ਭਾਰਤ ਦੀਆਂ ਸਿਆਸੀ ਜਮਾਤਾਂ ਦਾ ਸਾਰਾ ਧਿਆਨ ਚੋਣਾਂ ਲੜਨ ਅਤੇ ਜਿੱਤਣ ਵੱਲ ਲੱਗਣ ਲੱਗਿਆ ਹੈ, ਉਦੋਂ ਤੋਂ ਹੀ ਵੱਖ-ਵੱਖ ਸਿਆਸੀ ਧਿਰਾਂ ਲੋਕ-ਲੁਭਾਊ ਸਕੀਮਾਂ ਉਤੇ ਹੀ ਵਧੇਰੇ ਜ਼ੋਰ ਦੇ ਰਹੀਆਂ ਹਨ। ਜਿੱਥੋਂ ਤੱਕ ਖੇਤੀ ਨੀਤੀ ਦਾ ਸਬੰਧ ਹੈ, ਖੇਤੀ ਮਾਹਿਰ ਲਗਾਤਾਰ ਕਹਿ ਰਹੇ ਹਨ ਕਿ ਜੇ ਸਾਰੀਆਂ ਫਸਲਾਂ ਦੀ ਖਰੀਦ ਘੱਟੋ-ਘੱਟ ਸਮਰਥਨ ਮੁੱਲ ਅਨੁਸਾਰ ਹੋਵੇ ਤਾਂ ਇਸ ਨਾਲ ਖੇਤੀ ਸੰਕਟ ਨੂੰ ਠੱਲ੍ਹ ਤਾਂ ਪਵੇਗੀ ਹੀ, ਇਸ ਨਾਲ ਖੇਤੀ ਅੰਦਰ ਵੰਨ-ਸਵੰਨਤਾ ਵੀ ਵਧੇਗੀ। ਇਸ ਵਕਤ ਕੇਂਦਰ ਸਰਕਾਰ 23 ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਐਲਾਨਦੀ ਹੈ ਪਰ ਇਨ੍ਹਾਂ ਵਿਚੋਂ ਸਿਰਫ ਦੋ ਫਸਲਾਂ (ਕਣਕ ਤੇ ਚੌਲ) ਦੀ ਖਰੀਦ ਹੀ ਸਰਕਾਰ ਘੱਟੋ-ਘੱਟ ਸਮਰਥਨ ਮੁੱਲ 'ਤੇ ਕਰਦੀ ਹੈ।ਕਣਕ ਅਤੇ ਚੋਲਾਂ ਦੀ ਸਰਕਾਰੀ ਵੀ ਸਿਰਫ ਪੰਜਾਬ ਤੇ ਹਰਿਆਣਾ ਅਤੇ ਉਤਰ ਪ੍ਰਦੇਸ਼ ਦੇ ਕੁਝ ਜ਼ਿਲ੍ਹਿਆਂ ਵਿਚ ਹੀ ਹੁੰਦੀ ਹੈ। ਇਸ ਲਈ ਹੁਣ ਲੋੜ ਨਵੇਂ ਸਿਰਿਓਂ ਨੀਤੀਆਂ ਦੀ ਵਿਉਂਤਬੰਦੀ ਕਰਨ ਦੀ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਕਿਹੜੇ ਪਏ ਰਾਹ ਯਾਰੋ?

ਸੁਣੇ ਗੱਲ ਔਲਾਦ ਨਾ ਮਾਪਿਆਂ ਦੀ, ਪੈਂਦਾ ਗਲ਼ ਪ੍ਰਸ਼ਾਸਨ ਦੇ ਫਾਹ ਯਾਰੋ।
ਪੱਟੀ ਮੇਸ'ਤੀ ਵਿਰਸੇ ਇਤਿਹਾਸ ਵਾਲੀ, ਫੁਕਰਪੁਣੇ ਦੇ ਪੈ ਗਏ ਨੇ ਰਾਹ ਯਾਰੋ।
'ਸਿੱਟੇ' ਉਸਦੇ ਐਸੇ ਹੀ ਨਿਕਲਣੇ ਸੀ, ਗੰਦੀ ਗਾਇਕੀ ਦਾ ਪਿਆ ਜੋ ਗਾਹ ਯਾਰੋ।
ਅੱਗੇ ਦਿਸੇ ਸੁਧਾਰ ਦੀ ਆਸ ਕੋਈ ਨਾ, ਮਾੜੇ ਆਉਂਦੇ ਨੇ ਦਿਨ ਤੇ ਮਾਹ ਯਾਰੋ।
ਸੱਤ ਬਿਗਾਨੀਆਂ ਇੱਜ਼ਤਾਂ ਦੇ ਰਾਖਿਆਂ ਨੇ, ਲੋਈ ਸ਼ਰਮ ਦੀ ਸੁੱਟੀ ਏ ਲਾਹ ਯਾਰੋ।
'ਮਿੱਠਤ ਨੀਵੀਂ' ਦੀ ਬਾਣੀ ਭੁਲਾਇ ਛੱਡੀ, ਬੁਰਛਾਗਰਦੀ ਦਾ ਲੱਗਿਆ ਪਾਹ ਯਾਰੋ।

# ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ ਬਨਾਮ ਕਾਮੇਡੀ ਸ਼ੋਅ

**ਐਤਕੀਂ ਪੰਜਾਬ ਦੀ 'ਆਪ' ਸਰਕਾਰ ਨੇ ਵਿਧਾਨ ਸਭਾ ਵਿਚ ਆਪਣਾ ਪਹਿਲਾ ਪੂਰਨ ਬਜਟ ਪੇਸ਼ ਕੀਤਾ। ਅਸੈਂਬਲੀ ਚੋਣਾਂ ਤੋਂ ਪਹਿਲਾਂ ਜਿਸ ਤਰ੍ਹਾਂ ਦੇ ਵਾਅਦੇ ਅਤੇ ਦਾਅਵੇ 'ਆਪ' ਕਰਦੀ ਰਹੀ ਹੈ, ਉਸ ਤੋਂ ਆਸ ਕੀਤੀ ਜਾ ਰਹੀ ਸੀ ਕਿ ਇਹ ਬਜਟ ਪਹਿਲੀਆਂ ਰਵਾਇਤੀ ਪਾਰਟੀਆਂ ਦੇ ਬਜਟਾਂ ਨਾਲੋਂ ਵੱਖਰਾ ਹੋਵੇਗਾ ਪਰ ਇਹ ਬਜਟ ਪਹਿਲੇ ਬਜਟਾਂ ਤੋਂ ਕਿਸੇ ਵੀ ਲਿਹਾਜ਼ ਵੱਖਰਾ ਨਹੀਂ ਜਾਪਦਾ। ਇਸ ਬਾਰੇ ਚਰਚਾ ਨੌਜਵਾਨ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।**

ਇਨ੍ਹੀਂ ਦਿਨੀਂ ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ ਖ਼ੂਬ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਸੈਸ਼ਨ ਦੌਰਾਨ 'ਆਪ' ਸਰਕਾਰ ਨੇ ਆਪਣਾ ਪਹਿਲਾ ਪੂਰਨ ਬਜਟ ਪੇਸ਼ ਕੀਤਾ ਹੈ। ਉਮੀਦ ਸੀ ਕਿ 'ਬਦਲਾਅ' ਦਾ ਨਾਅਰਾ ਦੇ ਕੇ ਸੱਤਾ ਵਿਚ ਆਈ ਪਾਰਟੀ ਇਸ ਬਜਟ ਰਾਹੀਂ ਆਰਥਿਕ ਤੌਰ 'ਤੇ ਬੁਰੀ ਤਰ੍ਹਾਂ ਸੰਕਟਗ੍ਰਸਤ ਸਾਡੇ ਸੂਬੇ ਲਈ ਆਪਣਾ ਕੋਈ ਨਵੇਕਲਾ 'ਰੋਡ ਮੈਪ' ਲੈ ਕੇ ਆਵੇਗੀ ਪਰ ਹਕੀਕਤ ਇਹ ਹੈ ਕਿ ਸੈਸ਼ਨ ਦੀ ਸ਼ੁਰੂਆਤ ਸਮੇਂ ਤੋਂ ਹੀ ਇਹ ਬਜਟ ਸੈਸ਼ਨ ਘੱਟ, ਕਾਮੇਡੀ ਸ਼ੋਅ ਵੱਧ ਪ੍ਰਤੀਤ ਹੋ ਰਿਹਾ ਹੈ। ਇਸ ਬਜਟ ਰਾਹੀਂ ਸੂਬਾ ਸਰਕਾਰ ਨੇ ਕੋਈ ਠੋਸ ਬਦਲਾਅ ਪੇਸ਼ ਕਰਨ ਦੀ ਬਜਾਇ ਪਿਛਲੀਆਂ ਸਰਕਾਰਾਂ ਦੀ ਪੈੜ ਵਿਚ ਪੈੜ ਹੀ ਧਰਿਆ ਹੈ।



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਇਸ ਵਿਚ ਕੋਈ ਸ਼ੱਕ ਨਹੀਂ ਕਿ ਬੀਤੇ ਵਰ੍ਹਿਆਂ ਦੌਰਾਨ ਸੂਬੇ ਦੀ ਸੱਤਾ 'ਤੇ ਕਾਬਜ਼ ਰਹੀਆਂ ਰਵਾਇਤੀ ਪਾਰਟੀਆਂ ਨੇ ਪੰਜਾਬ ਦੇ ਕੁਦਰਤੀ ਸਾਧਨਾਂ ਅਤੇ ਪੰਜਾਬੀਆਂ ਦੀ ਬੁਰੀ ਤਰ੍ਹਾਂ ਲੁੱਟ ਕੀਤੀ ਸੀ; ਇਹਨਾਂ ਆਗੂਆਂ ਖਿਲਾਫ ਕਾਰਵਾਈ ਹੁੰਦੀ ਤਾਂ ਕਿਸੇ ਨੂੰ ਕੋਈ ਦੁੱਖ ਨਾ ਹੁੰਦਾ ਹੈ ਪਰ ਸੈਸ਼ਨ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਠੋਸ ਤੱਥ ਰੱਖਣ ਦੀ ਬਜਾਇ ਚੁਟਕਲਿਆਂ ਵਾਲੇ ਅੰਦਾਜ਼ ਵਿਚ 'ਇਹਨੂੰ ਅੰਦਰ ਕਰੂੰ', 'ਉਹਨੂੰ ਅੰਦਰ ਕਰੂੰ' ਵਰਗੇ ਫੋਕੇ ਲਕਬ ਵਰਤਣੇ ਕਿਸੇ ਵੀ ਤਰ੍ਹਾਂ ਠੀਕ ਨਹੀਂ ਹੈ। ਦੂਜਾ ਇਹ ਕਿ ਮੁੱਖ ਮੰਤਰੀ ਆਪਣੀ ਪਾਰਟੀ ਦੇ ਫੌਜਾ ਸਿੰਘ ਸਰਾਰੀ ਵਰਗੇ ਵਿਧਾਇਕਾਂ/ਮੰਤਰੀਆਂ ਦੇ ਮਾਮਲੇ ਵਿਚ ਦੜ ਵੱਟ ਰਹੇ ਹਨ।

ਕਾਂਗਰਸ ਵਿਧਾਨ ਸਭਾ ਵਿਚ ਵਿਰੋਧੀ ਧਿਰ ਹੈ ਅਤੇ ਵਿਰੋਧੀ ਪਾਰਟੀ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਲੋਕਾਂ ਦੇ ਮਸਲੇ ਸੰਜੀਦਗੀ ਨਾਲ ਉਠਾਏ ਪਰ ਕਾਂਗਰਸੀ ਵਿਧਾਇਕਾਂ ਦਾ ਹਾਲ ਇਹ ਹੈ ਕਿ 'ਜਵਾਕਾਂ' ਵਾਂਗ ਛੋਟੀ ਜਿਹੀ ਗੱਲ 'ਤੇ ਰੁੱਸ ਕੇ ਵਿਧਾਨ ਸਭਾ ਵਿਚੋਂ ਬਾਹਰ ਹੋ ਤੁਰਦੇ ਹਨ। ਕਾਂਗਰਸ ਦਾ ਸੂਬਾ ਪ੍ਰਧਾਨ ਤਾਂ ਵਿਧਾਨ ਸਭਾ ਸੈਸ਼ਨ ਦੌਰਾਨ ਕਈ ਵਾਰ 'ਪਾਸ ਦੇ ਕੇ ਖੇਡਦਾ' ਵੀ ਨਜ਼ਰ ਪੈਂਦਾ ਹੈ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦਾ ਅੰਦਾਜ਼-ਏ-ਬਿਆਨ ਦਾ ਝਲਕਾਰਾ ਇਸ ਤਰ੍ਹਾਂ ਪੈਂਦਾ ਹੈ ਜਿਵੇਂ ਕਪਿਲ ਸ਼ਰਮਾ ਦੇ ਕਮੇਡੀ ਸ਼ੋਅ ਵਿਚ ਨਵਜੋਤ ਸਿੱਧੂ ਠਹਾਕੇ ਲਗਾ ਰਿਹਾ ਹੋਵੇ! ਕਿਸੇ ਵਿਧਾਇਕ ਨੂੰ ਕਹਿੰਦੇ- 'ਪੱਗ ਸੋਹਣੀ ਬੰਨ੍ਹ ਕੇ ਆਇਆ ਹੈਂ' ਤੇ ਕਿਸੇ ਨੂੰ ਕਹਿੰਦੇ- 'ਵਿਆਹ ਕਰਵਾਉਣ ਤੋਂ ਪਹਿਲਾਂ ਸਟੇਡੀਅਮ ਬਣਾ ਦੇਣਾ'। ਸਿਰਫ ਇਹੀ ਨਹੀਂ, ਸਪੀਕਰ ਤਾਂ ਆਪਣਿਆਂ 'ਤੇ ਮਿਹਰਬਾਨ ਵੀ ਨਜ਼ਰ ਆ ਰਹੇ ਹਨ।

ਖੈਰ! ਪੰਜਾਬ ਵਿਧਾਨ ਸਭਾ ਵਿਚ 'ਆਪ' ਸਰਕਾਰ ਨੇ ਸਾਲ 2023-24 ਦਾ ਬਜਟ ਪੇਸ਼ ਕੀਤਾ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ 1 ਲੱਖ 96 ਹਜ਼ਾਰ 462 ਕਰੋੜ ਦਾ ਬਜਟ ਪੇਸ਼ ਕਰਦਿਆਂ ਦਾਅਵਾ ਕੀਤਾ ਹੈ ਕਿ ਇਹ ਪਿਛਲੀ ਵਾਰ ਨਾਲੋਂ 26 ਫੀਸਦ ਵੱਧ ਹੈ। ਬੇਸ਼ੱਕ ਇਸ ਵਿਚ ਸਿੱਧੇ ਤੌਰ 'ਤੇ ਕੋਈ ਨਵਾਂ ਟੈਕਸ ਨਹੀਂ ਲਗਾਇਆ ਗਿਆ ਲੇਕਿਨ ਸਵਾਲ ਟੈਕਸ ਲਾਉਣ ਦਾ ਨਹੀਂ ਬਲਕਿ 'ਬਦਲਾਅ' ਤਹਿਤ ਲੋਕ ਮਨਾ ਵਿਚ ਜਗਾਈ ਉਮੀਦ ਦਾ ਹੈ ਜਿਸ ਤਹਿਤ ਸੂਬੇ ਦੇ ਲੋਕਾਂ ਨੂੰ ਇਹਨਾਂ ਨੂੰ ਵੱਡੇ ਫਰਕ ਨਾਲ ਜਿਤਾਇਆ ਸੀ। ਵਿੱਤ ਮੰਤਰੀ ਨੇ ਪਿਛਲੀਆਂ ਸਰਕਾਰਾਂ ਵੱਲੋਂ ਸੂਬੇ ਸਿਰ ਚੜ੍ਹਾਏ ਕਰਜ਼ੇ ਦਾ ਜ਼ਿਕਰ ਤਾਂ ਕੀਤਾ ਪਰ ਉਹਨਾਂ ਆਪਣੀ ਸਰਕਾਰ ਵੱਲੋਂ ਚਾਲੂ ਸਾਲ ਵਿਚ 30,986 ਕਰੋੜ ਦੇ ਲਏ ਕਰਜ਼ੇ ਦਾ ਬਣਦਾ ਜ਼ਿਕਰ ਨਹੀਂ ਕੀਤਾ ਹੈ।

ਮਸਲੇ ਦੀ ਬੁਨਿਆਦ ਹੀ ਇੱਥੇ ਖੜ੍ਹੀ ਹੈ ਕਿ 'ਜਿਹੜੇ ਰੋਗ ਨਾਲ ਮਰ ਗਈ ਬੱਕਰੀ, ਉਹੀ ਰੋਗ ਪਠੋਰੇ ਨੂੰ'! ਪੰਜਾਬ ਸਿਰ ਪਿਛਲੀਆਂ ਸਰਕਾਰਾਂ ਨੇ ਕਰਜ਼ਾ ਚਾੜ੍ਹਿਆ ਤੇ ਹੁਣ ਵਾਲੀ ਉਸੇ ਰਾਹ ਤੁਰ ਪਈ ਹੈ। ਪੈਸਾ ਆਵੇਗਾ ਕਿੱਥੋਂ, ਇਹ ਮੁੱਦਾ ਸਭ ਤੋਂ ਅਹਿਮ ਹੈ। ਜਿਸ ਮਾਈਨਿੰਗ ਵਿਚੋਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਹਜ਼ਾਰਾਂ ਕਰੋੜ ਰੁਪਿਆ ਕੱਢ ਕੇ ਲਿਆਉਣ ਦੀ ਗੱਲ ਕਰਦੇ ਸਨ, ਉਸ ਪਾਸਿਓਂ ਤਾਂ ਪਿਛਲੀਆਂ ਸਰਕਾਰਾਂ ਨਾਲੋਂ 19-21 ਦਾ ਫਰਕ ਹੀ ਨਜ਼ਰ ਪੈ ਰਿਹਾ ਹੈ।



ਖੇਤੀਬਾੜੀ ਅਤੇ ਸਹਾਇਕ ਖੇਤਰਾਂ ਲਈ 13 ਹਜ਼ਾਰ 888 ਕਰੋੜ ਰੁਪਏ ਦੀ ਤਜਵੀਜ਼ ਜ਼ਰੂਰ ਰੱਖੀ ਗਈ ਹੈ ਪਰ ਇਸ ਵਿਚ ਸਬਜ਼ੀਆਂ ਜਾਂ ਕਿਸੇ ਹੋਰ ਬਦਲਵੀਂ ਫਸਲ 'ਤੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੇਣ ਦਾ ਕਿਧਰੇ ਜ਼ਿਕਰ ਨਹੀਂ ਜਿਸ ਤਰ੍ਹਾਂ ਚੋਣਾਂ ਤੋਂ ਪਹਿਲਾਂ ਚੁਟਕੀ ਵਜਾ ਕੇ ਐੱਮ.ਐੱਸ.ਪੀ. ਦੇਣ ਦੇ ਦਾਅਵੇ ਕੀਤੇ ਗਏ ਸਨ।

ਇਹ ਜ਼ਿਕਰ ਤਾਂ ਕੀਤਾ ਕਿ ਖੇਤੀ ਵੰਨ-ਸਵੰਨਤਾ ਨੂੰ ਹੁੰਗਾਰੇ ਲਈ ਬਾਸਮਤੀ ਦੀ ਖਰੀਦ ਲਈ ਸਰਕਾਰ ਰਿਵਾਲਵਿੰਗ ਫੰਡ ਬਣਾਏਗੀ ਪਰ ਬਾਸਮਤੀ ਦੀ ਖਰੀਦ ਜੇਕਰ ਪ੍ਰਾਈਵੇਟ ਅਦਾਰਿਆਂ ਨੇ ਨਿਗੂਣੇ ਭਾਅ 'ਤੇ ਕੀਤੀ ਤਾਂ ਸਰਕਾਰ ਕੀ ਕਰੇਗੀ, ਇਸ ਬਾਰੇ ਕੋਈ ਤਜਵੀਜ਼ ਨਜ਼ਰ ਨਹੀਂ ਪਈ। ਵਿੱਤ ਮੰਤਰੀ ਨੇ ਇਹ ਜ਼ਿਕਰ ਤਾਂ ਕਰ ਦਿੱਤਾ ਕਿ ਕਪਾਹ ਦੇ ਬੀਜਾਂ ਉੱਤੇ 33 ਫੀਸਦ ਸਬਸਿਡੀ ਅਤੇ ਕਿਸਾਨਾਂ ਨੂੰ ਗੁਣਵੱਤਾ ਵਾਲੇ ਬੀਜ ਉਪਲਬਧ ਕਰਵਾਉਣ ਲਈ ਟਰੈਕ ਐਂਡ ਟਰੇਸ ਮੈਕੇਨਿਜ਼ਮ ਬਣਾਵਾਂਗੇ ਪਰ ਸਵਾਲ ਤਾਂ ਇੱਥੇ ਖੜ੍ਹਾ ਕਿ ਕਿਸਾਨ ਕਪਾਹ ਬੀਜਣਗੇ ਕਿਉਂ? ਕਿਸਾਨ ਤਾਂ ਹੀ ਕਪਾਹ ਬੀਜੇਗਾ ਜੇਕਰ ਉਸ ਨੂੰ ਸਹੀ ਭਾਅ ਯਕੀਨੀ ਬਣਾਇਆ ਜਾਵੇਗਾ। ਜਦ ਇਸ ਪਾਸੇ ਕੋਈ ਕਦਮ ਪੁੱਟਿਆ ਹੀ ਨਹੀਂ ਗਿਆ ਤਾਂ ਇੱਕਲੇ ਬੀਜਾਂ 'ਤੇ ਸਬਸਿਡੀ ਫੋਕੇ ਦਾਅਵੇ ਤੋਂ ਸਿਵਾਇ ਕੁਝ ਵੀ ਨਹੀਂ।

ਝੋਨੇ ਦੀ ਸਿੱਧੀ ਬਿਜਾਈ ਅਤੇ ਮੂੰਗੀ ਦੀ ਖਰੀਦ ਉੱਤੇ ਐੱਮ.ਐੱਸ.ਪੀ. ਦੇਣ ਲਈ ਤਜਵੀਜ਼ ਰੱਖੀ ਗਈ ਹੈ ਪਰ ਸਰਕਾਰ ਅਜੇ ਤੱਕ ਇਹ ਸਿੱਧ ਨਹੀਂ ਕਰ ਸਕੀ ਕਿ ਝੋਨੇ ਦੀ ਸਿੱਧੀ ਬਿਜਾਈ ਨਾਲ ਪਾਣੀ ਦਾ ਕੋਈ ਬਹੁਤ ਜ਼ਿਆਦਾ ਫਾਇਦਾ ਹੁੰਦਾ ਹੈ। ਮੂੰਗੀ ਦੀ ਐੱਮ.ਐੱਸ.ਪੀ. ਤਹਿਤ ਖਰੀਦ ਦਾ ਮਸਲਾ ਦੇਖਣਾ ਹੋਵੇਗਾ ਕਿਉਂਕਿ ਪਿਛਲੇ ਸਾਲ ਮੱਕੀ ਦੀ ਐੱਮ.ਐੱਸ.ਪੀ. ਤਹਿਤ ਖਰੀਦ ਦਾ ਦਾਅਵਾ ਵੀ ਪੂਰ ਨਹੀਂ ਚੜ੍ਹਿਆ ਸੀ।

ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਯੂਨੀਵਰਸਿਟੀ ਚੰਡੀਗੜ, ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਸਮੇਤ ਸੂਬੇ ਦੀਆਂ ਬਾਕੀ ਯੂਨੀਵਰਸਿਟੀਆਂ ਅਤੇ ਕਾਲਜਾਂ ਲਈ ਮਹਿਜ਼ 990 ਕਰੋੜ ਰੁਪਏ ਰੱਖੇ ਗਏ ਹਨ। ਦੇਖਣ ਨੂੰ ਇਹ ਰਾਸ਼ੀ ਕਾਫੀ ਲੱਗ ਸਕਦੀ ਹੈ ਪਰ ਵਿੱਦਿਅਕ ਸੰਸਥਾਵਾਂ ਦੇ ਹਿਸਾਬ ਨਾਲ ਇਹ ਰਾਸ਼ੀ ਬਹੁਤ ਨਿਗੂਣੀ ਹੈ। ਹਾਲਤ ਇਹ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਨੂੰ ਸੋਸ਼ਲ ਮੀਡੀਆ ਰਾਹੀਂ ਗੁਹਾਰ ਲਾਉਣੀ ਪੈ ਰਹੀ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਚੱਲਦੀ ਰੱਖਣ ਲਈ 360 ਕਰੋੜ ਰੁਪਏ ਸਾਲਾਨਾ ਗਰਾਂਟ ਅਤਿ ਲੋੜੀਂਦੀ ਹੈ, ਇਸ ਤੋਂ ਬਗੈਰ ਯੂਨੀਵਰਸਿਟੀ ਚਲਾਉਣੀ ਮੁਸ਼ਕਿਲ ਹੈ ਪਰ ਸਰਕਾਰ ਨੇ ਇਸ ਬਜਟ 'ਚ ਮਹਿਜ਼ 164 ਕਰੋੜ ਰੁਪਏ ਦੀ ਰਾਸ਼ੀ ਰੱਖੀ ਹੈ ਜਿਸ ਦਾ ਸਾਫ ਮਤਲਬ ਹੈ ਕਿ ਸਰਕਾਰ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀ ਯੂਨੀਵਰਸਿਟੀ ਲਈ ਸੰਜੀਦਾ ਨਹੀਂ।

ਅਰਵਿੰਦ ਕੇਜਰੀਵਾਲ ਸਮੇਤ ਵੱਡੇ-ਵੱਡੇ 'ਆਪ' ਆਗੂ ਸੱਤਾ ਵਿਚ ਆਉਣ 'ਤੇ ਔਰਤਾਂ ਨੂੰ ਇਕ ਹਜ਼ਾਰ ਰੁਪਏ ਮਹੀਨਾ ਦੇਣ ਦੇ ਦਾਅਵੇ ਕਰਦੇ ਰਹੇ ਪਰ ਇਸ ਬਜਟ ਵਿਚ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਦਾ ਕੋਈ ਜ਼ਿਕਰ ਤੱਕ ਨਹੀਂ ਹੈ। ਔਰਤਾਂ ਲਈ ਮੁਫਤ ਬੱਸ ਸਫਰ ਜਾਰੀ ਰੱਖਣ ਅਤੇ ਖੇਤੀ ਖੇਤਰ ਲਈ ਮੁਫਤ ਬਿਜਲੀ ਤੇ ਘਰੇਲੂ ਖੇਤਰ ਲਈ 600 ਯੂਨਿਟ ਮੁਫ਼ਤ ਬਿਜਲੀ ਲਈ ਬਜਟ ਵਿਚ ਰਾਸ਼ੀ ਰੱਖੀ ਗਈ ਹੈ ਪਰ ਇਹ ਰਵਾਇਤੀ ਪਾਰਟੀਆਂ ਵਾਂਗ ਚੋਣ-ਲੁਭਾਊ ਸਟੰਟ ਤੋਂ ਸਿਵਾਏ ਕੁਝ ਨਹੀਂ ਹੈ। ਸੂਬੇ ਸਿਰ ਚੜ੍ਹੇ ਕਰਜ਼ੇ ਦੇ ਹਿਸਾਬ ਨਾਲ ਇਸ ਨੂੰ ਤਰਕ-ਸੰਗਤ ਕਰਨ ਦੀ ਬਹੁਤ ਜ਼ਰੂਰਤ ਹੈ। ਸਭਨਾਂ ਲਈ ਮੁਫਤ ਬਿਜਲੀ ਦੀ ਥਾਂ ਛੋਟੇ ਕਿਸਾਨਾਂ ਅਤੇ ਮਜ਼ਦੂਰਾਂ ਲਈ ਹੀ ਮੁਫਤ ਬਿਜਲੀ ਦੇਣੀ ਬਣਦੀ ਹੈ। ਸੈਂਕੜੇ ਏਕੜ ਜ਼ਮੀਨਾਂ ਦੇ ਮਾਲਕ ਕਿਸਾਨਾਂ ਨੂੰ ਮੁਫਤ ਬਿਜਲੀ ਦੇਣ ਦਾ ਕੋਈ ਤਰਕ ਨਹੀਂ ਬਣਦਾ ਹੈ। 'ਬਦਲਾਅ' ਦਾ ਮਤਲਬ ਮਹਿਜ਼ ਨਾਅਰੇ ਨਹੀਂ ਹੋਣੇ ਚਾਹੀਦੇ ਬਲਕਿ ਲੋਕ ਪੱਖੀ ਫੈਸਲੇ ਹੋਣੇ ਚਾਹੀਦੇ ਹਨ ਜੋ ਇਹ ਸਰਕਾਰ ਕਰ ਨਹੀਂ ਸਕੀ ਹੈ।

ਪੰਜਾਬ ਵਿਚ ਬੇਰੁਜ਼ਗਾਰੀ ਸਭ ਤੋਂ ਵੱਡਾ ਮਸਲਾ ਹੈ। ਬੇਰੁਜ਼ਗਾਰੀ ਕਾਰਨ ਹੀ ਪੰਜਾਬ ਦੀ ਜੁਆਨੀ ਲੱਖਾਂ ਰੁਪਏ ਹੱਥਾਂ 'ਚ ਫੜ ਕੇ ਵਿਦੇਸ਼ ਉਡਾਰੀ ਮਾਰ ਰਹੀ ਹੈ। ਇਸ ਬੌਧਿਕ ਹੂੰਝੇ (ਬਰੇਨ-ਡਰੇਨ) ਅਤੇ ਸੂਬੇ ਵਿਚੋਂ ਜਾ ਰਹੀ ਪੂੰਜੀ ਨੂੰ ਰੋਕਣ ਲਈ ਸੂਬਾ ਸਰਕਾਰ ਦੀ ਬਜਟ ਵਿਚ ਸਭ ਤੋਂ ਮੁੱਖ ਤਰਜੀਹ, ਸਭ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਤੇ ਰੁਜ਼ਗਾਰ ਨਾ ਦੇ ਸਕਣ ਤੱਕ ਬੇਰੁਜ਼ਗਾਰੀ ਭੱਤਾ ਹੋਣੀ ਚਾਹੀਦੀ ਸੀ ਪਰ ਸਰਕਾਰ ਨੇ ਇਸ ਬਜਟ ਵਿਚ ਬੇਰੁਜ਼ਗਾਰੀ ਭੱਤੇ ਲਈ ਧੇਲਾ ਨਹੀਂ ਰੱਖਿਆ ਹੈ। ਮੁੱਖ ਮੰਤਰੀ ਦਾ ਇਹ ਕਹਿ ਦੇਣਾ ਕਿ 'ਅੰਗਰੇਜ਼ ਇੱਥੇ ਆ ਕੇ ਨੌਕਰੀ ਕਰਿਆ ਕਰਨਗੇ' ਤਾੜੀਆਂ ਤਾਂ ਮਰਵਾ ਸਕਦਾ ਹੈ ਪਰ ਬਜਟ ਵਿਚ ਕੋਈ ਠੋਸ ਤਜਵੀਜ਼ ਰੱਖੇ ਬਗੈਰ ਅੰਗਰੇਜ਼ ਛੱਡੋ, ਇੱਥੇ ਵਾਲਿਆਂ ਨੂੰ ਇੱਥੇ ਨਹੀਂ ਰੋਕ ਸਕਦਾ ਹੈ।

'ਸਕੂਲ ਆਫ ਐਮੀਨੈਂਸ' ਦੇ ਨਾਂ 'ਤੇ 9ਵੀਂ ਤੋਂ 12ਵੀਂ ਤੱਕ ਦੀਆਂ ਕਲਾਸਾਂ ਦੇ ਵਿਦਿਆਰਥੀਆਂ ਲਈ ਹਰ ਬਲਾਕ ਵਿਚ ਵੱਖਰੀ ਤਰ੍ਹਾਂ ਦੇ ਸਕੂਲ ਚਲਾਉਣ ਦੀ ਯੋਜਨਾ ਰੱਖੀ ਗਈ ਹੈ ਪਰ ਉਸ ਤੋਂ ਮਹੱਤਵਪੂਰਨ ਤਾਂ ਖਾਲੀ ਅਸਾਮੀਆਂ ਪੂਰੀਆਂ ਕਰਨਾ ਹੈ। ਸਕੂਲ ਆਫ ਐਮੀਨੈਂਸ ਤਹਿਤ ਹੁਸ਼ਿਆਰ ਬੱਚਿਆਂ ਨੂੰ ਅਲੱਗ ਤੋਂ ਪੜ੍ਹਾਉਣਾ ਹੋਵੇਗਾ; ਇਸ ਤਰ੍ਹਾਂ ਬਾਕੀ ਸਕੂਲਾਂ ਵਿਚ ਬਹੁ-ਗਿਣਤੀ ਵਿਦਿਆਰਥੀਆਂ ਦੀ ਪੜ੍ਹਾਈ ਦਾ ਮਿਆਰ ਘਟੇਗਾ।

ਇਸ ਬਜਟ ਵਿਚ ਦਾਅਵੇ ਤਾਂ ਬਹੁਤ ਕੀਤੇ ਗਏ ਹਨ ਲੇਕਿਨ ਇਹ ਜ਼ਰੂਰ ਦੱਸਿਆ ਜਾਣਾ ਚਾਹੀਦਾ ਸੀ ਕਿ ਇਸ ਸਭ ਲਈ ਪੈਸਾ ਕਿੱਥੋਂ ਆਵੇਗਾ। ਪਿਛਲੀਆਂ ਸਰਕਾਰਾਂ ਦੀ ਤਰਜ਼ 'ਤੇ ਇਸ ਸਰਕਾਰ ਨੇ ਵੀ ਬੇਲੋੜੇ ਖਰਚੇ ਵਧਾਏ ਹੋਏ ਹਨ। ਜਦ ਤੱਕ ਸਰਕਾਰ ਸੂਬੇ ਦੀ ਆਰਥਿਕ ਹਕੀਕਤ ਨੂੰ ਤਸਲੀਮ ਕਰਦਿਆਂ ਲੋਕ ਪੱਖੀ ਤਜਵੀਜ਼ਾਂ ਨਹੀਂ ਲਿਆਉਂਦੀ, ਤਦ ਤੱਕ ਇਸ ਤਰ੍ਹਾਂ ਦੇ ਬਜਟ ਲੋਕ ਹਿੱਤ ਵਿਚ ਨਹੀਂ ਹੋਣਗੇ।

# ਇਹ 'ਖ਼ੁਦਕੁਸ਼ੀ' ਹੈ ਜਾਂ ਸੰਸਥਾਈ ਕਤਲ...

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

8-9 ਮਾਰਚ ਦੀ ਦਰਮਿਆਨੀ ਰਾਤ ਨੂੰ ਸ੍ਰੀ ਗੁਰੂ ਰਾਮ ਦਾਸ ਇੰਸਟੀਚਿਊਟ ਆਫ ਮੈਡੀਕਲ ਅਤੇ ਰਿਸਰਚ ਅੰਮ੍ਰਿਤਸਰ ਵਿਚ ਡਾਕਟਰ ਪੰਪੋਸ਼ ਵੱਲੋਂ ਕੀਤੀ 'ਖ਼ੁਦਕੁਸ਼ੀ' ਨਾਲ ਹਰ ਸੰਵੇਦਨਸ਼ੀਲ ਇਨਸਾਨ ਦਾ ਮਨ ਵਲੂੰਧਰਿਆ ਗਿਆ ਹੈ। ਪੜ੍ਹਾਈ ਵਿਚ ਅੱਵਲ ਅਤੇ 95% ਅੰਕ ਹਾਸਲ ਕਰਨ ਵਾਲੀ ਇਹ ਬੇਟੀ ਰਾਮਾਮੰਡੀ (ਜਲੰਧਰ ਸ਼ਹਿਰ) ਦੇ ਵਸਨੀਕ ਦਲਿਤ ਪਰਿਵਾਰ ਦੀ ਜਾਈ ਸੀ। ਉਹ ਬਹੁਤ ਹੀ ਹੋਣਹਾਰ ਸੀ ਅਤੇ ਇੰਟਰਨਸ਼ਿਪ ਕਰ ਰਹੀ ਸੀ। ਲੜਕੀ ਦੋ ਦਿਨ ਤੋਂ ਹੋਸਟਲ ਦੇ ਕਮਰੇ 'ਚੋਂ ਬਾਹਰ ਨਹੀਂ ਸੀ ਆਈ ਪਰ ਸੰਸਥਾ ਦਾ ਪ੍ਰਸ਼ਾਸਨ ਪੂਰੀ ਤਰ੍ਹਾਂ ਬੇਪ੍ਰਵਾਹ ਸੀ। ਜਦੋਂ ਫੋਨ ਉੱਪਰ ਸੰਪਰਕ ਨਾ ਹੋਣ 'ਤੇ ਲੜਕੀ ਦੇ ਪਰਿਵਾਰ ਨੇ ਜਾ ਕੇ ਕਮਰਾ ਖੁੱਲ੍ਹਵਾਇਆ ਤਾਂ ਲੜਕੀ ਜ਼ਿੰਦਗੀ ਦੀ ਲੜਾਈ ਹਾਰ ਚੁੱਕੀ ਸੀ।

ਇਹ ਹਾਲਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾਂਦੇ ਮੈਡੀਕਲ ਇੰਸਟੀਚਿਊਟ ਦੇ ਹਨ ਜੋ ਸਿੱਖੀ ਦੇ ਪ੍ਰਚਾਰ-ਪ੍ਰਸਾਰ ਦੇ ਦਾਅਵੇ ਕਰਦੀ ਹੈ। ਉਂਞ ਵੀ ਭਾਰਤ ਦੇ ਮੈਡੀਕਲ ਕਾਲਜਾਂ ਵਿਚ ਮਾਹੌਲ ਐਨਾ ਅਣਮਨੁੱਖੀ ਹੈ ਕਿ ਖ਼ੁਦਕੁਸ਼ੀਆਂ ਅਤੇ ਪੜ੍ਹਾਈ ਛੱਡਣ ਦੀਆਂ ਖ਼ਬਰਾਂ ਅਕਸਰ ਆਉਂਦੀਆਂ ਹਨ। ਪਿਛਲੇ ਦਿਨੀਂ ਇਕ ਆਰ.ਟੀ.ਆਈ. ਕਾਰਕੁਨ ਵੱਲੋਂ ਮੰਗੀ ਸੂਚਨਾ ਦੇ ਜਵਾਬ 'ਚ ਨੈਸ਼ਨਲ ਮੈਡੀਕਲ ਕਮਿਸ਼ਨ ਨੇ ਜਾਣਕਾਰੀ ਦਿੱਤੀ ਸੀ ਕਿ ਪਿਛਲੇ ਪੰਜ ਸਾਲਾਂ 'ਚ 64 ਐੱਮ.ਬੀ.ਬੀ.ਐੱਸ. ਅਤੇ 55 ਪੋਸਟ ਗ੍ਰੈਜੂਏਟ ਵਿਦਿਆਰਥੀਆਂ ਨੇ ਖ਼ੁਦਕੁਸ਼ੀ ਕੀਤੀ ਹੈ ਅਤੇ 160 ਐੱਮ.ਬੀ.ਬੀ.ਐੱਸ. ਅਤੇ 956 ਪੋਸਟ ਗ੍ਰੈਜੂਏਟ ਵਿਦਿਆਰਥੀ ਮੈਡੀਕਲ ਕਾਲਜ ਛੱਡ ਗਏ। ਇਹ ਆਮ ਵਿਦਿਆਰਥੀਆਂ ਦੇ ਅੰਕੜੇ ਹਨ। ਜੇ ਵਿਦਿਆਰਥੀ ਦਲਿਤ ਹੈ ਤਾਂ ਉਸ ਜਾਤ ਆਧਾਰਿਤ ਅਪਮਾਨ ਅਤੇ ਜ਼ਲਾਲਤ ਦੀ ਕੋਈ ਹੱਦ ਨਹੀਂ ਹੈ ਜੋ ਉਸ ਨੂੰ ਪੈਰ-ਪੈਰ 'ਤੇ ਝੱਲਣਾ ਪੈਂਦਾ ਹੈ। ਪਰਿਵਾਰ ਮੈਂਬਰਾਂ ਅਨੁਸਾਰ ਦਲਿਤ ਹੋਣ ਕਾਰਨ ਡਾ. ਪੰਪੋਸ਼ ਨੂੰ ਉਸ ਦੇ ਪ੍ਰੋਫੈਸਰ ਅਤੇ ਹੋਰ ਡਾਕਟਰ ਤਾਅਨੇ-ਮਿਹਣੇ ਦੇ ਕੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਦੇ ਸਨ ਅਤੇ ਧਮਕਾਉਂਦੇ ਸਨ ਕਿ ਉਹ ਉਸ ਨੂੰ ਡਾਕਟਰ ਨਹੀਂ ਬਣਨ ਦੇਣਗੇ।

ਇਹ ਕੇਸ ਡਾ. ਪਾਇਲ ਤੜਵੀ ਦੀ ਕਥਿਤ ਖ਼ੁਦਕੁਸ਼ੀ ਨਾਲ ਮਿਲਦਾ-ਜੁਲਦਾ ਹੈ ਜਿਸ ਨੇ ਜਾਤਪਾਤੀ ਜ਼ਲਾਲਤ ਬਰਦਾਸ਼ਤ ਨਾ ਕਰਦੇ ਹੋਏ 22 ਮਈ 2019 ਨੂੰ ਖ਼ੁਦਕੁਸ਼ੀ ਕਰ ਲਈ ਸੀ। ਡਾ. ਪਾਇਲ ਮੁੰਬਈ ਦੇ ਟੀ.ਐਨ. ਟੋਪੀਵਾਲਾ ਨੈਸ਼ਨਲ ਪੋਸਟ ਗਰੈਜੂਏਟ ਮੈਡੀਕਲ ਕਾਲਜ ਦੀ ਵਿਦਿਆਰਥਣ ਸੀ। ਇਕ ਸੂਚੀਦਰਜ ਆਦਿਵਾਸੀ ਤੜਵੀ ਭੀਲ ਕਬੀਲੇ ਅਤੇ ਘੱਟ ਗਿਣਤੀ ਮੁਸਲਿਮ ਭਾਈਚਾਰੇ 'ਚੋਂ ਹੋਣ ਕਾਰਨ ਪਾਇਲ (ਸੂਚੀਦਰਜ ਕਬਾਇਲੀ+ਘੱਟਗਿਣਤੀ+ਔਰਤ ਕਾਰਨ) ਤੀਹਰੇ ਵਿਤਕਰੇ ਦੀ ਸ਼ਿਕਾਰ ਸੀ। ਇਸੇ ਤਰ੍ਹਾਂ 17 ਜਨਵਰੀ 2016 ਨੂੰ ਹੈਦਰਾਬਾਦ ਸੈਂਟਰਲ ਯੂਨੀਵਰਸਿਟੀ ਦੇ ਹੋਣਹਾਰ ਵਿਦਿਆਰਥੀ ਰੋਹਿਤ ਵੇਮੂਲਾ ਦੀ 'ਖ਼ੁਦਕੁਸ਼ੀ' ਨੇ ਜਾਤ ਹੰਕਾਰ ਵਿਚ ਗ੍ਰਸਤ ਉੱਚ ਅਕਾਦਮਿਕ ਸੰਸਥਾਵਾਂ ਦੇ ਪ੍ਰਸ਼ਾਸਨ ਦਾ ਘਿਨਾਉਣਾ ਜਾਤਪਾਤੀ ਚਿਹਰਾ ਬੇਪਰਦ ਕੀਤਾ ਸੀ। ਇਹ ਕੁਝ ਪ੍ਰਮੁੱਖ ਮਿਸਾਲਾਂ ਹਨ ਕਿਵੇਂ ਸਾਡੇ ਸਮਾਜੀ ਪ੍ਰਬੰਧ ਦੀ ਰਗ-ਰਗ 'ਚ ਫੈਲੀ ਜਾਤਪਾਤ ਹੋਣਹਾਰ ਬੱਚਿਆਂ ਦੀਆਂ ਜਾਨਾਂ ਲੈ ਰਹੀ ਹੈ।

ਇਨ੍ਹਾਂ ਤਿੰਨਾਂ ਦਾ ਸੰਤਾਪ ਸਾਂਝਾ ਹੈ। ਡਾ. ਪੰਪੋਸ਼ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ 'ਚ ਔਰਤ ਰੋਗ ਵਿਭਾਗ ਦੀ ਮੁਖੀ ਡਾ. ਪ੍ਰਤਿਭਾ, ਡਾ. ਬੀਰ ਦਵਿੰਦਰ ਸਿੰਘ, ਡਾ. ਪ੍ਰਭਹਿੰਮਤ, ਪ੍ਰੋਫੈਸਰ ਸਵਾਤੀ, ਪ੍ਰਿੰਅਕਾ, ਗਗਨਦੀਪ ਕੌਰ, ਨਮਿਸ਼ਾ, ਕਰਨਬੀਰ ਸਿੰਘ, ਜਿੰਮੀ ਅਤੇ ਡਾ. ਪਿਊਸ਼ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਇਹ ਜਾਤ ਹੰਕਾਰੀ ਪ੍ਰੋਫੈਸਰ ਅਤੇ ਬੈਚਮੇਟ ਉਸ ਨੂੰ ਮਾਨਸਿਕ ਤੌਰ 'ਤੇ ਤਸੀਹੇ ਦੇਣ ਅਤੇ ਅਪਮਾਨਿਤ ਕਰਨ ਦੇ ਦੋਸ਼ੀ ਹਨ ਜੋ ਉਸ ਨੂੰ ਪੜ੍ਹਾਈ ਛੱਡ ਜਾਣ ਲਈ ਮਜਬੂਰ ਕਰ ਰਹੇ ਸਨ ਅਤੇ ਉਸ ਦੇ ਪਰਿਵਾਰ ਨੂੰ ਮਾਰਨ ਦੀਆਂ ਧਮਕੀਆਂ ਦਿੰਦੇ ਸਨ। ਸ਼ਿਕਾਇਤ ਕਰਨ 'ਤੇ ਹੋਰ ਜ਼ਿਆਦਾ ਜ਼ਲੀਲ ਕਰਦੇ ਸਨ ਕਿਉਂਕਿ ਉਨ੍ਹਾਂ ਨੂੰ ਕੋਈ ਡਰ ਨਹੀਂ ਸੀ। ਲੜਕੀ ਦੀ ਮਾਤਾ ਉਸ ਨੂੰ ਹੌਸਲਾ ਦੇ ਕੇ ਸਮਾਂ ਲੰਘਾਉਣ ਲਈ ਪ੍ਰੇਰਦੀ ਰਹੀ ਪਰ ਜਾਤਪਾਤੀ ਹੰਕਾਰੀਆਂ ਅਤੇ ਉਨ੍ਹਾਂ ਦੀ ਸਰਪ੍ਰਸਤੀ ਕਰ ਰਹੇ ਕਾਲਜ ਪ੍ਰਸ਼ਾਸਨ ਅੱਗੇ ਉਹ ਬੇਵਸ ਸਨ।

ਰੋਹਿਤ ਵੇਮੂਲਾ ਨੂੰ ਖ਼ੁਦਕੁਸ਼ੀ ਦੇ ਮੂੰਹ ਧੱਕਣ ਵਿਚ ਵਾਈਸ ਚਾਂਸਲਰ ਪੀ. ਅੱਪਾਰਾਓ ਅਤੇ ਮਨੁੱਖੀ ਵਸੀਲਿਆਂ ਦੀ ਕੈਬਨਿਟ ਮੰਤਰੀ ਸਮ੍ਰਿਤੀ ਇਰਾਨੀ ਸਮੇਤ ਹੁਕਮਰਾਨ ਆਰ.ਐੱਸ.ਐੱਸ.-ਭਾਜਪਾ ਦੀ ਸੰਸਥਾਗਤ ਭੂਮਿਕਾ ਸਰੇਆਮ ਜੱਗ ਜ਼ਾਹਰ ਹੋਈ ਸੀ। ਇਸੇ ਤਰ੍ਹਾਂ ਡਾ. ਪਾਇਲ ਆਪਣੀਆਂ ਤਿੰਨ ਸੀਨੀਅਰ ਡਾਕਟਰਾਂ ਡਾ. ਹੇਮਾ ਅਹੂਜਾ, ਡਾ. ਅੰਕਿਤਾ ਖੰਡੇਲਵਾਲ ਅਤੇ ਡਾ. ਭਕਤੀ ਮਹਾਰੇ ਦੇ ਜਾਤ ਹੰਕਾਰੀ ਵਤੀਰੇ ਤੋਂ ਪੀੜਤ ਸੀ। ਇਹ ਤਿੰਨੇ ਗਾਇਨੀ ਵਿਭਾਗ ਵਿਚ ਸਨ ਅਤੇ ਹਰ ਵਕਤ ਵਿਭਾਗ ਦੇ ਮੁਖੀ ਦੀ ਮਿਲੀ-ਭੁਗਤ ਨਾਲ ਡਾ. ਪਾਇਲ ਨੂੰ ਤੰਗ-ਪ੍ਰੇਸ਼ਾਨ ਕਰਦੀਆਂ ਸਨ। ਰੈਗਿੰਗ ਦੌਰਾਨ ਵੀ ਉਸ ਨੂੰ ਉਸ ਦੇ ਜਾਤੀ ਪਿਛੋਕੜ ਦੇ ਆਧਾਰ 'ਤੇ ਅਪਮਾਨਿਤ ਕੀਤਾ ਗਿਆ। ਉਪਰੋਕਤ ਤਿੰਨੋਂ ਡਾਕਟਰ ਮਰੀਜ਼ਾਂ ਅਤੇ ਮੈਡੀਕਲ ਸਟਾਫ਼ ਦੇ ਸਾਹਮਣੇ ਹੀ ਡਾ. ਪਾਇਲ ਨੂੰ ਜਾਤੀ ਸੂਚਕ ਤਾਹਨੇ ਅਤੇ ਗਾਹਲਾਂ ਦੇ ਕੇ ਬੇਇੱਜ਼ਤ ਕਰਦੀਆਂ ਸਨ। ਉਸ ਨੂੰ ਅਪਰੇਸ਼ਨ ਥੀਏਟਰ ਵਿਚ ਅਪਰੇਸ਼ਨ ਵੀ ਨਹੀਂ ਕਰਨ ਦਿੱਤੇ ਜਾਂਦੇ ਸਨ।



ਖੱਬਿਓਂ: ਡਾ. ਪੰਪੋਸ਼, ਡਾ. ਪਾਇਲ ਤੜਵੀ ਅਤੇ ਰੋਹਿਤ ਵੇਮੂਲਾ।

ਡਾ. ਪੰਪੋਸ਼ ਅਤੇ ਡਾ. ਪਾਇਲ ਦੇ ਪਰਿਵਾਰ ਮੈਂਬਰਾਂ ਵੱਲੋਂ ਜੋ ਹਾਲਾਤ ਬਿਆਨ ਕੀਤੇ ਗਏ, ਇਹ ਉਨ੍ਹਾਂ ਜਾਤਪਾਤੀ ਮਾਨਸਿਕਤਾ ਵਾਲਿਆਂ ਦੇ ਮੂੰਹ ਉੱਪਰ ਕਰਾਰੀ ਚਪੇੜ ਹਨ ਜਿਹੜੇ ਜਾਤ ਆਧਾਰਿਤ ਰਾਖਵੇਂਕਰਨ ਦੀ ਬਜਾਇ ਆਰਥਕ ਆਧਾਰ 'ਤੇ ਰਾਖਵੇਂਕਰਨ ਦੀਆਂ ਬੇਹੂਦਾ ਦਲੀਲਾਂ ਦਿੰਦੇ ਹਨ। ਬੱਚੀਆਂ ਆਪਣੇ ਪਰਿਵਾਰਾਂ ਨਾਲ ਸਭ ਕੁਝ ਸਾਂਝਾ ਕਰਦੀਆਂ ਸਨ। ਆਪਣੀ ਜਾਨ ਲੈਣ ਦਾ ਕਦਮ ਸੰਵੇਦਨਸ਼ੀਲ ਅਤੇ ਖ਼ੁਦਦਾਰ ਇਨਸਾਨ ਉਦੋਂ ਹੀ ਚੁੱਕਦਾ ਹੈ ਜਦੋਂ ਨਿੱਤ ਦਾ ਅਪਮਾਨ ਬਰਦਾਸ਼ਤ ਤੋਂ ਬਾਹਰ ਹੋ ਜਾਂਦਾ ਹੈ। ਡਾ. ਪਾਇਲ ਤਾਂ ਆਪਣੇ ਪਰਿਵਾਰ ਨੂੰ ਰਿਜ਼ਰਵ ਸੀਟ ਛੱਡਣ ਲਈ 20 ਲੱਖ ਰੁਪਏ ਦਾ ਇੰਤਜ਼ਾਮ ਕਰਨ ਦੇ ਵਾਸਤੇ ਵੀ ਪਾਉਂਦੀ ਰਹਿੰਦੀ ਸੀ। ਸ਼ਿਕਾਇਤ ਕਰਨ 'ਤੇ ਜਾਤ ਹੰਕਾਰੀਆਂ ਨੇ ਸਗੋਂ ਉਸ ਨੂੰ ਜ਼ਲੀਲ ਅਤੇ ਤੰਗ-ਪ੍ਰੇਸ਼ਾਨ ਕਰਨ ਦਾ ਸਿਲਸਿਲਾ ਹੋਰ ਵੀ ਤੇਜ਼ ਕਰ ਦਿੱਤਾ। ਉਸ ਨੂੰ ਧਮਕੀ ਦਿੱਤੀ ਗਈ ਕਿ ਉਸ ਦੀ ਡਿਗਰੀ ਮੁਕੰਮਲ ਨਹੀਂ ਹੋਣ ਦਿੱਤੀ ਜਾਵੇਗੀ। ਖ਼ੁਦਕੁਸ਼ੀ ਕਰਨ ਵਾਲੇ ਦਿਨ ਵੀ ਉਹ ਬੁਰੀ ਤਰ੍ਹਾਂ ਅਪਮਾਨਿਤ ਹੋ ਕੇ ਰੋਂਦੀ ਹੋਈ ਆਪਣੇ ਕਮਰੇ ਵਿਚ ਵਾਪਸ ਆਈ ਸੀ।

ਜਾਤਪਾਤੀ ਜ਼ਲਾਲਤ ਤੋਂ ਤੰਗ ਆ ਕੇ ਖ਼ੁਦਕੁਸ਼ੀਆਂ ਨਵਾਂ ਵਰਤਾਰਾ ਨਹੀਂ ਹੈ। ਅਜੋਕੇ ਦਰੋਣਾਚਾਰੀਆ ਆਪਣੇ ਕਸਬ ਵਿਚ ਆਪਣੇ ਪੁਰਖਿਆਂ ਦੇ ਮੁਕਾਬਲੇ ਬਹੁਤ ਹੀ ਸ਼ਾਤਰ ਅਤੇ ਤਜਰਬੇਕਾਰ ਹਨ। ਉਨ੍ਹਾਂ ਦੇ ਦਲਿਤ ਬੱਚਿਆਂ ਨੂੰ ਗਿਆਨ ਤੋਂ ਵਾਂਝੇ ਕਰਨ ਦੇ ਤਰੀਕੇ ਪੁਰਾਣੇ ਜ਼ਮਾਨੇ ਵਾਲੇ ਕੁੱਢਰ ਨਹੀਂ ਸਗੋਂ ਬਹੁਤ ਹੀ ਵਿਕਸਤ, ਸੂਖ਼ਮ ਅਤੇ ਵੰਨ-ਸਵੰਨੇ ਹਨ। ਉਹ ਪੜ੍ਹਾਈ ਵਿਚ ਹੁਸ਼ਿਆਰ ਦਲਿਤ ਬੱਚਿਆਂ ਦਾ ਮਨੋਬਲ ਤੋੜ ਕੇ ਉਨ੍ਹਾਂ ਨੂੰ ਪੜ੍ਹਾਈ ਛੱਡਣ ਲਈ ਮਜਬੂਰ ਕਰਦੇ ਹਨ। 13 ਜੂਨ 2019 ਨੂੰ ਰੋਹਤਕ ਮੈਡੀਕਲ ਕਾਲਜ (ਹਰਿਆਣਾ) ਦੇ ਪੀ.ਐੱਚ.ਡੀ. ਕਰ ਰਹੇ ਹੋਣਹਾਰ ਖੋਜਕਾਰ ਓਂਕਾਰ ਨੇ ਉੱਚ ਜਾਤੀ ਹੰਕਾਰ ਦੇ ਡੰਗੇ ਖੋਜ ਮੁਖੀ ਅਤੇ ਹੋਰ ਅਧਿਆਪਕਾਂ ਦੀ ਧੱਕੇਸ਼ਾਹੀ ਨਾ ਸਹਾਰਦੇ ਹੋਏ ਖ਼ੁਦਕੁਸ਼ੀ ਕੀਤੀ ਸੀ। ਥੋੜ੍ਹਾ ਹੋਰ ਪਿੱਛੇ ਜਾਇਆ ਜਾਵੇ ਤਾਂ 2007 ਤੋਂ 2011 ਤੱਕ ਦੇ ਚਾਰ ਸਾਲਾਂ ਵਿਚ ਹੀ ਉੱਚ ਸਿੱਖਿਆ ਸੰਸਥਾਵਾਂ ਵਿਚ ਖ਼ੁਦਕੁਸ਼ੀਆਂ ਦੇ ਅਠਾਰਾਂ ਮਾਮਲੇ ਸਾਹਮਣੇ ਆਏ ਸਨ: ਐਮ. ਸ੍ਰੀਕਾਂਤ (ਬੀ.ਟੈਕ. ਫਾਈਨਲ ਆਈ. ਆਈ.ਟੀ. ਬਾਂਬੇ), ਅਜੈ ਸੀ. ਚੰਦਰਾ (ਪੀ.ਐਚ.ਡੀ., ਆਈ.ਆਈ., ਸਾਇੰਸਜ਼ ਬੰਗਲੌਰ), ਜਸਪ੍ਰੀਤ ਸਿੰਘ (ਐਮ.ਬੀ.ਬੀ.ਐਸ. ਫਾਈਨਲ ਜੀ.ਐਚ.ਸੀ. ਚੰਡੀਗੜ੍ਹ), ਸੇਂਠਲ ਕੁਮਾਰ (ਹੈਦਰਾਬਾਦ), ਪ੍ਰਸਾਂਤ ਬ. ਕੁਰੀਲ (ਕਾਨਪੁਰ), ਜੀ. ਸੁਮਨ (ਕਾਨਪੁਰ), ਅੰਕਿਤਾ ਵੇਧੜਾ (ਅਹਿਮਦਾਬਾਦ), ਡੀ. ਸਿਆਮ ਕੁਮਾਰ (ਵਿਜੈਵਾੜਾ), ਐਸ. ਅਮਰਾਵਤੀ (ਹੈਦਰਾਬਾਦ), ਬਾਂਦੀ ਅਨੁਸਾ (ਹੈਦਰਾਬਾਦ), ਪੁਸਪਾਂਜਲੀ ਵੀ ਪੂਰਤੀ (ਬੈਂਗਲੌਰ), ਸੁਸ਼ੀਲ ਕੁਮਾਰ ਚੌਧਰੀ (ਲਖਨਊ), ਬਾਲਮੁਕੰਦ ਭਾਰਤੀ (ਨਵੀਂ ਦਿੱਲੀ), ਜੇ.ਕੇ. ਰਮੇਸ਼ (ਬੰਗਲੌਰ), ਮਾਧੁਰੀ ਸਾਲੇ (ਕਾਨਪੁਰ), ਜੀ. ਵਾਰਾਲਕਸਮੀ (ਹੈਦਰਾਬਾਦ), ਮੁਨੀਸ਼ ਕੁਮਾਰ (ਰੁੜਕੀ) ਅਤੇ ਲਿਕੇਸ ਮੋਹਨ ਗਾਵਲੇ (ਨਵੀਂ ਦਿੱਲੀ।

ਜਾਤਪਾਤੀ ਜ਼ਲਾਲਤ ਦੀ ਗੰਭੀਰਤਾ ਦੇ ਮੱਦੇਨਜ਼ਰ 2007 ਵਿਚ ਮਨਮੋਹਨ ਸਿੰਘ ਸਰਕਾਰ ਨੂੰ ਥੋਰਾਂਟ ਕਮੇਟੀ ਬਣਾਉਣੀ ਪਈ ਸੀ। ਕਮੇਟੀ ਨੇ ਅਧਿਐਨ ਵਿਚ ਨੋਟ ਕੀਤਾ ਕਿ ਉੱਚ ਵਿਦਿਅਕ ਸੰਸਥਾਵਾਂ ਵਿਚ ਦਲਿਤ ਬੱਚਿਆਂ ਦਾ ਮਨੋਬਲ ਤੋੜ ਕੇ ਉਨ੍ਹਾਂ ਨੂੰ ਪੜ੍ਹਾਈ ਛੱਡਣ ਲਈ ਦਬਾਅ ਪਾਇਆ ਜਾਂਦਾ ਹੈ। ਅਧਿਐਨ ਅਨੁਸਾਰ 69 ਫੀਸਦੀ ਸੂਚੀਦਰਜ ਜਾਤੀਆਂ ਅਤੇ ਸੂਚੀਦਰਜ ਕਬੀਲਿਆਂ ਦੇ ਵਿਦਿਆਰਥੀਆਂ ਨੂੰ ਪੜ੍ਹਾਈ 'ਚ ਅਧਿਆਪਕਾਂ ਦਾ ਸਹਿਯੋਗ ਨਹੀਂ ਮਿਲਦਾ। 72 ਫੀਸਦੀ ਵਿਦਿਆਰਥੀਆਂ ਨੇ ਮੰਨਿਆ ਕਿ ਉਨ੍ਹਾਂ ਨਾਲ ਪੜ੍ਹਾਈ ਦੌਰਾਨ ਵਿਤਕਰਾ ਹੁੰਦਾ ਹੈ। 84 ਫੀਸਦੀ ਵਿਦਿਆਰਥੀਆਂ ਨੇ ਦੱਸਿਆ ਕਿ ਪ੍ਰੈਕਟੀਕਲ ਇਮਤਿਹਾਨਾਂ ਵਿਚ ਜਾਤਪਾਤੀ ਤੁਅੱਸਬ ਕਾਰਨ ਉਨ੍ਹਾਂ ਨਾਲ ਬੇਇਨਸਾਫ਼ੀ ਕੀਤੀ ਜਾਂਦੀ ਹੈ ਪਰ ਥੋਰਾਂਟ ਕਮੇਟੀ ਨੇ ਜੋ ਸਿਫ਼ਾਰਸ਼ਾਂ ਕੀਤੀਆਂ ਉਨ੍ਹਾਂ ਨੂੰ ਲਾਗੂ ਕਰਨ ਦੀ ਕਿਸੇ ਵੀ ਹਾਕਮ ਜਮਾਤੀ ਪਾਰਟੀ ਦੀ ਸਰਕਾਰ ਵੱਲੋਂ ਕੋਈ ਜ਼ਰੂਰਤ ਨਹੀਂ ਸਮਝੀ ਗਈ, ਕਿਉਂਕਿ ਉਨ੍ਹਾਂ ਦੇ ਹਿਤ ਜਾਤਪਾਤੀ ਦਾਬੇ ਨੂੰ ਸਲਾਮਤ ਰੱਖਣ ਵਿਚ ਹਨ।

ਇਹ ਖ਼ੁਦਕਸ਼ੀਆਂ ਨਹੀਂ, ਸੰਸਥਾਈ ਕਤਲ ਹਨ ਜਿਨ੍ਹਾਂ ਨੂੰ ਸਿੱਧੇ ਤੌਰ 'ਤੇ ਅੰਜਾਮ ਭਾਵੇਂ ਕੁਝ ਵਿਅਕਤੀ ਦਿੰਦੇ ਹਨ ਲੇਕਿਨ ਉਨ੍ਹਾਂ ਦੇ ਪਿੱਛੇ ਸਮੁੱਚਾ ਸਮਾਜੀ ਢਾਂਚਾ ਅਤੇ ਰਾਜਤੰਤਰ ਕੰਮ ਕਰ ਰਿਹਾ ਹੁੰਦਾ ਹੈ। ਪਹਿਲੀ ਗੱਲ ਤਾਂ ਦਲਿਤ ਵਰਗ ਵਿੱਚੋਂ ਕੋਈ ਟਾਵਾਂ-ਟਾਵਾਂ ਵਿਦਿਆਰਥੀ ਬਹੁਤ ਮੁਸ਼ਕਿਲ ਨਾਲ ਉੱਚ ਪੜ੍ਹਾਈ ਦੇ ਮੁਕਾਮ 'ਤੇ ਪਹੁੰਚਦਾ ਹੈ, ਕਿਉਂਕਿ ਉਨ੍ਹਾਂ ਕੋਲ ਉਸ ਤਰ੍ਹਾਂ ਦੇ ਵਸੀਲੇ ਅਤੇ ਮਾਰਗ ਦਰਸ਼ਨ ਨਹੀਂ ਹੁੰਦਾ ਜਿਵੇਂ ਉੱਚ ਜਾਤੀਆਂ ਦੇ ਰਸੂਖ਼ਵਾਨ ਵਰਗ ਦੇ ਲੋਕਾਂ ਕੋਲ ਹੁੰਦਾ ਹੈ। ਦਿਮਾਗੀ ਕਾਬਲੀਅਤ ਦੇ ਬਾਵਜੂਦ ਜ਼ਿਆਦਾਤਰ ਦਲਿਤ ਅਤੇ ਗ਼ਰੀਬ ਬੱਚੇ ਹਾਸ਼ੀਏ 'ਤੇ ਧੱਕੇ ਬੇਵਸ ਜ਼ਿੰਦਗੀ ਜਿਊਂਦੇ ਹਨ। ਜੇ ਕੋਈ ਹਿੰਮਤੀ ਬੱਚਾ ਇਸ ਬੇਕਿਰਕ ਜਾਤੀ ਅਤੇ ਜਮਾਤੀ ਢਾਂਚੇ ਵੱਲੋਂ ਪਾਈਆਂ ਜਾਂਦੀਆਂ ਰੁਕਾਵਟਾਂ ਨੂੰ ਤੋੜਦਾ ਹੋਇਆ ਕਿਸੇ ਚੰਗੇ ਮੁਕਾਮ 'ਤੇ ਪਹੁੰਚ ਵੀ ਜਾਂਦਾ ਹੈ ਤਾਂ ਜਾਤ ਹੰਕਾਰੀ ਤਾਕਤਾਂ ਉਸ ਦਾ ਮਨੋਬਲ ਤੋੜਨ ਲਈ ਦਿਨ-ਰਾਤ ਇਕ ਕਰ ਦਿੰਦੀਆਂ ਹਨ। ਦਲਿਤ ਵਿਦਿਆਰਥੀਆਂ ਦੀ ਜਥੇਬੰਦ ਹੱਕ-ਜਤਾਈ ਦੀ ਸੂਰਤ ਵਿਚ ਤਾਂ ਇਹ ਤਾਕਤਾਂ ਦਲਿਤਾਂ ਦੇ ਸਵੈਮਾਣ ਨੂੰ ਕੁਚਲਣ ਅਤੇ ਉਨ੍ਹਾਂ ਨੂੰ ਸੰਸਥਾਵਾਂ ਵਿੱਚੋਂ ਕੱਢਣ ਲਈ ਹਰ ਘਿਨਾਉਣੇ ਤੋਂ ਘਿਨਾਉਣਾ ਹੱਥਕੰਡਾ ਵਰਤਦੀਆਂ ਹਨ। ਦਲਿਤ ਵਿਦਿਆਰਥੀਆਂ ਦੇ ਵਜ਼ੀਫ਼ੇ ਬੰਦ ਕਰਨ, ਉਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੇ ਬਹਾਨੇ ਬਣਾ ਕੇ ਜੁਰਮਾਨੇ ਲਾਉਣ, ਹੋਸਟਲ ਵਿੱਚੋਂ ਕੱਢਣ, ਇਮਤਿਹਾਨਾਂ ਵਿਚ ਪ੍ਰੈਕਟੀਕਲ ਸਮੇਂ ਬੇਇਨਸਾਫ਼ੀ ਕਰਨ, ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਤਸੀਹੇ ਦੇਣ ਦੀਆਂ ਘਟਨਾਵਾਂ ਆਮ ਹੀ ਵਾਪਰਦੀਆਂ ਹਨ। ਖ਼ੁਦਕੁਸ਼ੀਆਂ ਦਿਖਾਉਂਦੀਆਂ ਹਨ ਕਿ ਯੂਨੀਵਰਸਿਟੀਆਂ, ਮੈਡੀਕਲ ਕਾਲਜਾਂ ਵਰਗੀਆਂ ਉਚੇਰੀਆਂ ਵਿਦਿਅਕ ਸੰਸਥਾਵਾਂ ਅੰਦਰ ਵੀ ਜਾਤਪਾਤੀ ਨਫ਼ਰਤ ਦੀਆਂ ਜੜ੍ਹਾਂ ਕਿੰਨੀਆਂ ਡੂੰਘੀਆਂ ਹਨ। ਉਪਰੋਕਤ ਅਠਾਰਾਂ ਖ਼ੁਦਕੁਸ਼ੀਆਂ ਦੀਆਂ ਰਿਪੋਰਟਾਂ ਵਿਚ ਵੀ ਇਸ ਵਰਤਾਰੇ ਦੀਆਂ ਬਹੁ-ਪਰਤਾਂ ਮਿਲ ਜਾਂਦੀਆਂ ਹਨ।

ਜਾਤਪਾਤੀ ਨਫ਼ਰਤ ਮਹਿਜ਼ ਵਿਅਕਤੀਆਂ ਦੀ ਸੋਚ ਵਿਚ ਨਹੀਂ ਹੈ। ਦਰਅਸਲ ਸਾਡਾ ਸਮਾਜੀ ਤੇ ਰਾਜ ਢਾਂਚਾ ਜਨਮ ਤੋਂ ਹੀ ਮਨੁੱਖ ਦੀ ਵਿਚਾਰਧਾਰਕ ਪਰਵਰਿਸ਼ ਬਹੁਤ ਹੀ ਸਿਲਸਿਲੇਵਾਰ ਤਰੀਕੇ ਨਾਲ ਜਾਤੀਵਾਦੀ ਮਨੂਵਾਦੀ ਵਿਚਾਰਧਾਰਾ ਅਨੁਸਾਰ ਕਰਦਾ ਹੈ। ਸਮਾਜ ਅਤੇ ਵਿਦਿਅਕ ਸੰਸਥਾਵਾਂ ਦਾ ਸਮੁੱਚਾ ਸਮਾਜੀ, ਸੱਭਿਆਚਾਰਕ ਅਤੇ ਸੰਸਥਾਈ ਮਾਹੌਲ ਬੱਚੇ ਨੂੰ ਇਸੇ ਸਾਂਚੇ ਵਿਚ ਢਾਲਦਾ ਹੈ। ਬਚਪਨ ਤੋਂ ਹੀ ਉੱਚ ਜਾਤੀ ਬੱਚਿਆਂ ਦੇ ਦਿਮਾਗਾਂ 'ਚ ਨੀਵੀਆਂ ਜਾਤਾਂ ਵਿਰੁੱਧ ਨਫ਼ਰਤ ਭਰਨੀ ਸ਼ੁਰੂ ਕਰ ਦਿੱਤੀ ਜਾਂਦੀ ਹੈ ਅਤੇ ਵੱਡਾ ਹੋਣ 'ਤੇ ਰਿਜ਼ਰਵੇਸ਼ਨ ਦੀ 'ਬੇਇਨਸਾਫ਼ੀ' ਵਿਰੁੱਧ ਬੁੜਬੁੜ ਉਨ੍ਹਾਂ ਨੂੰ ਉਨ੍ਹਾਂ ਨਾਲ ਹੋ ਰਹੇ 'ਵਿਤਕਰੇ' ਦਾ ਅਹਿਸਾਸ ਕਰਾਉਣਾ ਸ਼ੁਰੂ ਕਰ ਦਿੰਦੀ ਹੈ। ਇੰਞ ਵੱਡੀਆਂ ਵੱਡੀਆਂ ਡਿਗਰੀਆਂ ਵਾਲੇ ਅਖਾਉਤੀ ਉੱਚ ਜਾਤਾਂ ਦੇ ਬਹੁਤ ਸਾਰੇ ਲੋਕ ਪੜ੍ਹ-ਲਿਖ ਕੇ ਵੀ ਇਹ ਮੰਨਣ ਲਈ ਤਿਆਰ ਨਹੀਂ ਹਨ ਕਿ ਦਲਿਤ ਬੱਚੇ ਆਪਣੀ ਕਾਬਲੀਅਤ ਅਤੇ ਮਿਹਨਤ ਦੇ ਜ਼ੋਰ ਉਨ੍ਹਾਂ ਦੇ ਬਰਾਬਰ ਉਚੇਰੀ ਪੜ੍ਹਾਈ ਵਿਚ ਪਹੁੰਚਦੇ ਹਨ; ਕਿ ਉਹ ਘੱਟੋ-ਘੱਟ ਯੋਗਤਾ ਦੇ ਆਧਾਰ 'ਤੇ ਡਿਗਰੀਆਂ ਲੈ ਕੇ ਹੀ ਉਨ੍ਹਾਂ ਦੇ ਬਰਾਬਰ ਰੁਤਬੇ ਹਾਸਲ ਕਰਦੇ ਹਨ। ਰਾਖਵਾਂਕਰਨ ਤਾਂ ਸਿਰਫ਼ ਉਨ੍ਹਾਂ ਨੂੰ ਉਨ੍ਹਾਂ ਦੀ ਸਦੀਵੀ ਤੌਰ 'ਤੇ ਪਿਛੜੀ ਹੋਈ ਅਤੇ ਘੋਰ ਦਾਬੇ ਦਾ ਸ਼ਿਕਾਰ ਸਥਿਤੀ ਵਿਚੋਂ ਬਾਹਰ ਆ ਕੇ ਪੜ੍ਹਾਈ ਅਤੇ ਨੌਕਰੀ ਦੇ ਮੌਕੇ ਹਾਸਲ ਕਰਨ ਵਿਚ ਮਦਦ ਹੀ ਕਰਦਾ ਹੈ। ਇਹ ਉਨ੍ਹਾਂ ਨੂੰ ਕੋਈ ਵਿਸ਼ੇਸ਼ ਸਹੂਲਤ ਨਹੀਂ ਹੈ, ਇਹ ਤਾਂ ਸਦੀਆਂ ਦੀ ਸਮਾਜੀ ਬੇਇਨਸਾਫ਼ੀ ਦੇ ਬਦਲੇ ਮਾਮੂਲੀ ਰਾਹਤ ਹੈ। ਐਪਰ ਦਲਿਤ ਬੱਚਿਆਂ ਦਾ ਸਮਾਜੀ, ਆਰਥਿਕ ਅਤੇ ਬੌਧਿਕ ਵਿਕਾਸ ਉੱਚ ਜਾਤੀ ਹਿੱਸਿਆਂ ਨੂੰ ਕਿਸੇ ਵੀ ਸੂਰਤ ਵਿਚ ਹਜ਼ਮ ਨਹੀਂ ਹੁੰਦਾ। ਉਹ ਇਸ ਨੂੰ ਆਪਣੇ ਨਾਲ 'ਵਿਤਕਰਾ' ਸਮਝਦੇ ਹਨ। ਜਾਤਪਾਤੀ ਜ਼ਹਿਰ ਦੇ ਪ੍ਰਭਾਵ ਹੇਠ ਉਹ ਸਮਝਦੇ ਹਨ ਕਿ ਇਹ ਤਾਂ 'ਕੰਮੀ-ਕਮੀਣ ਜਾਤਾਂ' ਨੂੰ ਸਾਡੇ 'ਸਿਰ ਉੱਪਰ ਬਿਠਾਉਣਾ' ਹੈ। ਉਨ੍ਹਾਂ ਨੂੰ ਉੱਚ ਜਾਤੀ ਧੌਂਸ ਅਤੇ ਸਮਾਜੀ ਦਾਬੇ ਦੇ ਜ਼ੋਰ ਦਲਿਤਾਂ ਨੂੰ ਪੈਰਾਂ ਹੇਠ ਦਰੜ ਕੇ ਰੱਖਣ ਦਾ ਦਸਤੂਰ ਵਾਜਬ ਲੱਗਦਾ ਹੈ, ਦਸਤੂਰ ਜੋ ਸਦੀਆਂ ਤੋਂ ਚੱਲ ਰਿਹਾ ਹੈ।

ਡਾਕਟਰੀ, ਸੰਸਥਾਵਾਂ, ਯੂਨੀਵਰਸਿਟੀਆਂ, ਇੰਜਨੀਅਰਿੰਗ, ਆਈ.ਆਈ.ਟੀ., ਵਗੈਰਾ ਆਹਲਾ ਮਿਆਰੀ ਬੌਧਿਕ ਸੰਸਥਾਵਾਂ ਅੰਦਰ ਜਾਤੀਵਾਦ ਦਾ ਇਜ਼ਹਾਰ ਤਰ੍ਹਾਂ-ਤਰ੍ਹਾਂ ਦੇ ਤਰੀਕਿਆਂ ਨਾਲ ਆਮ ਹੁੰਦਾ ਹੈ। ਜਿਉਂ ਹੀ ਇਹ ਪਤਾ ਲੱਗਦਾ ਹੈ ਕਿ ਫਲਾਣੇ ਵਿਦਿਆਰਥੀ/ਵਿਦਿਆਰਥਣ ਨੂੰ ਦਾਖ਼ਲਾ 'ਰਾਖਵੇਂ ਕੋਟੇ' ਤਹਿਤ ਮਿਲਿਆ ਹੈ, ਉਦੋਂ ਹੀ ਕਥਿਤ ਉੱਚ ਜਾਤੀ ਲੋਕਾਂ ਦੇ ਦਿਮਾਗਾਂ ਵਿਚ ਸੁੱਤਾ ਪਿਆ ਜਾਤਪਾਤੀ 'ਗੌਰਵ' ਦਾ ਕੀੜਾ ਜਾਗ ਉੱਠਦਾ ਹੈ। ਉਹ ਆਪਣੇ ਨਾਲ 'ਬੇਇਨਸਾਫ਼ੀ' ਅਤੇ 'ਵਿਤਕਰੇ' ਦਾ ਰੋਣਾ ਰੋਣਾ ਸ਼ੁਰੂ ਕਰ ਦਿੰਦੇ ਹਨ। ਇਹ ਉਹ ਲੋਕ ਹਨ ਜੋ ਆਮ ਤੌਰ 'ਤੇ ਇਸ ਰਾਜ ਪ੍ਰਬੰਧ ਦੀਆਂ ਵੱਡੀਆਂ-ਵੱਡੀਆਂ ਵਧੀਕੀਆਂ ਅਤੇ ਬੇਇਨਸਾਫ਼ੀਆਂ ਨੂੰ ਦੇਖ ਕੇ ਵੀ ਇਸ ਤਰ੍ਹਾਂ ਅਣਡਿੱਠ ਕਰਦੇ ਰਹਿੰਦੇ ਹਨ, ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ। ਇਹ ਲੋਕ ਫਿਰ ਦਲਿਤ ਵਿਦਿਆਰਥੀਆਂ ਨੂੰ ਨਿਤਾਣੇ ਅਤੇ ਬੇਵੱਸ ਦੇਖ ਕੇ ਜ਼ਲੀਲ ਕਰ ਕੇ ਅਤੇ ਮਾਨਸਿਕ ਤੌਰ 'ਤੇ ਤਸੀਹੇ ਦੇ ਕੇ ਖ਼ੁਸ਼ੀ ਮਹਿਸੂਸ ਕਰਦੇ ਹਨ। ਅਖਾਉਤੀ ਵਿਸ਼ਵੀਕਰਨ ਅਤੇ ਨਵਉਦਾਰਵਾਦੀ ਆਰਥਿਕ ਮਾਡਲ ਦੇ ਲਾਗੂ ਹੋਣ ਨਾਲ ਸਰਕਾਰੀ ਨੌਕਰੀਆਂ ਦੇ ਖ਼ਤਮ ਹੋਣ ਅਤੇ ਰੁਜ਼ਗਾਰ ਦੀ ਬੇਯਕੀਨੀ ਵਧਣ ਨਾਲ 'ਰਾਖਵਾਂਕਰਨ' ਵਿਰੋਧੀ ਜਾਤਪਾਤੀ ਮਾਨਸਿਕਤਾ ਵਿਚ ਬਹੁਤ ਤੇਜ਼ੀ ਨਾਲ ਇਜ਼ਾਫ਼ਾ ਹੋਇਆ ਹੈ। ਮਨੂਵਾਦੀ ਤਾਕਤਾਂ ਅਖਾਉਤੀ ਉੱਚ ਜਾਤਾਂ ਦੇ ਲੋਕਾਂ ਦੇ ਮਨਾਂ ਅੰਦਰ ਇਹ ਝੂਠ ਕੁੱਟ-ਕੁੱਟ ਕੇ ਭਰਦੀਆਂ ਆ ਰਹੀਆਂ ਹਨ ਕਿ 'ਕੋਟੇ ਵਾਲੇ' ਮੈਰਿਟ ਵਾਲਿਆਂ ਦਾ ਹੱਕ ਮਾਰਦੇ ਹਨ। ਨਵਉਦਾਰਵਾਦੀ 'ਵਿਕਾਸ ਮਾਡਲ' ਦੌਰਾਨ ਇਹ ਜਾਤਪਾਤੀ ਜ਼ਹਿਰ ਖ਼ਾਸ ਤੇਜ਼ੀ ਨਾਲ ਫੈਲਾਇਆ ਗਿਆ ਹੈ। ਹਿੰਦੂਤਵ ਅਤੇ 'ਨਰਮ ਹਿੰਦੂਤਵ' ਦੀਆਂ ਪੈਰੋਕਾਰ ਤਮਾਮ ਹਾਕਮ ਜਮਾਤੀ ਤਾਕਤਾਂ ਦਾ ਇਸ ਝੂਠ ਨੂੰ ਫੈਲਾਉਣ ਵਿਚ ਆਪੋ-ਆਪਣਾ ਯੋਗਦਾਨ ਹੈ। ਇਸ ਝੂਠ ਤੋਂ ਪ੍ਰਭਾਵਿਤ ਲੋਕਾਂ ਦਾ ਤਰਕ ਇਹ ਹੈ ਕਿ ਸਰਕਾਰਾਂ ਵੋਟਾਂ ਦੀ ਖਾਤਰ 'ਨਾਲਾਇਕ' ਹਿੱਸਿਆਂ ਨੂੰ ਯੋਗਤਾ ਤੋਂ ਛੋਟ ਦੇ ਕੇ ਮੈਰਿਟ ਵਾਲੇ 'ਜਨਰਲ ਵਰਗ' ਤੋਂ ਪੜ੍ਹਾਈ ਅਤੇ ਨੌਕਰੀ ਦੇ ਮੌਕੇ ਖੋਂਹਦੀਆਂ ਹਨ ਅਤੇ ਇੰਞ 'ਕੋਟੇ ਵਾਲਿਆਂ' ਨੂੰ ਉਨ੍ਹਾਂ ਦੇ ਸਿਰ 'ਤੇ ਬਿਠਾਉਂਦੀਆਂ ਹਨ। ਆਪਣੇ ਨਾਲ ਇਸ ਕਥਿਤ ਵਿਤਕਰੇ ਦਾ ਬਦਲਾ ਉਹ ਦਲਿਤ ਵਿਦਿਆਰਥੀਆਂ ਨੂੰ ਦੁਰਕਾਰ ਕੇ ਅਤੇ ਤਰ੍ਹਾਂ-ਤਰ੍ਹਾਂ ਦੇ ਤਰੀਕਿਆਂ ਨਾਲ ਉਨ੍ਹਾਂ ਨੂੰ ਜ਼ਲੀਲ ਕਰ ਕੇ ਲੈਂਦੇ ਹਨ। ਇਸੇ ਦਾ ਸ਼ਿਕਾਰ ਕਦੇ ਰੋਹਿਤ ਵੇਮੂਲਾ ਤੇ ਪਾਇਲ ਹੋਏ ਅਤੇ ਹੁਣ ਪੰਪੋਸ਼ ਹੋਈ ਹੈ। ਅਖਾਉਤੀ ਉੱਚ ਜਾਤੀ ਦੇ ਸੀਨੀਅਰ ਡਾਕਟਰ, ਪ੍ਰੋਫੈਸਰ ਅਤੇ ਹੋਰ ਸ਼ਖ਼ਸ ਉਨ੍ਹਾਂ ਨੂੰ ਹਰ ਵਕਤ ਬੇਇੱਜ਼ਤ ਕਰਨ ਅਤੇ ਨੀਵਾਂ ਦਿਖਾਉਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਸੀ ਜਾਣ ਦਿੰਦੇ। ਉਹ ਨਹੀਂ ਸੀ ਚਾਹੁੰਦੇ ਕਿ ਦਲਿਤ ਕਿਸੇ ਵੀ ਸੂਰਤ ਵਿਚ ਤਰੱਕੀ ਕਰਕੇ ਉਨ੍ਹਾਂ ਦੇ ਬਰਾਬਰ ਖੜ੍ਹਨ। ਉਹ ਚਾਹੁੰਦੇ ਸਨ ਕਿ ਜਿਵੇਂ ਦਲਿਤ ਪਹਿਲਾਂ ਅਖਾਉਤੀ ਉੱਚ ਜਾਤੀਆਂ ਦੀ ਗ਼ੁਲਾਮੀ ਕਰਦੇ ਸਨ ਅੱਜ ਵੀ ਉਸੇ ਤਰਾਂ ਵਗਾਰਾਂ ਕਰਦੇ ਰਹਿਣ ਅਤੇ ਅਣਮਨੁੱਖੀ ਹਾਲਾਤ ਵਿਚ ਦਿਨ ਕਟੀ ਕਰਦੇ ਰਹਿਣ।

ਇਹ ਸੰਸਥਾਈ ਵਰਤਾਰਾ ਨਿਖੇਧੀਆਂ ਨਾਲ ਰੁਕਣ ਵਾਲਾ ਨਹੀਂ ਹੈ। ਸਮੂਹ ਇਨਸਾਫ਼ਪਸੰਦ ਤਾਕਤਾਂ ਨੂੰ ਜਾਤਪਾਤੀ ਦਾਬੇ ਦੇ ਵੱਖੋ-ਵੱਖਰੇ ਇਜ਼ਹਾਰਾਂ ਵਿਰੁੱਧ ਸਿਲਸਿਲੇਵਾਰ ਅਤੇ ਲਗਾਤਾਰਤਾ ਨਾਲ ਬਹੁਪੱਖੀ ਲੜਾਈ ਛੇੜਨੀ ਚਾਹੀਦੀ ਹੈ। ਦਲਿਤਾਂ ਦੀ ਜਾਤ ਆਧਾਰਿਤ ਲਾਮਬੰਦੀ ਇਸ ਅਨਿਆਂ ਦੇ ਖ਼ਿਲਾਫ਼ ਰਸਮੀ ਵਿਰੋਧ ਤਾਂ ਦਰਜ ਕਰਵਾ ਸਕਦੀ ਹੈ ਜਾਂ ਰਾਖਵੇਂਕਰਨ ਨੂੰ ਖ਼ਤਮ ਕਰਨ ਦੀਆਂ ਕੁਛ ਕੁ ਮਨੂਵਾਦੀ ਚਾਲਾਂ ਨੂੰ ਵਕਤੀ ਤੌਰ 'ਤੇ ਰੋਕਣ ਦਾ ਸਾਧਨ ਤਾਂ ਬਣ ਸਕਦੀ ਹੈ ਲੇਕਿਨ ਉਹ ਜਾਤਪਾਤ ਨੂੰ ਬਰਕਰਾਰ ਰੱਖ ਰਹੇ ਇਸ ਆਦਮਖ਼ੋਰ ਰਾਜ ਢਾਂਚੇ ਦੀ ਸਮਾਜੀ ਬੁਨਿਆਦ ਨੂੰ ਚਕਨਾਚੂਰ ਕਰਨਾ ਤਾਂ ਦੂਰ, ਇਸ ਦੇ ਬਨੇਰੇ ਵੀ ਨਹੀਂ ਭੋਰ ਸਕਦੀ। ਆਮ ਦਲਿਤ ਦੀ ਇਹ ਚੇਤਨਾ ਬਣਨੀ ਚਾਹੀਦੀ ਹੈ ਕਿ ਦਲਿਤਾਂ ਦੇ ਨਾਂ 'ਤੇ ਚੁਣੇ ਜਾਣ ਵਾਲੇ 'ਨੁਮਾਇੰਦੇ' ਇਸ ਢਾਂਚੇ ਦਾ ਹਿੱਸਾ ਬਣ ਕੇ ਇਸ ਨੂੰ ਬਚਾਉਣ ਲਈ ਸੇਫਟੀ ਵਾਲਵ ਦੀ ਭੂਮਿਕਾ ਹੀ ਨਿਭਾ ਸਕਦੇ ਹਨ। ਇਸ ਨਾਲ ਇਕ ਨਿੱਕੇ ਜਿਹੇ ਹਿੱਸੇ ਦਾ ਨਿੱਜੀ ਫ਼ਾਇਦਾ ਤਾਂ ਹੋ ਸਕਦਾ ਹੈ ਲੇਕਿਨ ਇਹ ਆਮ ਦਲਿਤ ਸਮਾਜ ਦੀ ਜਾਤਪਾਤੀ ਦਾਬੇ, ਵਿਤਕਰੇ ਅਤੇ ਬੇਇਨਸਾਫ਼ੀ ਤੋਂ ਬੰਦ-ਖ਼ਲਾਸੀ ਦਾ ਸਾਧਨ ਨਹੀਂ ਬਣ ਸਕਦਾ।

ਦਲਿਤ ਬੱਚਿਆਂ ਨੂੰ ਅਕਾਦਮਿਕ ਪੜ੍ਹਾਈ ਦੇ ਨਾਲ-ਨਾਲ ਮਾਨਸਿਕ ਤੌਰ 'ਤੇ ਵੀ ਸਿੱਖਿਅਤ ਕਰਨਾ ਪਵੇਗਾ। ਕਿਤਾਬੀ ਗਿਆਨ ਦੇ ਨਾਲ-ਨਾਲ ਉਨ੍ਹਾਂ ਨੂੰ ਹੀਣ ਭਾਵਨਾ 'ਚੋਂ ਕੱਢਣਾ ਵੀ ਜ਼ਰੂਰੀ ਹੈ ਤਾਂ ਜੋ ਉਹ ਜਾਤ ਹੰਕਾਰੀਆਂ ਦੇ ਕਰੂਰ ਹਮਲਿਆਂ ਸਮੇਂ ਬੇਵੱਸ ਮਹਿਸੂਸ ਨਾ ਕਰਨ ਸਗੋਂ ਅਜਿਹੇ ਹਾਲਾਤ ਨਾਲ ਟੱਕਰ ਲੈ ਕੇ ਇਨ੍ਹਾਂ ਤਾਕਤਾਂ ਦੇ ਮਨਸੂਬਿਆਂ ਨੂੰ ਹਰਾਉਣ ਲਈ ਮਾਨਸਿਕ ਤੌਰ 'ਤੇ ਹੋਰ ਦ੍ਰਿੜ ਹੋਣ। ਸਾਡੇ ਦਲਿਤ ਹਿੱਸਿਆਂ ਨੂੰ ਸੁਚੇਤ ਹੋਣਾ ਪਵੇਗਾ ਕਿ ਅਕਾਦਮਿਕ ਪੜ੍ਹਾਈ ਦੇ ਨਾਲ ਨਾਲ ਆਪਣੇ ਬੱਚਿਆਂ ਨੂੰ ਐਸੇ ਉਸਾਰੂ ਸਾਹਿਤ ਨਾਲ ਜੋੜਨਾ ਜ਼ਰੂਰੀ ਹੈ ਜੋ ਉਨ੍ਹਾਂ ਨੂੰ ਜਾਤਪਾਤ ਵਿਰੁੱਧ ਸੰਘਰਸ਼ ਦੀ ਜ਼ਰੂਰਤ, ਚੇਤਨਾ, ਜਾਤਪਾਤ ਵਿਰੁੱਧ ਸੰਘਰਸ਼ ਦੇ ਇਤਿਹਾਸ ਅਤੇ ਸਮਾਜੀ ਨਿਆਂ ਲਈ ਅਜੋਕੇ ਤਕਾਜ਼ਿਆਂ ਬਾਰੇ ਜਾਗਰੂਕ ਕਰੇ। ਅਜਿਹੀ ਜਾਗਰੂਕਤਾ ਅਤੇ ਸੋਝੀ ਹੀ ਅਤਿ ਪ੍ਰਤੀਕੂਲ ਹਾਲਾਤ 'ਚ ਉਨ੍ਹਾਂ ਦਾ ਮਨੋਬਲ ਉੱਚਾ ਰੱਖ ਸਕਦੀ ਹੈ ਅਤੇ ਉਹ ਮਨੂਵਾਦੀ ਤਾਕਤਾਂ ਵੱਲੋਂ ਉਨ੍ਹਾਂ ਦਾ ਰਾਹ ਰੋਕਣ ਲਈ ਗਿਣ-ਮਿੱਥ ਕੇ ਸਿਰਜੇ ਦਿਲ ਤੋੜੂ ਮਾਹੌਲ ਵਿਚ ਜਾਤ ਹੰਕਾਰੀਆਂ ਅੱਗੇ ਹਿੱਕ ਤਣ ਕੇ ਖੜ੍ਹੇ ਰਹਿ ਸਕਦੇ ਹਨ।

# ਪੰਜਾਬ ਦੀ ਸਿੱਖ ਅਤੇ ਕਮਿਊਨਿਸਟ ਧਾਰਾ ਦੀ ਸਾਂਝ

***ਪੰਜਾਬ ਦੀ ਸਿਆਸਤ ਅਤੇ ਸਿਆਸੀ ਲੜਾਈ ਬਾਰੇ ਪਹੁੰਚ ਦਾ ਮਸਲਾ ਕਮਿਊਨਿਸਟ ਧਿਰਾਂ ਅਤੇ ਸਿੱਖ ਵਿਦਵਾਨਾਂ ਵਿਚਕਾਰ ਕਿਸਾਨ ਅੰਦੋਲਨ ਦੌਰਾਨ ਵਾਹਵਾ ਚਰਚਾ ਵਿਚ ਰਿਹਾ ਹੈ। 28 ਜਨਵਰੀ 2023 ਵਾਲੇ ਅੰਕ ਵਿਚ ਸ.ਹਰਚਰਨ ਸਿੰਘ ਪ੍ਰਹਾਰ ਦਾ ਲੇਖ 'ਪੰਜਾਬ ਵਿਚ ਕਮਿਊਨਿਸਟ ਧਿਰਾਂ ਅਤੇ ਸਿੱਖ ਵਿਦਵਾਨਾਂ ਦੀ ਪਹੁੰਚ ਦੇ ਮਸਲੇ' ਅਤੇ ਉਸ ਤੋਂ ਅਗਲੇ 4 ਫਰਵਰੀ 2023 ਵਾਲੇ ਅੰਕ ਵਿਚ ਹਜ਼ਾਰਾ ਸਿੰਘ ਮਿਸੀਸਾਗਾ ਦਾ ਲੇਖ 'ਪੰਜਾਬ ਦੀ ਸਿਆਸਤ ਅਤੇ ਅਸਪਸ਼ਟ ਸਿਆਸੀ ਨਿਸ਼ਾਨੇ' ਛਾਪਿਆ ਗਿਆ। ਇਸੇ ਪ੍ਰਸੰਗ ਵਿਚ ਹੁਣ ਸਾਨੂੰ ਸ. ਗੁਰਬਚਨ ਸਿੰਘ ਦੀ ਇਹ ਲੰਮੀ ਟਿੱਪਣੀ ਪ੍ਰਾਪਤ ਹੋਈ ਹੈ ਜੋ ਅਸੀਂ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਲੇਖ ਵਿਚ ਪ੍ਰਗਟ ਵਿਚਾਰਾਂ ਨਾਲ ਸਾਡੀ ਸਹਿਮਤੀ ਹੋਵੇ, ਇਹ ਜ਼ਰੂਰੀ ਨਹੀਂ; ਉਂਝ, ਇਸ ਮਸਲੇ 'ਤੇ ਆਉਣ ਵਾਲੇ ਵਿਚਾਰਾਂ ਦਾ ਸਵਾਗਤ ਕੀਤਾ ਜਾਵੇਗਾ।***

ਸ. ਹਜ਼ਾਰਾ ਸਿੰਘ ਮਿਸੀਸਾਗਾ ਜੀ ਨੇ ਪੰਜਾਬ ਟਾਈਮਜ਼ (4 ਫਰਵਰੀ) ਦੇ ਅੰਕ ਵਿਚ ਆਪਣੇ ਲੇਖ 'ਪੰਜਾਬ ਦੀ ਸਿਆਸਤ ਅਤੇ ਅਸਪਸ਼ਟ ਸਿਆਸੀ ਨਿਸ਼ਾਨੇ' ਵਿਚ ਲਿਖਿਆ ਹੈ: 'ਜਦ ਕਮਿਊਨਿਸਟ ਅਤੇ ਸਿੱਖ ਧਾਰਾਵਾਂ ਦੀ ਗੱਲ ਚੱਲਦੀ ਹੈ ਤਾਂ ਨੇੜਲੇ ਇਤਿਹਾਸ ਵਿਚ ਪੰਜਾਬ ਦੇ ਲੋਕਾਂ ਨੂੰ ਉਪਰੋਥਲੀ ਦੋ ਰਾਜਸੀ ਨਿਸ਼ਾਨਿਆਂ ਨੇ ਧੁਰ ਅੰਦਰ ਤਕ ਪ੍ਰਭਾਵਿਤ ਕੀਤਾ ਹੈ। ਕਮਿਊਨਿਸਟਾਂ ਦੇ 'ਇਨਕਲਾਬ' ਅਤੇ ਸਿੱਖ ਧਾਰਾ ਦੇ 'ਖਾਲਸਾ ਰਾਜ' ਨੇ। ਇਹ ਦੋਨੋਂ ਧਾਰਾਵਾਂ ਲੜਨ ਲਈ ਜੋਸ਼ ਅਤੇ ਕੁਰਬਾਨੀ ਦਾ ਜਜ਼ਬਾ ਤਾਂ ਪੰਜਾਬ ਦੀ ਤਾਸੀਰ ਵਿਚੋਂ ਲੈਂਦੀਆਂ ਸਨ ਪਰ ਰਾਜਨੀਤਕ ਤੌਰ ਉਤੇ ਨਾ ਸਪੱਸ਼ਟ ਸਨ ਅਤੇ ਨਾ ਹੀ ਲੜਾਈ ਲਈ ਤਿਆਰ। ਕਮਿਊਨਿਸਟਾਂ ਨੂੰ ਜਿਸ ਤਰ੍ਹਾਂ ਦਾ ਕਾਹਲੀ-ਕਾਹਲੀ ਜੋ ਸਮਝ ਆਇਆ, ਉਨ੍ਹਾਂ ਲਾਗੂ ਕਰਨਾ ਸ਼ੁਰੂ ਕਰ ਦਿੱਤਾ। ਸਿਖ ਧਾਰਾ ਦੀ ਰਾਜਸੀ ਚੌਖਟੇ ਬਾਰੇ ਪਹੁੰਚ ਇਹ ਰਹੀ ਹੈ ਕਿ ਜਦ ਰਾਜ ਆ ਗਿਆ ਤਾਂ ਚੌਖਟਾ ਵੀ ਆਪੇ ਬਣ ਜਾਊ।...



... ਦੋਨੋਂ ਧਾਰਾਵਾਂ ਦੇ ਨਿਸ਼ਾਨਿਆਂ 'ਇਨਕਲਾਬ' ਤੇ 'ਖਾਲਸਾ ਰਾਜ' ਦੀ ਪ੍ਰਾਪਤੀ ਲਈ ਦੋਨੋਂ ਧਿਰਾਂ ਪੰਜਾਬ ਦੀ ਧਰਤੀ ਉਤੇ ਵੱਖ-ਵੱਖ ਸਮੇਂ ਲੜੀਆਂ। ਦੋਹਾਂ ਦੀ ਸ਼ਕਤੀ ਪੰਜਾਬ ਦੇ ਲੋਕ ਅਤੇ ਪੰਜਾਬੀ

**ਗੁਰਬਚਨ ਸਿੰਘ**
**ਫੋਨ: +91-98156-98451**

ਤਾਸੀਰ ਸੀ। ਦੋਨੋਂ ਕਾਹਲ ਅਤੇ ਜਜ਼ਬਾਤ ਦੇ ਘੋੜੇ ਉਤੇ ਸਵਾਰ ਸਨ। ਦੋਹਾਂ ਵਿਚ ਵਿਦਵਾਨ ਅਤੇ ਵਿਦਵਤਾ ਕਿਤੇ ਪਿੱਛੇ ਰਹਿ ਗਏ ਸੀ। ਦੋਨਾਂ ਦੀ ਅਗਵਾਈ ਕਰਨ ਲਈ ਦੋ ਆਗੂ ਆਏ ਜੋ ਆਪੋ-ਆਪਣੀ ਧਾਰਾ ਵਿਚ ਸਿਤਾਰਿਆਂ ਵਾਂਗ ਚਮਕਦੇ ਨਾਇਕ ਹੋ ਨਿੱਬੜੇ। ਬਾਕੀ ਦੁਨੀਆ ਵਿਚ ਦੋਹਾਂ ਨੂੰ ਅਨਪੜ੍ਹਾਂ ਦੇ ਅਨਪੜ੍ਹ ਲੀਡਰ ਕਿਹਾ ਜਾਂਦਾ ਸੀ ਪਰ ਇਹ ਦੋਨੋਂ ਆਪੋ-ਆਪਣੇ ਸਮਰਥਕਾਂ ਨੂੰ ਕੀਲਣ ਦੀ ਵਿਸ਼ੇਸ਼ ਯੋਗਤਾ ਦੇ ਮਾਲਕ ਸਨ। ਦੋਨੋਂ ਦੁਨਿਆਵੀ ਲਾਲਚਾਂ ਤੋਂ ਨਿਰਲੇਪ ਤੇ ਕੁਰਬਾਨੀ ਲਈ ਆਪਣੇ ਆਪ ਨੂੰ ਤਿਆਰ ਕਰੀ ਬੈਠੇ ਸਨ। ਦੋਹਾਂ ਲਈ ਸੈਂਕੜੇ ਲੋਕ ਮਰ ਮਿਟਣ ਲਈ ਤਿਆਰ ਸਨ। ...

... ਇਹ ਦੋ ਸ਼ਖਸ ਸਨ ਕਾਮਰੇਡ ਬਾਬਾ ਬੂਝਾ ਸਿੰਘ ਅਤੇ ਸੰਤ ਜਰਨੈਲ ਸਿੰਘ। ਦੋਹਾਂ ਵਿਚ ਬਹੁਤ ਕੁਝ ਸਾਂਝਾ ਸੀ ਅਤੇ ਦੋ ਧਰੁਵਾਂ ਜਿੰਨੀ ਦੂਰੀ ਵੀ। ਬਾਬਾ ਬੂਝਾ ਸਿੰਘ ਨੇ ਮਾਸਕੋ ਤਕ ਜਾ ਕੇ ਕਮਿਊਨਿਜ਼ਮ ਦੀ ਮੋਟੀ ਠੁਲ੍ਹੀ ਪੜ੍ਹਾਈ ਕੀਤੀ, ਬਹੁਤ ਸਾਰੇ ਨੌਜੁਆਨਾਂ ਨੂੰ ਸਟੱਡੀ ਸਰਕਲ ਦਿੱਤੇ, ਨੌਜੁਆਨ ਇਨਕਲਾਬੀ ਬਣਾਏ, ਸਭਾਵਾਂ ਬਣਾਈਆਂ ਤੇ ਇਨਕਲਾਬ ਦੇ ਰਾਹ ਤੋਰਿਆ ਪਰ ਭਾਰਤ ਦੇ ਵੱਡੇ ਕਾਮਰੇਡ ਬਾਬੇ ਨੂੰ ਅਨਪੜ੍ਹ ਹੀ ਜਾਣਦੇ ਸਨ। ਦੂਸਰੇ ਪਾਸੇ, ਸੰਤ ਜਰਨੈਲ ਸਿੰਘ ਨੇ ਧਾਰਮਿਕ ਗ੍ਰੰਥ ਪੜ੍ਹੇ, ਅੰਮ੍ਰਿਤ ਛਕਾਉਣ ਦੀ ਲਹਿਰ ਚਲਾਈ, ਨੌਜੁਆਨਾਂ ਨੂੰ ਨਸ਼ੇ ਛੁਡਾ ਕੇ ਅੰਮ੍ਰਿਤਧਾਰੀ ਬਣਾਇਆ ਅਤੇ ਖਾਲਸਾ ਰਾਜ ਦੇ ਵਿਚਾਰ ਨੂੰ ਮੁੜ ਸੁਰਜੀਤ ਕੀਤਾ। ਜਿਵੇਂ ਬਾਬਾ ਬੂਝਾ ਸਿੰਘ ਦੇ ਨਕਸਲੀਏ ਸੋਚਦੇ ਸਨ ਕਿ ਇਨਕਲਾਬ ਬੰਦੂਕ ਦੀ ਨਾਲੀ ਵਿਚੋਂ ਨਿਕਲਦਾ ਹੈ, ਉਵੇਂ ਹੀ ਸਿੱਖ ਧਾਰਾ ਵਿਚ 'ਸ਼ਸਤਰਨ ਕੇ ਅਧੀਨ ਹੈ ਰਾਜ' ਦਾ ਵਿਚਾਰ ਪ੍ਰਬਲ ਸੀ।'


ਪਹਿਲੀ ਪੜ੍ਹਤ ਵਿਚ. ਹਜ਼ਾਰਾ ਸਿੰਘ ਮਿਸੀਸਾਗਾ ਦੀਆਂ ਇਹ ਧਾਰਨਾਵਾਂ ਬਿਲਕੁਲ ਦਰੁਸਤ ਜਾਪਦੀਆਂ ਹਨ। ਪਰ ਗੱਲ ਏਨੀ ਸਿਧ-ਪੱਧਰੀ ਨਹੀਂ। ਦੋਵੇਂ ਸ਼ਖਸੀਅਤਾਂ ਦੋ ਅੱਡ-ਅੱਡ ਲਹਿਰਾਂ ਦੀ ਪੈਦਾਵਾਰ ਸਨ। ਇਹ ਠੀਕ ਹੈ ਕਿ ਦੋਹਾਂ ਲਹਿਰਾਂ ਦਾ ਨਿਸ਼ਾਨਾ ਸਾਂਝਾ ਸੀ। ਆਪੋ-ਆਪਣੇ ਸਿਧਾਂਤ ਦੇ ਆਧਾਰ ਉਤੇ ਅਜਿਹੇ ਰਾਜ ਅਤੇ ਸਮਾਜ ਦੀ ਸਿਰਜਣਾ ਕਰਨੀ ਜਿਸ ਵਿਚ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਆਧਾਰ ਉਤੇ ਗਰੀਬ-ਮਜ਼ਲੂਮ ਦੀ ਰੱਖਿਆ ਅਤੇ ਜਰਵਾਣੇ ਦੀ ਭਖਿਆ ਹੋ ਸਕੇ। ਬੇਸ਼ੱਕ, ਬਾਬਾ ਬੂਝਾ ਸਿੰਘ ਆਲਮੀ ਕਮਿਊਨਿਸਟ ਲਹਿਰ ਦੀ ਦੇਣ ਸੀ ਅਤੇ ਸੰਤ ਜਰਨੈਲ ਸਿੰਘ ਸਿੱਖ ਲਹਿਰ ਦੀ ਪ੍ਰਾਪਤੀ ਸੀ। ਆਲਮੀ ਕਮਿਊਨਿਸਟ ਲਹਿਰ ਦੀ ਟੁੱਟ-ਭੱਜ ਵਿਚੋਂ ਬਾਬਾ ਬੂਝਾ ਸਿੰਘ ਦੀ ਆਮਦ ਹੋਈ ਅਤੇ 'ਆਜ਼ਾਦੀ' ਤੋਂ ਬਾਅਦ ਚਲੇ ਸਿੱਖ ਸੰਘਰਸ਼ ਵਿਚੋਂ ਸੰਤ ਜਰਨੈਲ ਸਿੰਘ ਦਾ ਉਭਾਰ ਹੋਇਆ। ਉਂਝ ਦੋਵਾਂ ਲਹਿਰਾਂ ਦਾ ਸਾਂਝਾ ਸਮਾਜੀ ਆਧਾਰ ਸਿੱਖ ਕਿਸਾਨੀ ਸੀ।

ਸ. ਹਜ਼ਾਰਾ ਸਿੰਘ ਮਿਸੀਸਾਗਾ ਜੀ ਦਾ ਇਹ ਨਿਰਣਾ ਬਿਲਕੁਲ ਦਰੁਸਤ ਹੈ ਕਿ ਦੋਹਾਂ ਲਹਿਰਾਂ ਵਿਚ 'ਵਿਦਵਾਨ ਅਤੇ ਵਿਦਵਤਾ ਕਿਤੇ ਪਿੱਛੇ ਰਹਿ ਗਈ ਸੀ' ਜਿਸ ਕਰਕੇ ਦੋਵੇਂ ਲਹਿਰਾਂ ਨਾ ਆਪਣਾ ਨਿਸ਼ਾਨ ਸਪੱਸ਼ਟ ਕਰ ਸਕੀਆਂ ਅਤੇ ਨਾ ਹੀ ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਕੋਈ ਸਿਆਸੀ ਦਿਸ਼ਾ ਦੇ ਸਕੀਆਂ। ਦੋਵਾਂ ਲਹਿਰਾਂ ਦੀ ਇਹ ਸਭ ਤੋਂ ਵੱਡੀ ਘਾਟ ਸੀ।

### ਪਰ ਦੋਹਾਂ ਲਹਿਰਾਂ ਨਾਲ ਇੰਝ ਕਿਉਂ ਵਾਪਰਿਆ?

ਇਸ ਦੇ ਕਾਰਨ ਜਾਣਨ ਲਈ ਪੰਜਾਬ ਦੇ ਪਿਛਲੇ ਇਤਿਹਾਸ ਉਤੇ ਝਾਤੀ ਮਾਰਨ ਦੀ ਲੋੜ ਹੈ। ਦਿਲਚਸਪ ਗੱਲ ਇਹ ਕਿ ਕਿਸੇ ਵੇਲੇ ਇਨ੍ਹਾਂ ਦੋਹਾਂ ਲਹਿਰਾਂ ਵਿਚ ਸਾਂਝ ਸੀ। ਗਦਰੀ ਬਾਬਾ ਭਾਈ ਸੰਤੋਖ ਸਿੰਘ ਇਨ੍ਹਾਂ ਦੋਹਾਂ ਲਹਿਰਾਂ ਵਿਚਕਾਰ ਸਾਂਝੀ ਕੜੀ ਸੀ। ਸਭ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਰਸਾਲੇ 'ਕਿਰਤੀ'ਰਾਹੀਂ ਮਾਰਕਸਵਾਦ ਦੇ ਆਧਾਰ ਉਤੇ ਪੰਜਾਬ ਅੰਦਰ ਕਿਰਤੀਆਂ ਅਤੇ ਕਿਸਾਨਾਂ ਨੂੰ ਇਕਜੁਟ ਕਰਨ ਦਾ ਯਤਨ ਕੀਤਾ। ਉਨ੍ਹਾਂ ਦੇ ਅਕਾਲ ਚਲਾਣੇ ਤਕ 'ਕਿਰਤੀ' ਰਸਾਲੇ ਦੇ ਟਾਈਟਲ ਉਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਮਹਾਂਵਾਕ ਛਪਦਾ ਰਿਹਾ: 'ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥' (ਪੰਨਾ 474)

ਗਦਰੀ ਬਾਬਾ ਹਰਜਾਪ ਸਿੰਘ ਨੇ ਭਾਈ ਸੰਤੋਖ ਸਿੰਘ ਬਾਰੇ ਲਿਖਿਆ ਹੈ, 'ਆਪ ਦੇ ਖਿਆਲਾਤ ਸਬੰਧੀ ਇਹ ਜ਼ਾਹਰ ਕਰਨਾ ਬੜਾ ਜ਼ਰੂਰੀ ਹੈ ਕਿ ਆਪ ਸੋਸ਼ਲਿਜ਼ਮ ਦੇ ਨਾਲ-ਨਾਲ ਮਜ਼ਹਬ ਉਤੇ ਵੀ ਪੂਰਾ ਵਿਸ਼ਵਾਸ ਰੱਖਦੇ ਸਨ। ਖਤਰਨਾਕ ਤੋਂ ਖਤਰਨਾਕ ਸਮੇਂ ਵਿਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੋਟੀ ਬੀੜ ਆਪ ਸਦਾ ਨਾਲ ਰੱਖਦੇ ਸਨ। ਕੋਈ ਕੰਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਗਿਆ ਲਏ ਤੋਂ ਬਿਨਾ ਨਹੀਂ ਸਨ ਕਰਦੇ। ਇੱਥੋਂ ਤਕ ਕਿ ਕਿਰਤੀ ਅਖਬਾਰ ਨੂੰ ਜਾਰੀ ਕਰਨ ਲੱਗਿਆਂ ਵੀ



ਕਾਮਰੇਡ ਬਾਬਾ ਬੂਝਾ ਸਿੰਘ

ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲਿਆ ਸੀ ਜੋ ਅਖਬਾਰ ਦੇ ਪਹਿਲੇ ਪਰਚੇ ਵਿਚ ਪ੍ਰਕਾਸ਼ਿਤ ਕੀਤਾ ਗਿਆ ਸੀ। ਆਪ ਬੜੀ ਸਾਦਾ ਜ਼ਿੰਦਗੀ ਗੁਜ਼ਾਰਦੇ ਸਨ। ਖੁਰਾਕ ਕੇਵਲ ਭੁੱਖ ਦੂਰ ਕਰਨ ਵਾਸਤੇ ਖਾਂਦੇ ਸਨ। ਐਸ਼ ਦਾ ਤਾਂ ਕਦੀ ਖਿਆਲ ਵੀ ਆਪ ਨੂੰ ਨਹੀਂ ਸੀ ਆਇਆ। ਆਪਣੀ ਖੁਰਾਕ ਦਾ ਖਿਆਲ ਨਾ ਰੱਖਣ ਕਾਰਨ ਹੀ ਆਪ ਛੇਤੀ ਚਲਾਣਾ ਕਰ ਗਏ।...

... 1914 ਦੀ ਆਜ਼ਾਦੀ ਦੀ ਤਹਿਰੀਕ ਦੇ ਅਸਫਲ ਹੋ ਜਾਣ ਦੇ ਪਿੱਛੋਂ ਅਮਰੀਕਾ ਵਿਚੋਂ ਆਏ ਸੱਜਣਾਂ ਵਿਚੋਂ ਆਪ ਪਹਿਲੇ ਸੱਜਣ ਸਨ ਜਿਨ੍ਹਾਂ ਨੇ ਮੁੜ ਦੇਸ ਦਾ ਕੰਮ ਸ਼ੁਰੂ ਕੀਤਾ। ਗਦਰ ਲਹਿਰ ਦੀ ਨਾਕਾਮੀ ਪਿੱਛੋਂ ਪਹਿਲੀ ਵਾਰ ਜਦੋਂ ਦੇਸ ਅੰਦਰ ਕੰਮ ਨੂੰ ਨਵੇਂ ਸਿਰਿਓਂ ਸੰਗਠਨ ਕਰਨ ਦੀ ਯੋਜਨਾ ਬਣੀ ਤਾਂ ਇਸ ਦੀ ਜ਼ਿੰਮੇਵਾਰੀ ਭਾਈ ਸੰਤੋਖ ਸਿੰਘ ਹੁਰਾਂ ਨੇ ਸੰਭਾਲੀ। ਭਾਈ ਸੰਤੋਖ ਸਿੰਘ ਹੁਰੀਂ ਸਾਨਫ੍ਰਾਂਸਿਸਕੋ ਦੇ ਮੁਕੱਦਮੇ ਵਿਚ ਸਜ਼ਾ ਭੁਗਤਣ ਸਮੇਂ ਜੇਲ੍ਹ ਅੰਦਰ ਸਮਾਜਵਾਦੀ ਵਿਚਾਰਾਂ ਵਾਲੇ ਆਗੂਆਂ ਨਾਲ ਮੇਲੇ-ਜੋਲੇ ਹੋਣ ਤੇ ਮਾਰਕਸਵਾਦੀ ਲਿਖਤਾਂ ਦੇ ਅਧਿਅਨ ਕਾਰਨ ਕਮਿਊਨਿਸਟ ਵਿਚਾਰਾਂ ਵਲ ਪ੍ਰੇਰਿਤ ਹੋਏ ਸਨ। ਆਪਣੀ ਰਿਹਾਈ ਤੋਂ ਬਾਅਦ ਭਾਈ ਸੰਤੋਖ ਸਿੰਘ ਹੁਰਾਂ ਨੇ ਹੌਲੇ-ਹੌਲੇ ਪਾਰਟੀ ਨੂੰ ਵੀ ਇਸ ਪਾਸੇ ਸਹਿਮਤ ਕਰਨ ਲਈ ਯਤਨ ਸ਼ੁਰੂ ਕੀਤੇ।...

... ਜਦੋਂ ਇਨ੍ਹੀਂ ਦਿਨੀਂ ਕੌਮਾਂਤਰਨ ਵੱਲੋਂ ਗਦਰ ਪਾਰਟੀ ਨੂੰ ਆਪਣੇ ਦੋ ਪ੍ਰਤੀਨਿਧ ਮਾਸਕੋ ਭੇਜਣ ਦਾ ਸੱਦਾ ਪ੍ਰਾਪਤ ਹੋਇਆ, ਤਾਂ ਭਾਈ ਸੰਤੋਖ ਸਿੰਘ ਹੁਰਾਂ ਨੇ ਰੂਸ ਰਾਹੀਂ ਭਾਰਤ ਪੁੱਜਣ ਦਾ ਪ੍ਰੋਗਰਾਮ ਬਣਾਇਆ। 28 ਮਾਰਚ 1917 ਦੇ ਹਿੰਦੁਸਤਾਨ ਗ਼ਦਰ ਅਖਬਾਰ ਦੀ ਮੁੱਖ ਸੁਰਖੀ ਸੀ, 'ਰੂਸ ਆਜ਼ਾਦ ਹੋ ਗਿਆ' ਤੇ ਇਹ ਸਾਰਾ ਅੰਕ ਰੂਸ ਦੇ ਇਨਕਲਾਬ ਨੂੰ ਸਮਰਪਿਤ ਸੀ। ਗਦਰ ਪਾਰਟੀ ਦੀ ਇਸੇ ਨੀਤੀ ਕਰਕੇ ਹੀ ਲੈਨਿਨ ਦੀ ਅਗਵਾਈ ਹੇਠਲੀ ਤੀਜੀ ਇੰਟਰਨੈਸ਼ਨਲ ਨੇ ਅਮਰੀਕਾ ਦੀ ਕਮਿਊਨਿਸਟ ਪਾਰਟੀ ਨੂੰ ਹਿੰਦੁਸਤਾਨ ਦੀ ਗਦਰ ਪਾਰਟੀ ਨਾਲ ਸਬੰਧ ਸਥਾਪਿਤ ਕਰਨ ਲਈ ਕਿਹਾ ਸੀ। ਜੂਨ 1922 ਨੂੰ ਭਾਈ ਰਤਨ ਸਿੰਘ ਅਤੇ ਭਾਈ ਸੰਤੋਖ ਸਿੰਘ ਨੂੰ ਯੁਗਾਂਤਰ ਆਸ਼ਰਮ ਤੋਂ ਮਨਜ਼ੂਰੀ ਮਿਲੀ। ਅਗਸਤ 1922 ਵਿਚ ਸਾਰੇ ਪ੍ਰਬੰਧ ਮੁਕੰਮਲ ਹੋਣ ਉਪਰੰਤ ਉਹ ਨਿਊਯਾਰਕ ਤੋਂ ਮਾਸਕੋ ਲਈ ਰਵਾਨਾ ਹੋਏ।'

ਮਾਸਟਰ ਊਧਮ ਸਿੰਘ ਕਸੇਲ ਦਾ ਜ਼ਿਕਰ ਕਰਦਿਆਂ ਬਾਬਾ ਹਰਜਾਪ ਸਿੰਘ ਨੇ ਇਹ ਜਾਣਕਾਰੀ ਵੀ ਦਿੱਤੀ ਹੈ, 'ਅਫਗਾਨਿਸਤਾਨ ਵਿਚੋਂ ਆਪ ਹਰ ਸਾਲ ਪੰਜਾਬ ਵਿਚ ਆਉਂਦੇ ਰਹੇ। ਆਪ ਇਹ ਸਫਰ ਇਸ ਲਈ ਕਰਿਆ ਕਰਦੇ ਸਨ, ਤਾਂ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਘੱਟ ਤੋਂ ਘੱਟ ਇਕ ਵੇਰ ਦਰਸ਼ਨ ਕਰ ਲਿਆ ਕਰਨ। ਇਹ ਨੇਮ ਆਪ ਪੂਰੀ ਉਮਰ ਨਿਭਾਉਂਦੇ ਰਹੇ। ਇਸ ਤੋਂ ਬਿਨਾ ਪੰਜਾਬ ਦੇ ਅਕਾਲੀ ਲੀਡਰਾਂ ਤੇ ਹੋਰ ਦੇਸ ਭਗਤਾਂ ਨਾਲ ਆਪਦਾ ਗੂੜ੍ਹਾ ਮੇਲ ਮਿਲਾਪ ਹੋ ਗਿਆ। ਆਖਰੀ ਵੇਰ ਆਪ 1925 ਵਿਚ ਅੰਮ੍ਰਿਤਸਰ ਆਏ। ਉਸ ਸਮੇਂ ਭਾਈ ਸੰਤੋਖ ਸਿੰਘ ਜੀ ਵੀ ਪਾਬੰਦੀਆਂ ਤੋਂ ਆਜ਼ਾਦ ਹੋ ਚੁੱਕੇ ਸਨ। ਇਨ੍ਹਾਂ ਨੇ ਭਾਈ ਸੰਤੋਖ ਸਿੰਘ ਜੀ ਨੂੰ ਕਿਰਤੀ ਰਸਾਲਾ ਜਾਰੀ ਕਰਨ ਲਈ ਬਹੁਤ ਜ਼ਿਆਦਾ ਪ੍ਰੇਰਨਾ ਦਿਤੀ। ਪ੍ਰੇਰਨਾ ਤੋਂ ਬਿਨਾ ਆਰਥਿਕ ਸਹਾਇਤਾ ਵੀ ਕਾਫੀ ਦਿੱਤੀ।'

...'ਕਿਰਤੀ ਦਾ ਨਿਕਲਣਾ ਅਹਿਮ ਰਾਜਨੀਤਕ ਘਟਨਾ ਸੀ। ਇਹਨੇ ਮਾਸਕੋ ਦਾ ਧਿਆਨ ਵੀ ਖਿੱਚਿਆ ਅਤੇ ਲੰਡਨ ਦਾ ਵੀ। 11 ਫਰਵਰੀ 1928 ਦੇ ਪਰਾਵਦਾ ਨੇ ਇਹਦੇ ਬਾਰੇ ਲਿਖਿਆ, 'ਪੰਜਾਬ ਤੋਂ ਸ਼ੁਭ ਖ਼ਬਰ ਕਿਸਾਨੀ ਨੂੰ ਜਥੇਬੰਦ ਕਰਨ ਲਈ ਉਹਦਾ ਆਪਣਾ ਅਖ਼ਬਾਰ ਹੋਂਦ ਵਿਚ ਆ ਗਿਆ ਹੈ।' ਲੰਡਨ ਦੇ ਅਖਬਾਰਾਂ ਨੇ ਵੀ ਇਹਦਾ ਜ਼ਿਕਰ ਕੀਤਾ। ਭਾਰਤ ਸਰਕਾਰ (ਅੰਗਰੇਜ਼ ਸਾਮਰਾਜੀਆਂ) ਦੇ ਵਿਚਾਰ ਅਨੁਸਾਰ 'ਸਿੱਖ ਕਮਿਊਨਿਸਟ ਅਖਬਾਰ ਕਿਰਤੀ ਦੀ ਸਥਾਪਨਾ ਨੇ ਦਰਸਾਇਆ ਹੈ ਕਿ ਭਾਰਤ ਵਿਚ ਸਰਕਾਰ-ਵਿਰੋਧੀ ਜਜ਼ਬੇ ਰੱਖਣ ਵਾਲੇ ਸਿੱਖਾਂ ਵਿਚ ਬਾਲਸ਼ਵਿਜ਼ਮ ਦੇ ਬੀ ਬੀਜਣ ਦੇ ਮਾਸਕੋ ਦੇ ਜਤਨ ਅਸਫਲ ਨਹੀਂ ਰਹੇ।'

ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥ ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥ ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ। ਇਸੇ ਗੁਰਮਤਿ ਚੇਤਨਾ ਵਿਚ ਪਲੇ ਹੋਣ ਕਰਕੇ ਗਦਰੀ ਬਾਬਿਆਂ ਦੀ ਸੋਚ ਏਨੀ ਸਪੱਸ਼ਟ ਤੇ ਸਿਧਾਂਤਕ ਤੌਰ ਉਤੇ ਅਮੀਰ ਸੀ। ਗਦਰੀ ਬਾਬਿਆਂ ਦੀਆਂ ਲਿਖਤਾਂ ਵਿਚ ਮੌਜੂਦ ਸਰਲਤਾ, ਸਹਿਜਤਾ, ਚੜ੍ਹਦੀਕਲਾ ਤੇ ਸਮੂਹਿਕ ਭਾਵਨਾ ਅਸਲ ਵਿਚ ਉਨ੍ਹਾਂ ਦੇ ਅਮਲੀ ਸਿੱਖ ਜੀਵਨ ਦਾ ਪਰਤੌਅ ਸੀ। ਉਹ ਜੋ ਕਹਿੰਦੇ ਸਨ, ਉਹ ਕਮਾਉਂਦੇ ਸਨ। ਉਨ੍ਹਾਂ ਦੀ ਕਹਿਣੀ ਅਤੇ ਕਰਨੀ ਵਿਚ ਸਾਂਝ ਸੀ।

ਭਾਈ ਸੰਤੋਖ ਸਿੰਘ ਦੀ 'ਕਿਰਤੀ' ਵਿਚ ਛਪੀ ਸੰਖੇਪ ਜਿਹੀ ਲਿਖਤ ਇਸ ਦੀ ਜਾਣਕਾਰੀ ਦਿੰਦੀ ਹੈ। ਕੁਦਰਤ ਤੇ ਮਨੁੱਖ ਦੇ ਰਿਸ਼ਤੇ ਬਾਰੇ ਜਿਹੜੀ ਧਾਰਨਾ ਸਪੱਸ਼ਟ ਕਰਨ ਲਈ ਯੂਰਪ ਵਿਚ ਫਿਲਾਸਫਰਾਂ ਨੇ ਅਨੇਕ ਗ੍ਰੰਥ ਲਿਖੇ ਹਨ ਅਤੇ ਜਿਸ ਧਾਰਨਾ ਨੂੰ ਸਪੱਸ਼ਟ ਕਰਨ ਲਈ ਮਾਰਕਸ ਏਂਗਲਜ਼ ਦੀਆਂ ਦਰਜਨਾਂ ਟੂਕਾਂ ਦੇ ਹਵਾਲੇ ਦੇਣੇ ਪੈਂਦੇ ਹਨ, ਉਹ ਧਾਰਨਾ ਭਾਈ ਸਾਹਿਬ ਦੀ ਇਸ ਸੰਖੇਪ ਲਿਖਤ ਅੰਦਰ ਬੜੀ ਸਰਲ ਭਾਸ਼ਾ ਵਿਚ ਸਪੱਸ਼ਟ ਕਰ ਦਿੱਤੀ ਗਈ ਹੈ:

'ਰੰਗ ਬਦਲਦੀ ਰਹੇਗੀ ਸਦਾ ਕੁਦਰਤ, ਵਕਤ ਬਣਦਾ ਕਿਸੇ ਦਾ ਯਾਰ ਨਾਹੀਂ': 'ਕੁਦਰਤ ਦਾ ਬੁਨਿਆਦੀ ਨੇਮ 'ਬਦਲੀ' ਹੈ। ਸਰਬ ਰਚਨਾ ਆਦਿ ਸਮੇਂ ਤੋਂ ਇਸ ਨੇਮ ਦੇ ਅਧੀਨ ਚਲਦੀ ਆਈ ਹੈ ਅਤੇ ਚਲਦੀ ਰਹੇਗੀ। ਸੰਸਾਰ ਵਿਚ ਸੁਣੇ-ਡਿੱਠੇ ਅਤੇ ਅਣਸੁਣੇ-ਅਣਡਿੱਠੇ; ਸਭ; ਕੀ ਵੱਡੇ ਤੋਂ ਵੱਡੇ ਬਲਵਾਨ ਪੁਰਸ਼, ਕੀ ਵੱਡੇ ਤੋਂ ਵੱਡੇ ਬਲਵਾਨ ਰਾਜਤਖਤ, ਕੀ ਵੱਡੀਆਂ ਤੋਂ ਵੱਡੀਆਂ ਪਰਬਲ ਰਾਜਸੀ, ਭਾਈਚਾਰਕ ਅਤੇ ਆਰਥਿਕ ਮਰਿਆਦਾਵਾਂ ਅਤੇ ਆਸ਼ਰਮ; ਸਾਰੇ ਹੀ; ਬਦਲੀ ਦੇ ਨੇਮ ਅਧੀਨ ਹਨ। ਹਰ ਇਕ ਹਸਤੀ, ਭਾਵੇਂ ਸੂਖਮ ਹੋਵੇ ਭਾਵੇਂ ਸਥੂਲ ਇਕ ਪਾਸੇ ਤਾਂ ਆਪਣੇ ਆਦਿ ਤੋਂ ਲੈ ਕੇ ਅੰਤ ਤਕ ਸਨੇ-ਸਨੇ (ਇਧਰ-ਉਧਰ) ਬਦਲਦੀ ਜਾਂਦੀ ਹੈ, ਦੂਜੇ ਪਾਸੇ ਇਕ ਦਿਨ ਉਸ ਦਾ ਅੰਤ ਹੋ ਜਾਂਦਾ ਹੈ। ਉਹ ਜਿਸ ਕੁਦਰਤ ਵਿਚੋਂ ਉਪਜੀ ਸੀ, ਉਸੇ ਵਿਚ ਸਮਾਅ ਜਾਂਦੀ ਹੈ। ਜੇ ਉਤਪਤੀ ਤੇ ਪਰਲੋ ਦੇ ਨੇਮਾਂ ਅੰਦਰ ਉਸ ਦੀ ਥਾਂ ਨਵੀਂ ਹਸਤੀ ਦੀ ਲੋੜ ਹੋਵੇ, ਤਾਂ ਉਸੇ ਕੁਦਰਤ ਵਿਚੋਂ ਉਪਜੀ ਹੋਈ ਨਵੀਂ ਹਸਤੀ ਉਸ ਦੀ ਥਾਂ ਆਣ ਸੰਭਾਲਦੀ ਹੈ।'

ਮਨੁੱਖੀ ਮਨ ਵਿਚ ਕਿਸੇ ਕਲਪਿਤ ਸਰਬ-ਸ਼ਕਤੀਮਾਨ 'ਰੱਬ' ਦੀ ਬਣੀ ਥਾਂ, ਕਿਵੇਂ ਸਰਬ-ਵਿਆਪੀ ਤੇ ਸਰਬ-ਸ਼ਕਤੀਸ਼ਾਲੀ ਕੁਦਰਤ ਦੇ ਨੇਮਾਂ ਨੇ ਲੈਣੀ ਹੈ, ਇਸ ਦੀ ਵਿਆਖਿਆ ਹੋਰ ਵੀ ਖੂਬਸੂਰਤ ਹੈ: 'ਕੁਦਰਤ ਜਿਵੇਂ ਸਰਬ-ਵਿਆਪਕ ਹੈ ਤਿਵੇਂ ਸਰਬ-ਸ਼ਕਤੀਸ਼ਾਲੀ ਵੀ ਹੈ। ਸਭ ਰਚਨਾ ਕੁਦਰਤ ਦੇ ਹੁਕਮ ਵਿਚ ਅਥਵਾ ਕੁਦਰਤ ਦਿਆਂ ਨੇਮਾਂ ਅੰਦਰ ਬੱਧੀ ਹੋਈ ਚੱਲ ਰਹੀ ਹੈ। ਇਹ ਠੀਕ ਹੈ ਕਿ ਹਰ ਇਕ ਮਾਨਸ, ਹਰ ਇਕ ਰਾਜਤਖਤ ਤੇ ਸਮੂਹ ਮਾਨਸਜਾਤੀ ਆਪਣੀ ਕਿਸਮਤ ਦੀ ਆਪ ਮਾਲਕ ਹੈ ਅਥਵਾ ਜਿਸ ਤਰ੍ਹਾਂ ਦੀ ਆਪਣੀ ਕਿਸਮਤ ਕੋਈ ਬਣਾਉਣਾ ਚਾਹੇ, ਬਣਾ ਸਕਦਾ ਹੈਪ੍ਰੰਤੂ ਹਰ ਇਕ ਮਾਨਸ ਦੀ, ਜਾਬਰ ਤੋਂ ਜਾਬਰ ਰਾਜਤਖਤ ਦੀ ਅਤੇ ਸਮੂਹ ਮਾਨਸਜਾਤੀ ਦੀ ਆਪਣੀ ਕਿਸਮਤ ਆਪਣੀ ਮਰਜ਼ੀ ਅਨੁਸਾਰ ਬਣਾਉਣ ਵਾਸਤੇ ਜੋ ਤਾਕਤ ਹੈ, ਕੁਦਰਤ ਦਿਆਂ ਨੇਮਾਂ ਦੀ ਹੱਦ ਦੇ ਅੰਦਰ-ਅੰਦਰ ਹੀ ਚੱਲ ਸਕਦੀ ਹੈ। ਕੁਦਰਤ ਦਿਆਂ ਨੇਮਾਂ ਤੋਂ ਬਾਹਰ ਜਾਂ ਵਿਰੁੱਧ ਬਿਲਕੁਲ ਬਲਹੀਣ ਹੈ।'

ਆਪਣੀ ਕੁਦਰਤੀ ਨਾਸਵੰਤ ਹੋਂਦ ਦੀ ਚੇਤਨਾ ਕਿਉਂ ਜ਼ਰੂਰੀ ਹੈ, ਇਸ ਦਾ ਬਿਆਨ ਵੀ ਭਾਈ ਸੰਤੋਖ ਸਿੰਘ ਨੇ ਏਨੀ ਹੀ ਖੂਬਸੂਰਤ ਤੇ ਸਰਲ ਭਾਸ਼ਾ ਵਿਚ ਕੀਤਾ ਹੈ, 'ਮਾਨਸ ਦੀ ਵਿਚਾਰ ਵਾਸਤੇ ਸਭ ਤੋਂ ਜ਼ਰੂਰੀ ਚੀਜ਼ ਮਾਨਸ ਦਾ ਆਪਣਾ ਸਰੀਰ ਹੈ। ਜਿਸ ਦਿਨ ਤੋਂ ਮਾਨਸ ਮਾਤਾ ਦੀ ਕੁਖ ਵਿਚ ਆਉਂਦਾ ਹੈ, ਉਸ ਦਿਨ ਤੋਂ ਲੈ ਕੇ ਜਨਮ ਦੇ ਦਿਨ ਤਕ ਮਾਨਸ ਦੇ ਬੁਤ ਵਿਚ ਅਨੇਕਾਂ ਹੀ ਬਦਲੀਆਂ ਹੁੰਦੀਆਂ ਹਨ। ਫਿਰ ਮਾਤਾ ਦੀ ਕੁਖ ਵਿਚੋਂ ਬਾਹਰ ਆਉਣਾ ਅਥਵਾ ਜਨਮ ਹੋਣਾ ਇਕ ਵਡੀ ਭਾਰੀ ਬਦਲੀ ਹੈ। ਜਨਮ ਤੋਂ ਲੈ ਕੇ ਮਰਨ ਦੇ ਦਿਨਾਂ ਤਕ ਸਰੀਰ ਵਿਚ ਅਨੇਕ ਬਦਲੀਆਂ ਹੁੰਦੀਆਂ ਹਨ। ਜਿਨ੍ਹਾਂ ਵਿਚੋਂ ਕੁਝ ਤਾਂ ਹਰ ਇਕ ਹੀ ਪੁਰਸ਼ ਜਾਣਦਾ ਤੇ ਦੇਖਦਾ ਹੈ ਅਤੇ ਕੁਝ ਐਸੀਆਂ ਵੀ ਹਨ, ਜਿਨ੍ਹਾਂ ਦੀ ਵਾਕਫੀ ਕਿਸੇ-ਕਿਸੇ ਹੀ ਗਿਆਨਵਾਨ ਪੁਰਸ਼ ਨੂੰ ਹੈ। ਆਖਰੀ ਬਹੁਤੀ ਵਡੀ ਬਦਲੀ ਜਿਸ ਦਾ ਖਿਆਲ ਹਰ ਇਕ ਹੀ ਪੁਰਸ਼ ਨੂੰ ਵੇਲੇ-ਵੇਲੇ ਆਉਂਦਾ ਰਹਿੰਦਾ ਹੈ ਤੇ ਆਉਣਾ ਵੀ ਚਾਹੀਦਾ ਹੈ, ਉਹ ਮੌਤ ਹੈ।'

ਸਿੱਖ ਚੜ੍ਹਦੀਕਲਾ ਇਨ੍ਹਾਂ ਲਿਖਤਾਂ ਦੇ ਵਜੂਦ ਸਮੋਇਆ ਗੁਣ ਹੈ: 'ਜਿਹੜੇ ਰਾਜਤਖਤ ਵਰਤਮਾਨ ਸਮੇਂ ਵਿਚ ਧਰਤੀ



ਸੰਤ ਜਰਨੈਲ ਸਿੰਘ

ਦੀਆਂ ਵੰਡੀਆਂ ਪਾ ਰਹੇ ਹਨ ਅਤੇ ਆਪਣੇ ਆਪ ਨੂੰ ਧਰਤੀ ਦੇ ਮਲ ਲਏ ਹੋਏ ਹਿਸੇ ਦੇ 'ਅਟਲ' ਮਾਲਕ ਮਿਥ ਰਹੇ ਹਨ, ਉਨ੍ਹਾਂ ਦੀ ਅਟਲ ਮਾਲਕੀ ਮਿਥਿਆ ਹੈ। ਜੋ ਰੰਗ ਇਨ੍ਹਾਂ ਉਤੇ ਅੱਜ ਹੈ, ਉਹ ਸਮਾਂ ਪਾ ਕੇ ਬਦਲ ਜਾਵੇਗਾ। ਜੋ ਕੌਮਾਂ ਹਾਰ ਖਾ ਕੇ ਪਰਅਧੀਨ ਹੋ ਗਈਆਂ ਹਨ ਪਰ ਅਜੇ ਆਪਣੀ ਹਸਤੀ ਦੀ ਚੇਤਨਾ ਕਾਇਮ ਰਖ ਰਹੀਆਂ ਹਨ ਅਤੇ ਆਪਣੇ ਕੌਮੀ ਸਵੈਮਾਣ ਦੀ ਜੋਤ ਨੂੰ ਆਪਣੇ ਮਨ ਵਿਚ ਜਗਦੀ ਰਖ ਰਹੀਆਂ ਹਨ, ਜੇ ਉਹ ਲੋੜੀਂਦੀ ਮਿਹਨਤ ਅਤੇ ਲੋੜੀਂਦੀ ਕੁਰਬਾਨੀ ਕਰਨਗੀਆਂ, ਤਾਂ ਉਹ ਸਵੈਧੀਨਤਾ ਦਾ ਰੰਗ ਜ਼ਰੂਰ ਦੇਖਣਗੀਆਂ। ...ਕੁਦਰਤ ਦਾ ਬਦਲੀ ਦਾ ਨੇਮ ਕਿਰਤੀਆਂ ਦੇ ਬੰਧਨ ਜ਼ਰੂਰ ਤੋੜੇਗਾ। ਕੁਦਰਤ ਰੰਗ ਬਦਲਦੀ-ਬਦਲਦੀ ਉਹ ਰੰਗ ਜ਼ਰੂਰ ਲਿਆਵੇਗੀ, ਜਦ ਕਿਰਤੀਆਂ ਦੀ ਕਮਾਈ ਦਾ ਫਲ ਗੈਰ (ਕਿਰਤੀ) ਖਾ, ਉਡਾ ਨਹੀਂ ਸਕਣਗੇ।'

ਭਾਈ ਸੰਤੋਖ ਸਿੰਘ ਹੁਰਾਂ ਦੀ 90 ਸਾਲ ਪਹਿਲਾਂ ਕੀਤੀ ਇਸ ਭਵਿੱਖਬਾਣੀ ਉਤੇ ਜੇ ਅੱਜ ਗੰਭੀਰਤਾ ਨਾਲ ਵਿਚਾਰ ਕੀਤਾ ਜਾਏ, ਤਾਂ ਉਨ੍ਹਾਂ ਦੇ ਬਲਿਹਾਰੇ ਜਾਣ ਨੂੰ ਦਿਲ ਕਰਦਾ ਹੈ। ਬੰਦਾ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਅੱਜ ਅੰਗਰੇਜ਼ ਸਾਮਰਾਜੀ ਕਿੱਥੇ ਖੜ੍ਹੇ ਹਨ। ਜਿਨ੍ਹਾਂ ਦੇ ਰਾਜ ਵਿਚ ਕਦੇ ਸੂਰਜ ਨਹੀਂ ਸੀ ਡੁੱਬਦਾ, ਅੱਜ ਉਹੀ ਸਾਮਰਾਜੀ ਆਪਣੇ ਹੀ ਦੇਸ ਅੰਦਰ ਆਪਣੀ ਹੋਂਦ ਬਚਾਉਣ ਲਈ ਜੱਦੋ-ਜਹਿਦ ਕਰ ਰਹੇ ਹਨ। ਯੂਕਰੇਨ ਵਿਚ ਲੜੀ ਜਾ ਰਹੀ ਜੰਗ ਨੇ ਦਿਖਾ ਦਿੱਤਾ ਹੈ ਕਿ ਕੁਝ ਸਾਲ ਪਹਿਲਾਂ ਤਕ ਦੁਨੀਆ ਉਤੇ ਰਾਜ ਕਰਨ ਦਾ ਭਰਮ ਪਾਲ ਰਹੇ ਅਮਰੀਕੀ ਸਾਮਰਾਜੀਆਂ ਦਾ ਵੀ ਛੇਤੀ ਹੀ ਇਹੀ ਹਸ਼ਰ ਹੋਣ ਜਾ ਰਿਹਾ ਹੈ।

ਜੇ ਪੰਜਾਬ ਦੇ ਕਮਿਊਨਿਸਟਾਂ ਨੇ ਗਦਰੀ ਬਾਬਿਆਂ ਦੇ ਇਸ ਮਹਾਨ ਸਿੱਖ ਵਿਰਸੇ ਨੂੰ ਅੱਗੇ ਤੋਰਿਆ ਹੁੰਦਾ, ਤਾਂ ਨਾ ਸਿਰਫ ਉਹ ਪੰਜਾਬ ਦੀ ਇਨਕਲਾਬੀ ਲਹਿਰ ਨੂੰ ਹੋਰ ਵੱਡਾ ਹੁਲਾਰਾ ਦੇਣ ਵਿਚ ਸਫਲ ਹੁੰਦੇ ਸਗੋਂ ਇਸ ਦੇ ਨਿਕਲੇ ਸਿੱਟੇ

ਜ਼ਰੂਰ ਹੀ ਹੁਣ ਨਾਲੋਂ ਬਿਲਕੁਲ ਵੱਖਰੇ ਹੁੰਦੇ। ਜੇ ਪੰਜਾਬ ਅੰਦਰਲੀ ਕਮਿਊਨਿਸਟ ਲਹਿਰ ਗੁਰਮਤਿ ਅਤੇ ਸਿੱਖ ਇਤਿਹਾਸ ਨੂੰ ਛੁਟਿਆਉਣ ਤੇ ਠੁਕਰਾਉਣ ਦੀ ਬਜਾਇ ਇਸ ਤੋਂ ਪ੍ਰੇਰਨਾ ਲੈ ਕੇ ਅੱਗੇ ਵਧੀ ਹੁੰਦੀ, ਤਾਂ ਸ਼ਾਇਦ ਉਹ ਆਲਮੀ ਕਮਿਊਨਿਸਟ ਲਹਿਰ ਦੀਆਂ ਕੁਝ ਗੰਭੀਰ ਖਾਮੀਆਂ ਨੂੰ ਪ੍ਰਗਟ ਕਰਨ ਵਿਚ ਸਹਾਈ ਹੁੰਦੀ। ਜੇ ਉਹ ਏਧਰ ਨੂੰ ਤੁਰਦੇ ਤਾਂ ਜ਼ਰੂਰ ਹੀ ਪੰਜਾਬ ਅੰਦਰ ਹਿੰਦੂ, ਸਿੱਖ, ਮੁਸਲਮਾਨਾਂ ਦੀ ਫਿਰਕੂ ਵੰਡ ਹੋਣੋਂ ਰੁਕ ਜਾਂਦੀ ਅਤੇ ਹਿੰਦੁਸਤਾਨ ਸਮੇਤ ਪੰਜਾਬ ਅੰਦਰ 1947 ਦਾ ਹੋਇਆ ਭਿਆਨਕ ਸਾਕਾ ਵੀ ਨਾ ਵਾਪਰਦਾ। ਸਾਮਰਾਜੀ ਗੁਲਾਮੀ ਤੋਂ ਮੁਕਤ ਹੋਇਆ ਪੰਜਾਬ, ਜੇ ਕਿਤੇ ਗੁਰੂਆਂ ਵਾਲੇ ਠੀਕ ਸਮਾਜਵਾਦੀ ਰਾਹ ਉਤੇ ਪੈ ਜਾਂਦਾ ਤਾਂ ਉਹ ਦੁਨੀਆ ਭਰ ਦੀ ਕਮਿਊਨਿਸਟ ਲਹਿਰ ਨੂੰ ਸਹੀ ਦਿਸ਼ਾ ਵੱਲ ਅੱਗੇ ਤੋਰਨ ਦਾ ਸਬੱਬ ਬਣਦਾ।

ਬਾਬੇ ਹਿੰਦੂ ਅਤੇ ਮੁਸਲਿਮ ਭਾਈਚਾਰਿਆਂ ਪ੍ਰਤੀ ਕਿੰਨੇ ਸੰਵੇਦਨਸ਼ਾਲੀ ਸਨ, ਇਸ ਦੀ ਜਾਣਕਾਰੀ ਬਾਬਾ ਗੁਰਦਿੱਤ ਸਿੰਘ ਕਾਮਗਾਟਾ ਮਾਰੂ ਦੀ ਆਤਮ ਬਿਆਨੀ ਵਿਚੋਂ ਮਿਲਦੀ ਹੈ: 'ਮੈਂ ਗੁਰੂ ਨਾਨਕ ਜਹਾਜ਼ ਕਿਰਾਏ ਉਤੇ ਲੈ ਕੇ ਬੰਦੇ ਮਾਤਰਮ, ਸਤਿ ਸ੍ਰੀ ਅਕਾਲ, ਅਲਹ ਹੂ ਅਕਬਰ ਦੇ ਝੰਡੇ ਝੁਲਾ ਕੇ ਹਿੰਦੂ ਸਿਖ ਤੇ ਮੁਸਲਮਾਨਾਂ ਦੇ ਪਰੇਮ ਦਾ ਨਾਤਾ ਪਕਾ ਕੀਤਾ। ਜਿਸ ਇਤਫਾਕ ਤੋਂ ਨੌਕਰਸ਼ਾਹੀ ਨੂੰ ਮੇਰੇ ਕੰਮ ਦੀ ਬੂ ਆਈ ਅਤੇ ਮੈਨੂੰ ਇਸ ਸੇਵਾ ਦਾ ਬਦਲਾ ਬੇਸ਼ੁਮਾਰ ਦੁਖ ਦਿਤੇ। ਅਖੀਰ ਬਜਬਜ ਉਤੇ ਸਾਨੂੰ ਮਾਰ ਮੁਕਾਉਣ ਦਾ ਯਤਨ ਕੀਤਾ ਅਤੇ ਹੋਰ ਕਈ ਪ੍ਰਕਾਰ ਦੇ ਅਨਿਆਂ ਤੇ ਜ਼ੁਲਮ ਕੀਤੇ।'

ਗਦਰੀ ਬਾਬੇ ਗਰੀਬ ਮਨੁੱਖਤਾ ਦੇ ਦੁੱਖਾਂ ਸੁੱਖਾਂ ਨੂੰ ਕਿਵੇਂ ਆਪਣੇ ਹਿਰਦੇ ਅੰਦਰੋਂ ਮਹਿਸੂਸ ਕਰਦੇ ਸਨ, ਇਸ ਦੀ ਮਿਸਾਲ 21 ਜੁਲਾਈ 1970 ਨੂੰ ਬਾਬਾ ਹਰਜਾਪ ਸਿੰਘ ਵੱਲੋਂ ਆਪਣੀ 'ਬੇਬਸੀ ਦੇ ਅਥਰੂ' ਕੇਰਦਿਆਂ ਕਹੇ ਗਏ ਇਹ ਯਾਦਗਾਰੀ ਸ਼ਬਦ ਹਨ: 'ਅੱਜ ਆਜ਼ਾਦੀ ਦੇ 23 ਸਾਲਾਂ ਬਾਅਦ ਵੀ 1947 ਤੋਂ ਪਹਿਲਾਂ ਵੇਖੇ ਗਏ ਖਾਬ ਧੁੰਦਲੇ ਨਜ਼ਰ ਆ ਰਹੇ ਹਨ। ਅਸੀਂ ਜੀਵਨ ਦਿਆਂ ਸਾਰੇ ਪੱਖਾਂ ਤੋਂ ਨਿਘਰ ਰਹੇ ਹਾਂ। ਜ਼ਿੰਦਗੀ ਦੀਆਂ ਉਚੀਆਂ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗ ਕੇ, ਸਭ ਕੁਝ ਪੱਛਮ ਦੀ ਨਕਲ ਤੇ ਫੈਸ਼ਨ ਦੇ ਵਹਾਅ ਨਾਲ ਰੁੜ੍ਹਿਆ ਜਾ ਰਿਹਾ ਏ। ਆਪਸੀ ਭਾਈਚਾਰਕ ਸਾਂਝ ਮਾਇਆ ਦੇ ਜ਼ੋਰ ਨਾਲ ਸੱਟ ਮਾਰ ਕੇ ਖੋਖਲੀ ਕੀਤੀ ਜਾ ਰਹੀ ਏ। ਕੀ ਗਰੀਬ, ਕੀ ਅਮੀਰ, ਬੱਚੇ ਅਤੇ ਬੁੱਢੇ ਤਕ ਘੁਟਵਾਂ-ਘੁਟਵਾਂ ਜੀਵਨ ਜੀਅ ਰਿਹਾ ਹੈ।'

ਅੱਜ 53 ਸਾਲ ਬਾਅਦ ਬਾਬਾ ਹਰਜਾਪ ਸਿੰਘ ਜੀ ਦੇ ਇਸ ਕਥਨ ਵਿਚਲਾ ਦਰਦ ਹੋਰ ਵੀ ਕਿੰਨਾ ਅਸਹਿ ਅਤੇ ਅਕਹਿ ਰੂਪ ਧਾਰਨ ਕਰ ਗਿਆ ਹੈ। ਅਜੋਕਾ ਪੰਜਾਬੀ ਸਮਾਜ ਨਿਘਾਰ ਦੀ ਕਿਸ ਗਰਤ ਵਿਚ ਪਹੁੰਚ ਚੁੱਕਾ ਹੈ, ਇਸ ਦਾ ਅਹਿਸਾਸ ਕਰਕੇ ਹੀ ਮਨੁੱਖੀ ਰੂਹ ਕੰਬ ਜਾਂਦੀ ਹੈ।

**ਸੁਆਲ ਪੈਦਾ ਹੁੰਦਾ ਹੈ ਕਿ ਸਿੱਖੀ ਅਤੇ ਕਮਿਊਨਿਜ਼ਮ ਦੀ ਬਣੀ ਏਨੀ ਗੂੜ੍ਹੀ ਸਾਂਝ ਕਿਵੇਂ ਟੁੱਟੀ?**

ਬਦਕਿਸਮਤੀ ਨਾਲ ਭਾਈ ਸੰਤੋਖ ਸਿੰਘ ਹੁਰਾਂ ਦੇ ਅਕਾਲ ਚਲਾਣੇ ਤੋਂ ਬਾਅਦ ਕਿਰਤੀ ਦੀ ਕਮਾਂਡ 'ਕਾਮਰੇਡ' ਸੋਹਣ ਸਿੰਘ ਜੋਸ਼ ਹੁਰਾਂ ਦੇ ਹੱਥ ਆ ਗਈ। ਉਨ੍ਹਾਂ ਦੇ ਆਪਣੇ ਕਹਿਣ ਮੁਤਾਬਿਕ, ਉਨ੍ਹਾਂ ਨੇ ਇਸ ਪਰਚੇ ਦੇ ਸਿੱਖ-ਕਮਿਊਨਿਸਟ ਸਰੂਪ ਨੂੰ ਬਦਲ ਕੇ ਇਸ ਨੂੰ ਧਰਮ ਨਿਰਪੱਖ ਸਰੂਪ ਦੇਣ ਦੇ ਸੁਚੇਤ ਯਤਨ ਕੀਤੇ। ਇਸ ਦਾ ਕਾਰਨ ਧਰਮਾਂ ਬਾਰੇ ਲੈਨਿਨਵਾਦੀ ਸੋਚ ਦਾ ਪ੍ਰਭਾਵ ਸੀ। ਦਰਅਸਲ ਇਸੇ ਨਾਸਤਿਕ ਸੋਚ ਨੇ ਸੋਹਣ ਸਿੰਘ ਜੋਸ਼ ਹੁਰਾਂ ਰਾਹੀਂ ਸਿੱਖੀ ਅਤੇ ਕਮਿਊਨਿਜ਼ਮ ਵਿਚਕਾਰ ਦੁਫੇੜ ਪੈਦਾ ਕਰਨ ਦੀ ਨੀਂਹ ਰੱਖ ਦਿੱਤੀ ਜਿਹੜੀ ਬਾਅਦ ਵਿਚ ਜਾ ਕੇ ਇਕ-ਦੂਜੇ ਦੀਆਂ ਦੋ ਵਿਰੋਧੀ ਧਾਰਾਵਾਂ ਵਿਚ ਬਦਲ ਗਈ। ਇਸ ਅਖੌਤੀ ਧਰਮ ਨਿਰਪੱਖ ਸੋਚ ਨੇ ਪੰਜਾਬ ਅੰਦਰ ਕਿੱਡੀ ਵੱਡੀ ਉਥਲ-ਪੁਥਲ ਮਚਾਈ ਅਤੇ ਇਸ ਨੇ ਕਿਵੇਂ ਨਕਾਰੀ ਰੋਲ ਨਿਭਾਇਆ, ਇਸ ਦਾ ਸਬੂਤ ਹੇਠ ਲਿਖੀਆਂ ਦੋ ਜਾਣਕਾਰੀਆਂ ਤੋਂ ਮਿਲਦਾ ਹੈ:

ਗਦਰੀ ਬਾਬਾ ਮਾਸਟਰ ਊਧਮ ਸਿੰਘ ਕਸੇਲ ਵਲੋਂ 'ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ' ਨੂੰ ਲਿਖੀ ਚਿੱਠੀ ਵਿਚ ਕਿਹਾ ਗਿਆ ਹੈ, "ਭਾਰਤ ਸਾਂਝੀਵਾਲ ਐਸੋਸੀਏਸ਼ਨ (ਹਿੰਦੁਸਤਾਨ ਕਮਿਊਨਿਸਟ ਪਾਰਟੀ) ਵਲੋਂ ਮੈਨੂੰ ਪੂਰਾ ਅਧਿਕਾਰ ਦਿੱਤਾ ਗਿਆ ਹੈ ਕਿ ਮੈਂ ਰਸ਼ੀਅਨ ਸੋਸ਼ਲਿਸਟ ਫੈਡਰੇਸ਼ਨ ਸੋਵੀਅਤ ਰਿਪਬਲਿਕ ਨਾਲ ਆਪਣੀਆਂ ਮੰਗਾਂ ਬਾਰੇ ਵਿਚਾਰ ਕਰਾਂ।...

... ਦੋ ਲੱਖ ਰੁਪਈਏ ਛੇਤੀ ਦੇਣ ਦੀ ਸਿਫਾਰਸ਼ ਕੀਤੀ ਜਾਵੇ, ਕਿਉਂਕਿ ਅੰਗਰੇਜ਼ੀ ਸਰਕਾਰ ਨੇ ਪੰਜਾਬ ਵਿਚਲੀ ਅਕਾਲੀ ਲਹਿਰ ਦੇ ਵਿੱਤੀ ਸੋਮੇ ਬੰਦ ਕਰ ਦਿੱਤੇ ਹਨ। ਇਸ ਲਈ ਵੱਡੇ ਪੈਮਾਨੇ ਉਤੇ ਕੰਮ ਜਾਰੀ ਰੱਖਣਾ ਮੁਸ਼ਕਿਲ ਹੋਵੇਗਾ। ਸਾਡੇ 16 ਹਜ਼ਾਰ ਸਾਥੀ ਜੇਲ੍ਹਾਂ ਵਿਚ ਬੰਦ ਹਨ ਅਤੇ ਬਾਕੀਆਂ ਨੂੰ ਕੈਦ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਹਨ। ਉਨ੍ਹਾਂ ਵਿਚੋਂ ਬਹੁਤਿਆਂ ਨੂੰ ਆਰਥਿਕ ਪੱਖੋਂ ਬਰਬਾਦ ਕਰ ਦਿੱਤਾ ਗਿਆ ਹੈ।

...ਪੰਜ ਲੱਖ ਅਕਾਲੀਆਂ ਲਈ ਮਿਲਟਰੀ ਦੇ ਸਾਜ਼ੋ-ਸਾਮਾਨ ਦੀ ਵੀ ਸਿਫਾਰਸ਼ ਕੀਤੀ ਜਾਵੇ।"

ਇਸ ਚਿੱਠੀ ਵਿਚ 'ਐਸੋਸੀਏਸ਼ਨ' ਦੇ ਮੈਂਬਰਾਂ ਦੀਆਂ ਸਰਗਰਮੀਆਂ ਬਾਰੇ ਇਕ ਹੋਰ ਵੀ ਬੜੀ ਦਿਲਚਸਪ ਜਾਣਕਾਰੀ ਦਿੱਤੀ ਗਈ ਸੀ। ਇਸ ਜਾਣਕਾਰੀ ਅਨੁਸਾਰ ਇਹ ਐਸੋਸੀਏਸ਼ਨ ਪੰਜਾਬ ਨਾਲ ਸਬੰਧਤ ਸਾਰੀਆਂ ਫੌਜੀ ਬਟਾਲੀਅਨਾਂ ਵਿਚ ਸਰਗਰਮ ਸੀ। ਇਸ ਜਾਣਕਾਰੀ ਤੋਂ ਇਹ ਗੱਲ ਵੀ ਸਪੱਸ਼ਟ ਹੁੰਦੀ ਹੈ ਕਿ ਗਦਰੀ ਬਾਬੇ ਰਾਜਸੱਤਾ ਉਤੇ ਕਬਜ਼ਾ ਕਰਨ ਲਈ ਫੌਜ ਵਿਚ ਕੀਤੇ ਜਾਣ ਵਾਲੇ ਪ੍ਰਚਾਰ ਨੂੰ ਕਿੰਨੀ ਅਹਿਮੀਅਤ ਦਿੰਦੇ ਸਨ ਅਤੇ ਇਸ ਪ੍ਰਤੀ ਕਿੰਨੇ ਸੁਚੇਤ ਸਨ।

'ਜੀਵਨੀ ਗਦਰੀ ਬਾਬਾ ਸ਼ਹੀਦ ਮਾ. ਊਧਮ ਸਿੰਘ ਕਸੇਲ' ਵਿਚ ਇਹ ਜਾਣਕਾਰੀ ਵੀ ਦਿੱਤੀ ਗਈ ਹੈ ਕਿ 'ਪੰਜਾਬ ਪਹੁੰਚ ਕੇ ਜਿੱਥੇ ਇਕ ਪਾਸੇ ਉਨ੍ਹਾਂ ਨੇ ਭਾਈ ਪਿਆਰਾ ਸਿੰਘ ਲੰਗੇਰੀ, ਈਸ਼ਰ ਸਿੰਘ ਮਰਹਾਣਾ, ਇੰਦਰ ਸਿੰਘ ਸੁਰਸਿੰਘ, ਤੇਜਾ ਸਿੰਘ ਚੂੜਕਾਣਾ, ਹੀਰਾ ਸਿੰਘ ਦਰਦ ਆਦਿ ਨਾਲ ਮੁਲਾਕਾਤਾਂ ਕਰ ਕੇ ਯੋਜਨਾਵਾਂ ਬਣਾਈਆਂ ਅਤੇ ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਆਗੂਆਂ ਤੇਜਾ ਸਿੰਘ ਸਮੁੰਦਰੀ, ਹਰਚਰਨ ਸਿੰਘ ਲਾਇਲਪੁਰੀ, ਬਾਬਾ ਖੜਕ ਸਿੰਘ ਅਤੇ ਮਾਸਟਰ ਤਾਰਾ ਸਿੰਘ ਨਾਲ ਅਕਾਲੀ ਲਹਿਰ ਸਬੰਧੀ ਯੋਜਨਾ ਤਿਆਰ ਕਰ ਕੇ 6 ਜੁਲਾਈ 1930 ਨੂੰ ਮਾਸਟਰ ਤਾਰਾ ਸਿੰਘ ਦੇ ਘਰੋਂ, ਮਾਸਟਰ ਊਧਮ ਸਿੰਘ ਤੇ ਤੇਜਾ ਸਿੰਘ ਸੁਤੰਤਰ ਵਾਪਸ ਅਫਗਾਨਿਸਤਾਨ ਨੂੰ ਤੁਰ ਪਏ।

... ਉਹ ਲਗਭਗ ਇਕ ਮਹੀਨਾ ਸਿੱਖ ਮਿਸ਼ਨਰੀ ਸਕੂਲ ਅੰਮ੍ਰਿਤਸਰ ਵਿਚ ਰਹੇ ਸਨ। ਇਸ ਸਮੇਂ ਗੁਰਦੁਆਰਾ ਸੁਧਾਰ ਲਹਿਰ ਆਪਣੇ ਪੂਰੇ ਜੋਬਨ ਉਤੇ ਸੀ। ਇਸ ਫੇਰੀ ਸਮੇਂ ਗਦਰੀ ਸਾਥੀਆਂ ਤੇ ਅਕਾਲੀ ਲਹਿਰ ਦੇ ਆਗੂਆਂ ਨਾਲ ਮੁਲਾਕਾਤਾਂ ਤੋਂ ਮਾਸਟਰ ਊਧਮ ਸਿੰਘ ਨੂੰ ਕਾਫੀ ਹੌਸਲਾ ਮਿਲਿਆ। ਉਨ੍ਹਾਂ ਸਮਝ ਲਿਆ ਸੀ ਕਿ ਪੰਜਾਬ ਵਿਚਲੀ ਅਕਾਲੀ ਲਹਿਰ ਦੇ ਲੱਖਾਂ ਕਾਰਕੁਨ ਅੰਗਰੇਜ਼ੀ ਹਕੂਮਤ ਨਾਲ ਹਥਿਆਰਬੰਦ ਟੱਕਰ ਲੈ ਸਕਦੇ ਹਨ ਅਗਰ ਇਨ੍ਹਾਂ ਪਾਸ ਹਥਿਆਰ ਹੋਣ। ਵੱਖ-ਵੱਖ ਮੋਰਚਿਆਂ ਤੋਂ ਇਲਾਵਾ ਬੱਬਰ ਅਕਾਲੀ ਲਹਿਰ ਇਸ ਸਮੇਂ ਪੂਰੀ ਚੜ੍ਹਾਈ ਉਤੇ ਸੀ। ਉਨ੍ਹਾਂ ਨੂੰ ਇਸ ਲਹਿਰ ਤੋਂ ਭੀ ਉਤਸ਼ਾਹ ਮਿਲਿਆ।'

ਉਪਰੋਕਤ ਜਾਣਕਾਰੀ ਤੋਂ ਸਪੱਸ਼ਟ ਹੁੰਦਾ ਹੈ ਕਿ ਗਦਰੀ ਬਾਬੇ ਸਿੱਖਾਂ ਦੀ ਮੁੱਖ ਧਾਰਾ ਨੂੰ ਸਾਮਰਾਜ ਵਿਰੋਧੀ ਲਹਿਰ ਦੇ ਤੌਰ ਉਤੇ ਅੰਗਦੇ ਸਨ ਅਤੇ ਗੁਰਦੁਆਰਾ ਸੁਧਾਰ ਲਹਿਰ ਨੂੰ ਆਪਣੀ ਸਮਾਜਵਾਦੀ ਲਹਿਰ ਦਾ ਹੀ ਅਟੁੱਟ ਅੰਗ ਸਮਝਦੇ ਸਨ ਪਰ ਧਰਮ ਨਿਰਪੱਖਤਾ ਦੀ ਇਸ ਨਕਾਰੀ ਸੋਚ ਨੇ ਸਮੁੱਚੀ ਕਮਿਊਨਿਸਟ ਲਹਿਰ ਨੂੰ ਸਿੱਖਾਂ ਦੀ ਇਸ ਮੁੱਖ ਧਾਰਾ ਨਾਲੋਂ ਅੱਡ ਕਰ ਦਿੱਤਾ ਅਤੇ ਪੰਜਾਬ ਵਿਚ ਫਿਰਕੂ ਵੰਡ ਦਾ ਆਧਾਰ ਤਿਆਰ ਕਰ ਦਿੱਤਾ ਜਿਹੜੀ ਬਾਅਦ ਵਿਚ ਬੜੀ ਖਤਰਨਾਕ ਸਾਬਤ ਹੋਈ।

ਸ਼ਹੀਦ ਭਗਤ ਸਿੰਘ ਹੁਰਾਂ ਦੀਆਂ ਲਿਖਤਾਂ ਦੇ ਸੰਪਾਦਕ ਨੇ ਇਹ ਜਾਣਕਾਰੀ ਦਿੱਤੀ ਹੈ ਕਿ 21 ਫਰਵਰੀ 1921 ਨੂੰ ਮਹੰਤ ਨਰਾਇਣ ਦਾਸ ਨੇ ਗੁਰਦੁਆਰਾ ਨਨਕਾਣਾ ਸਾਹਿਬ ਦੇ ਅੰਦਰ 150 ਸਿੱਖਾਂ ਨੂੰ ਬੜੀ ਬੇਰਹਿਮੀ ਨਾਲ ਮਾਰਿਆ ਤੇ ਕਈਆਂ ਨੂੰ ਜਿਉਂਦੇ ਸਾੜ ਦਿੱਤਾ। ਇਸ ਘਟਨਾ ਨਾਲ ਸਾਰੇ ਪੰਜਾਬ ਦੇ ਪਿੰਡਾਂ ਵਿਚ ਅੰਗਰੇਜ਼ ਸਰਕਾਰ ਜਿਨ੍ਹਾਂ ਨੇ ਮਹੰਤਾਂ ਦੀ ਮਦਦ ਕੀਤੀ ਸੀ, ਵਿਰੁੱਧ ਲਹਿਰ ਉਠੀ। ਹਰ ਪਿੰਡ ਵਿਚ ਕਾਲੀਆਂ ਪੱਗਾਂ ਬੰਨ੍ਹਣ ਅਤੇ ਪੰਜਾਬੀ ਪੜ੍ਹਨ ਦੀ ਰੌਅ ਚੱਲ ਪਈ। ਭਗਤ ਸਿੰਘ ਨੇ ਇਸ ਅਸਰ ਨੂੰ ਕਬੂਲਿਆ। ਬੀਬੀ ਅਮਰ ਕੌਰ ਅਤੇ ਭਗਤ ਸਿੰਘ ਨੇ ਪੰਜਾਬੀ ਪੜ੍ਹਨੀ ਤੇ ਲਿਖਣੀ ਸਿੱਖੀ।

ਦਰਅਸਲ ਪੰਜਾਬ ਅੰਦਰ ਸਾਮਰਾਜ ਵਿਰੋਧੀ ਕੌਮੀ ਮੁਕਤੀ ਲਹਿਰ ਦਾ ਇਹੀ ਆਰੰਭ ਸੀ ਜਿਸ ਦਾ ਮੁੱਢ ਸਿੱਖਾਂ ਨੇ ਬੰਨ੍ਹਿਆ ਸੀ। ਇਹੀ ਕੌਮੀ ਮੁਕਤੀ ਲਹਿਰ ਗਦਰ ਪਾਰਟੀ ਦਾ ਅਗਲਾ ਪੜਾਅ ਸੀ ਜਿਸ ਨੂੰ ਪੰਜਾਬ ਵਿਚ ਕੇਂਦਰਿਤ ਕਰ ਕੇ ਅੱਗੇ ਤੋਰਨ ਦੀ ਲੋੜ ਸੀ। ਇਸੇ ਕੌਮੀ ਮੁਕਤੀ ਲਹਿਰ ਨੇ ਸਿੱਖਾਂ ਸਮੇਤ, ਪੰਜਾਬ ਦੇ ਸਮੂਹ ਲੋਕਾਂ ਨੂੰ ਸਾਮਰਾਜ ਵਿਰੁੱਧ ਲਾਮਬੰਦ ਕਰਨਾ ਸੀ ਅਤੇ ਭਾਰਤੀ ਉਪ ਮਹਾਂਦੀਪ ਵਿਚ ਵਸਦੀਆਂ ਅੱਡ-ਅੱਡ ਕੌਮਾਂ ਦੀ ਮੁਕਤੀ ਦੇ ਕਾਰਜ ਨੂੰ ਉਤਸ਼ਾਹਿਤ ਕਰਨਾ ਸੀ ਪਰ ਧਰਮ ਨਿਰਪੱਖ 'ਕਮਿਊਨਿਸਟਾਂ' ਦੀ ਨਕਾਰੀ ਸੋਚ ਕਾਰਨ ਇਉਂ ਨਾ ਹੋ ਸਕਿਆ।

ਅਜੋਕੇ ਪਾਠਕਾਂ ਨੂੰ ਗੁਰਦੁਆਰਾ ਸੁਧਾਰ ਲਹਿਰ ਬਾਰੇ ਪ੍ਰਗਟ ਕੀਤੀ ਗਈ ਇਹ ਭਾਵਨਾ ਕੁਝ ਵਧਵੀਂ ਲੱਗ ਸਕਦੀ ਹੈ ਪਰ ਇਸ ਭਾਵਨਾ ਦੀ ਪੁਸ਼ਟੀ 'ਕਾਮਰੇਡ' ਸੋਹਣ ਸਿੰਘ ਜੋਸ਼ ਹੁਰਾਂ ਨੇ ਖੁਦ ਆਪਣੀ ਲਿਖਤ 'ਅਕਾਲੀ ਮੋਰਚਿਆਂ ਦਾ ਇਤਿਹਾਸ' ਵਿਚ ਕੀਤੀ ਹੈ:

'ਅਕਾਲੀ ਮੋਰਚੇ ਗੁਰਦੁਆਰਿਆਂ ਦੀ ਆਜ਼ਾਦੀ ਹਾਸਲ ਕਰਨ ਲਈ 1919 ਤੋਂ ਲੈ ਕੇ 1926 ਤਕ ਲੜੇ ਗਏ।...

... ਇਹ ਲੜਾਈ ਅਸਲ ਵਿਚ ਬਦਕਾਰ ਵਿਸ਼ਈ ਅਤੇ ਦੁਰਾਚਾਰੀ ਮਹੰਤਾਂ ਦੇ ਖਿਲਾਫ ਸੀ ਪਰ ਇਹ ਮਹੰਤ ਅੰਗਰੇਜ਼ ਦੇ ਪਿੱਠੂ ਤੇ ਹੱਥ ਠੋਕੇ ਸਨ ਅਤੇ ਧਰਮ ਨੂੰ ਅੰਗਰੇਜ਼ ਰਾਜ ਦੀ ਮਜ਼ਬੂਤੀ ਲਈ ਵਰਤੀਣ ਵਿਚ ਸਹਾਈ ਹੁੰਦੇ ਸਨ। ਇਸ ਲਈ ਅੰਗਰੇਜ਼ ਹਾਕਮ ਮਹੰਤਾਂ ਦੀ ਪਿਠ ਉਤੇ ਖਲੋ ਗਏ ਅਤੇ ਕਾਨੂੰਨ ਤੇ ਜਾਇਦਾਦ ਦੀ ਰੱਖਿਆ ਦੀ ਢੁਚਰ ਸਾਹਮਣੇ ਰੱਖ ਕੇ ਅਕਾਲੀ ਤਹਿਰੀਕ ਨੂੰ ਕੁਚਲਣ ਲੱਗ ਪਏ। ਸੁਭਾਵਿਕ ਹੀ ਸੀ ਕਿ ਮੋਰਚਿਆਂ ਦਾ ਮੂੰਹ ਅੰਗਰੇਜ਼ ਸਾਮਰਾਜ ਵਿਰੁੱਧ ਹੋ ਜਾਂਦਾ।...

...ਅਕਾਲੀ ਤਹਿਰੀਕ ਉਸ ਵੇਲੇ ਦੀ ਇਨਕਲਾਬੀ ਤਹਿਰੀਕ ਦਾ ਅੰਗ ਸੀ। ਇਸ ਨੇ ਅੰਗਰੇਜ਼ ਸਾਮਰਾਜ ਦੇ ਖ਼ਿਲਾਫ ਮੋਰਚੇ ਲੜ ਕੇ ਬੜੀਆਂ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ। ਇਸ ਤਹਿਰੀਕ ਨੂੰ ਕੁਚਲਣ ਦੇ ਅੰਗਰੇਜ਼ ਹਾਕਮਾਂ ਦੇ ਸਭ ਯਤਨ ਅਸਫਲ ਹੁੰਦੇ ਰਹੇ। ਇਸ ਦੀ ਕਾਮਯਾਬੀ ਦਾ ਰਾਜ ਸਿਰੜ, ਕਿਸੇ ਵੀ ਕੁਰਬਾਨੀ ਤੋਂ ਪਿੱਛੇ ਨਾ ਹਟਣ, ਗੋਲੀਆਂ ਅੱਗੇ ਨੰਗੀਆਂ ਹਿੱਕਾਂ ਡਾਹੁਣ ਵਿਚ ਸੀ। ਏਕਾ ਤੇ ਜਥੇਬੰਦੀ ਇਸ ਦੀ ਬੁਨਿਆਦ ਸੀ ਅਤੇ ਸ਼ਾਂਤਮਈ ਸੱਤਿਆਗ੍ਰਹਿ ਇਸ ਦਾ ਹਥਿਆਰ। ਜਿੰਨੀਆਂ ਸ਼ਹੀਦੀਆਂ ਇਸ ਲਹਿਰ ਵਿਚ ਹੋਈਆਂ, ਜਲ੍ਹਿਆਂਵਾਲੇ ਬਾਗ ਵਿਚ ਵੀ ਨਹੀਂ ਸਨ ਹੋਈਆਂ। ਕੌਮੀ ਆਜ਼ਾਦੀ ਦੀ ਲੜਾਈ ਦੇ ਸ਼ਾਇਦ ਸਾਰੇ ਅਰਸੇ ਵਿਚ ਨਹੀਂ ਹੋਈਆਂ ਹੋਣਗੀਆਂ। ਲਹਿਰ ਭਾਵੇਂ ਧਾਰਮਿਕ ਸੀ ਪਰ ਇਸ ਨੂੰ ਸੂਝਵਾਨ ਹਿੰਦੂਆਂ, ਮੁਸਲਮਾਨਾਂ ਤੇ ਢੇਰ ਸਾਰੇ ਦੇਸੀ ਈਸਾਈਆਂ ਦੀ ਪੂਰੀ ਹਮਾਇਤ ਹਾਸਲ ਸੀ।...

... ਜਿਉਂ-ਜਿਉਂ ਇਸ ਤਹਿਰੀਕ ਦੀ ਖਸਲਤ ਸਾਮਰਾਜ ਵਿਰੋਧੀ ਹੁੰਦੀ ਗਈ, ਤਿਉਂ-ਤਿਉਂ ਹੋਰ ਜਾਤੀਆਂ ਦੀ ਹਮਾਇਤ ਇਸ ਨੂੰ ਵਧੇਰੇ ਤੇ ਹੋਰ ਵਧੇਰੇ ਮਿਲਦੀ ਗਈ। ਇਸ ਤਹਿਰੀਕ ਨਾਲੋਂ ਹਿੰਦੂਆਂ ਮੁਸਲਮਾਨਾਂ ਨੂੰ ਅੱਡ ਕਰਨ ਦੇ ਹਾਕਮਾਂ ਦੇ ਸਭ ਯਤਨ ਨਾਕਾਮ ਹੁੰਦੇ ਰਹੇ। ਇਸ ਦੀ ਸਫਲਤਾ ਵਿਚ ਹਿੰਦੂਆਂ ਤੇ ਮੁਸਲਮਾਨਾਂ ਦੇ ਹਿੱਸੇ ਨੂੰ ਘਟਾ ਕੇ ਪਰਖਣਾ ਗਲਤ ਹੋਵੇਗਾ। ਇਨ੍ਹਾਂ ਮੋਰਚਿਆਂ ਨੇ ਸਿੱਖਾਂ ਦੀ ਕਾਇਆ ਬਦਲ ਦਿੱਤੀ। ਮੋਰਚਿਆਂ ਦੇ ਅੰਤ ਉਤੇ ਸਿੱਖ ਉਹ ਕੁਝ ਨਹੀਂ ਸਨ ਜੋ ਕੁਝ ਉਹ ਅਕਾਲੀ ਤਹਿਰੀਕ ਦੇ ਸ਼ੁਰੂ ਹੋਣ ਵੇਲੇ ਸਨ। ਅਕਾਲੀ ਮੋਰਚਿਆਂ ਨੇ ਉਨ੍ਹਾਂ ਦੀ ਕਾਇਆ ਕਲਪ ਕਰ ਦਿੱਤੀ ਸੀ। ਵਫਾਦਾਰੀ ਦੀ ਛਟ ਲਾਹ ਕੇ ਉਹ ਦੇਸ ਭਗਤਾਂ (ਸਾਮਰਾਜ ਵਿਰੋਧੀਆਂ) ਦੀ ਕਤਾਰ ਵਿਚ ਖਲੋਅ ਗਏ ਸਨ।'

ਸ਼ਹੀਦ ਭਗਤ ਸਿੰਘ ਹੁਰਾਂ ਨੇ ਇਕ ਥਾਂ ਲਿਖਿਆ ਹੈ, 'ਅੱਜ ਤਕ ਦਾ ਇਤਿਹਾਸ ਫਰੋਲੀਏ ਤਾਂ ਪਤਾ ਲਗਦਾ ਹੈ ਕਿ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਸਭ ਤੋਂ ਵਧ ਕੁਰਬਾਨੀਆਂ ਇਸ ਸੂਬੇ ਨੇ ਹੀ ਕੀਤੀਆਂ ਹਨ। ਇਸ ਲਈ ਬੜੀਆਂ-ਬੜੀਆਂ ਮੁਸੀਬਤਾਂ ਇਸ ਸੂਬੇ ਦੀ ਜਨਤਾ ਨੂੰ ਸਹਿਣ ਕਰਨੀਆਂ ਪਈਆਂ ਹਨ। ਰਾਜਨੀਤਕ ਧਾਰਮਿਕ ਆਦਿ ਅੰਦੋਲਨਾਂ ਵਿਚ ਪੰਜਾਬ ਭਾਰਤ ਦੇ ਦੂਜੇ ਸੂਬਿਆਂ ਨਾਲੋਂ ਅੱਗੇ ਰਿਹਾ ਹੈ ਅਤੇ ਦੇਸ ਲਈ ਜਾਨ ਤੇ ਮਾਲ ਦੀ ਕੁਰਬਾਨੀ ਸਭ ਤੋਂ ਵੱਧ ਇਸੇ ਸੂਬੇ ਦੇ ਲੋਕਾਂ ਨੇ ਕੀਤੀ ਹੈ।'

'ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ' ਅੰਦਰ ਲਾਲਾ ਲਾਜਪਤ ਰਾਏ ਬਾਰੇ ਇਹ ਜਾਣਕਾਰੀ ਵੀ ਦਿੱਤੀ ਗਈ ਹੈ: 'ਤੁਹਾਡੇ ਸਾਹਮਣੇ ਹੀ ਤੁਹਾਥੋਂ ਅਨਪੜ੍ਹ ਸਿੱਖ ਭਾਈ ਅਮਰੀਕਾ ਵਿਚੋਂ ਜਥੇ ਬਣਾ ਬਣਾ ਕੇ ਇੱਥੇ ਆਏ ਤੇ ਉਨ੍ਹਾਂ ਦੁਹਾਈ ਪਾਈ, ਕਿ 'ਲੋਕੋ ਜੰਗ ਵਿਚ ਕੋਈ ਮਦਦ ਨਾ ਦਿਉ। ਹੁਣੇ ਵੇਲਾ, ਹੁਣ ਲੋਹਾ ਗਰਮ ਜੇ, ਸੱਟ ਮਾਰੋ ਅਤੇ ਆਜ਼ਾਦ ਹੋ ਜਾਉ।

ਉਸ ਵੇਲੇ ਆਪ ਸਭ ਕੁਝ ਜਾਣਦੇ ਸਉ। ਕਿਉਂਕਿ ਤੁਹਾਡੇ ਵਾਸਤੇ ਕੋਈ ਨਵੀਂ ਗੱਲ ਤਾਂ ਹੋਈ ਹੀ ਨਾ। ਪਰ ਆਪ ਦਾ ਮਚ ਮਰ ਗਿਆ ਹੋਇਆ ਸੀ। ਆਪ ਨੂੰ ਹਿੰਦੁਸਤਾਨ ਮੁੜਨ ਦੀ ਚਾਹ ਨੇ ਤੜਫਾਇਆ ਹੋਇਆ ਸੀ। ਆਪ ਅੰਗਰੇਜ਼ ਦੀ ਨਜ਼ਰ ਵਿਚ ਚੰਗਾ ਬਣ ਕੇ ਇਥੇ ਹਿੰਦੁਸਤਾਨ ਵਿਚ ਆਉਣਾ ਚਾਹੁੰਦੇ ਸਉ। ਇਸ ਲਈ ਆਪ ਚੁੱਪ ਰਹੇ ਅਤੇ ਮੌਨ ਧਾਰ ਲਈ ਸਗੋਂ ਅੰਗਰੇਜ਼ਾਂ ਦੇ ਵਫਾਦਾਰ ਬਣਨ ਲਈ ਜਰਮਨ ਦੇ ਬਰਖਲਾਫ਼ ਕਲਮ ਉਠਾਂਦੇ ਰਹੇ।'

ਜੇ ਪੰਜਾਬ ਦੇ ਕਮਿਊਨਿਸਟ ਸ਼ਹੀਦ ਭਗਤ ਸਿੰਘ ਹੁਰਾਂ ਦੇ ਉਪਰੋਕਤ ਕਥਨ ਦੀ ਗੰਭੀਰਤਾ ਨੂੰ ਸਮਝਦੇ ਅਤੇ ਇਹ ਜਾਣਨ ਦੀ ਕੋਸ਼ਿਸ਼ ਕਰਦੇ ਕਿ 'ਭਾਰਤ ਨੂੰ ਆਜ਼ਾਦ ਕਰਵਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ' ਪੰਜਾਬ ਦੇ ਲੋਕਾਂ ਨੇ ਕਿਉਂ ਕੀਤੀਆਂ, ਇਸ ਸੂਬੇ ਦੀ ਜਨਤਾ ਨੇ ਬੜੀਆਂ-ਬੜੀਆਂ ਮੁਸੀਬਤਾਂ ਕਿਉਂ ਸਹੀਆਂ ਅਤੇ ਗ਼ਦਰੀ ਬਾਬੇ ਅਮਰੀਕਾ ਵਿਚੋਂ ਜਥੇ ਬਣਾ-ਬਣਾ ਕੇ ਦੇਸ ਨੂੰ ਆਜ਼ਾਦ ਕਰਵਾਉਣ ਲਈ ਕਿਉਂ ਆਏ ਤਾਂ ਉਨ੍ਹਾਂ ਨੂੰ ਗਿਆਨ ਹੁੰਦਾ ਕਿ ਪੰਜਾਬ ਵਿਚ ਇਹ ਸਾਰਾ ਕੁਝ ਸਿੱਖ ਗੁਰੂ ਸਾਹਿਬਾਨ ਦੀ ਦੇਣ ਹੈ। ਫਿਰ ਉਨ੍ਹਾਂ ਨੂੰ ਗਦਰੀ ਬਾਬਿਆਂ ਦੀ ਸਿਆਣਪ ਦੇ ਸੋਮੇ ਗੁਰੂ ਗ੍ਰੰਥ ਸਾਹਿਬ ਤੇ ਉਨ੍ਹਾਂ ਦੇ ਸਿੱਖ ਵਿਰਸੇ ਦੀ ਮਹਾਨਤਾ ਦਾ ਵੀ ਪਤਾ ਲੱਗਦਾ। ਕਮਿਊਨਿਸਟ ਜੇ ਗਦਰੀ ਬਾਬਿਆਂ ਦੇ ਸਿੱਖ ਵਿਰਸੇ ਨੂੰ ਅਗੇ ਤੋਰਦੇ ਤਾਂ ਉਨ੍ਹਾਂ ਨੂੰ ਸਮਝ ਆਉਂਦੀ ਕਿ ਪੰਜਾਬ ਅੰਦਰ ਕਮਿਊਨਿਜ਼ਮ ਸਿੱਖੀ ਰਾਹੀਂ ਹੀ ਆਉਣਾ ਹੈ ਬਲਕਿ ਜਿਵੇਂ ਗਦਰੀ ਬਾਬੇ ਕਿਹਾ ਕਰਦੇ ਸਨ, ਕਮਿਊਨਿਜ਼ਮ ਸਿੱਖੀ ਦਾ ਹੀ ਵਿਸਥਾਰ ਹੈ। ਗਦਰੀ ਬਾਬਿਆਂ ਨੇ ਕਮਿਊਨਿਸਟ ਸ਼ਬਦ ਦਾ ਪੰਜਾਬੀ ਸਮਅਰਥੀ ਸੰਕਲਪ ਸਾਂਝੀਵਾਲ ਚੁਣਿਆ ਜਿਹੜਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ: ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥ (ਪੰਨਾ 1412)

ਇੱਥੇ ਧਿਆਨ ਵਿਚ ਰਹੇ ਕਿ ਜਿਹੜੇ ਗਦਰੀ ਬਾਬਿਆਂ ਦੀ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਨਾਲ ਸਿੱਧੀ ਤਾਰ ਜੁੜੀ ਹੋਈ ਸੀ, ਉਨ੍ਹਾਂ ਨੇ ਹਿੰਦੁਸਤਾਨ ਕਮਿਊਨਿਸਟ ਪਾਰਟੀ ਦਾ ਨਾਂ 'ਭਾਰਤ ਸਾਂਝੀਵਾਲ ਐਸੋਸੀਏਸ਼ਨ' ਰੱਖਿਆ। ਉਨ੍ਹਾਂ ਵਲੋਂ ਇਸ ਪਾਰਟੀ ਦੇ ਮਿੱਥੇ ਗਏ ਨਿਸ਼ਾਨੇ ਵੀ ਹੁਣ ਦੀਆਂ ਸਾਰੀਆਂ ਕਮਿਊਨਿਸਟ ਧਿਰਾਂ ਨਾਲੋਂ ਸਪੱਸ਼ਟ ਅਤੇ ਦੂਰਅੰਦੇਸ਼ੀ ਵਾਲੇ ਸਨ।

(ੳ) ਸਮੁੱਚੇ ਭਾਰਤੀਆਂ ਦੇ ਆਲਮੀ (ਕੌਮੀ) ਸਵੈ (ਮਾਣ) ਨੂੰ ਆਮ ਪੱਧਰ ਤਕ ਉਚਾ ਚੁੱਕਣ ਲਈ ਸਹਾਈ ਹੋਣਾ।

(ਅ) ਇਲਾਕਾਈ ਆਜ਼ਾਦ ਰਾਜ ਕਾਇਮ ਕਰਨਾ ਤੇ (ਪੂੰਜੀਵਾਦ ਤੇ ਸਾਮਰਾਜਵਾਦ ਕਾਰਨ) ਪੈਦਾ ਹੋਈਆਂ ਮੌਜੂਦਾ ਸਮਾਜੀ, ਮਾਨਸਿਕ ਤੇ ਆਰਥਿਕ ਕਮਜ਼ੋਰੀਆਂ ਨੂੰ ਖਤਮ ਕਰ ਕੇ ਦੇਸ ਨੂੰ ਰਾਜਸੀ ਗੁਲਾਮੀ ਦੇ ਸਰਾਪ ਤੋਂ ਮੁਕਤ ਕਰਵਾਉਣਾ।

(ੲ) ਉਨ੍ਹਾਂ ਸਾਰੇ ਪ੍ਰਬੰਧਾਂ ਨੂੰ ਖਤਮ ਕਰਨਾ ਜਿਹੜੇ ਕਿਸੇ ਵੀ ਕਿਸਮ ਦੀ ਮਨੁੱਖ ਹੱਥੋਂ ਮਨੁੱਖ ਦੀ ਕੀਤੀ ਜਾਂਦੀ ਲੁੱਟ ਨੂੰ ਸੰਭਵ ਬਣਾਉਂਦੇ ਹੋਣ।

(ਸ) ਕਾਨੂੰਨ ਬਣਾ ਕੇ ਅਜਿਹੀਆਂ ਸਮਾਜੀ ਤੇ ਮਾਲੀ ਹਾਲਤਾਂ ਪੈਦਾ ਕਰਨੀਆਂ ਜਿਨ੍ਹਾਂ ਨਾਲ ਦੇਸ ਦੀ ਸਮੁੱਚੀ ਦੌਲਤ ਤੇ ਪੈਦਾਵਾਰ ਦੇ ਸਾਰੇ ਸਾਧਨ ਸਮੂਹ ਲੋਕਾਂ ਦੀ ਸਾਂਝੀ ਮਲਕੀਅਤ ਹੋਣ। ਸਾਂਝੀਵਾਲਤਾ (ਕਮਿਊਨਿਜ਼ਮ) ਦੇ ਆਦਰਸ਼ਾਂ ਅਨੁਸਾਰ ਸਾਰੇ ਜਨਸਮੂਹਾਂ ਨੂੰ ਇਸ ਦੇ ਹਿੱਸੇਦਾਰ ਮੰਨ ਕੇ ਕਿਸੇ ਨੂੰ ਵੀ ਇਸ ਹੱਕ ਤੋਂ ਵਾਂਝਿਆ ਨਾ ਕਰਨਾ। ਸਾਰਿਆਂ ਨੂੰ ਬਿਨਾ ਕਿਸੇ ਰੋਕ ਟੋਕ ਦੇ ਸਾਂਝੇ ਪੈਦਾਵਾਰੀ ਸਾਧਨਾਂ ਦੀ ਵਰਤੋਂ ਕਰ ਕੇ ਦੌਲਤ ਪੈਦਾ ਕਰਨ ਦੇ ਮੌਕੇ ਦੇਣੇ ਤੇ ਆਪਣੀ ਕਿਰਤ ਦੇ ਫਲ ਨੂੰ ਮਾਣਨ ਦਾ ਹੱਕ ਦੇਣਾ।

ਕਿਸੇ ਵੀ ਦੇਸ ਅੰਦਰ ਸਮਾਜਵਾਦ ਦੀ ਉਸਾਰੀ ਦਾ ਇਹੀ ਠੋਸ ਪ੍ਰੋਗਰਾਮ ਬਣਦਾ ਸੀ ਜਿਸ ਨੂੰ ਬਾਅਦ ਦੀ ਸਾਰੀ ਕਮਿਊਨਿਸਟ ਲਹਿਰ ਨੇ ਅਣਗੌਲਿਆ ਕਰ ਦਿੱਤਾ। ਗਦਰ ਪਾਰਟੀ ਵਲੋਂ ਜਿਹੜੇ ਪਹਿਲੇ ਦੋ ਬਾਬੇ ਰੂਸੀ ਕਮਿਊਨਿਸਟ ਆਗੂਆਂ ਨੂੰ ਮਿਲੇ, ਉਹ ਭਾਈ ਸੰਤੋਖ ਸਿੰਘ ਅਤੇ ਭਾਈ ਰਤਨ ਸਿੰਘ ਸਨ। ਇਹ ਦੋਵੇਂ ਹੀ ਪੂਰਨ ਰਹਿਤ ਬਹਿਤ ਸਮੇਤ ਪੂਰੀ ਤਰ੍ਹਾਂ ਗੁਰਸਿੱਖ ਸਨ।

ਸ਼ਹੀਦ ਭਗਤ ਸਿੰਘ ਹੁਰਾਂ ਨੇ ਆਪਣੇ ਬਾਬਾ ਜੀ ਨੂੰ ਲਾਹੌਰ ਤੋਂ ਲਿਖੀ ਇਕ ਚਿਠੀ ਦਾ ਆਰੰਭ 'ਓਮ' ਨਾਲ ਕੀਤਾ ਹੈ। ਸ਼ਹੀਦ ਭਗਤ ਸਿੰਘ ਹੁਰਾਂ ਦੇ 'ਕਮਿਊਨਿਸਟ' ਪੈਰੋਕਾਰ ਜੇ ਧਰਮਾਂ ਦੀ ਫਿਲਾਸਫੀ ਬਾਰੇ ਮਾਰਕਸਵਾਦੀ ਧਾਰਨਾਵਾਂ ਤੋਂ ਜਾਣੂ ਹੁੰਦੇ ਤੇ ਉਨ੍ਹਾਂ ਦੇ ਆਧਾਰ ਉਤੇ 'ਓਮ' ਤੋਂ ੧ਓ ਤਕ ਪਹੁੰਚੇ ਹੁੰਦੇ ਤਾਂ ਉਨ੍ਹਾਂ ਨੂੰ ਇਹ ਗਿਆਨ ਹੋਣਾ ਸੀ ਕਿ ਫਿਲਾਸਫੀ ਦੀ ਜਿਹੜੀ ਧਾਰਨਾ ਬਾਰੇ ਸਮੁੱਚਾ ਯੂਰਪੀਨ ਸਮਾਜ ਅਜੇ ਤਕ ਉਲਝਿਆ ਹੋਇਆ ਹੈ, ਉਸ ਉਲਝਣ ਨੂੰ ਗੁਰੂ ਸਾਹਿਬ ਨੇ ਅੱਜ ਤੋਂ ਪੰਜ ਸਦੀਆਂ ਪਹਿਲਾਂ ਸੁਲਝਾ ਲਿਆ ਸੀ। ਫਿਲਾਸਫੀ ਦੀ ਜਿਹੜੀ ਬੁਝਾਰਤ ਮਾਰਕਸ-ਏਂਗਲਜ਼ ਨੇ 19ਵੀਂ ਸਦੀ ਵਿਚ ਹੱਲ ਕੀਤੀ, ਉਹ ਗੁਰੂ ਸਾਹਿਬ 16 ਵੀਂ ਸਦੀ ਵਿਚ ਹੱਲ ਕਰ ਕੇ ਤੁਰੇ ਸਨ। ਕਮਿਊਨਿਸਟ ਜੇ ਇਸ ਪਾਸੇ ਨੂੰ ਤੁਰਦੇ ਤਾਂ ਉਨ੍ਹਾਂ ਨੂੰ ਸਮਝ ਆਉਂਦੀ ਕਿ ਪੱਛਮੀ ਮਨੁੱਖ ਦਾ ਮਨ ਜਿਸ ਭਰਮ ਦਾ ਅਜੇ ਤਕ ਸ਼ਿਕਾਰ ਹੈ, ਗੁਰਮਤਿ ਨੇ ਉਸ ਭਰਮ ਨੂੰ ਪੰਜ ਸਦੀਆਂ ਪਹਿਲਾਂ ਤੋੜ ਦਿੱਤਾ ਸੀ।

ਹੁਣ ਤਕ ਵੀ ਪੱਛਮੀ ਮਨੁੱਖ ਦਾ ਮਨ, ਵਿਗਿਆਨਕ ਜਾਣਕਾਰੀ ਤੇ ਕਥਿਤ ਗਿਆਨ ਦੇ ਆਏ ਹੜ੍ਹ ਦੇ ਬਾਵਜੂਦ ਇਹ ਮੰਨਣ ਨੂੰ ਤਿਆਰ ਨਹੀਂ ਕਿ ਮਨੁੱਖ ਵੀ ਬਾਕੀ ਜੀਵਾਂ ਵਾਂਗ, ਕੁਦਰਤ ਦੀ ਵਿਕਾਸਮਈ ਉਪਜ ਹੈ ਅਤੇ ਇਸ ਸੰਸਾਰ ਦੀ ਸਿਰਜਣਾ ਕਿਸੇ ਕਲਪਿਤ ਰੱਬ ਨੇ ਨਹੀਂ ਕੀਤੀ ਸਗੋਂ ਕੁਦਰਤ ਦੀ ਹੋਂਦ ਸਦੀਵੀ ਹੈ ਅਤੇ ਇਸ ਸਦੀਵੀ ਜੀਵੰਤ ਕੁਦਰਤ ਦੇ ਇਕ ਅੰਸ਼ ਵਜੋਂ ਹੀ ਮਨੁੱਖ ਇਕ ਚੇਤੰਨ ਸਮਾਜੀ ਜੀਵ ਹੈ।

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥

ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ॥ (695)

ਏਂਗਲਜ਼ ਦਾ ਕਹਿਣਾ ਹੈ : 'ਕੀ ਸੰਸਾਰ ਦੀ ਰਚਨਾ ਰੱਬ ਨੇ ਬਣਾਈ ਹੈ ਜਾਂ ਸੰਸਾਰ ਦੀ ਹੋਂਦ ਸਦੀਵੀ ਹੈ? ਇਸ ਸੁਆਲ ਦਾ ਜੁਆਬ ਫਿਲਾਸਫਰਾਂ ਨੂੰ ਦੋ ਵਡੇ ਧੜਿਆਂ ਵਿਚ ਵੰਡ ਦਿੰਦਾ ਹੈ। ਜਿਹੜੇ ਕੁਦਰਤ ਨਾਲੋਂ ਆਤਮਾ ਨੂੰ ਪਹਿਲ ਦਿੰਦੇ ਸਨ ਅਤੇ ਇਸ ਲਈ ਅੰਤਿਮ ਤੌਰ ਉਤੇ ਇਕ ਜਾਂ ਦੂਜੇ ਰੂਪ ਵਿਚ ਸੰਸਾਰ ਦੀ ਰਚਨਾ ਹੋਈ ਮੰਨਦੇ ਸਨ, ਆਦਰਸ਼ਵਾਦੀ ਧੜੇ ਵਿਚ ਆਉਂਦੇ ਸਨ। ਦੂਜੇ ਜਿਹੜੇ ਕੁਦਰਤ ਨੂੰ ਮੁੱਖ ਮੰਨਦੇ ਸਨ, ਭੌਤਿਕਵਾਦੀਆਂ ਦੀਆਂ ਅੱਡ-ਅੱਡ ਧਿਰਾਂ ਵਿਚ ਸ਼ੁਮਾਰ ਹੁੰਦੇ ਸਨ। ਆਦਰਸ਼ਵਾਦ ਅਤੇ ਭੌਤਿਕਵਾਦ,ਇਹ ਦੋ ਧਾਰਾਵਾਂ ਮੌਲਿਕ ਰੂਪ ਵਿਚ ਇਸ ਤੋਂ ਬਿਨਾ ਹੋਰ ਕੋਈ ਅਹਿਮੀਅਤ ਨਹੀਂ ਸਨ ਰੱਖਦੀਆਂ।'

ਗੁਰੂ ਨਾਨਕ ਸਾਹਿਬ ਆਪਣੀ ਸੱਚ ਦੀ ਖੋਜ ਦਾ ਆਰੰਭ ਹੀ ਇਸ ਦਿਸਦੇ-ਅਣਦਿਸਦੇ ਅੰਤਹੀਣ ਅਤੇ ਸਦੀਵੀ ਬ੍ਰਹਿਮੰਡ ਭਾਵ ਅਸੀਮ ਕਾਇਨਾਤ - ਕੁਦਰਤਤੋਂ ਕਰਦੇ ਹਨ। ਗੁਰੂ ਸਾਹਿਬ ਮਨੁੱਖੀ ਮਨਾਂ ਵਿਚ ਆਪਣੇ ਤੋਂ ਪਹਿਲੇ ਬਣੇ ਆ ਰਹੇ 'ਰੱਬ' ਦੇ ਸਾਰੇ ਬ੍ਰਾਹਮਣੀ ਕਲਪਿਤ ਰੂਪਾਂ ਨੂੰ ਨਕਾਰ ਕੇ ਮਨੁੱਖ ਨੂੰ ਇਕੋ-ਇਕ ਸਿਰਜਣਹਾਰ 'ਕਰਤਾ' ਕੁਦਰਤ ਨਾਲ ਜੋੜਦੇ ਹਨ। ਮਨੁੱਖ ਅਤੇ ਕਰਤਾਰੀ ਕੁਦਰਤ ਵਿਚਲੇ ਸਾਰੇ ਕਲਪਿਤ ਵਿਚੋਲਿਆਂ ਭਾਵ ਦੇਵੀ ਦੇਵਤਿਆਂ ਤੇ ਅਵਤਾਰਾਂ ਦੀ ਹੋਂਦ ਨੂੰ ਮੁਕੰਮਲ ਰੂਪ ਵਿਚ ਨਕਾਰਦਿਆਂ ਹੋਇਆਂ ਗੁਰੂ ਸਾਹਿਬ ਬੜਾ ਸਪੱਸ਼ਟ ਐਲਾਨ ਕਰਦੇ ਹਨ:

ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ॥ (ਪੰਨਾ 141)

ਕੁਦਰਤਿ ਕਰਿ ਕੈ ਵਸਿਆ ਸੋਇ॥
ਕੁਦਰਤਿ ਕਰਨੈਹਾਰ ਆਪਾਰਾ॥
ਕੁਦਰਤਿ ਕਾਦਰ ਕਰਣ ਕਰੀਮਾ॥

ਇਸ ਸ੍ਰਿਸ਼ਟੀ ਦੇ ਹੋਂਦ ਵਿਚ ਆਉਣ ਦੇ ਆਪਣੇ ਤੋਂ ਪਹਿਲੇ ਸਾਰੇ ਬ੍ਰਾਹਮਣੀ ਸਿਧਾਂਤਾਂ ਨੂੰ ਨਕਾਰਦਿਆਂ ਹੋਇਆਂ ਗੁਰੂ ਸਾਹਿਬ ਇਹ ਆਵਾਜ਼ ਬੁਲੰਦ ਕਰਦੇ ਹਨ: ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥ (ਪੰਨਾ 4)

ਗੁਰਮਤਿ ਤੋਂ ਪਹਿਲਾਂ ਬ੍ਰਾਹਮਣਵਾਦ ਨੇ ਨਰਕ-ਸਵਰਗ, ਪੁੰਨ-ਪਾਪ, ਦੇਵੀ-ਦੇਵਤੇ, ਪੁਨਰ-ਜਨਮ, ਕਰਮ-ਸਿਧਾਂਤ ਤੇ ਇਸ ਨਾਲ ਜੁੜਵੇਂ ਅਨੇਕ ਕਰਮਕਾਂਡਾਂ ਦਾ ਭਰਮਜਾਲ ਫੈਲਾਅ ਕੇ ਇਹ ਪ੍ਰਚਾਰਿਆ ਹੋਇਆ ਸੀ ਕਿ ਇਹ ਦਿਸਦਾ ਸੰਸਾਰ ਛਲਾਵਾ ਹੈ, ਭਰਮ ਹੈ, ਮਾਇਆ ਹੈ ਪਰ ਗੁਰੂ ਸਾਹਿਬ ਨੇ ਇਸ ਭਰਮਜਾਲ ਨੂੰ ਮੁਕੰਮਲ ਰੂਪ ਵਿਚ ਨਕਾਰਦਿਆਂ ਇਹ ਬੁਲੰਦ ਐਲਾਨ ਕੀਤਾ ਕਿ ਇਹ ਦ੍ਰਿਸ਼ਟਗੋਚਰ ਹੁੰਦਾ ਸੰਸਾਰ ਸਦੀਵੀ ਰਹਿਣ ਵਾਲਾ ਚੇਤੰਨ ਵਜੂਦ ਹੈ ਜਿਸ ਦੀ ਹੋਂਦ ਅਤੇ ਹਸਤੀ ਕਰਤਾ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ ਅਤੇ ਇਹ ਕਰਤਾ ਪਹਿਲਾਂ ਦੀਆਂ ਪ੍ਰਚਲਿਤ ਧਾਰਨਾਵਾਂ ਅਨੁਸਾਰ ਕਿਤੇ ਉਪਰ ਆਸਮਾਨ ਵਿਚ ਬੈਠਾ ਹੋਇਆ ਕੋਈ ਵਿਅਕਤੀ ਰੂਪ ਨਹੀਂ ਸਗੋਂ ਸਮੁੱਚੇ ਬ੍ਰਹਿਮੰਡੀ ਪਸਾਰੇ ਦੇ ਕਣ-ਕਣ ਵਿਚ ਰਮਿਆ ਹੋਇਆ, ਇਸ ਪਸਾਰੇ ਦਾ ਹੀ ਹਸਤੀ ਰੂਪ ਹੈ, ਜਿਸ ਦਾ ਪ੍ਰਗਟਾਵਾ ਇਸ ਦੇ ਹੁਕਮ ਭਾਵ ਕੁਦਰਤੀ ਨੇਮਾਂ ਦੀ ਜਾਣਕਾਰੀ ਦੇ ਰੂਪ ਵਿਚ ਹੋ ਰਿਹਾ ਹੈ।

ਗੁਰਮਤਿ ਨੇ ਅਸਲੋਂ ਹੀ ਨਵੇਂ ਆਤਮਿਕ ਅਤੇ ਸਮਾਜੀ ਗਿਆਨ ਦਾ ਪਤਾ ਦਿੱਤਾ। ਨਵੀਂ ਮਨੁੱਖੀ ਜੀਵਨ ਜੁਗਤ ਦਿੱਤੀ। ਗੁਰਮਤਿ ਦਾ ਸੱਚ ਇਹ ਹੈ ਕਿ ਕੁਦਰਤ ਦੇ ਅਟਲ ਨੇਮ ਬੰਦੇ ਦੀ ਮਰਜ਼ੀ ਤੋਂ ਬਿਲਕੁਲ ਆਜ਼ਾਦ ਆਪਣੇ ਹੀ ਢੰਗ ਨਾਲ ਹਰਕਤਸ਼ੀਲ ਹਨ ਅਤੇ ਕੁਦਰਤ ਦੇ ਇਨ੍ਹਾਂ ਅਟਲ ਨੇਮਾਂ ਅਨੁਸਾਰ ਜ਼ਿੰਦਗੀ ਜਿਉਣੀ ਮਨੁੱਖ ਦਾ ਧਰਮ ਹੈ। ਗੁਰਮਤਿ ਨੇ ਇਨ੍ਹਾਂ ਨੇਮਾਂ ਦੇ ਉਲਟ ਭੁਗਤ ਰਹੇ ਸਾਰੇ ਸਮਾਜੀ, ਰਾਜਸੀ ਤੇ ਧਾਰਮਿਕ ਅਦਾਰਿਆਂ ਅਤੇ ਧਰਮਾਂ ਦੇ ਨਾਂ ਉਤੇ ਠੋਸੀਆਂ ਹੋਈਆਂ ਕਦਰਾਂ ਕੀਮਤਾਂ ਅਤੇ ਹਰ ਕਿਸਮ ਦੇ ਕਰਮਕਾਂਡ ਦਾ ਬੜੀ ਦ੍ਰਿੜਤਾ ਨਾਲ ਖੰਡਨ ਕੀਤਾ।

*(ਚਲਦਾ)*

To celebrate Vaisakhi
PCS of Chicago Presents...

# Rangla Punjab 2023

CULTURAL PUNJABI SOCIETY CHICAGO
ਪੰਜਾਬੀ ਸਭਿਆਚਾਰਕ ਸਭਾ

Enjoy a colorful family style evening full of excitement featuring Bhangra, Gidha, Dances Bolian, Punjabi Songs, Skits and much more!!



**Saturday, March 25, 2023**
6:30 PM Sharp

McAninch Arts Center at
College of DuPage
**425 Fawell Blvd**
**Glen Ellyn, IL 60137**

**More information at:**
**www.PCSChicago.org**

**$100/VIP (Front Seats with Dinner)**
**$50 (Reserved Seats), $30 (General Seating)**

- Free Parking
- Children Under 10 yr Free

TICKETLEAP Sulekha

Scan me!

**SPONSORS & VENDORS ENCOURAGED**

Please email: info@PCSChicago.org or call: (847) 359-5PCS

PUNJABI CULTURAL SOCIETY of Chicago
P. O. BOX 1244, PALATINE, IL. 60078
E-mail: info@PCSChicago.org

PCS is a non-profit 501 (c)(3) organization promoting Punjabi culture, language, Performing Arts, education, good citizenship, healthy life style and sports.

# ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ), ਸ਼ਿਕਾਗੋ

**Chief Guest**



Dr. Bhupinder Singh Saini

**PCS Chairman**



Nick Balwinder Singh

**PCS President**



Bhupinder Singh Dhaliwal

## PCS Board of Directors 2023



Manjeet Singh Bhalla (Vice President) | Bikram Singh Sohi (Executive Secretary) | Gurlal S. Bhattal (Finance Secretary) | Gurpreet S. Sidhu (Tech. Director & Asst. Finance Director) | Navtej Singh Sohi (Youth & Inter Community Director) | Parmjot S.Parmar (Asstt. Executive Secretary) | Jigerdeep Singh Dhillon (Sports Director) | Parvinder Singh Nanua *(Immediate Past President)* | Kevindeep Singh (Immediate Past Chairman)

## PCS Board of Governors



Rajinder S. Mago | Sukhmel S. Atwal | Mohinderjit S. Saini | Harwinder Paul S. Lail | Bhinder S. Pamma | Jasbir S. Palia | Balwinder S. Girn


## PCS Board of Advisors



Amarjit K. Atwal | Vick Singh | Gurmit S. Dhillon | Surinder Palia


# Rangla Punjab 2023 Sponsors

## Gold Sponsors



Dr. Harjinder Singh Khaira | Gulzar Singh Multani | Jaskaran Singh Dhaliwal | Parminder Singh Goldi | Deepinder Singh Virk | Jatinder Siñgh Khangura | Rajpreet Kaur Dhaliwal | Dr. Amrik Singh Sohi | Dr. Vikram Singh Gill | Jaidev Singh Bhattal

## Silver Sponsors




Amarjit K. Atwal | Amritpal Singh Mangat | Avtar Singh Bhaura




Lucky Sahota | Lakhbir S. Sandhu | Amrik Pal Singh

## Bronze Sponsors




Rajinder Dayal | Iqbal Singh Saini | Dalvir Kaur Parmar | Jagjit Singh Dhindsa | Davinder Singh Rangi



Swaran Singh Sekhon | Sanover Sohi

SWERA WOMEN SUPPORT GROUP SIKH WOMEN ERA



Amolak Singh Gidda | Harkewal Singh Lally | Dr. Amrit Virk | Harjinder Singh Kahlon | Jorawar Singh Jarria

Oneness

# ਹਰੀ ਕ੍ਰਾਂਤੀ, ਨਿੱਜੀਕਰਨ, ਪ੍ਰਦੂਸ਼ਣ ਤੇ ਅੰਦੋਲਨ

ਕਲਾ ਪਰਿਕਰਮਾ

1960ਵਿਆਂ ਵਿਚ ਸ਼ੁਰੂ ਹੋਈ ਹਰੀ ਕ੍ਰਾਂਤੀ ਨੇ ਵਿਕਾਸ ਦੇ ਤਾਕਤਵਰ ਇੰਜਣ ਦਾ ਖਿਤਾਬ ਲਿਆ। ਚਾਰ ਦਹਾਕਿਆਂ ਬਾਅਦ ਇਹ ਲਾਹੇਵੰਦ ਨਹੀਂ ਰਹੀ ਸਗੋਂ ਇਸ ਨੇ ਪੰਜਾਬ ਨੂੰ ਕਈ ਪੱਖਾਂ ਤੋਂ ਸੰਕਟਗ੍ਰਸਤ ਕਰ ਦਿੱਤਾ। ਇਨ੍ਹਾਂ ਸੰਕਟਾਂ ਵਿਚ ਜ਼ਮੀਨ ਦੀ ਉਪਜਾਊ ਸ਼ਕਤੀ ਦਾ ਘਟਣਾ, ਵਾਤਾਵਰਨ ਦੀ ਤਬਾਹੀ, ਪਾਣੀ ਦੇ ਪੱਧਰ ਦਾ ਡਿੱਗਣਾ ਆਦਿ ਸ਼ਾਮਲ ਹਨ।


ਹਰੀ ਕ੍ਰਾਂਤੀ ਨਾਲ ਪੰਜਾਬ ਦੇ ਕੁੱਲ ਖੇਤਰ ਦਾ 82.73 ਫ਼ੀਸਦੀ ਹਿੱਸਾ ਵਾਹੀਯੋਗ ਬਣ ਗਿਆ ਸੀ। ਇਸ ਨਾਲ ਪੰਜਾਬ ਨੇ ਕੇਂਦਰੀ ਦੇ ਅੰਨ ਭੰਡਾਰਾਂ ਵਿਚ ਇਕ ਤਿਹਾਈ ਯੋਗਦਾਨ ਪਾ ਕੇ ਦੇਸ਼ ਨੂੰ ਅੰਨ ਸੁਰੱਖਿਆ ਮੁਹੱਈਆ ਕੀਤੀ। ਪੰਜਾਬ ਵਿਚ 99 ਫ਼ੀਸਦੀ ਵਾਹੀਯੋਗ ਰਕਬੇ 'ਚੋਂ 71 ਫ਼ੀਸਦੀ ਟਿਊਬਵੈੱਲਾਂ ਤੇ 29 ਫ਼ੀਸਦੀ ਨਹਿਰੀ ਪਾਣੀ ਦੀ ਸਿੰਜਾਈ ਅਧੀਨ

**ਡਾ. ਕੁਲਦੀਪ ਸਿੰਘ**
**ਫੋਨ: +91-98151-15429**


ਆਇਆ। ਇਓਂ ਸਮੁੱਚੇ ਪੰਜਾਬ ਦੀ ਹੋਣੀ ਅਤੇ ਅਣਹੋਣੀ ਖੇਤੀਬਾੜੀ ਖੇਤਰ ਨਾਲ ਜੁੜੀ ਹੋਈ ਹੈ। ਇਸ ਕਰ ਕੇ ਇਸ ਖਿੱਤੇ ਦੇ ਵਿਕਾਸ ਮਾਡਲ ਦੀ ਹਰ ਪਰਤ ਵਿਚ ਖੇਤੀ ਕਿੱਤੇ ਨਾਲ ਜੁੜੇ ਵੱਡੇ ਹਿੱਸੇ (ਜੋ ਕਿਸਾਨ ਤੇ ਖੇਤ ਮਜ਼ਦੂਰ ਬਣਦੇ ਹਨ) ਸਿੱਧੇ ਜਾਂ ਅਸਿੱਧੇ ਰੂਪ ਵਿਚ ਇਸ ਵਿਕਾਸ ਮਾਡਲ ਨਾਲ ਪ੍ਰਭਾਵਿਤ ਹੁੰਦੇ ਹਨ। ਪੁਸਤਕ 'ਥਰੀ ਸ਼ੇਡਜ਼ ਆਫ ਗਰੀਨ: ਪ੍ਰਾਈਵੇਟਾਈਜੇਸ਼ਨ, ਪੌਲਿਊਸ਼ਨ ਐਂਡ ਪ੍ਰੋਟੈਸਟ' ਵਿਚ ਪ੍ਰਸਿੱਧ ਸਮਾਜ ਤੇ ਰਾਜਨੀਤੀ ਵਿਗਿਆਨੀ ਡਾ. ਪ੍ਰਮੋਦ ਕੁਮਾਰ (ਡਾਇਰੈਕਟਰ, ਇੰਸਟੀਚਿਊਟ ਫਾਰ ਡਿਵੈਲਪਮੈਂਟ ਐਂਡ ਕਮਿਊਨੀਕੇਸ਼ਨ) ਦੇ ਨਾਲ ਪ੍ਰੋ. ਕੋਮਲ ਅੱਬੀ ਤੇ ਖੋਜਕਾਰ ਅਮਿਤ ਕੁਮਾਰ ਨੇ ਪੰਜਾਬ ਦੀ ਹਰੀ ਕ੍ਰਾਂਤੀ ਦੇ ਦੌਰ ਨੂੰ ਅੰਕੜਿਆਂ ਅਤੇ ਉਸ ਵਿਚ ਕਾਰਜਸ਼ੀਲ ਰਾਜਨੀਤੀ ਤੋਂ ਲੈ ਕੇ ਕੇਂਦਰੀ ਸਰਕਾਰ ਦੀਆਂ ਨੀਤੀਆਂ ਦਾ ਆਲੋਚਨਾਤਮਿਕ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕੀਤਾ ਹੈ।

ਇਸ ਪੁਸਤਕ ਦੇ ਪਹਿਲੇ ਅਧਿਆਇ ਵਿਚ ਆਜ਼ਾਦੀ ਤੋਂ ਪਹਿਲਾਂ ਜ਼ਮੀਨੀ ਸੁਧਾਰਾਂ ਦੇ ਸਵਾਲ ਤੋਂ ਲੈ ਕੇ ਕਰਜ਼ੇ ਦੇ ਮਸਲੇ ਉਪਰ ਉੱਠੀਆਂ ਇਤਿਹਾਸਕ ਕਿਸਾਨ ਲਹਿਰਾਂ ਦਾ ਸੰਖੇਪ ਜ਼ਿਕਰ ਕੀਤਾ ਗਿਆ ਹੈ। ਹੌਲੀ-ਹੌਲੀ ਜ਼ਮੀਨ ਦੇ ਸਵਾਲ ਤੋਂ ਅਗਾਂਹ ਕੀਮਤਾਂ ਦੀ ਵੱਧ ਮੰਗ ਦਾ ਸਵਾਲ ਕਿਸਾਨ ਲਹਿਰ ਦਾ ਹਿੱਸਾ ਬਣਿਆ। ਇਸ ਨਾਲ ਕਈ ਕਿਸਮ ਦੀਆਂ ਕਿਸਾਨ ਜਥੇਬੰਦੀਆਂ ਹੋਂਦ ਵਿਚ ਆਈਆਂ ਜਿਨ੍ਹਾਂ ਕਰ ਕੇ ਵੱਖੋ-ਵੱਖਰੇ ਵਿਚਾਰਾਂ ਤੇ ਵਿਚਾਰਧਾਰਾਵਾਂ ਦਾ ਉਭਰਨਾ ਲਾਜ਼ਮੀ ਸੀ। ਇਸੇ ਕਰ ਕੇ ਕਿਸਾਨ ਅੰਦੋਲਨ ਦੌਰਾਨ 32 ਕਿਸਾਨ ਜਥੇਬੰਦੀਆਂ ਕਈ ਕਿਸਮ ਦੇ ਆਪਸੀ ਮੰਗਾਂ ਅਤੇ ਮਸਲਿਆਂ ਉਪਰ ਟਕਰਾਵੀਆਂ ਪੁਜ਼ੀਸ਼ਨਾਂ ਰੱਖਦੀਆਂ ਸਨ। ਇਸ ਅੰਦੋਲਨ ਵਿਚ ਕਿਸਾਨੀ ਦੇ ਕਈ ਪੱਧਰਾਂ 'ਤੇ ਸੰਕਟ ਦੇ ਸਵਾਲ ਵੀ ਪ੍ਰਮੁੱਖਤਾ ਹਾਸਲ ਕਰਦੇ ਹਨ। ਹਰੀ ਕ੍ਰਾਂਤੀ ਕਿਸਾਨੀ ਨੂੰ ਬੁਰੀ ਤਰ੍ਹਾਂ ਆਰਥਿਕ ਮੰਦਵਾੜੇ ਵਿਚ ਸੁੱਟ ਰਹੀ ਸੀ ਜੋ ਪੰਜਾਬ ਦੇ ਸਾਰੇ ਵਰਗਾਂ ਨੂੰ ਇਸ ਵਿਚ ਇਕਜੁੱਟ ਕਰਨ ਦਾ ਕਾਰਨ ਵੀ ਬਣਦੀ ਸੀ। ਵੱਖ-ਵੱਖ ਪੈਦਾਵਾਰ ਵਿਚ ਦਹਾਕਿਆਂ ਤੋਂ ਆਈ ਤਬਦੀਲੀ, ਲਾਗਤ ਉਪਰ ਵਧੇ ਖਰਚਿਆਂ, ਜੀਵਨ ਜਾਚ ਤੋਂ ਲੈ ਕੇ ਵਿਦਿਅਕ ਖੇਤਰ ਵਰਗੇ ਪਹਿਲੂਆਂ 'ਤੇ ਸਰਕਾਰ ਦੀਆਂ ਤਰਜੀਹਾਂ ਦਾ ਘਟਣਾ ਹਰ ਵਰਗ ਨੂੰ ਬੇਚੈਨ ਕਰਨ ਲੱਗਾ ਸੀ। ਇਸ ਸਭ ਕੁਝ ਨੂੰ ਇਸ ਪੁਸਤਕ ਵਿਚ ਤੱਥਾਂ ਸਮੇਤ ਦਰਸਾਇਆ ਗਿਆ ਹੈ।

ਪੁਸਤਕ ਦੇ ਅਧਿਆਇ 2 ਵਿਚ ਪੰਜਾਬ ਦੇ ਕਿਸਾਨ ਅੰਦੋਲਨਾਂ ਵਿਚਲੀਆਂ ਮੰਗਾਂ ਅਤੇ ਮਸਲਿਆਂ ਸਮੇਤ ਕਿਸਾਨ ਜਥੇਬੰਦੀਆਂ ਦੇ ਰੋਲ ਅਤੇ ਉਨ੍ਹਾਂ ਵੱਲੋਂ ਅਪਣਾਈ ਗਈ ਪਹੁੰਚ ਦਾ ਜ਼ਿਕਰ ਕੀਤਾ ਗਿਆ ਹੈ। ਅਧਿਆਇ 3




*ਕਿਤਾਬ 'ਥਰੀ ਸ਼ੇਡਜ਼ ਆਫ ਗਰੀਨ: ਪ੍ਰਾਈਵੇਟਾਈਜੇਸ਼ਨ, ਪੌਲਿਊਸ਼ਨ ਐਂਡ ਪ੍ਰੋਟੈਸਟ' ਦਾ ਮੁਖੜਾ।*



*ਕਿਸਾਨ ਅੰਦੋਲਨ ਦੀ ਇਕ ਝਲਕ।*

ਵਿਚ ਸਮੁੱਚੇ ਕਿਸਾਨ ਅੰਦੋਲਨ ਦੌਰਾਨ ਗੀਤ ਸੰਗੀਤ ਤੇ ਵੱਖ-ਵੱਖ ਲਿਖਤਾਂ ਰਾਹੀਂ ਹੋਂਦ ਵਿਚ ਆਏ ਨਵੇਂ ਸੰਘਰਸ਼ੀ ਪ੍ਰਵਚਨ ਦਾ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਦ੍ਰਿਸ਼ਟੀਕੋਣ ਰਾਹੀਂ ਸਾਹਿਤਕ ਲਿਖਤਾਂ ਨੂੰ ਆਧਾਰ ਬਣਾ ਕੇ ਉਚੇਚਾ ਵਿਸ਼ਲੇਸ਼ਣ ਪੇਸ਼ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਪੰਜਾਬ ਦੇ ਨਾਮਵਰ ਗੀਤਕਾਰਾਂ ਨੇ ਆਪਣੇ ਗੀਤਾਂ ਅਤੇ ਸੁਰਾਂ ਦੀ ਆਵਾਜ਼ ਹੀ ਬਦਲ ਲਈ ਸੀ। ਇਨ੍ਹਾਂ ਵਿਚੋਂ ਪ੍ਰਮੁੱਖ ਕੁਝ ਵੰਨਗੀਆਂ 'ਜੱਟ ਦੀ ਜੂਨ ਬੁਰੀ', 'ਮੰਡੀ 'ਚ ਜੱਟ ਰੁਲਦਾ', 'ਜੱਟ 'ਤੇ ਕਰਜ਼ਾ', 'ਕਰਜ਼ਾ ਫਸਲਾਂ ਨਾਲ ਨਹੀਂ ਮੁੜਦਾ', 'ਕਿਸਾਨ ਤੇ ਰਾਜਨੀਤੀ', 'ਮੈਂ ਕਿਸਾਨ ਹਾਂ', 'ਕਾਰਪੋਰੇਟ ਘਰਾਣਿਆਂ ਨੇ ਜ਼ਮੀਨਾਂ 'ਤੇ ਕਬਜ਼ਾ ਕਰ ਲੈਣਾ', 'ਦਿੱਲੀ ਨਾਲ ਪੇਚਾ ਪੈ ਗਿਆ', 'ਅੱਖਾਂ ਖੋਲ੍ਹ ਕਿਸਾਨਾ ਵੇ', 'ਜ਼ਾਲਮ ਸਰਕਾਰਾਂ ਕੰਨ ਖੋਲ੍ਹ ਲੈਣ', 'ਦਿੱਲੀਏ ਨੀ ਦਿੱਲੀਏ', 'ਖੇਤਾਂ ਦੇ ਰਾਜੇ', 'ਮੈਨੂੰ ਰੰਗ ਦੇ ਬਸੰਤੀ ਚੁੰਨੀਆਂ', 'ਫਸਲਾਂ ਦੇ ਹੱਕ ਲੈਣੇ', 'ਦਿੱਲੀਏ ਤੂੰ ਸਾਨੂੰ ਅੱਤਵਾਦੀ ਦੱਸਦੀ' ਆਦਿ ਦਾ ਇਸ ਪੁਸਤਕ ਵਿਚ ਉਨ੍ਹਾਂ ਪਲਾਂ ਦੀਆਂ ਤਸਵੀਰਾਂ ਰਾਹੀਂ ਭਰਵਾਂ ਵਿਸ਼ਲੇਸ਼ਣ ਕੀਤਾ ਗਿਆ ਹੈ।

ਇਸ ਅਧਿਆਇ ਨੂੰ ਵਾਚਦਿਆਂ ਇੰਝ ਜਾਪਦਾ ਹੈ ਜਿਵੇਂ ਸਮੁੱਚੇ ਲੋਕ ਗੀਤਾਂ ਰਾਹੀਂ ਕਾਰਪੋਰੇਟ ਘਰਾਣਿਆਂ ਦੇ ਡਰ ਖਿਲਾਫ਼ ਕਿਸਾਨਾਂ ਨੂੰ ਜਥੇਬੰਦ ਕਰਨਾ ਹੋਵੇ। ਇਨ੍ਹਾਂ ਲੋਕ ਗੀਤਾਂ ਨੇ ਕਿਸਾਨ ਅੰਦੋਲਨ ਨੂੰ ਮੁੜ ਦਿਸ਼ਾ ਦੇਣ ਵਿਚ ਵੱਖੋ-ਵੱਖ ਸਮਿਆਂ 'ਤੇ ਅਹਿਮ ਭੂਮਿਕਾ ਨਿਭਾਈ। ਇਸ ਦੇ ਨਾਲ ਹੀ ਬਹੁਗਿਣਤੀ ਔਰਤਾਂ ਜ਼ਮੀਨੀ ਪੱਧਰ ਤੋਂ ਉੱਠ ਕੇ ਕਿਸਾਨ ਅੰਦੋਲਨਾਂ ਵਿਚ ਕਿਵੇਂ ਅਤੇ ਕਿਸ ਤਰ੍ਹਾਂ ਸ਼ਾਮਲ ਹੋਈਆਂ। ਕਿਸ ਤਰ੍ਹਾਂ ਅੰਦੋਲਨ ਦਾ ਪ੍ਰਵਚਨ ਸਿਰਜਿਆ ਗਿਆ। ਇਸ ਪੁਸਤਕ ਦੀ ਖ਼ੂਬੀ ਹੈ ਕਿ ਇਸ ਨੇ ਸਮੁੱਚੇ ਪੰਜਾਬ ਦੇ ਖੇਤੀ ਸੰਕਟ ਦੀ ਹਰ ਵੰਨਗੀ ਨੂੰ ਤੱਥਾਂ ਅਤੇ ਅੰਕੜਿਆਂ ਦੇ ਨਾਲ ਨਾਲ ਵੱਖ-ਵੱਖ ਸਮਿਆਂ 'ਤੇ ਪੰਜਾਬ ਦੇ ਖੇਤੀ ਸੰਕਟ ਨਾਲ ਹੋਈਆਂ ਖੋਜਾਂ ਦੇ ਅਹਿਮ ਦਸਤਾਵੇਜ਼ਾਂ ਅਤੇ ਪਹਿਲੂਆਂ ਸਮੇਤ ਦਰਜ ਕੀਤਾ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਪੰਜਾਬ ਵਿਚ ਖੇਤੀ ਦਾ ਸਵਾਲ ਸਿਰਫ਼ ਪੈਦਾਵਾਰ ਦਾ ਹੀ ਨਹੀਂ ਸਗੋਂ ਸਮਾਜਿਕ ਅਤੇ ਸਿਆਸੀ ਮਸਲਾ ਵੀ ਹੈ। ਹਰੀ ਕ੍ਰਾਂਤੀ ਦੇ ਇਸ ਪ੍ਰਚਾਰੇ ਜਾਂਦੇ ਤਾਕਰਵਰ ਇੰਜਣ ਰਾਹੀਂ ਵਾਤਾਵਰਨ ਦੀ ਤਬਾਹੀ, ਸਮਾਜਿਕ ਅਤੇ ਆਰਥਿਕ ਨਾ-ਬਰਾਬਰੀ, ਕਿਸਾਨਾਂ 'ਤੇ ਕਈ ਗੁਣਾ ਵਧਿਆ ਕਰਜ਼ਾ ਤੇ ਵੱਡੇ ਪੱਧਰ 'ਤੇ ਕਿਸਾਨਾਂ ਦੇ ਖ਼ੁਦਕੁਸ਼ੀਆਂ ਕਰ ਜਾਣ ਦਾ ਵਰਤਾਰਾ ਆਦਿ ਵੀ ਇਸ ਪੁਸਤਕ ਦਾ ਹਿੱਸਾ ਹਨ। ਇਹ ਪੁਸਤਕ ਸੋਚਣ ਲਈ ਮਜਬੂਰ ਕਰਦੀ ਹੈ ਕਿ ਪੰਜਾਬ ਦੀ ਖੇਤੀਬਾੜੀ ਵਾਲੀ ਪ੍ਰਕਿਰਿਆ ਬਾਕੀ ਹੋਰ ਸਮਾਜਿਕ ਖੇਤਰਾਂ ਨਾਲ ਤਾਲਮੇਲ ਬਣਾ ਕੇ ਵਿਕਸਿਤ ਕਿਉਂ ਨਹੀਂ ਹੋ ਸਕੀ। ਕੀ ਕਾਰਨ ਹੈ ਕਿ 1990 ਤੋਂ ਬਾਅਦ ਨਵੀਆਂ ਆਰਥਿਕ ਨੀਤੀਆਂ ਰਾਹੀਂ ਪੰਜਾਬ ਸੰਕਟ-ਦਰ-ਸੰਕਟ ਹੇਠਾਂ ਨੂੰ ਜਾਂਦਾ ਰਿਹਾ। ਇਸ ਦਾ ਨੀਤੀਆਂ ਦੇ ਪੱਧਰ 'ਤੇ ਵੱਡਾ ਵਿਸ਼ਲੇਸ਼ਣ ਸਾਹਮਣੇ ਨਹੀਂ ਆਇਆ ਜਿਸ ਕਰਕੇ ਅੱਜ ਪੰਜਾਬ ਨੂੰ ਹਰੀ ਕ੍ਰਾਂਤੀ ਦੀ ਵੱਡੀ ਕੀਮਤ ਤਾਰਨੀ ਪੈ ਰਹੀ ਹੈ।

ਅਰਥ ਸ਼ਾਸਤਰੀ ਡਾ. ਐਚ.ਐੱਸ. ਸ਼ੇਰਗਿੱਲ ਦੀਆਂ ਰਿਪੋਰਟਾਂ ਅਨੁਸਾਰ ਛੋਟਾ ਤੇ ਦਰਮਿਆਨਾ ਕਿਸਾਨ ਭਿਆਨਕ ਕਰਜ਼ੇ ਦੇ ਚੱਕਰ ਵਿਚ ਬੁਰੀ ਤਰ੍ਹਾਂ ਫਸ ਗਿਆ ਹੈ। ਇਸ ਦੇ ਨਾਲ ਹੀ ਪ੍ਰਸਿੱਧ ਅਰਥ ਸ਼ਾਸਤਰੀ ਪ੍ਰੋ. ਜੀ.ਐੱਸ. ਭੱਲਾ ਦੀ ਰਿਪੋਰਟ (ਕਿ ਖੇਤੀਬਾੜੀ ਖੇਤਰ ਵਿਚ ਮਜ਼ਦੂਰਾਂ ਦੀ ਸ਼ਮੂਲੀਅਤ ਲਗਾਤਾਰ ਘਟ ਚੁੱਕੀ ਹੈ) ਦੇ ਨਾਲ-ਨਾਲ ਪੰਜਾਬ ਦੇ ਸੰਕਟ ਨਾਲ ਸਬੰਧਿਤ ਪਿਛਲੇ ਤਿੰਨ ਦਹਾਕਿਆਂ ਤੋਂ ਆ ਰਹੀਆਂ ਅਹਿਮ ਰਿਪੋਰਟਾਂ ਅਤੇ ਦਸਤਾਵੇਜ਼ਾਂ ਦਾ ਇਸ ਪੁਸਤਕ ਵਿਚ ਬਾਖ਼ੂਬੀ ਜ਼ਿਕਰ ਕੀਤਾ ਗਿਆ ਹੈ।

ਇਹ ਪੁਸਤਕ ਅਹਿਸਾਸ ਕਰਵਾਉਂਦੀ ਹੈ ਕਿ 'ਪੰਜਾਬ ਦੇ ਪ੍ਰਸੰਗ ਵਿਚ ਮੁੜ ਕੀ ਕਰਨਾ ਲੋੜੀਏ?' ਵਰਗੇ ਪਹਿਲੂਆਂ ਵੱਲ ਸੋਚਿਆ ਜਾਵੇ। ਇਸ ਪੁਸਤਕ ਨੇ 32 ਕਿਸਾਨ ਜਥੇਬੰਦੀਆਂ ਦੀਆਂ ਸਿਆਸੀ ਕਤਾਰਬੰਦੀਆਂ ਅਤੇ ਉਨ੍ਹਾਂ ਦੇ ਆਜ਼ਾਦਾਨਾ ਵਿਚਾਰਾਂ ਦੇ ਪਹਿਲੂਆਂ ਨੂੰ ਤੱਥਾਂ ਸਮੇਤ ਪੇਸ਼ ਕੀਤਾ ਹੈ। ਅੱਜ ਕਿਸਾਨ ਜਥੇਬੰਦੀਆਂ ਵਿਚ ਆਪਸੀ ਵਿਤਕਰੇ ਅਤੇ ਕਲੇਸ਼ ਵਧ ਗਏ ਹਨ ਪਰ ਇਨ੍ਹਾਂ ਜਥੇਬੰਦੀਆਂ ਦੀ ਅਗਵਾਈ ਵਿਚ ਇਸ ਲਹਿਰ ਨੇ ਕਾਰਪੋਰੇਟ ਘਰਾਣਿਆਂ ਖਿਲਾਫ਼ ਲੜਾਈ ਦਾ ਇਤਿਹਾਸਕ ਕਾਰਜ ਕੀਤਾ ਹੈ ਜੋ ਦੇਸ਼ ਲਈ ਵੱਡੀ ਦੇਣ ਹੈ। ਇਹ ਪੁਸਤਕ ਨੀਤੀਘਾੜਿਆਂ, ਵਿਦਵਾਨਾਂ, ਖੋਜਾਰਥੀਆਂ ਅਤੇ ਵੱਖ-ਵੱਖ ਲਹਿਰਾਂ ਵਿਚ ਕਾਰਜਸ਼ੀਲ ਆਗੂਆਂ ਦੀ ਸੂਝ ਨੂੰ ਵਿਕਸਿਤ ਕਰਨ ਅਤੇ ਉਨ੍ਹਾਂ ਨੂੰ ਮੁੜ ਸੋਚਣ ਲਈ ਮਜਬੂਰ ਕਰਨ ਵੱਲ ਅਹਿਮ ਕਦਮ ਹੈ।

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਮਾਰਚ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-578



*ਜੀਣ ਬੜਾ ਹੈ ਔਖਾ ਹੋਇਆ, ਮਹਿੰਗਾਈ ਪਾਏ ਨੇ ਘੇਰੇ,*
*ਦੋ ਜੂਨ ਦਾ ਢਿੱਡ ਨਾ ਭਰਦਾ, ਪੈਂਦੇ ਕਰਨੇ ਯਤਨ ਬਥੇਰੇ।*
*ਉਜਵਲ ਭਾਰਤ ਗੁੰਮ ਜਾਪਦੈ, ਲੱਕੜਾਂ ਚੁਗ ਲਿਆਈਆਂ,*
*ਸਿਰ 'ਤੇ ਪੰਡਾਂ ਕੁੱਛੜ ਨਿਆਣੇ, ਮੁੜ ਜੰਗਲ ਤੋਂ ਆਈਆਂ।*

### ਕੈਪਸ਼ਨ ਮੁਕਾਬਲਾ-576



ਯੱਕਿਆਂ ਤੇ ਟਾਂਗਿਆਂ ਦਾ
ਦੌਰ ਪਿੱਛੇ ਰਹਿ ਗਿਆ,
ਸਮੇਂ ਦੀ 'ਸਫ਼ਾਰੀ' ਸੀ
ਤੇ ਯਾਦਾਂ ਵਿਚੋਂ ਲਹਿ ਗਿਆ
ਸਰਪਟ ਘੋੜਾ ਕਦੇ ਦੌੜਦਾ
ਕਰੇ ਗੱਲਾਂ ਹਵਾ ਨਾਲ਼,
ਅੱਜ ਕੰਗਾਰ ਪਿਆ
ਖੋਲ਼ੇ ਵਿਚ ਕੋਈ ਨਾ ਪੁੱਛੇ ਹਾਲ।
***-ਸੇਵਾ ਸਿੰਘ 'ਨੂਰਪੁਰੀ'***

---

ਚਮੜਾ ਖੁਰੀਆਂ ਘਾਹ ਹਰਾ,
ਜੋ ਸੀ ਗਰੀਬਾਂ ਦਾ ਰੁਜ਼ਗਾਰ।
ਕੱਚੇ ਰਾਹ ਰੋੜਾਂ ਦੀਆਂ ਸੜਕਾਂ,
ਦਾ ਕਦੇ ਟਾਂਗਾ ਸੀ ਸਰਦਾਰ।
ਤੇਜ਼ ਰਫ਼ਤਾਰ ਜ਼ਮਾਨਾ ਹੋ ਗਿਆ,
ਯੁੱਗ ਕਾਰਾਂ ਦਾ ਆਇਆ।
ਕਬਾੜੀਏ ਟਾਂਗਾ ਖ਼ਰੀਦ ਪੁਰਾਣਾ,
ਪਾਥੀਆਂ ਵਿਚ ਖੜ੍ਹਾਇਆ।
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 925-325-2486***

---

ਜ਼ਿੰਦਗੀ ਭਰ ਸਵਾਰੀਆਂ ਢੋਈਆਂ।
ਬਦਲਿਆ ਸਮਾਂ, ਬੇਕਦਰੀਆਂ ਹੋਈਆਂ।
ਜੀਅ ਕਰਦੈ ਕਦੇ ਉੱਡ ਕੇ ਜਾਵਾਂ।
ਸੜਕਾਂ 'ਤੇ ਮੁੜ ਪੈਲਾਂ ਪਾਵਾਂ।
ਦੁਨੀਆ ਤੇਜ਼ੀ ਦੇ ਵਿਚ ਖੋ ਗਈ।
ਕੱਖੋਂ ਹੌਲੀ ਮੇਰੀ ਹਾਲਤ ਹੋ ਗਈ।
***-ਗੁਰਦੇਵ ਸਿੰਘ ਢਪਾਲੀ***
***ਫੋਨ: 94176-49275***

---

ਇਹ ਉਸ ਸਮੇਂ ਦੀ ਗੱਲ ਐ ਬੱਲਿਆ
ਜਦੋਂ ਮੁੱਲ ਹੁੰਦਾ ਸੀ ਦੰਮਾਂ ਦਾ
ਟਾਂਗਾ ਅੱਜ ਕਬਾੜ ਹੋ ਗਿਆ
ਜਿਹਦੇ 'ਚ ਆਇਆ ਸੀ
ਮੁਕਲਾਵਾ ਅੰਮਾ ਦਾ।
ਪਾਥੀਆਂ, ਟੋਕਰਾ ਤੇ ਵਿਚਕਾਰ ਖੜ੍ਹਾ ਟਾਂਗਾ
ਮੈਨੂੰ ਜਾਪਦਾ ਏ ਢੇਰ ਬਾਲਣ ਦਾ
ਮਸ਼ੀਨੀ ਯੁੱਗ ਦੀ ਦੌੜ ਭੱਜ ਵਿਚ
ਸਾਨੂੰ ਚੇਤਾ ਭੁੱਲ ਗਿਆ
ਵਿਰਾਸਤ ਸੰਭਾਲਣ ਦਾ।
***-ਹਰਜੋਤ ਕੌਰ ਮਹੇਸ਼ਪੁਰਾ।***

---

ਮੇਰੀ ਵੀ ਕਦੇ ਸ਼ਾਨ ਸੀ ਹੁੰਦੀ
ਹਰ ਕੋਈ ਸਾਡੇ ਗੀਤ ਸੀ ਗਾਉਂਦਾ।
ਮਾਲਕ ਸਭ ਦੀ ਖੈਰ ਸੀ ਮੰਗਦਾ
ਰਹਿੰਦਾ ਸੀ ਮੈਨੂੰ ਲਿਸ਼ਕਾਉਂਦਾ।
ਸਭ ਬੀਤੇ ਦੀਆਂ ਬਾਤਾਂ ਹੋਈਆਂ
ਬਾਲਣ ਢੋਅਣ ਦੇ ਕੰਮ ਹਾਂ ਆਉਂਦਾ।
***-ਜਗਮੀਤ ਸਿੰਘ ਪੰਧੇਰ***
***ਫੋਨ: 98783-37222***

---


ਪੁਰਾਣਾ ਤਾਂਗੇ ਦਾ ਅਗਲਾ ਹਿੱਸਾ ਲੱਗੇ
ਜਿਵੇਂ ਤੋਪਾਂ ਬੀੜੀਆਂ
ਕਿੱਲੀ ਖਾਨ ਜ਼ਮਾਨ ਦੀਆਂ
ਕਿਸੇ ਵੇਲੇ ਇਨ੍ਹਾਂ ਦੀ ਚੜ੍ਹਤ ਸੀ,
ਘੋੜਾ, ਤਾਂਗਾ,
ਪਛਵਾੜੇ ਦੀਆਂ ਪਾਥੀਆਂ ਆਦਿ ਦੀਆਂ।
ਵੇਲਾ ਵਿਹਾ ਚੁੱਕੇ ਸਾਧਨ ਬਣੇ ਕਬਾੜ,
ਬੰਦੇ ਤੇਜ਼ ਤਰਾਰ
ਹੁਣ ਗੱਲਾਂ ਕਰਨ ਅਸਮਾਨ ਦੀਆਂ।
ਵੰਡਾਂ ਲੜਾਈਆਂ ਭਾਵੇਂ
ਬੰਦਿਆਂ ਦੇ ਸੁਭਾਅ ਬਦਲੇ,
ਪਰ ਰੋਂਦੇ ਗੱਲਾਂ ਕਰੋ
ਹਿੰਦ-ਪਾਕਿਸਤਾਨ ਦੀਆਂ।
***-ਅਮਰਜੀਤ ਸਿੰਘ ਤੂਰ।***

---

ਯੁਗ ਬਦਲੇ,
ਮਸ਼ੀਨੀ ਯੁੱਗ ਦਾ ਬੋਲਬਾਲਾ
ਗੱਡੇ, ਗੱਡੀਆਂ, ਟਾਂਗੇ ਸਭ ਅਲੋਪ
ਨਹੀਂ ਭੁਲਾਇਆ ਜਾ ਸਕਦਾ
ਤੁਰਲਾ ਕੱਢੀ ਪੰਜਾਬੀਅਤ ਅਣਖ 'ਚ
ਚਾਲਕ ਮਾਰਦਾ ਜਦ ਛੈਂਟਾ
ਜੁੜੇ ਘੋੜੇ 'ਤੇ ਟੱਪ ਟੱਪ ਦਾ ਸੰਗੀਤ
ਮੋਹ ਲੈਂਦਾ ਸਵਾਰੀਆਂ ਨੂੰ।
ਭਾਈ ਵੀਰ ਸਿੰਘ;
ਅਵਾਂਤੀਪੁਰੇ ਦੇ ਖੰਡਰ' ਵਾਂਗ
ਅੱਜ ਝੂਰ ਰਹੇ ਟਾਂਗੇ
ਲੱਗੇ ਖੂੰਜਿਆਂ 'ਚ।
***-ਦਰਸ਼ਨ ਪਾਲ ਦੋਸਾਂਝ।***

# ਅਖੀਰਲੇ ਨਾਇਕ

***ਪੀ. ਸਾਈਨਾਥ ਅਜਿਹਾ ਪੱਤਰਕਾਰ ਹੈ ਜਿਸ ਨੇ ਦਿਹਾਤ ਨੂੰ ਸਦਾ ਤਰਜੀਹ ਦਿੱਤੀ ਹੈ। ਇਸ ਕਾਰਜ ਲਈ ਉਸ ਨੂੰ ਸੰਸਾਰ ਦਾ ਵੱਕਾਰੀ ਮੈਗਸੈਸੇ ਇਨਾਮ ਵੀ ਮਿਲਿਆ। ਦੇਹਾਤ ਨਾਲ ਜੁੜੀਆਂ ਉਸ ਦੀਆਂ ਰਿਪੋਰਟਾਂ ਉਸ ਦੀ ਪਹਿਲੀ ਕਿਤਾਬ 'ਐਵਰੀਬਾਡੀ ਲਵਜ਼ਏ ਗੁੱਡ ਡਰੌਟ' ਵਿਚ ਦਰਜ ਹਨ। ਹਾਲ ਹੀ ਵਿਚ ਉਸ ਦੀ ਨਵੀਂ ਕਿਤਾਬ 'ਲਾਸਟ ਹੀਰੋਜ਼: ਫੁੱਟ ਸੋਲਜ਼ਰ ਆਫ ਇੰਡੀਅਨ ਫ੍ਰੀਡਮ' ਆਈ ਹੈ। ਇਹ ਪੋਥੀ ਛੇਤੀ ਹੀ ਪੰਜਾਬੀ ਵਿਚ ਛਪ ਰਹੀ ਹੈ ਅਤੇ ਇਸ ਦਾ ਪੰਜਾਬੀ ਅਨੁਵਾਦ ਪ੍ਰੋ.ਹਰਪਾਲ ਸਿੰਘ ਪੰਨੂ ਨੇ ਕੀਤਾ ਹੈ। ਇਸ ਪੋਥੀ ਬਾਰੇ ਸੰਖੇਪ ਟਿੱਪਣੀ ਪ੍ਰੋ. ਪੰਨੂ ਨੇ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਭੇਜੀ ਹੈ।***


ਪੀ. ਸਾਈਨਾਥ

ਵੱਡੀ ਰਚਨਾ ਉਹ ਜਿਸਨੂੰ ਪੜ੍ਹਦਿਆਂ ਨਾਲੋ-ਨਾਲ ਹੋਰ ਵੱਡੀਆਂ ਰਚਨਾਵਾਂ ਯਾਦ ਆਉਂਦੀਆਂ ਰਹਿਣ। ਮੈਂ ਧਰਮਾਂ ਦਾ ਵਿਦਿਆਰਥੀ ਰਿਹਾ, ਸਾਰੀ ਉਮਰ ਇਹੋ ਕੁੱਝ ਪੜ੍ਹਿਆ, ਪੜ੍ਹਾਇਆ। ਧਰਮੀ ਲੋਕਾਂ ਦਾ ਵਿਸ਼ਵਾਸ ਹੈ ਕਿ ਜਦੋਂ ਅਧਰਮ ਅਤੇ ਅਨਿਆਂ ਫੈਲਦਾ ਹੈ, ਉਦੋਂ ਦੁਖੀ ਮਨੁੱਖਤਾ ਦਾ ਸਹਾਰਾ ਬਣ ਕੇ ਪਰਮੇਸ਼ਰ ਧਰਤੀ ਉਪਰ ਆਉਂਦਾ ਹੈ। ਪੀ. ਸਾਈਨਾਥ ਦੀ ਇਹ ਕਿਤਾਬ ਪੜ੍ਹਦਿਆਂ ਮੈਨੂੰ ਅਹਿਸਾਸ ਹੋਇਆ ਕਿ ਸੰਸਾਰ ਦਾ ਕਲਿਆਣ ਕਰਨ ਵਾਸਤੇ ਕੁੱਝ ਬੰਦੇ ਵੀ ਧਰਤੀ ਉਤੇ ਵਾਰ-ਵਾਰ ਆਉਂਦੇ ਹਨ। ਮੈਨੂੰ 18ਵੀਂ ਸਦੀ ਦੇ ਸਿੱਖ ਯੋਧੇ ਯਾਦ ਆਏ ਜਿਹੜੇ ਜੰਗਲਾਂ ਵਿਚ ਦਿਨ-ਕਟੀ ਕਰਦੇ-ਕਰਦੇ ਕਦੀ-ਕਦਾਈਂ ਵੀਹ-ਵੀਹ ਪੱਚੀ-ਪੱਚੀ ਘੋੜ-ਸਵਾਰ ਆਬਾਦੀਆਂ ਵੱਲ ਆਉਂਦੇ, ਜੈਕਾਰਾ ਛੱਡ ਕੇ ਆਖਦੇ- ਭਾਈਓ ਕਿਸੇ ਨਾਲ ਬੇਇਨਸਫੀ ਹੋਈ ਹੋਵੇ ਸਾਨੂੰ ਦੱਸੇ, ਅਸੀਂ ਇਨਸਾਫ ਕਰਾਂਗੇ। ਜਲਾਵਤਨ ਲੋਕ ਇਨਸਾਫ ਕਰਨ ਲੱਗੇ, ਜਿਵੇਂ ਅੰਨ੍ਹਿਆਂ ਦੀ ਬਸਤੀ ਵਿਚ ਸ਼ੀਸ਼ੇ ਵੇਚਣ ਦਾ ਕਾਰੋਬਾਰ ਸ਼ੁਰੂ ਕਰ ਦੇਣ।



ਗੋਪੀਨਾਥ ਮਹੰਤੀ ਦਾ ਨਾਵਲ ਹੈ 'ਅੰਮ੍ਰਿਤ ਸੰਤਾਨ'। ਮਹੰਤੀ

**ਹਰਪਾਲ ਸਿੰਘ ਪੰਨੂ**
**ਫੋਨ: +91-94642-51454**

ਉੜੀਆ ਦੇ ਜਾਂਗਲੀ ਕਬੀਲੇ ਕੰਧ ਦਾ ਅਧਿਐਨ ਪੇਸ਼ ਕਰਦਾ ਹੈ। ਕੰਧ ਆਪਣੇ ਸਰਦਾਰ ਦੀ ਤਾਕਤ ਬਾਰੇ ਦੱਸ ਰਹੇ ਹਨ। ਇੰਨੇ ਨੂੰ ਪਹਾੜੀ ਢਲਾਣ ਉਪਰ ਬੈਠੇ ਕੰਧ ਆਖਦੇ ਹਨ- ਅਹੁ ਦੇਖੋ, ਅਹੁ ਆ ਰਿਹੈ ਸਾਡਾ ਸਰਦਾਰ, ਬਾਕੀ ਗੱਲਾਂ ਉਹੋ ਦੱਸੇਗਾ। ਮਹੰਤੀ ਦੇਖਦਾ ਹੈ, ਲੰਗੋਟੀ-ਧਾਰੀ ਬੰਦਾ ਹੱਥ ਵਿਚ ਸੋਟੀ ਫੜੀ ਤੁਰਿਆ ਆ ਰਿਹਾ ਹੈ, ਨਾਲ ਕੁੱਤਾ। ਮਹੰਤੀ ਨੇ ਹੱਸਕੇ ਕਿਹਾ- ਇਹ ਹੈ ਤੁਹਾਡਾ ਸਰਦਾਰ? ਉਏ ਸਰਦਾਰ ਉਹ ਹੋਇਆ ਕਰਦੈ ਜਿਸ ਕੋਲ ਹਵੇਲੀ, ਘੋੜਾ, ਦੌਲਤ, ਨੌਕਰ ਹੋਣ। ਇਸ ਕੋਲ ਕੀ ਹੈ? ਕੰਧ ਬੋਲੇ- ਹਵੇਲੀ, ਦੌਲਤ ਇਹ ਕੀ ਚੀਜ਼ਾਂ ਹੋਈਆਂ? ਹੁਕਮ ਸਭ ਤੋਂ ਵੱਡਾ ਹੁੰਦੈ। ਇਹ ਸਾਡਾ ਹਾਕਮ ਐ। ਬਾਕੀ ਗੱਲਾਂ ਉਸੇ ਤੋਂ ਪੁੱਛ ਲੈਣੀਆਂ।

ਸਰਬੂ ਸਾਵੰਤਾ ਪੁੱਜ ਗਿਆ, ਦੁਆ ਸਲਾਮ ਤੋਂ ਬਾਅਦ ਮਹੰਤੀ ਨੇ ਪੁੱਛਿਆ- ਕਦੋਂ ਦੀ ਹੈ ਤੁਹਾਡੇ ਕੋਲ ਸਰਦਾਰੀ?

ਸਰਬੂ ਨੇ ਕਿਹਾ- ਜਦੋਂ ਦੇ ਜ਼ਮੀਨ ਅਸਮਾਨ ਬਣੇ, ਉਦੋਂ ਦੀ।

ਮਹੰਤੀ ਨੇ ਹੱਸਕੇ ਕਿਹਾ- ਏਨੀਆਂ ਲੰਮੀਆਂ ਨਾ ਛੱਡੋ। ਕੋਈ ਇਤਿਹਾਸ ਦੀ ਗੱਲ ਕਰੋ।

ਸਰਬੂ ਨੇ ਕਿਹਾ- ਅਸੀਂ ਕਿਹੜਾ ਪੜ੍ਹੇ ਲਿਖੇ ਲੋਕ ਆਂ? ਪਰ ਸਾਨੂੰ ਇੰਨਾ ਪੱਕਾ ਪਤਾ ਜ਼ਰੂਰ ਐ ਕਿ ਤ੍ਰੇਤੇ ਯੁੱਗ ਵਿਚ ਸਾਡੇ ਕੋਲ ਸਰਦਾਰੀ ਹੁੰਦੀ ਸੀ।

ਮਹੰਤੀ ਬੋਲਿਆ- ਤ੍ਰੇਤੇ ਦੀ ਕਥਾ ਸੁਣਾ ਦਿਉ।

ਸਰਬੂ ਨੇ ਕਿਹਾ- ਤ੍ਰੇਤੇ ਵਿਚ ਜਦੋਂ ਅਸੀਂ ਇਨ੍ਹਾਂ ਜੰਗਲਾਂ ਵਿਚ ਵੱਸਦੇ ਸਾਂ, ਦੋ ਭਰਾ ਆ ਕੇ ਸਾਡੇ ਕੰਧ ਸਰਦਾਰ ਨੂੰ ਮਿਲੇ। ਵੱਡੇ ਦਾ ਨਾਮ ਰਾਮਚੰਦ ਸੀ, ਛੋਟਾ ਲਛਮਣ। ਉਨ੍ਹਾਂ ਦੀ ਔਰਤ ਵੀ ਉਨ੍ਹਾਂ ਨਾਲ ਸੀ। ਉਨ੍ਹਾਂ ਦੇ ਘਰ ਕੋਈ ਕਲੇਸ਼ ਛਿੜ ਗਿਆ ਸੀ, ਉਹ ਟਲ ਕੇ ਜੰਗਲ ਵਿਚ ਆ ਗਏ ਤੇ ਸਾਡੇ ਸਰਦਾਰ ਤੋਂ ਜੰਗਲ ਵਿਚ ਰਹਿਣ ਦੀ ਸ਼ਰਨ ਮੰਗੀ, ਆਗਿਆ ਮੰਗੀ। ਸਰਦਾਰ ਨੇ ਆਗਿਆ ਤਾਂ ਦਿੱਤੀ ਪਰ ਨਾਲ ਇਹ ਵੀ ਕਿਹਾ ਕਿ ਸਾਡੇ ਕੁੱਝ ਧਰਮੀ ਨਿਯਮ ਹਨ, ਉਨ੍ਹਾਂ ਵਿਚ ਵਿਘਨ ਨਾ ਪਾਇਉ। ਰਹੀ ਜਾਵੋ। ਦਿਨ, ਮਹੀਨੇ, ਸਾਲ ਬੀਤੇ; ਦੋਵੇਂ ਭਰਾ ਉਦਾਸ, ਕੰਧ ਸਰਦਾਰ ਕੋਲ ਆਏ। ਦੱਸਿਆ- ਇਥੇ ਦਾ ਧਨ ਕੁਬੇਰ ਰਾਵਣ, ਸਾਡੀ ਔਰਤ ਚੁੱਕਕੇ ਲੈ ਗਿਆ ਹੈ। ਛੁਡਾਉਣੀ ਹੈ। ਯੁੱਧ ਹੋਵੇਗਾ। ਸਾਡੀ ਮਦਦ ਕਰੋ।

ਕੰਧ ਸਰਦਾਰ ਨੇ ਕਿਹਾ- ਸਾਡਾ ਇਕੱਲਾ-ਇਕੱਲਾ ਜੁਆਨ ਏਨਾ ਤਕੜਾ ਹੈ ਕਿ ਰਸਤੇ ਵਿਚ ਚੀਤਾ ਟੱਕਰ ਜਾਵੇ ਤਾਂ ਲਲਕਾਰਾ ਮਾਰਦਾ ਹੈ- ਮੇਰੀ ਮਦਦ ਲਈ ਕੋਈ ਨਾ ਆਏ, ਇਕੱਲਾ ਟੱਕਰਾਂਗਾ। ਕੰਧ ਇਕੱਲਾ, ਇਕੱਲੇ ਨੂੰ ਟੱਕਰਦਾ ਹੁੰਦੈ ਪਰ ਅਸੀਂ ਰਾਜਿਆਂ ਨਾਲ ਕਦੀ ਨਹੀਂ ਲੜੇ। ਸਾਨੂੰ ਲੜਨਾ ਈ ਨੀ ਆਉਂਦਾ।

ਰਾਮਚੰਦ ਨੇ ਕਿਹਾ- ਸਾਨੂੰ ਰਾਜਿਆਂ ਵਿਰੁੱਧ ਲੜਨਾ ਆਉਂਦੈ। ਅਸੀਂ ਤੁਹਾਨੂੰ ਸਿਖਾ ਦਿਆਂਗੇ।


ਸਰਦਾਰ ਬੋਲਿਆ- ਜੇ ਸਿਖਾ ਦਿਉ ਤਾਂ ਲੜਾਂਗੇ।

ਹੋਰ ਕਬੀਲੇ ਵੀ ਵੱਡੀ ਲੜਾਈ ਲੜਨੀ ਸਿਖਣ ਵਾਸਤੇ ਆ ਗਏ। ਇਕ ਦਿਨ ਲੰਕਾ ਉਪਰ ਚੜ੍ਹਾਈ ਕਰਨ ਦਾ ਐਲਾਨ ਕਰ ਦਿੱਤਾ। ਧਨ ਕੁਬੇਰ ਨੇ ਤਾਂ ਜੰਗਲੀ ਜਾਨਵਰ ਵੀ ਤੰਗ ਕੀਤੇ ਹੋਏ ਸਨ, ਉਹ ਵੀ ਹਮਲੇ ਵਿਚ ਸਾਡੇ ਨਾਲ ਰਲ ਗਏ। ਖੂੰਖਾਰ ਯੁੱਧ ਹੋਇਆਜਿਸ ਵਿਚ ਅਸੀਂ ਧਨਕੁਬੇਰ ਮਾਰ ਲਿਆ।

ਕੰਧ ਸਰਦਾਰ ਨੇ ਰਾਮਚੰਦ ਨੂੰ ਜੱਫੀ ਵਿਚ ਲੈ ਕੇ ਕਿਹਾ- ਪਹਿਲੀ ਵਾਰ ਤੂੰ ਸਾਨੂੰ ਸ਼ਰਨਾਰਥੀ ਵਜੋਂ ਮਿਲਿਆ। ਫਿਰ ਸਾਡੇ ਨਾਲ ਰਹਿਣ ਲੱਗਾ ਤਾਂ ਸਾਨੂੰ ਇਉਂ ਲੱਗਾ ਜਿਵੇਂ ਸਾਡੇ ਵਰਗਾ ਤੂੰ ਸਾਡਾ ਭਰਾ ਹੀ ਐਂ। ਅੱਜ ਜਦ ਧਨਕੁਬੇਰ ਮਾਰ ਲਿਆ ਤਾਂ ਜਾਣਿਆ, ਤੂੰ ਤਾਂ ਭਗਵਾਨ ਐਂ।

ਰਾਮਚੰਦ ਨੇ ਕਿਹਾ- ਅੱਜ ਵੀ ਮੈਂ ਤੁਹਾਡਾ ਭਰਾ ਹਾਂ। ਸਾਡਾ ਆਪਣੇ ਦੇਸ ਜਾਣ ਦਾ ਸਮਾਂ ਆ ਗਿਆ ਹੈ। ਤੁਹਾਡੀਆਂ ਜਾਇਦਾਦਾਂ ਤੁਹਾਨੂੰ ਸੌਂਪ ਕੇ ਅਸੀਂ ਆਪਣੇ ਵਤਨ ਮੁੜਾਂਗੇ। ਕੰਧਾਂ ਨੇ ਸਭ ਤੋਂ ਵੱਧ ਬਹਾਦਰੀ ਦਿਖਾਈ, ਉਨ੍ਹਾਂ ਨੂੰ ਉਪਜਾਊ ਪੱਧਰੇ ਮੈਦਾਨ ਮਿਲੇ। ਬਾਕੀਆਂ ਨੂੰ ਜੰਗਲ, ਪਹਾੜ ਵੰਡ ਕੇ ਉਹ ਆਪਣੇ ਦੇਸ ਚਲੇ ਗਏ।

ਅਸੀਂ ਸੋਚਿਆ, ਧਨਕੁਬੇਰ ਮਾਰ ਲਿਆ। ਧਨਕੁਬੇਰ ਮਰਦਾ ਨਹੀਂ, ਰੂਪ ਵਟਾਉਂਦਾ ਹੈ। ਧਨਕੁਬੇਰ ਨੇ ਪਹਿਲਾਂ ਸਾਥੋਂ ਮੈਦਾਨ ਖੋਹ ਲਏ। ਫਿਰ ਜੰਗਲ ਕੱਟਣ ਲੱਗਾ। ਅਸੀਂ ਹਰ ਸਾਲ ਪਹਾੜੀ ਉਤੇ ਹੋਰ ਉਪਰ ਵੱਲ ਸਰਕ ਜਾਂਦੇ ਹਾਂ। ਲੋਹੇ ਦੀਆਂ ਪਟੜੀਆਂ ਉਪਰ ਸਵਾਰ ਹੋ ਕੇ ਧਨਕੁਬੇਰ ਹੁਣ ਸਾਡਾ ਸ਼ਿਕਾਰ ਕਰਦਾ ਫਿਰਦਾ ਹੈ। ਅਸੀਂ ਉਹੀ ਕੰਧ ਹਾਂ




***ਪੀ. ਸਾਈਨਾਥ ਦੀ ਕਿਤਾਬ 'ਲਾਸਟ ਹੀਰੋਜ਼: ਫੁੱਟ ਸੋਲਜ਼ਰ ਆਫ ਇੰਡੀਅਨ ਫ੍ਰੀਡਮ'***

ਜਿਹੜੇ ਇਕੱਲੇ-ਇਕੱਲੇ ਚੀਤਾ ਮਾਰ ਲੈਂਦੇ ਸਾਂ। ਅੱਜ ਵੀ ਓਨੇ ਹੀ ਬਹਾਦਰ ਹਾਂ, ਅੱਜ ਵੀ ਧਨਕੁਬੇਰ ਨੂੰ ਹਰਾ ਸਕਦੇ ਹਾਂ ਪਰ ਸਾਨੂੰ ਅੱਜ ਦੀ ਲੜਾਈ ਸਿਖਾਉਣ ਵਾਸਤੇ ਸਾਡੇ ਕੋਲ ਰਾਮਚੰਦ ਨਹੀਂ ਨਾ।

---

ਅਬਦੁਲ ਹਲੀਮ ਸ਼ਰਰ ਦੀ 'ਕੱਲ੍ਹ ਦਾ ਲਖਨਊ' ਯਾਦ ਆਈ। ਲਖਨਊ ਦਾ ਸਾਬਕ ਕਾਨੂੰਨ ਮੰਤਰੀ ਆਪਣੇ ਦੋਹਤੇ ਸ਼ਰਰ ਨੂੰ ਪੁਰਾਣੇ ਲਖਨਊ ਦੀ ਸਾਖੀ ਸੁਣਾ ਰਿਹਾ ਹੈ। ਨਵਾਬ ਸਾਹਿਬ ਮੁਜਰਾ ਦੇਖ ਰਹੇ ਸਨ। ਸ਼ਰਾਬ ਦੇ ਦੌਰ ਚੱਲ ਰਹੇ। ਬਾਹਰੋਂ ਕੋਈ ਖਤ ਲੈ ਕੇ ਅੰਦਰ ਆਇਆ। ਨਵਾਬ ਸਾਹਿਬ ਨੇ ਖਤ ਪੜ੍ਹਿਆ, ਪਾੜ ਕੇ ਸੁੱਟ ਦਿੱਤਾ। ਅੰਗਰੇਜ਼ ਦਾ ਖਤ ਸੀ- ਅਸੀਂ ਕਿਲ੍ਹਾ ਘੇਰ ਲਿਆ ਹੈ, ਤੁਸੀਂ ਸਾਡੀ ਗ੍ਰਿਫਤ ਵਿਚ ਹੋ, ਸਮਰਪਣ ਕਰੋ। ਨਾਚ ਗਾਣਾ ਚਲਦਾ ਰਿਹਾ। ਤੋਪ ਦਾ ਗੋਲਾ ਅੰਦਰ ਆ ਕੇ ਡਿੱਗਾ। ਸਭ ਭੱਜ ਗਏ। ਬੈਠਾ ਬਿਠਾਇਆ ਨਵਾਬ ਫੜ ਲਿਆ।

ਸ਼ਰਰ ਨੇ ਪੁੱਛਿਆ- ਜਦ ਬਾਕੀ ਭੱਜ ਗਏ ਨਾਨਾਜਾਨ, ਨਵਾਬ ਸਾਹਿਬ ਕਿਉਂ ਬੈਠੇ ਰਹੇ? ਭੱਜ ਜਾਂਦੇ?

ਨਾਨਾ ਜੀ ਬੋਲੇ- ਬੇਟੇ ਉਨਕੋ ਜੂਤਾ ਪਹਿਨਾਨੇ ਵਾਲਾ ਕੋਈ ਨਾ ਰਹਾ ਵਹਾਂ ਤੋ ਕੈਸੇ ਭਾਗਤੇ?

ਸ਼ਰਰ ਨੇ ਕਿਹਾ- ਮੇਰੇ ਦਿਲ ਵਿਚ ਤਾਂ ਮੁਗਲਾਂ ਦੀ ਬੜੀ ਇੱਜ਼ਤ ਸੀ ਨਾਨਾ ਜੀ, ਇਹ ਗੱਲਾਂ ਸੁਣ ਕੇ ਤਾਂ ਸ਼ਰਮ ਆਉਣ ਲੱਗੀ ਹੈ। ਮੈਂ ਤਾਂ ਇਨ੍ਹਾਂ ਨੂੰ ਬੜੇ ਬਹਾਦਰ ਬੜੇ ਸਿਆਣੇ ਸਮਝਦਾ ਸਾਂ।

ਨਾਨਾ ਨੇ ਕਿਹਾ- ਬੇਟੇ ਮੁਗਲ, ਗੋਰਖੇ, ਪਠਾਣ, ਸਿੱਖ ਸਭ ਬੜੇ ਬਹਾਦਰ, ਬੜੇ ਸਿਆਣੇ ਹਨ। ਰੱਬ ਨੂੰ ਨਾ ਬਹਾਦਰੀ ਚੰਗੀ ਲੱਗੇ, ਨਾ ਸਿਆਣਪ। ਉਸਨੂੰ ਇਨਸਾਫ ਚੰਗਾ ਲਗਦੈ। ਉਹ ਸਮੇਂ-ਸਮੇਂ ਧਰਤੀ ਉਪਰ ਆਪਣੀਆਂ ਕੌਮਾਂ ਭੇਜਦਾ ਰਹਿੰਦਾ ਹੈ ਤੇ ਜਿਸ ਕੌਮ ਨੂੰ ਇਨਸਾਫ ਕਰਦੀ ਦੇਖਦਾ ਹੈ, ਉਸ ਦੇ ਸਿਰ ਉਪਰ ਹਕੂਮਤ ਦਾ ਤਾਜ ਰੱਖ ਦਿੰਦੈ। ਜਦੋਂ ਉਹ ਕੌਮ ਇਨਸਾਫ ਕਰਨੋਂ ਹਟ ਜਾਵੇ ਤਾਂ ਦਿੱਤਾ ਗਿਆ ਤਾਜ ਤਖਤ ਖੋਹ ਲੈਂਦਾ ਹੈ। ਅਸੀਂ ਇਨਸਾਫ ਕਰਨੋਂ ਹਟ ਗਏ ਸਾਂ।

---

ਗਿਆਨ ਪ੍ਰਕਾਸ਼ ਵਿਵੇਕ ਨੇ ਲੇਖ ਤਾਂ ਆਪਣੇ ਪਿੰਡ ਉਪਰ ਹੀ ਲਿਖਿਆ ਸੀ ਪਰ ਹੌਲੀ-ਹੌਲੀ ਇਸ ਪਿੰਡ ਵਿਚੋਂ ਹਿੰਦੁਸਤਾਨ ਦਿੱਸਣ ਲੱਗ ਪਿਆ। ਵਿਵੇਕ ਦੇ ਬੋਲ- ਮੈਨੂੰ ਆਪਣੇ ਪਿੰਡ ਦਾ ਇਤਿਹਾਸ ਪਤਾ ਨਹੀਂ। ਇੰਨਾ ਪਤਾ ਹੈ ਪਿੰਡ ਅਜੇ ਵਸਿਆ ਨਹੀਂ ਸੀ, ਚਿੜੀਆਂ ਗੁਟਾਰਾਂ ਪਹਿਲਾਂ ਵਸ ਗਈਆਂ। ਧੁੱਪਾਂ ਅਤੇ ਹਵਾਵਾਂ ਨੇ ਖਾਲੀ ਜ਼ਮੀਨ ਉਪਰ ਕਬਜ਼ੇ ਕਰ ਰੱਖੇ ਸਨ। ਮੈਨੂੰ ਧੁੱਪਾਂ ਚੰਗੀਆਂ ਲਗਦੀਆਂ ਨੇ, ਹਵਾਵਾਂ ਵੀ ਪਰ ਹਵਾਵਾਂ ਦੀ ਇਕ ਆਦਤ ਚੰਗੀ ਨਹੀਂ। ਉਨ੍ਹਾਂ ਨੂੰ ਦੀਵਿਆਂ ਨਾਲ ਲੁਕਣਮੀਟੀ ਦੀ ਖੇਡ ਨਹੀਂ ਖੇਡਣੀ ਚਾਹੀਦੀ।

ਮੇਰਾ ਪਿੰਡ ਚੁੱਪ-ਚੁੱਪ ਰਹਿੰਦੈ। ਹੱਸਦਾ ਘੱਟ ਹੈ। ਸਾਲ ਵਿਚ ਦੋ-ਤਿੰਨ ਵਾਰ ਬਸ ਤਿਉਹਾਰਾਂ ਦੇ ਦਿਨਾ ਵਿਚ ਹੱਸਦੈ। ਨੀਵੀਂ ਪਾਈ ਚੁੱਪ-ਚਾਪ ਤੁਰਿਆ ਜਾਂਦਾ ਮੇਰਾ ਪਿੰਡ ਕਦੇ-ਕਦੇ ਇਉਂ ਲਗਦੈ ਜਿਵੇਂ ਬਣਵਾਸ ਭੋਗਦਾ ਹੋਇਆ ਰਾਜਾ ਰਾਮ ਚੰਦ। ਇਉਂ ਲਗਦਾ ਹੁੰਦੈ ਜਿਵੇਂ ਮੇਰਾ ਪਿੰਡ ਗੁਆਚੀ ਖੁਸ਼ੀ ਲੱਭਦਾ ਫਿਰਦਾ ਹੋਵੇ। ਗੁਆਚੀ ਖੁਸ਼ੀ ਲੱਭਣੀ ਔਖਾ ਕੰਮ, ਜਿਵੇਂ ਡਿਗਿਆ ਹੰਝੂ ਚੁੱਕ ਕੇ ਦੁਬਾਰਾ ਅੱਖ ਵਿਚ ਪਾਉਣਾ। ਮੇਰਾ ਪਿੰਡ ਆਪਣੇ ਦਰਦ ਨੂੰ ਲੋਰੀਆਂ ਦਿੰਦਾ ਰਹਿੰਦੈ। ਰੇਲਵੇ ਸਟੇਸ਼ਨ ਉਪਰ ਰੱਖੇ ਲੋਹੇ ਦੇ ਹਰੇ ਬੈਚ ਉਪਰ ਮੇਰਾ ਪਿੰਡ ਬੈਠਾ ਹੈ ਜਿਸਨੇ ਕਿਤੇ ਨਹੀਂ ਜਾਣਾ ਜਿਸ ਕੋਲ ਕਿਸੇ ਨੇ ਨਹੀਂ ਆਉਣਾ।

---

ਲੰਕਾ ਦੇ ਚੀਤੇ ਪ੍ਰਭਾਕਰਨ ਉਪਰ ਲੇਖ ਲਿਖਣ ਵਾਸਤੇ ਕਿਤਾਬਾਂ ਇਕੱਠੀਆਂ ਕੀਤੀਆਂ। ਰਾਜੀਵ ਗਾਂਧੀ ਨੇ ਡਿਪਲੋਮੈਟ ਹਰਦੀਪ ਸਿੰਘ ਪੁਰੀ ਨੂੰ ਲੰਕਾ ਭੇਜਿਆ ਕਿ ਪ੍ਰਭਾਕਰਨ ਨੂੰ ਹਿੰਦੁਸਤਾਨ ਵਿਚ ਆਉਣ ਦਾ ਸੱਦਾ ਦੇ ਕੇ ਆਉ। ਲਿੱਟੇ ਕਾਰਕੁਨਪੁਰੀ ਨੂੰ ਸਾਗਰ ਕੰਢੇ ਲੈਣ ਆਏ। ਜੰਗਲ ਵਿਚ ਦਾਖਲ ਹੋਣ ਤੋਂ ਪਹਿਲਾਂ ਉਸਦੀਆਂ ਅੱਖਾਂ ਉਪਰ ਪੱਟੀ ਬੰਨ੍ਹ ਕੇ ਤੋਰ ਲਿਆ। ਇਕ ਵਰਕਰ ਕਹਿੰਦਾ- ਜੇ ਅਸੀਂ ਤੁਹਾਡੀਆਂ ਅੱਖਾਂ ਨਾ ਬੰਨ੍ਹਦੇ, ਉਹ ਥਾਂ ਲੱਭ ਤੁਸੀਂ ਫਿਰ ਵੀ ਨਹੀਂ ਸਕਣੀ ਸੀ ਜਿੱਥੇ ਪ੍ਰਭਾਕਰਨ ਰਹਿੰਦੈ ਪਰ ਸਾਡਾ ਅਸੂਲ, ਸਾਡਾ ਅਸੂਲ ਹੈ।

ਪੁਰੀ ਆਪਣੇ ਨਾਲ ਮਠਿਆਈਆਂ, ਫਲ ਲੈ ਕੇ ਗਿਆ ਸੀ। ਗੱਲਾਂ ਕਰਦਿਆਂ ਪ੍ਰਭਾਕਰਨ ਨੂੰ ਕਹਿੰਦਾ- ਇਹ ਚੀਜ਼ਾਂ ਆਪਣੇ ਮੁੰਡਿਆਂ ਵਿਚ ਵੰਡ ਦਿਉ।


ਪ੍ਰਭਾਕਰਨ ਨੇ ਕਿਹਾ- ਅੱਜ ਅਸੀਂ ਖਾਣਾ ਖਾ ਚੁੱਕੇ ਹਾਂ। ਅੱਠ ਪਹਿਰ ਵਿਚ ਇਕ ਵਾਰ ਖਾਂਦੇ ਹਾਂ। ਤੁਹਾਡਾ ਲਿਆਂਦਾ ਭੋਜਨ ਕੱਲ੍ਹ ਨੂੰ ਖਾਵਾਂਗੇ।

ਟੁੱਟੀਆਂ ਚੱਪਲਾਂ ਅਤੇ ਪਾਟੀਆਂ ਲੁੰਗੀਆਂ ਪਹਿਨੀ ਮਾੜਚੂ ਜਿਹੇ ਤਮਿਲਾਂ ਨੂੰ ਦੇਖਕੇ ਪੁਰੀ ਹੱਸ ਪਿਆ। ਕਹਿੰਦਾ- ਇਹ ਨੇ ਤੁਹਾਡੇ ਯੋਧੇ?

ਪ੍ਰਭਾਕਰਨ ਨੇ ਕਿਹਾ- ਜਦੋਂ ਤੁਹਾਡੇ ਨਾਲ ਇਨ੍ਹਾਂ ਦਾ ਕੋਈ ਯੁੱਧ ਹੋਇਆ ਉਦੋਂ ਪਤਾ ਲੱਗੇਗਾ ਇਹ ਕਾਂਗੜੀ ਭਲਵਾਨ ਕਿਹੋ ਜਿਹੇ ਹਨ। ਇਨ੍ਹਾਂ ਅੰਦਰਲੀ ਲਾਟ ਦਿਸਦੀ ਨਹੀਂ।

---

ਸਾਈਨਾਥ ਦਾ ਸ਼ੁਕਰਾਨਾ। ਉਹ ਦੇਸ, ਉਹ ਮਨੁੱਖ




***ਪੀ. ਸਾਈਨਾਥ ਦੀ ਪਹਿਲੀ ਕਿਤਾਬ 'ਐਵਰੀਬਾਡੀ ਲਵਜ਼ ਏ ਗੁੱਡ ਡਰੌਟ' ਦਾ ਮੁਖੜਾ।***

ਦਿਖਾ ਦਿਤੇ ਜਿਹੜੇ ਮੈਂ ਅਤੇ ਅਨੇਕ ਹੋਰਾਂ ਨੇ ਦੇਖੇ ਨਹੀਂ ਸਨ। ਦੂਰ ਦੁਰਾਡੇ ਰਹਿੰਦੇ ਪੇਂਡੂ, ਗਰੀਬ, ਅਨਪੜ੍ਹ। ਬੰਦੂਕਾਂ ਤੋਪਾਂ ਦਾ ਮੁਕਾਬਲਾ ਗੁਲੇਲਾਂ ਅਤੇ ਗੋਪੀਏ ਵਰਤਕੇ ਕਰਨ, ਨੰਗੇ ਪੈਰੀਂ, ਨੰਗੇ ਧੜ ਪਹਾੜਾਂ ਜੰਗਲਾਂ ਵਿਚ ਭੁੱਖੇ ਰਹਿਕੇ ਗੁਜ਼ਾਰਾ ਕਰਨ ਪਰ ਨਾ ਕਿਸੇ ਤੇ ਰੋਸ, ਨਾ ਆਪਣੇ ਤੇ ਮਾਣ। ਸੁਭਾਸ਼ ਚੰਦਰ ਬੋਸ ਦੀ ਸੈਨਾ ਵਿਚ ਸਿਪਾਹੀ ਰਹੀ ਬਿਰਧ ਔਰਤ ਲੱਛਮੀ ਪਾਂਡਾ ਝੋਪੜੀ ਵਿਚ ਦਿਨ ਕਟਦੀ, ਇਕ ਹਜ਼ਾਰ ਰੁਪਏ ਨਾਲ ਤਿੰਨ ਘਰਾਂ ਦੀ ਸਫਾਈ ਕਰਦੀ। ਸਾਈਨਾਥ ਪੁੱਛਦਾ ਹੈ- ਇਕ ਹਜ਼ਾਰ ਨਾਲ ਗੁਜ਼ਾਰਾ ਹੋ ਜਾਂਦੈ? ਕਹਿੰਦੀ- ਬਚਿਆ ਖੁਚਿਆ ਖਾਣਾ ਵੀ ਤਾਂ ਨਾਲ ਲਿਆਣ ਦੇ ਦਿੰਦੇ ਨੇ। ਗਵਰਨਰ ਨੇ ਰਾਜਭਵਨ, ਸਨਮਾਨ ਦੇਣ ਵਾਸਤੇ ਸੱਦੀ। ਰੇਲ ਦਾ ਕਿਰਾਇਆ ਕੌਣ ਦਿਊ? ਕੱਪੜੇ? ਜਿੰਨੇ ਦਿਨ ਕੰਮ ਤੋਂ ਗੈਰ-ਹਾਜ਼ਰ ਰਹੀ ਇਹ ਤਨਖਾਹ ਕੱਟ ਲੈਣਗੇ।

ਭਗਤ ਸਿੰਘ ਝੁੱਗੀਆਂ, ਦੇਸ ਦੀ ਆਜ਼ਾਦੀ ਤੋਂ ਪਹਿਲਾਂ ਅਤੇ ਪਿਛੋਂ ਸਦਾ ਸਰਗਰਮ ਰਿਹਾ, ਸਰਕਾਰ ਨਾਲ ਟੱਕਰ ਹੁੰਦੀ ਰਹੀ। ਪਰਤਾਪ ਸਿੰਘ ਕੈਰੋਂ ਦੀ ਸਰਕਾਰ ਨੇ ਗੁੱਸਾ ਖਾਕੇ ਉਸਦੀ ਮੱਝ ਅਤੇ ਟੋਕੇ ਦੀ ਮਸ਼ੀਨ ਜ਼ਬਤ ਕਰਕੇ ਨਿਲਾਮੀ ਦਾ ਐਲਾਨ ਕਰ ਦਿੱਤਾ। ਪਿੰਡ ਦਾ ਕੋਈ ਬੰਦਾ ਖਰੀਦਾਰ ਵਜੋਂ ਨਾ ਪੁੱਜਾ। ਵਾਰ-ਵਾਰ ਚੌਕੀਦਾਰ ਹੋਕਾ ਦੇਈ ਗਿਆ ਤਾਂ ਇਕ ਜਣਾ ਮੌਕੇ ਗਿਆ,ਗਿਆਰਾਂ ਰੁਪਏ ਵਿਚ ਦੋਵੇਂ ਚੀਜ਼ਾਂ ਖਰੀਦ ਕੇ ਭਗਤ ਸਿੰਘ ਦੇ ਘਰ ਛੱਡ ਆਇਆ।

ਰਾਮਾ ਮੂਰਤੀ ਅਤੇ ਸੰਕਾਰੀਆ ਉਪਰ ਮੁਕੱਦਮਾ ਚੱਲਿਆ ਕਿ ਇਨ੍ਹਾਂ ਨੇ ਕੁੱਝ ਹੋਰ ਲੀਡਰਾਂ ਨੂੰ ਕਤਲ ਕਰਨ ਦੀ ਸਾਜ਼ਿਸ਼ ਘੜੀ ਸੀ। ਪੁਲਿਸ ਦਾ ਮੁਖ ਗਵਾਹ ਰਿਹੜਾ ਚਾਲਕ ਸੀ ਜਿਹੜਾ ਇਤਫਾਕਨ ਉਥੋਂ ਦੀ ਲੰਘ ਰਿਹਾ ਸੀ। ਉਸਨੇ ਸਾਜ਼ਿਸ਼ ਘੜੀ ਜਾਂਦੀ ਸੁਣ ਲਈ ਅਤੇ ਜ਼ਿੰਮੇਵਾਰ ਨਾਗਰਿਕ ਹੋਣ ਦੇ ਨਾਤੇ ਇਸ ਦੀ ਇਤਲਾਹ ਪੁਲਿਸ ਨੂੰ ਦੇ ਦਿੱਤੀ। ਸਪੈਸ਼ਲ ਜੱਜ ਨੇ ਸਾਰੇ ਦੋਸ਼ੀ ਬਾਇਜ਼ਤ ਬਰੀ ਕਰ ਦਿੱਤੇ ਤੇ ਸਰਕਾਰ ਦੀ ਕਰੜੀ ਆਲੋਚਨਾ ਕੀਤੀ। ਰਿਹਾਈ ਦੇ ਹੁਕਮ ਆਪ ਲੈ ਕੇ ਜੇਲ੍ਹ ਗਿਆ ਤੇ ਬੰਦੀ ਛੁਡਵਾਏ।

ਸਾਈਨਾਥ ਉਦਾਸ ਹੋ ਕੇ ਆਖਦਾ ਹੈ। ਹੁਣ ਕੋਈ ਅਜਿਹਾ ਜੱਜ ਨਹੀਂ ਮਿਲਦਾ ਜਿਹੜਾ ਬੰਦੀਆਂ ਨੂੰ ਰਿਹਾਅ ਕਰਨ ਖੁਦ ਜੇਲ੍ਹ ਜਾਵੇ ਤੇ ਸਰਕਾਰ ਨੂੰ ਲਾਹਣਤ ਪਾਵੇ।

ਕਿਤਾਬ ਵਿਚਲੇ ਭੁੱਲੇ ਵਿਸਰੇ ਨਾਇਕਾਂ ਨੂੰ ਮੇਰਾ ਸਲਾਮ। ਪੀ. ਸਾਈਨਾਥ ਨੂੰ ਸਲਾਮ ਜਿਸ ਸਦਕਾ ਇਨ੍ਹਾਂ ਨੂੰ ਮਿਲ ਸਕੇ। ਪ੍ਰੋ. ਬਾਵਾ ਸਿੰਘ ਅਤੇ ਪ੍ਰੋ. ਕੁਲਦੀਪ ਸਿੰਘ ਇਹ ਕਿਤਾਬ ਅਨੁਵਾਦ ਕਰਨ ਵਾਸਤੇ ਘਰ ਲੈ ਕੇ ਆਏ ਤਾਂ ਮੈਨੂੰ ਖੁਸ਼ੀ ਹੋਈ ਕਿ ਦੋ ਦਾਨਿਸ਼ਵਰਾਂ ਨੂੰ ਯਕੀਨ ਹੈ- ਪੰਨੂ ਠੀਕ ਅਨੁਵਾਦ ਕਰ ਸਕਦਾ ਹੈ।

# 'ਨਿੱਕ-ਸੁੱਕ' ਵਿਚਕਾਰ ਵਿਆਹ ਦਾ ਲੇਖਾ

## ਗੁਲਜ਼ਾਰ ਸੰਧੂ ਦੇ ਵਿਆਹ ਦੀ 57ਵੀਂ ਵਰ੍ਹੇ-ਗੰਢ 'ਤੇ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਕੁਝ ਦਿਨ ਪਹਿਲਾਂ ਗੁਲਜ਼ਾਰ ਸਿੰਘ ਸੰਧੂ ਦੇ ਵਿਆਹ ਦੀ 57ਵੀਂ ਵਰ੍ਹੇ-ਗੰਢ ਸੀ। ਅਸੀਂ ਮਿਲਣ ਗਏ ਤਾਂ ਉਹ ਕਾਲਮ 'ਨਿੱਕ-ਸੁੱਕ' ਦੇ ਕਾਗਜ਼ ਸਮੇਟ ਰਿਹਾ ਸੀ। ਨੀਲੀਆਂ-ਚਿੱਟੀਆਂ ਡੱਬੀਆਂ ਵਾਲਾ ਚਾਦਰਾ ਬੱਧਾ ਹੋਇਆ ਸੀ। ਖੁੱਲ੍ਹੀ ਕਮੀਜ਼ ਤੇ ਢਿੱਲੀ ਪੱਗ। ਲੱਗਦੈ ਦਾੜ੍ਹੀ ਲਾਪਰਨ ਦੀ ਹੁਣ ਲੋੜ ਨਹੀਂ ਰਹੀ। ਪਹਿਲੀ ਨਜ਼ਰੇ ਗੰਭੀਰ ਲੱਗਾ ਪਰ ਸਾਨੂੰ ਵੇਖਦਿਆਂ ਵਾਛਾਂ ਖਿੜ ਪਈਆਂ। ਅੱਖਾਂ 'ਚ ਤਰਾਵਟ ਆ ਗਈ। 'ਨਿੱਕ-ਸੁੱਕ' ਨਬੇੜਦਿਆਂ ਉਸ ਨੇ ਸੁਖਨ ਅਲਾਇਆ, "ਬੜੇ ਮੌਕੇ 'ਤੇ ਆਏ ਓਂ, ਹੁਣ ਆਊ ਖਾਣ ਪੀਣ ਦਾ ਸੁਆਦ।"

ਅਸੀਂ ਨਹਿਲੇ 'ਤੇ ਦਹਿਲਾ ਮਾਰਿਆ, 'ਅੱਜ ਤੁਹਾਡੀ ਮੈਰਿਜ ਐਨੀਵਰਸਰੀ ਵੀ ਹੈ, ਚਲੋ ਵਿਆਹ ਦੀ ਵਰ੍ਹੇ-ਗੰਢ ਈ ਮਨਾਈ ਜਾਊ।' ਤਦੇ ਉਸ ਨੂੰ ਵਿਆਹ ਦੀ ਅਸਲੀ ਤਾਰੀਖ ਯਾਦ ਆ ਗਈ ਜੋ 12 ਮਾਰਚ 1966 ਸੀ। ਉਸ ਨੇ ਵਿਆਹ ਦਾ ਦਿਲਚਸਪ ਕਿੱਸਾ ਤੋਰ ਲਿਆ: ਮੈਂ ਆਪਣੇ ਵਿਆਹ ਦੀ ਮਿਤੀ ਆਪਣੇ ਅਸਲੀ ਜਨਮ ਦਿਨ ਵਾਲੀ ਰੱਖਣੀ ਚਾਹੁੰਦਾ ਸਾਂ, 22 ਮਾਰਚ। ਪਰ ਉਨ੍ਹਾਂ ਦਿਨਾਂ ਵਿਚ ਸੁਰਜੀਤ ਦੀਆਂ ਭਤੀਜੀਆਂ ਦੇ ਇਮਤਿਹਾਨ ਸਨ। ਅਸੀਂ 12 ਮਾਰਚ 1966 ਮਿੱਥ ਲਈ।

ਉਹਦਾ ਤੇ ਡਾਕਟਰ ਸੁਰਜੀਤ ਕੌਰ ਦਾ ਵਿਆਹ ਹੋਏ ਨੂੰ 57 ਸਾਲ ਹੋ ਗਏ ਹਨ। ਬਾਲ ਬੱਚਾ ਕੋਈ ਨਹੀਂ ਪਰ ਕਹਿੰਦੇ ਇਹੋ ਹਨ, ਸਾਡੇ ਜਿੰਨੇ ਬਾਲ ਬੱਚੇ ਕਿਸੇ ਦੇ ਵੀ ਨਹੀਂ। 22 ਮਾਰਚ 2023 ਨੂੰ ਸਾਡੇ ਸੀਨੀਅਰ ਲੇਖਕ ਨੂੰ ਨੱਬੇਵਾਂ ਵਰ੍ਹਾ ਲੱਗ ਰਿਹੈ। ਵਿਆਹ ਉਹਦਾ ਦੇਰ ਨਾਲ ਹੋਇਆ, 33ਵੇਂ ਸਾਲ ਦੀ ਉਮਰ ਵਿਚ। ਡਾ. ਸੁਰਜੀਤ ਕੌਰ ਦਾ ਓਦੂੰ ਵੀ ਲੇਟ, 37ਵੇਂ ਸਾਲ ਵਿਚ। ਲਾੜਾ ਅੰਗਰੇਜ਼ੀ ਦੀ ਐੱਮ ਏ ਤੇ ਲਾੜੀ ਐੱਮ ਬੀ ਬੀ ਐੱਸ। ਉਦੋਂ ਜੇ ਕੋਈ ਕਹਿੰਦਾ, 'ਵਿਆਹ ਬੜਾ ਲੇਟ ਕਰਾਇਆ' ਤਾਂ ਸਫਾਈ ਦਿੰਦੇ, 'ਬਲਵੰਤ ਗਾਰਗੀ ਨਾਲੋਂ ਤਾਂ ਫੇਰ ਵੀ ਪਹਿਲਾਂ ਕਰਾ ਲਿਆ!'

ਦਿੱਲੀ ਵਿਚ ਡਾ. ਸੁਰਜੀਤ ਕੌਰ ਪੰਨੂੰ, ਗੁਲਜ਼ਾਰ ਸਿੰਘ ਸੰਧੂ ਤੋਂ ਵੱਡੀ ਅਫ਼ਸਰ ਸੀ। ਕੁੜੀ ਮਾਝੇ ਦੀ ਮੁੰਡਾ ਦੁਆਬੇ ਦਾ। ਸੰਧੂ ਨੇ ਉਨ੍ਹਾਂ ਨਾਲ ਸਾਵੇਂ ਹੋਣ ਲਈ ਸੰਤ ਸਿੰਘ ਸੇਖੋਂ, ਪ੍ਰੋ. ਮੋਹਨ ਸਿੰਘ, ਸਾਧੂ ਸਿੰਘ ਹਮਦਰਦ, ਕੁਲਵੰਤ ਸਿੰਘ ਵਿਰਕ, ਮੀਸ਼ਾ, ਸ਼ਿਵ ਕੁਮਾਰ ਤੇ ਕੁਝ ਹੋਰ ਮਸ਼ਹੂਰ ਲੇਖਕਾਂ ਨੂੰ ਜਨੇਤੀ ਬਣਨ ਦਾ ਸੱਦਾ ਦਿੱਤਾ। ਬੱਸ ਭਰ ਕੇ ਨੌਸ਼ਹਿਰੇ ਨੂੰ ਤੋਰ ਦਿੱਤੀ। ਆਪ ਕਾਰ ਵਿਚ ਜਲੰਧਰੋਂ ਮੋਹਨ ਸਿੰਘ ਤੇ ਹਮਦਰਦ ਨੂੰ ਲੈ ਕੇ ਪਹੁੰਚਣਾ ਸੀ। ਜਾਂਨੀ ਪਹਿਲਾਂ ਪਹੁੰਚ ਗਏ, ਲਾੜਾ ਲੇਟ। ਮੋਹਨ ਸਿੰਘ ਦੇ ਘਰੋਂ ਪਤਾ ਲੱਗਾ ਕਿ ਉਹ ਪਿੱਪਲ ਹੇਠ ਸ਼ਤਰੰਜ ਖੇਡ ਰਿਹੈ। ਪਿੱਪਲਾਂ 'ਚੋਂ ਉਹ ਪਿੱਪਲ ਮਸਾਂ ਲੱਭਾ ਜਿੱਥੇ ਮੋਹਨ ਸਿੰਘ ਤੇ ਹਮਦਰਦ ਦੀ ਬਿਸਾਤ ਵਿਛੀ ਹੋਈ ਸੀ। ਗਿਆਨੀ ਸ਼ਾਦੀ ਸਿੰਘ ਵੀ ਹਾਜ਼ਰ ਸੀ। ਲੇਟ ਹੋਣ ਦੀ ਦੁਹਾਈ ਪਾ ਕੇ ਉਹ ਮਸੀਂ ਉਠਾਏ।

ਭੱਜ-ਭਜਾ ਕੇ ਨੌਸ਼ਹਿਰੇ ਪਹੁੰਚੇ। ਬਰਾਤ ਨੂੰ ਸੁੱਖ ਦਾ ਸਾਹ ਆਇਆ। ਲਾੜਾ ਆਇਆ ਵੇਖ ਕੇ ਢੋਲੀ ਢੋਲ ਵਜਾਉਣ ਲੱਗਾ। ਜਾਨੀ ਭੰਗੜਾ ਪਾਉਣ ਲੱਗੇ। ਬੱਕਰੀਆਂ ਨਾਲ ਲੱਦੇ ਟਰੱਕ 'ਚੋਂ ਤਾਜ਼ਾ ਖਿਜ਼ਾਬ ਲਾਈ ਸੇਖੋਂ ਉਤਰਿਆ। ਸੰਧੂ ਦਾ ਕੋਟ ਦੂਰ ਖੜ੍ਹੀ ਬੱਸ ਵਿਚ ਸੀ। ਉਹਨੇ ਕੋਲ ਖੜ੍ਹੇ ਦੇਸ ਰਾਜ ਗੋਇਲ ਦਾ ਕੋਟ ਪਾ ਲਿਆ। ਕੋਟ ਵਿਚਲੇ ਮੁਨੀਸ਼ਨ ਨੇ ਫਿਰ ਜਿਹੜਾ ਰੰਗ ਵਿਖਾਉਣਾ ਸੀ ਵਿਖਾ ਹੀ ਦਿੱਤਾ! ਗੋਇਲ ਨੂੰ ਸਿਗਰਟ ਪੀਣ ਦੀ ਤਲਬ ਹੋਈ ਤਾਂ ਉਸ ਨੇ ਸਜੇ ਬੈਠੇ ਲਾੜੇ ਦੀ ਜੇਬ 'ਚੋਂ ਸਿਗਰਟਾਂ ਦੀ ਡੱਬੀ ਆ ਕੱਢੀ। ਵੇਖਣ ਵਾਲੇ ਹੈਰਾਨ ਕਿ ਕਿਹੋ ਜਿਹਾ ਪ੍ਰਾਹੁਣਾ ਸਹੇੜ ਬੈਠੇ! ਏਨਾ ਸ਼ੁਕਰ ਕਿ ਅਨੰਦ ਕਾਰਜਾਂ ਵਿਚ ਵਿਘਨ ਨਹੀਂ ਪਿਆ।

ਦਾਰੂ ਦਾ ਭੰਨਿਆ ਸ਼ਿਵ ਕੁਮਾਰ ਵੀ ਆ ਪੁੱਜਾ। ਕੁੜੀ ਵਾਲਿਆਂ ਸਮਝਿਆ ਕੋਈ ਗਾਉਣ ਵਾਲਾ ਲਿਆਂਦਾ। ਅਨੰਦ ਕਾਰਜ ਹੋਏ ਤਾਂ ਕਹਿੰਦੇ ਪੜ੍ਹਾਓ ਇਹਤੋਂ ਸਿਹਰਾ। ਸ਼ਿਵ ਕੁਮਾਰ 'ਧੀਆਂ ਦੇ ਦੁੱਖ ਬੁਰੇ' ਗਾਉਣ ਲੱਗਾ। ਸੰਧੂ ਲਿਖਦੈ, ਮੇਰਾ ਜੱਦੀ ਪਿੰਡ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਹਿਲਪੁਰ ਵਿਚ ਹੈ, ਸੂਨੀ। ਮੈਂ ਆਪਣੇ ਨਾਨਕੇ ਪਿੰਡ ਕੋਟਲਾ ਬਡਲਾ ਵਿਚ ਜੰਮਿਆ ਤੇ ਮੇਰੀ ਮੁੱਢਲੀ ਵਿਦਿਆ ਅੱਠਵੀਂ ਤਕ ਏ ਐੱਸ. ਹਾਈ ਸਕੂਲ ਖੰਨੇ ਵਿਚ ਹੋਈ। ਜਦੋਂ ਮੈਂ ਸਾਈਕਲ ਚਲਾਉਣ ਜੋਗਾ ਹੋ ਗਿਆ ਤਾਂ ਮਾਹਿਲਪੁਰ ਪੜ੍ਹਨ ਲੱਗਾ ਜਿੱਥੋਂ ਬੀ ਏ ਕਰ ਕੇ ਕੰਮ ਦੀ ਭਾਲ ਵਿਚ ਦਿੱਲੀ ਚਲਾ ਗਿਆ। ਉਥੇ 28 ਸਾਲ ਭਾਰਤ ਸਰਕਾਰ ਦੀ ਨੌਕਰੀ ਕੀਤੀ। 1984 ਵਿਚ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਆ ਲੱਗਿਆ। ਭੂਸ਼ਨ ਧਿਆਨਪੁਰੀ ਨੇ ਟੋਟਕਾ ਜੋੜ ਲਿਆ:

ਲਿਖਿਆ ਖ਼ਤ ਸ਼ਮਸ਼ੇਰ ਵਰਿਆਮ ਤਾਈਂ,
ਅਸੀਂ ਸਦਾ ਹੀ ਰਹੇ ਸਰਦਾਰ ਸੰਧੂ



ਸਾਡਾ ਸੰਤ ਸੰਧੂ, ਸਾਡਾ ਪਾਸ਼ ਸੰਧੂ, ਪੂਰਨ
ਭਗਤ ਵਾਲਾ ਕਾਦਰਯਾਰ ਸੰਧੂ
ਸਾਡੀ ਕਲਗੀ ਨੂੰ ਨਵਾਂ ਏ ਖੰਭ ਲੱਗਾ,
ਆਇਆ ਜਦੋਂ ਦਾ ਏਥੇ ਗੁਲਜ਼ਾਰ ਸੰਧੂ
ਚੜ੍ਹਿਆ ਜੱਟ ਸੁਹਾਗੇ ਨਹੀਂ ਮਾਣ ਹੁੰਦਾ,
ਇਹ ਤਾਂ ਆਇਆ ਅਖ਼ਬਾਰ ਸਵਾਰ ਸੰਧੂ।

ਸੰਧੂ ਤਿੰਨ ਸਾਲ ਓਥੇ ਰਿਹਾ। ਫੇਰ ਤਿੰਨ ਸਾਲ ਪੰਜਾਬ ਆਟਰਸ ਕੌਂਸਲ ਦਾ ਚੇਅਰਮੈਨ, ਦੋ ਸਾਲ ਪੰਜਾਬ ਰੈੱਡ ਕਰਾਸ ਦਾ ਸੈਕਟਰੀ, ਚਾਰ ਸਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪੱਤਰਕਾਰੀ ਤੇ ਜਨ-ਸੰਚਾਰ ਵਿਭਾਗ ਦਾ ਪ੍ਰੋਫ਼ੈਸਰ ਤੇ ਮੁਖੀ। ਫੇਰ ਤਿੰਨ ਕੁ ਸਾਲ 'ਦੇਸ਼ ਸੇਵਕ' ਦਾ ਸੰਪਾਦਕ।'

ਨਿਮਰਤਾ ਵੇਖੋ, 'ਮੈਂ ਇਹੋ ਜਿਹਾ ਕੋਈ ਸੰਘਰਸ਼ ਨਹੀਂ ਕੀਤਾ ਜੋ ਦੱਸਣ ਵਾਲਾ ਹੋਵੇ। ਮੇਰੇ ਮਾਪਿਆਂ ਨੇ ਮੈਨੂੰ ਸਬਰ ਸੰਤੋਖ ਸਿਖਾਉਂਦਿਆਂ ਕਿਹਾ ਸੀ ਕਿ ਜ਼ਿੰਦਗੀ ਵਿਚ ਢੇਰੀ ਨਹੀਂ ਢਾਉਣੀ। ਜ਼ਿੰਦਗੀ ਵਿਚ ਸਫਲ ਹੋਣ ਦਾ ਇਕੋ ਇਕ ਤਰੀਕਾ ਕਿ ਢੇਰੀ ਢਾਏ ਬਿਨਾਂ ਲੱਗੇ ਰਹਿਣਾ।'

ਕਹਿੰਦਾ ਹੈ, ਮੈਂ ਨੱਬਿਆਂ ਨੂੰ ਢੁਕ ਗਿਆਂ। ਹੁਣ ਮੈਨੂੰ ਕੋਈ ਇਹ ਨਹੀਂ ਪੁੱਛਦਾ ਕਿ ਮੈਂ ਨਵਾਂ ਕੀ ਲਿਖਿਆ? ਇਹੀਉ ਪੁੱਛਿਆ ਜਾਂਦੈ ਕਿ ਸਿਹਤ ਦਾ ਕੀ ਹਾਲ ਹੈ? ਪਹਿਲੀਆਂ ਵਿਚ ਮੈਂ ਇਸ ਦਾ ਉੱਤਰ 'ਚੜ੍ਹਦੀ ਕਲਾ' ਦਿੰਦਾ ਸੀ। ਫਿਰ 'ਇਕ ਨੰਬਰ' ਕਹਿਣ ਲੱਗ ਪਿਆ। ਉਸ ਪਿੱਛੋਂ 'ਹਾਲੀ ਤਕ ਠੀਕ ਹੈ'। ਅੱਜ ਕੱਲ੍ਹ ਮੇਰਾ ਉੱਤਰ ਕੇਵਲ ਇਕ ਸ਼ਬਦ ਤਕ ਸੀਮਤ ਹੋ ਗਿਆ ਹੈ-ਚਲਦੈ! ਹੁਣ ਮੈਂ ਉਸ ਗੇਂਦ ਵਾਂਗ ਹਾਂ ਜਿਹੜੀ ਰੁੜ੍ਹ ਤਾਂ ਰਹੀ ਹੈ ਪਰ ਇਸ ਦਾ ਰੁੜ੍ਹਨਾ ਰੁਕਣ ਵਾਲਾ ਹੈ।

ਡਾ. ਅਤਰ ਸਿੰਘ ਦੱਸਦਾ ਸੀ, "ਇਕੇਰਾਂ ਸੰਧੂ ਕਨਾਟ ਪਲੇਸ ਕਾਕੇ ਦੇ ਢਾਬੇ 'ਤੇ ਲੋਰ 'ਚ ਨੋਟ ਸੁੱਟਦਾ ਕਹਿੰਦਾ, 'ਆਪਣੇ ਕਿਹੜਾ ਜੁਆਕ ਰੋਂਦੇ ਆ!' ਖਿਲਰੇ ਨੋਟ ਫਿਰ ਅਤਰ ਸਿੰਘ ਨੇ ਹੀ ਸੰਭਾਲੇ।

ਸੰਧੂ ਜੋੜੇ ਨੇ ਲਿਖ ਦਿੱਤਾ ਹੈ, ਸਾਡੀਆਂ ਦੇਹਾਂ ਮੈਡੀਕਲ ਸੰਸਥਾਵਾਂ ਨੂੰ ਦਾਨ ਕਰ ਦਿੱਤੀਆਂ ਜਾਣ। ਸਾਡਾ ਮਰਨਾ ਖੁਸ਼ੀ ਨਾਲ ਮਨਾਇਆ ਜਾਵੇ। ਦੇਹ ਦਾਨ ਦਾ ਕਾਰਡ ਉਨ੍ਹਾਂ ਦੀ ਜੇਬ ਵਿਚ ਰਹਿੰਦੈ ਕਿ ਜਿੱਥੇ ਪ੍ਰਾਣ ਪੰਖੇਰੂ ਹੋ ਜਾਣ ਉਥੋਂ ਦੀ ਨੇੜਲੀ ਡਾਕਟਰੀ ਸੰਸਥਾ ਨੂੰ ਸਬੂਤੀ ਦੇਹ ਦੇ ਦਿੱਤੀ ਜਾਵੇ। ਰਿਸ਼ਤੇਦਾਰਾਂ ਨੂੰ ਪਹਿਲਾਂ ਹੀ ਕਿਹਾ ਹੋਇਆ ਕਿ ਰੋਣ ਕਰਲਾਉਣ ਦੀ ਥਾਂ ਖੁਸ਼ੀ ਮਨਾਈ ਜਾਵੇ।

ਉਹਦਾ ਪਹਿਲਾ ਨਾਂ ਬਲਬੀਰ ਸੀ। ਫਿਰ ਬੱਲਾ ਤੇ ਪਿੱਛੋਂ ਗੁਲਜ਼ਾਰਾ ਹੋ ਗਿਆ। ਫਿਰ ਗੁਲਜ਼ਾਰ ਸਿੰਘ ਸੰਧੂ। ਪਹਿਲਾਂ ਮੈਂ ਵੀ ਆਪਣੇ ਨਾਂ ਨਾਲ ਸੰਧੂ ਲਿਖਦਾ ਸੀ। ਮੈਨੂੰ ਸੰਧੂ ਲਿਖਣੋਂ ਗੁਲਜ਼ਾਰ ਸੰਧੂ ਨੇ ਹਟਾਇਆ। ਅਖੇ ਦੋ ਸੰਧੂਆਂ ਦਾ ਭੁਲੇਖਾ ਪੈ ਜਿਆ ਕਰੂ। ਦਿੱਲੀ ਉਹਦੇ ਕੋਲ ਮੋਟਰ ਸਾਈਕਲ ਸੀ, ਮੇਰੇ ਕੋਲ ਸਾਈਕਲ। ਉਹ ਪੰਜਾਬ ਤੋਂ ਆਏ ਲੇਖਕਾਂ ਦੀ ਸੇਵਾ ਕਰਦਾ ਤੇ ਮੋਟਰ ਸਾਈਕਲ ਦੇ ਝੂਟੇ ਦਿੰਦਾ। ਮੈਂ ਅੜੇ ਥੁੜੇ ਖ਼ਾਲਸਾ ਕਾਲਜ ਦੇ ਡੀਪੀਈ ਸ. ਪ੍ਰੀਤਮ ਸਿੰਘ ਬੈਂਸ ਤੋਂ ਪੈਸੇ ਫੜਦਾ। ਸੰਧੂ ਸਰਦਾਰੀ ਮੈਂ ਵੱਡੇ ਭਾਈ ਨੂੰ ਛੱਡਣ ਵਿਚ ਹੀ ਭਲਾ ਸਮਝਿਆ।

ਪ੍ਰੀਤਮ ਸਿੰਘ ਬੈਂਸ ਕੋਲ ਗੁਲਜ਼ਾਰ ਸੰਧੂ ਵੀ ਰਹਿੰਦਾ ਰਿਹਾ ਸੀ। ਦੋਹੇਂ ਦੁਆਬੀਏ ਸਨ। ਜਦੋਂ ਉਹ ਬੈਂਸ ਨੂੰ ਜਨੇਤ ਦਾ ਸੱਦਾ ਦੇਣ ਗਿਆ ਤਾਂ ਬੈਂਸ ਨੇ ਪੁੱਛਿਆ, "ਵਿਆਹ ਕੀਹਦੇ ਨਾਲ ਹੋ ਰਿਹੈ?"

ਸੰਧੂ ਨੇ ਹੁੱਬ ਕੇ ਦੱਸਿਆ, "ਮਾਝੇ ਤੋਂ ਪੰਨੂੰਆਂ ਦੀ ਧੀ ਐ।"

ਬੈਂਸ ਬੋਲਿਆ, "ਮਾਝੇ ਵਾਲੇ ਤਾਂ ਦੁਆਬੇ ਵਾਲਿਆਂ ਨੂੰ ਕੁੱਟਣਗੇ।"

ਸੰਧੂ ਨੇ ਕਿਹਾ, "ਜੀਹਦੇ ਨਾਲ ਵਿਆਹ ਹੋ ਰਿਹਾ ਉਹਦਾ ਭਰਾ ਗੁਰਬਚਨ ਪੰਨੂੰ ਘੈਂਟ ਬੰਦਾ। ਉਹ ਨੀ ਕੁੱਟਣ ਦਿੰਦਾ।"

ਗੁਰਬਚਨ 'ਗੁਰਾ' ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਬੈਂਸ ਨਾਲ ਪੜ੍ਹਦਾ ਸੀ। ਉਸ ਨੇ ਕਿਹਾ, "ਜੇ ਗੁਰੇ ਦੀ ਭੈਣ ਐਂ ਤਾਂ ਉਹ ਹੋਰ ਵੀ ਕੁੱਟਣਗੇ।"

ਸੰਧੂ ਨੇ ਪੁੱਛਿਆ, "ਤਾਂ ਫੇਰ ਜਵਾਬ ਦੇ ਦੇਈਏ?"

ਬੈਂਸ ਕੁਝ ਪਲ ਸੋਚ ਕੇ ਬੋਲਿਆ, "ਜਵਾਬ ਦਿੱਤਾ ਤਾਂ ਘਰ ਆ ਕੇ ਕੁੱਟਣਗੇ।"

ਜਿੰਦਣ ਉਨ੍ਹਾਂ ਦਾ ਵਿਆਹ ਹੋਇਆ ਉਂਦਣ ਹੀ ਪੰਜਾਬੀ ਸੂਬੇ ਦੀ ਮੰਗ ਮੰਨੀ ਗਈ। ਮੰਗ ਮੰਨਣ ਪਿੱਛੇ 1965 ਦੀ ਹਿੰਦ-ਪਾਕਿ ਜੰਗ ਵਿਚ ਸਿੱਖ ਫੌਜੀਆਂ ਤੇ ਸਰਹੱਦ ਨੇੜਲੇ ਪੰਜਾਬੀਆਂ ਵੱਲੋਂ ਜੰਗ ਵਿਚ ਪਾਇਆ ਯੋਗਦਾਨ ਸੀ। ਪੰਜਾਬੀਆਂ ਨੇ ਪੰਜਾਬੀ ਸੂਬਾ ਜੰਗ ਜਿੱਤ ਕੇ ਲਿਆ। ਸਰਹੱਦੀ ਪਿੰਡਾਂ ਵਿਚ ਜੰਗ ਦਾ ਉਜਾੜਾ ਵੇਖਦੇ ਲੇਖਕ ਸੰਧੂ ਤੇ ਡਾ. ਪੰਨੂੰ ਇਕ ਦੂਜੇ ਦੇ ਹੋ ਗਏ। ਸੰਧੂ ਨੇ ਸਵੈ-ਜੀਵਨੀ 'ਬਿਨ ਮਾਂਗੇ ਮੋਤੀ ਮਿਲੇ' ਵਿਚ ਲਿਖਿਆ, "ਸੰਨ 1966 ਤੋਂ ਸੁਰਜੀਤ ਐਸ. ਕੇ. ਸੰਧੂ ਹੋ ਗਈ। ਮੇਰੀ ਜੀਵਨ ਸਾਥਣ। ਭਾਰਤ ਤੇ ਪਾਕਿਸਤਾਨ ਵਾਂਗ ਸਾਡੇ ਵਿਚਕਾਰ ਵੀ ਅਮਨ ਤੇ ਸ਼ਾਂਤੀ ਦੇ ਦੌਰ ਚਲਦੇ ਰਹਿੰਦੇ ਹਨ। ਲੜਾਈ ਹੁੰਦਿਆਂ ਵੀ ਦੇਰ ਨਹੀਂ ਲੱਗਦੀ ਤੇ ਜੰਗ ਬੰਦੀ ਵੀ ਐਵੇਂ ਕਿਵੇਂ ਹੋ ਜਾਂਦੀ ਹੈ।"

# ਆਪਣੇ ਗਿਰੇਬਾਨ ਅੰਦਰ ਝਾਕਣ ਨਵ-ਸਿੱਖ ਚਿੰਤਕ

ਪੰਜਾਬ ਟਾਈਮਜ਼ ਦੇ ਪਿਛਲੇ ਅੰਕ ਵਿਚ ਵਿਦਵਾਨ ਲੇਖਕ ਕਰਮ ਬਰਸਟ ਦਾ ਲੇਖ 'ਅਜੋਕਾ ਪੰਜਾਬ, ਸਿੱਖ ਭਾਈਚਾਰਾ, ਗੁਰਬਾਣੀ ਅਤੇ ਮਾਰਕਸਵਾਦ' ਪੜ੍ਹਿਆ। ਲੇਖਕ ਨੇ ਕੁਝ ਜੁਝਾਰੂ ਨਵ-ਸਿੱਖ ਚਿੰਤਕਾਂ ਵੱਲੋਂ ਪੰਜਾਬ ਦੇ ਕਮਿਊਨਿਸਟ ਕਾਰਕੁਨਾਂ ਨੂੰ ਭੰਡਣ ਵਾਲੀ ਰੁਚੀ ਪ੍ਰਤੀ ਵਾਜਿਬ ਸਵਾਲ ਉਠਾਏ ਹਨ। ਸਿੱਖ ਵਿਦਵਾਨਾਂ ਵੱਲੋਂ ਬੇਗਮਪੁਰੇ ਦੀ ਗੱਲ ਕੀਤੀ ਜਾਂਦੀ ਹੈ। ਕੀ ਇਹ ਸਿਰਫ਼ ਪੰਜਾਬ ਦੇ ਸਾਂਝੇ ਸੈਕੂਲਰ ਵਿਰਸੇ ਅਤੇ ਉਸ ਵਿਰਸੇ ਦੇ ਨੁਮਾਇੰਦੇ ਸਿੱਖ ਵਿਦਵਾਨਾਂ ਜਾਂ ਮਹਿਜ਼ ਕਮਿਊਨਿਸਟ ਧਿਰਾਂ ਦੀ ਹੁਣ ਤਕ ਦੀ ਕੀਤੀ ਕਰਾਈ ਨੂੰ ਲਗਾਤਾਰ ਛੱਜ ਵਿਚ ਛੱਟ-ਛੱਟ ਕੇ ਹੀ ਸੰਭਵ ਹੋ ਸਕੇਗਾ? ਜਿਸ ਤਰ੍ਹਾਂ ਕਿ ਪਿਛਲੇ 25-30 ਵਰ੍ਹਿਆਂ ਤੋਂ ਇਨ੍ਹਾਂ ਨਵ-ਚਿੰਤਕਾਂ ਨੇ ਲੱਕ ਬੰਨ੍ਹਿਆ ਹੋਇਆ ਹੈ। 'ਸਿਟੀ ਆਫ ਗੌਡ' ਜਾਂ ਬੇਗਮਪੁਰੇ ਦੇ ਸੁਪਨੇ ਤਾਂ ਸੰਤ ਅਗਸਟਾਈਨ ਅਤੇ ਰਮਾਇਣ ਤੋਂ ਵੀ ਪਹਿਲਾਂ ਦੇ ਸਮਿਆਂ ਤੋਂ ਦੁਨੀਆ ਦੇ ਸਾਰੇ ਧਾਰਮਿਕ ਰਹਿਬਰ ਵਿਖਾਉਂਦੇ ਆ ਹੀ ਰਹੇ ਹਨ। ਸ. ਗੁਰਬਚਨ ਸਿੰਘ ਹੁਰਾਂ ਨੇ ਆਪਣੀਆਂ ਪੁਸਤਕਾਂ ਅਤੇ ਲੇਖਾਂ ਰਾਹੀਂ ਗੁਰਬਾਣੀ ਦੀ ਵਿਲੱਖਤਾ ਦੀਆਂ ਬਾਤਾਂ ਤਾਂ ਬਥੇਰੀਆਂ ਪਾਈਆਂ ਹਨ ਪਰ ਇਹ ਕਿਤੇ ਵੀ ਨਹੀਂ ਦੱਸਿਆ ਕਿ ਅਜਿਹੇ ਸਤਿਯੁਗੀ ਸੁਪਨੇ ਨੂੰ ਅਮਲੀ ਅਕਾਲੀ ਰਾਜਨੀਤੀ ਵਿਚ ਉਤਾਰਨਾ ਕਿਸ ਬਿਧ ਹੈ?



ਗੁਰਬਚਨ ਸਿੰਘ

ਇਸੇ ਕਰਕੇ ਕਰਮ ਬਰਸਟ ਸਿਰੇ ਦਾ ਸਵਾਲ ਪੁੱਛਦਾ ਹੈ ਕਿ ਬੇਗਮਪੁਰੇ ਨੂੰ ਧਰਤੀ ਉੱਪਰ ਕਿਵੇਂ ਉਤਾਰਿਆ ਜਾਵੇਗਾ? ਆਪਣੇ ਲੰਮੇ ਲੇਖ ਦੇ ਅਖੀਰ ਵਿਚ ਲੇਖਕ ਦੀਪ ਸਿੱਧੂ ਵਰਤਾਰੇ ਦੇ ਬਹਾਨੇ ਮਾਰਕਸਵਾਦੀ ਕਹਿ ਕੇ ਨਿਸ਼ਾਨੇ 'ਤੇ ਲਏ ਕਿਸਾਨ ਆਗੂਆਂ ਬਾਰੇ ਸਿੱਖ ਵਿਦਵਾਨਾਂ ਅੱਗੇ ਹੋਰ ਸਵਾਲ ਰੱਖਦਾ ਹੈ ਕਿ ਤੁਸੀਂ ਬਾਬੇ ਨਾਨਕ ਅਤੇ ਮਾਰਕਸ ਦੋਨਾਂ ਧਾਰਵਾਂ ਤੋਂ ਜਾਣੂ ਹੋਣ ਦੇ ਬਾਵਜੂਦ ਪਿਛਲੇ ਵੀਹ ਤੀਹ ਸਾਲਾਂ ਵਿਚ 26 ਜਨਵਰੀ ਨੂੰ ਲਾਲ ਕਿਲੇ 'ਤੇ ਝੰਡਾ ਝੁਲਾਉਣ ਬਗੈਰ ਹੋਰ ਕਿਹੜੀ ਠੋਸ ਗੱਲ ਕੀਤੀ ਹੈ?

ਲੇਖਕ ਦਾ ਇਹ ਸਵਾਲ ਸਮੁੱਚੀ ਬਹਿਸ ਦਾ ਸਿਖਰ ਹੈ। ਇਹੋ ਸਵਾਲ ਪੰਜਾਬ ਦੀਆਂ ਸਾਰੀਆਂ ਧਿਰਾਂ ਅੱਗੇ ਹੈ। ਪੰਜਾਬ ਦੀ ਰਾਜਨੀਤੀ ਵਿਚ ਇੱਕ ਖਲਾਅ ਹੈ। ਜੇ ਖੇਤ ਵਿਚ ਫਸਲ ਨਾ ਬੀਜੀ ਜਾਵੇ ਤਾਂ ਕੁਦਰਤ ਖੇਤ ਖਾਲੀ ਨਹੀਂ ਰਹਿਣ ਦਿੰਦੀ, ਉੱਥੇ ਘਾਹ-ਬੂਟ ਉੱਗ ਆਉਂਦਾ ਹੈ। ਪੰਜਾਬ ਦੇ ਰਾਜਸੀ ਖੇਤ ਵਿਚ ਆਮ ਆਦਮੀ ਪਾਰਟੀ ਦੀ ਆਮਦ ਫਸਲ ਦੀ ਅਣਹੋਂਦ ਵਿਚ ਪੈਦਾ ਹੋਏ ਘਾਹ-ਬੂਟ ਵਾਂਗ ਹੈ। ਇਹ ਰਾਜਸੀ ਖਲਾਅ ਭਰਨ ਲਈ ਸਿੱਖ ਅਤੇ ਮਾਰਕਸੀ ਧਿਰਾਂ ਯਤਨ ਜ਼ਰੂਰ ਕਰਦੀਆਂ ਰਹੀਆਂ ਹਨ ਪਰ ਸਫਲ ਕੋਈ ਵੀ ਨਹੀਂ ਹੋਇਆ। ਨਿਰਾ ਕਾਮਰੇਡਾਂ ਨੂੰ ਮਿਹਣੇ ਮਾਰ ਮਾਰ ਕੇ ਤਾਂ ਗੱਲ ਬਣ ਸਕਣੀ ਨਹੀਂ।

1988 ਦੇ ਆਸ-ਪਾਸ ਕਾਮਰੇਡ ਜੋਤੀ ਬਾਸੂ ਪੰਜਾਬ ਯੂਨੀਵਰਸਿਟੀ ਆਇਆ। ਉਸ ਨੇ ਆਪਣੇ ਭਾਸ਼ਣ, ਜੋ ਅੰਗਰੇਜ਼ੀ ਵਿਚ ਸੀ, 'ਚ ਕਿਹਾ ਕਿ ਕਮਿਊਨਿਜ਼ਮ ਸਾਇੰਸ ਹੈ ਜਿਸਨੂੰ ਹਰ ਸਮਾਜ 'ਤੇ ਇੱਕੋ ਤਰੀਕੇ ਲਾਗੂ ਨਹੀਂ ਕੀਤਾ ਜਾ ਸਕਦਾ। ਇਸ ਵਾਸਤੇ ਪਹਿਲਾਂ ਸਮਾਜ ਨੂੰ ਬਾਰੀਕੀ ਨਾਲ ਸਮਝਣਾ ਜ਼ਰੂਰੀ ਹੈ। ਪੰਜਾਬ ਦੇ ਮਾਰਕਸੀਆਂ ਨੂੰ ਪੰਜਾਬੀ ਸਮਾਜ ਦੀਆਂ ਤਰਬਾਂ ਸਮਝ ਨਹੀਂ ਆਈਆਂ। ਇਸੇ ਤਰ੍ਹਾਂ ਸਿੱਖ ਧਿਰਾਂ ਵੱਲੋਂ ਵੀ ਗੁਰਬਾਣੀ ਦੇ ਸਿਧਾਂਤ ਅਨੁਸਾਰ ਕੋਈ ਪਾਏਦਾਰ ਰਾਜਸੀ ਮਾਡਲ ਅਤੇ ਬਿਰਤਾਂਤ ਨਹੀਂ ਘੜਿਆ ਜਾ ਸਕਿਆ। ਇਹ ਦੋਵੇਂ ਧਿਰਾਂ ਆਪਣੀ ਅਸਫਲਤਾ ਦਾ ਭਾਂਡਾ ਇੱਕ ਦੂਸਰੇ ਸਿਰ ਭੰਨਦੀਆਂ ਆ ਰਹੀਆਂ ਹਨ ਅਤੇ ਇਸ ਸਿਲਸਿਲੇ ਵਿਚ ਕਾਫੀ ਸਮਾਂ ਅਤੇ ਸ਼ਕਤੀ ਵਿਅਰਥ ਚਲੀ ਗਈ ਹੈ।



ਕਰਮ ਬਰਸਟ

ਲੇਖ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਗੱਲ ਚੱਲੀ ਹੈ। ਉਸਦੇ ਰਾਜ ਦੀ ਵੱਡੀ ਗੱਲ ਸੀ ਗੈਰ ਸਿੱਖਾਂ ਨੂੰ ਸੁਰੱਖਿਆ ਦਾ ਵਿਸ਼ਵਾਸ ਹੋਣਾ। ਤਾਂ ਹੀ ਅੰਗਰੇਜ਼ ਦੇ ਆਉਣ 'ਤੇ ਸ਼ਾਹ ਮੁਹੰਮਦ ਕਹਿੰਦਾ ਹੈ, "ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ, ਸਿਰ ਦੋਹਾਂ ਦੇ ਅੱਜ ਆਫਾਤ ਆਈ"। ਪੰਜਾਬ ਦੀ ਸਿਆਸਤ ਵਿਚ ਵਿਸ਼ਵਾਸ ਜਿੱਤਣ ਦੀ ਘਾਟ ਨੇ ਵੀ ਕਈ ਗੁੰਝਲਾਂ ਪੈਦਾ ਕੀਤੀਆਂ ਹਨ। ਪੰਜਾਬ ਦੀਆਂ ਸਾਰੀਆਂ ਧਿਰਾਂ ਦੂਸਰਿਆਂ ਦਾ ਵਿਸ਼ਵਾਸ ਜਿੱਤਣ ਦੀ ਰਾਜਸੀ ਕਲਾ ਤੋਂ ਅਣਜਾਣ ਰਹੀਆਂ ਹਨ। ਪੰਜਾਬ ਦੀ ਸਥਿਤੀ ਬਾਕੀ ਭਾਰਤ ਦੇ ਮੁਕਾਬਲੇ ਵੱਖਰੀ ਹੋਣ ਕਾਰਨ ਇਹ ਅਹਿਮ ਕਾਰਜ ਹੋਰ ਵੀ ਔਖਾ ਹੈ। ਸਾਰੇ ਭਾਰਤ ਵਿਚ ਜਿਹੜਾ ਹਿੰਦੂ ਭਾਈਚਾਰਾ ਬਹੁਗਿਣਤੀ ਵਿਚ ਹੈ, ਉਹ ਪੰਜਾਬ ਵਿਚ ਘੱਟ-ਗਿਣਤੀ ਰਹਿ ਜਾਂਦਾ ਹੈ, 35% ਦਲਿਤ ਭਾਈਚਾਰੇ ਦੇ ਲੋਕ ਵੀ ਹਨ ਅਤੇ ਭਾਰਤ ਦੀ ਨਿਗੂਣੀ ਘੱਟ-ਗਿਣਤੀ ਵਾਲਾ ਸਿੱਖ ਭਾਈਚਾਰਾ ਪੰਜਾਬ ਵਿਚ ਬਹੁ-ਗਿਣਤੀ ਹੋ ਨਿੱਬੜਦਾ ਹੈ।

ਪੰਜਾਬ ਵਾਲੀਆਂ ਧਿਰਾਂ ਰਾਜਸੀ ਵਿਸ਼ਵਾਸ ਦੀ ਇਸ ਸਮੀਕਰਨ ਨੂੰ ਸਮਤੋਲ ਕਰਨ ਦੀ ਸਮਰੱਥਾ ਪੈਦਾ ਨਹੀਂ ਕਰ ਸਕੀਆਂ। ਪੰਜਾਬੀ ਸੂਬੇ ਵੇਲੇ ਹਿੰਦੂਆਂ ਸਾਹਮਣੇ ਪਹਿਲੇ ਉਜਾੜੇ ਕਾਰਨ ਖ਼ੌਫ ਸੀ, ਜਿਸਨੂੰ ਦੂਰ ਕਰਨਾ ਜ਼ਰੂਰੀ ਸੀ ਪਰ ਕੀਤਾ ਨਹੀਂ ਗਿਆ ਹਾਸ਼ੀਏ 'ਤੇ ਧੱਕੇ ਹੋਏ ਗਰੀਬ ਦਲਿਤਾਂ ਦਾ ਵਿਸ਼ਵਾਸ ਜਿੱਤਣਾ ਤਾਂ ਦੂਰ ਦੀ ਗੱਲ ਸੀ। ਫਿਰ 1982 ਵਿਚ ਪੰਜਾਬ ਦੀਆਂ ਮੰਗਾਂ ਲਈ ਮੋਰਚੇ ਨੂੰ ਦਰਬਾਰ ਸਾਹਿਬ ਅੰਦਰ ਲੈ ਵੜਨਾ ਸਿਆਸੀ ਅਨਾੜੀਪੁਣਾ ਸੀ, ਜਿਸਨੇ ਪੰਜਾਬ ਦੇ ਮੁੱਦਿਆਂ ਨੂੰ ਸਿੱਖ ਮੁੱਦੇ ਬਣਾ ਕੇ ਪੰਜਾਬੀ ਹਿੰਦੂ ਨੂੰ ਰਾਜਸੀ ਬਿਰਤਾਂਤ ਵਿਚੋਂ ਬਾਹਰ ਕੱਢ ਕੇ ਖ਼ੌਫਜ਼ਦਾ ਕਰ ਦਿੱਤਾ। ਦੂਸਰੇ ਪਾਸੇ ਮਾਰਕਸੀ ਧਿਰਾਂ ਧਰਮ ਗਰੀਬ ਆਦਮੀ ਦਾ ਹਉਕਾ ਰੂਪੀ ਅਫ਼ੀਮ ਕਹਿਣ ਵਰਗੇ ਮਾਰਕਸੀ ਕਥਨ ਕਾਰਨ ਸਿੱਖ ਮਨਾਂ ਵਿਚ ਪਏ ਭੁਲੇਖੇ ਨੂੰ ਵੀ ਸਿੱਖ ਮਨਾਂ 'ਚੋਂ ਸਾਫ ਨਹੀਂ ਕਰ ਸਕੀਆਂ, ਵਿਸ਼ਵਾਸ ਜਿੱਤਣਾ ਤਾਂ ਦੂਰ ਦੀ ਗੱਲ। ਕਿਸਾਨ ਮੋਰਚੇ ਵਿਚ ਮਾਰਕਸੀ ਅਤੇ ਗੈਰ ਮਾਰਕਸੀ ਕਿਸਾਨ ਜਥੇਬੰਦੀਆਂ ਵੱਲੋਂ ਘੱਟੋ ਘੱਟ ਪ੍ਰੋਗਰਾਮ 'ਤੇ ਸਹਿਮਤੀ ਦੀ ਜੋ ਸਫਲ ਮਿਸਾਲ ਕਾਇਮ ਕੀਤੀ ਹੈ, ਉਸ ਤੋਂ ਸੇਧ ਲੈ ਕੇ ਪੰਜਾਬ ਵਿਚਲੀਆਂ ਧਿਰਾਂ ਕੋਈ ਪਾਏਦਾਰ ਧਿਰ ਸਿਰਜ ਸਕਦੀਆਂ ਹਨ। ਅਕਬਰ ਦਾ ਦੀਨ-ਏ-ਇਲਾਹੀ ਬੇਸ਼ੱਕ ਸਫਲ ਨਹੀਂ ਸੀ ਹੋਇਆ ਪਰ ਖਲਾਅ ਨੂੰ ਅਸਰਦਾਰ ਤਰੀਕੇ ਭਰਨ ਲਈ ਪੰਜਾਬ ਵਾਲੀਆਂ ਧਿਰਾਂ ਨੂੰ ਆਪੋ ਆਪਣੇ ਚੰਗੇ ਗੁਣਾਂ ਦਾ ਯੋਗਦਾਨ ਪਾ ਕੇ, 'ਜਿੱਥੇ ਸੱਭੈ ਸਾਂਝੀਵਾਲ ਸਦਾਇਨ' ਦੀ ਭਾਵਨਾ ਵਰਗੀ ਕੋਈ ਸਰਬ ਸਾਂਝੀ ਜਮਾਤ ਸਫਲ ਕਰਨੀ ਪਵੇਗੀ। ਗੁਰਬਚਨ ਸਿੰਘ ਜੀ ਇਹ ਬੜਾ ਬਿਖਮ ਧੰਦਾ ਹੈ ਤੁਹਾਡੀ ਨੇਕ ਨੀਤੀ 'ਤੇ ਕਰਮ ਬਰਸਟ ਜਾਂ ਕਿਸੇ ਹੋਰ ਨੂੰ ਵੀ ਕੋਈ ਸ਼ੱਕ ਨਹੀਂ ਹੈ, ਇਸ ਪ੍ਰੋਜੈਕਟ ਨੂੰ ਸਰ ਕਰਨ ਲਈ ਆਪਣੇ ਗਿਰੇਬਾਨ ਵਿਚ ਇਮਾਨਦਾਰੀ ਨਾਲ ਝਾਤ ਮਾਰਨੀ ਪੈਣੀ ਹੈ। ਹਿੰਦੂਆਂ ਅਤੇ ਕਾਮਰੇਡਾਂ ਵਿਰੁੱਧ ਨਫ਼ਰਤ ਦੀ ਖੇਤੀ ਸ. ਅਜਮੇਰ ਸਿੰਘ ਨੇ ਪਹਿਲਾਂ ਹੀ ਬਥੇਰੀ ਕਰ ਲਈ ਹੈ। ਹੁਣ ਉਹ ਮਾਰੂ ਰਾਗ ਤਿਆਗਣਾ ਪੈਣਾ ਹੈ।

*-ਹਜ਼ਾਰਾ ਸਿੰਘ*
*ਫੋਨ: (647)685-5997*

# ਪੰਜਾਬ ਦੇ ਅਰਥਚਾਰੇ ਦੀ ਮੁੜ ਸੁਰਜੀਤੀ ਦਾ ਮਸਲਾ

ਪੰਜਾਬ ਦੀ ਮੌਜੂਦਾ ਸਰਕਾਰ ਨੂੰ ਜਿੰਨਾ ਵੱਡਾ ਬਹੁਮਤ ਮਿਲਿਆ ਸੀ, ਉਸ ਅਨੁਸਾਰ ਜਨਤਾ ਦੀਆਂ ਉਮੀਦਾਂ ਦੀ ਲੰਬਾਈ ਦਾ ਆਕਾਰ ਵੀ ਵੱਡਾ ਹੋਣਾ ਸੁਭਾਵਿਕ ਸੀ। ਹੁਣ ਜਦੋਂ ਸਰਕਾਰ ਨੇ ਆਪਣਾ ਇਕ ਸਾਲ ਪੂਰਾ ਕਰ ਲਿਆ ਹੈ, ਤਾਂ ਇਸ ਦੀਆਂ ਪ੍ਰਾਪਤੀਆਂ ਉਤੇ ਝਾਤ ਮਾਰਨ ਦਾ ਵੇਲਾ ਆ ਗਿਆ ਹੈ। ਬੇਸ਼ੱਕ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਵਾਲੀਆਂ ਪਿਛਲੀਆਂ ਸਰਕਾਰਾਂ ਨੇ ਪੰਜਾਬ ਦੇ ਖੇਤੀ ਸੈਕਟਰ ਲਈ ਮੁਫ਼ਤ ਬਿਜਲੀ, ਮਾਲੀਏ ਦੀ ਮੁਆਫ਼ੀ, ਚੁੰਗੀਆਂ ਦੇ ਖ਼ਾਤਮੇ ਅਤੇ ਹੋਰ ਸਮਾਜਿਕ ਵਰਗਾਂ ਲਈ ਖ਼ਰਾਇਤੀ



**ਕਰਮ ਬਰਸਟ**
ਫੋਨ: +91-94170-73831

ਸਹੂਲਤਾਂ ਦਾ ਮੁੱਢ ਬੰਨ੍ਹ ਕੇ ਪੰਜਾਬ ਦੇ ਮਾਲੀ ਸੋਮਿਆਂ ਨੂੰ ਖੋਰਾ ਲਾਉਣਾ ਸ਼ੁਰੂ ਕਰ ਦਿੱਤਾ ਸੀ ਪਰ ਇਹ ਅਜਿਹੀ ਪੱਕੀ ਰਸਮ ਮਿੱਥ ਦਿੱਤੀ ਗਈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਇਨ੍ਹਾਂ ਖਰਾਇਤੀ ਨੀਤੀਆਂ ਨੂੰ ਜਾਰੀ ਰੱਖਣ ਲਈ ਮਜਬੂਰ ਦਿਖਾਈ ਦਿੰਦੀ ਹੈ। ਇਕ ਤੋਂ ਬਾਅਦ ਦੂਜੀ ਸਰਕਾਰ ਵਲੋਂ ਵਧ ਚੜ੍ਹ ਕੇ ਲੋਕ ਲੋਭਾਊ ਨੀਤੀਆਂ ਦੀ ਰਵਾਇਤ ਨੂੰ ਨਾ ਸਿਰਫ ਕਾਇਮ ਰੱਖਿਆ ਗਿਆ ਸਗੋਂ ਵਕਤੀ ਲਾਹਿਆਂ ਲਈ ਇਨ੍ਹਾਂ ਖਰਾਇਤਾਂ ਵਿਚ ਵਾਧਾ ਵੀ ਕੀਤਾ ਜਾਂਦਾ ਰਿਹਾ ਹੈ। ਅੱਜ ਹਾਲਤ ਇਹ ਬਣ ਗਈ ਹੈ ਕਿ ਪੰਜਾਬ ਸਰਕਾਰ ਦੇ ਮਾਲੀ ਸੋਮੇ ਸੁੱਕ ਰਹੇ ਹਨ। ਪਿਛਲੀਆਂ ਸਰਕਾਰਾਂ ਵਾਂਗ ਹੀ ਭਗਵੰਤ ਮਾਨ ਸਰਕਾਰ ਸਰਕਾਰੀ ਅਤੇ ਗੈਰ ਸਰਕਾਰੀ ਸਰੋਤਾਂ ਤੋਂ ਕਰਜ਼ੇ ਚੁੱਕ ਕੇ ਕੰਮ ਚਲਾ ਰਹੀ ਹੈ। ਸਿਰਫ ਅਪਰੈਲ ਤੋਂ ਦਸੰਬਰ ਤਕ ਹੀ 24500 ਕਰੋੜ ਰੁਪਏ ਦਾ ਨਵਾਂ ਕਰਜ਼ਾ ਚੁੱਕ ਕੇ ਪੁਰਾਣੀਆਂ ਦੇਣਦਾਰੀਆਂ ਨੂੰ ਉਤਾਰਿਆ ਗਿਆ ਹੈ। ਜੇ ਮਹੀਨਾਵਾਰ ਇਹੀ ਔਸਤ ਰਹੀ ਤਾਂ ਸਾਲ ਦੇ ਅਖੀਰ ਤੱਕ ਕੁਲ ਕਰਜ਼ਾ ਤਿੰਨ ਲੱਖ ਚੌਤੀ ਹਜ਼ਾਰ ਕਰੋੜ ਰੁਪਏ ਹੋ ਜਾਵੇਗਾ। ਇਸ ਤੋਂ ਇਲਾਵਾ ਵਿਸ਼ਵ ਬੈਂਕ ਤੋਂ ਨਵੀਆਂ ਸ਼ਰਤਾਂ ਉਪਰ 1200 ਕਰੋੜ ਰੁਪਏ ਦਾ ਕਰਜ਼ਾ ਚੁੱਕ ਕੇ ਪੰਜਾਬ ਦੀਆਂ ਸ਼ਹਿਰੀ ਸਹੂਲਤਾਂ ਨੂੰ ਬਿਹਤਰ ਬਣਾਉਣ ਦੀ ਆੜ ਹੇਠ ਨਿੱਜੀਕਰਨ ਦੀ ਨੀਤੀ ਨੂੰ ਹੀ ਹੁਲਾਰਾ ਦਿੱਤਾ ਗਿਆ ਹੈ।

ਚੇਤੇ ਰਹੇ ਕਿ 1996 ਵਿਚ ਕਾਂਗਰਸ ਸਰਕਾਰ ਵੇਲੇ ਵਿਸ਼ਵ ਬੈਂਕ ਕੋਲੋਂ 420 ਕਰੋੜ ਰੁਪਏ ਦਾ ਕਰਜ਼ਾ ਚੁੱਕ ਕੇ ਪੰਜਾਬ ਦੇ ਸਿਹਤ ਵਿਭਾਗ ਨੂੰ ਨਿੱਜੀਕਰਨ ਵੱਲ ਧੱਕ ਦਿੱਤਾ ਗਿਆ ਸੀ। ਪਰੰਤੂ ਪ੍ਰਕਾਸ਼ ਸਿੰਘ ਬਾਦਲ ਦੀ 1997 ਵਾਲੀ ਸਰਕਾਰ ਨੇ ਇਸ ਨੀਤੀ ਨੂੰ ਰੱਦ ਕਰਨ ਦੀ ਬਜਾਏ ਪੇਂਡੂ ਡਿਸਪੈਂਸਰੀਆਂ ਖ਼ਤਮ ਕਰਨ, ਅਤੇ ਸਿਹਤ ਵਿਭਾਗ ਦੇ ਪੇਂਡੂ ਤੇ ਅਰਧ ਸ਼ਹਿਰੀ ਇਲਾਕਿਆਂ ਵਿਚੋਂ ਡਾਕਟਰਾਂ, ਫਰਮਾਸਿਸਟਾਂ, ਨਰਸਾਂ ਅਤੇ ਸਹਾਇਕ ਸਟਾਫ਼ ਦੀਆਂ 1200 ਤੋਂ ਵੱਧ ਅਸਾਮੀਆਂ ਨੂੰ ਖ਼ਤਮ ਕਰਨ ਲਈ ਕਾਂਗਰਸ ਤੋਂ ਵੀ ਅੱਗੇ ਹੋ ਕੇ ਕੰਮ ਕੀਤਾ। ਉਦੋਂ ਦਾ ਬਰਬਾਦ ਕੀਤਾ ਹੋਇਆ ਸਿਹਤ ਮਹਿਕਮਾ ਅੱਜ ਤਕ ਮੁੜ ਸੁਰਜੀਤ ਨਹੀਂ ਹੋ ਸਕਿਆ। ਭਗਵੰਤ ਮਾਨ ਸਰਕਾਰ ਨੇ ਵੀ ਸਿਹਤ ਵਿਭਾਗ ਨੂੰ ਮਜ਼ਬੂਤ ਕਰਨ ਦੀ ਬਜਾਏ ਸਿਰਫ ਦਿੱਲੀ ਦੇ ਪੈਟਰਨ 'ਤੇ ਮੁਹੱਲਾ ਕਲੀਨਿਕ ਖੋਲ੍ਹ ਦਿੱਤੇ ਹਨ, ਪਰ ਇਨ੍ਹਾਂ ਕਲੀਨਿਕਾਂ ਦੀ ਕਾਰਗੁਜ਼ਾਰੀ ਨਾਂਹ ਦੇ ਬਰਾਬਰ ਹੈ। ਉਲਟਾ ਸ਼ਹਿਰੀ ਖੇਤਰਾਂ ਦੇ ਹਸਪਤਾਲਾਂ ਅਤੇ ਕਮਿਊਨਿਟੀ ਸਿਹਤ ਕੇਂਦਰਾਂ ਨੂੰ ਮਿਲਣ ਵਾਲੀਆਂ ਦਵਾਈਆਂ ਤੇ ਜ਼ਰੂਰੀ ਸਾਜ਼ੋ-ਸਾਮਾਨ ਨੂੰ ਮੁਹੱਲਾ ਕਲੀਨਿਕਾਂ ਵੱਲ ਖਿਸਕਾ ਦਿੱਤਾ ਗਿਆ ਹੈ। ਜ਼ਿਲ੍ਹਾ, ਬਲਾਕ ਅਤੇ ਕਸਬਿਆਂ ਵਿਚਲੇ ਹਸਪਤਾਲ ਤੇ ਕਮਿਊਨਿਟੀ ਸਿਹਤ ਕੇਂਦਰਾਂ ਵਿਚ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ। 'ਆਪ' ਸਰਕਾਰ ਵੱਲੋਂ ਪੰਜਾਬ 'ਚ ਸ਼ੁਰੂ ਕੀਤੇ ਖਰਾਇਤੀ ਮਾਡਲ ਨਾਲ ਸੂਬੇ ਦੇ ਮਾਲੀਆ ਸਰੋਤ ਸੁੱਕ ਰਹੇ ਹਨ। ਸਿਰਫ ਸ਼ਰਾਬ ਅਤੇ ਆਬਕਾਰੀ ਨੀਤੀ ਨੂੰ ਛੱਡ ਕੇ ਹੋਰ ਕਿਸੇ ਪਾਸਿਓਂ ਵੀ ਮਾਲੀ ਆਮਦਨ ਵਿਚ ਗਿਣਨਯੋਗ ਵਾਧਾ ਨਹੀਂ ਹੋ ਰਿਹਾ।

ਕਾਂਗਰਸ ਸਰਕਾਰ ਵੇਲੇ ਦੇ ਸਭ ਤੋਂ ਚਰਚਿਤ ਰੇਤੇ, ਬਜਰੀ, ਗੈਰ-ਕਾਨੂੰਨੀ ਖੋਦ-ਖੁਦਾਈ ਦੇ ਬਦਨਾਮ ਧੰਦੇ ਦੇ ਪੰਜਾਬ ਦੇ ਅਰਥਚਾਰੇ ਦੀ ਮੁੜ ਸੁਰਜੀਤੀ ਦੇ ਮਸਲੇ ਦੇ ਨਾਲ ਨਾਲ ਨਕਲੀ ਸ਼ਰਾਬ ਅਤੇ ਰਸਾਇਣਕ ਨਸ਼ਿਆਂ ਦੀ ਵਿਕਰੀ, ਲੁੱਟ-ਖੋਹ ਦੀਆਂ ਘਟਨਾਵਾਂ, ਕਤਲ, ਨਸ਼ਿਆਂ ਦੀ ਤੋਟ ਕਾਰਨ ਨੌਜਵਾਨਾਂ ਦੀਆਂ ਖ਼ੁਦਕੁਸ਼ੀਆਂ ਅਤੇ ਸਰਕਾਰੀ ਮਹਿਕਮਿਆਂ ਵਿਚ ਭ੍ਰਿਸ਼ਟਾਚਾਰ ਦੀਆਂ ਅਲਾਮਤਾਂ ਬਾਦਸਤੂਰ ਜਾਰੀ ਹਨ। ਬੇਸ਼ੱਕ ਪੰਜਾਬ ਦੇ ਹੁਣ ਤੱਕ ਦੇ ਮਾੜੇ ਵਿੱਤੀ ਪ੍ਰਬੰਧ ਲਈ ਭਗਵੰਤ ਮਾਨ ਦੀ ਸਰਕਾਰ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ ਪਰ ਇਸ ਵਿਚ ਸੁਧਾਰ ਕਰਨ ਲਈ ਵੀ ਨਵੀਂ ਸਰਕਾਰ ਕੁਝ ਕਰਨ ਤੋਂ ਅਸਮਰੱਥ ਜਾਪ ਰਹੀ ਹੈ। ਪੰਜਾਬ ਵਿਚ ਪਹਿਲਾਂ ਤੋਂ ਚੱਲ ਰਹੀ ਬਿਜਲੀ-ਪਾਣੀ ਦੀ ਪੁਰਾਣੀ ਖਰਾਇਤੀ ਸਹੂਲਤ ਨੂੰ ਜਾਰੀ ਰੱਖਣ ਤੋਂ ਇਲਾਵਾ ਹਰ ਤਬਕੇ ਲਈ ਇਕ ਵਾਰਿਓਂ ਪ੍ਰਤੀ ਮਹੀਨਾ 300 ਯੂਨਿਟ ਮੁਫ਼ਤ ਬਿਜਲੀ ਦੇਣ ਦੀ ਕੋਈ ਵੀ ਵਾਜਬੀਅਤ ਨਹੀਂ ਬਣਦੀ। ਇਸ ਨਾਲ ਸੂਬੇ ਦੇ ਖ਼ਜ਼ਾਨੇ 'ਤੇ ਸਾਲਾਨਾ 5,000 ਕਰੋੜ ਰੁਪਏ ਦੀ ਸਬਸਿਡੀ ਦਾ ਵਾਧੂ ਬੋਝ ਵਧ ਗਿਆ ਹੈ। ਮੌਜੂਦਾ ਵਿੱਤੀ ਸਾਲ ਵਿਚ ਬਿਜਲੀ ਦੀ ਸਮੁੱਚੀ ਸਬਸਿਡੀ 24,886 ਕਰੋੜ ਰੁਪਏ ਬਣ ਜਾਂਦੀ ਹੈ। ਬਿਜਲੀ ਮਹਿਕਮੇ ਨੂੰ ਪੈਣ ਵਾਲੇ ਘਾਟੇ ਦੀ ਨੁਕਸਾਨਪੂਰਤੀ ਲਈ ਨਾ ਤਾਂ ਪਹਿਲਾਂ ਬਾਦਲ-ਕਪਤਾਨ ਸਰਕਾਰ ਨੇ ਅਤੇ ਨਾ ਹੀ ਹੁਣ ਮਾਨ ਸਰਕਾਰ ਨੇ ਕੋਈ ਨਿਸ਼ਚਿਤ ਵਿਵਸਥਾ ਕੀਤੀ ਹੈ।

ਇਸ ਦਾ ਨਤੀਜਾ ਸਰਕਾਰੀ ਅਦਾਰਿਆਂ ਦੀ ਮੁਕੰਮਲ ਤਬਾਹੀ ਅਤੇ ਅੰਤ ਨੂੰ ਨਿੱਜੀ ਖੇਤਰ ਲਈ ਅਥਾਹ ਮੁਨਾਫੇ ਬਟੋਰਨ ਲਈ ਰਾਹ ਮੋਕਲਾ ਕਰਨ ਵਿਚ ਨਿਕਲੇਗਾ। ਬਿਜਲੀ ਅਤੇ ਟਰਾਂਸਪੋਰਟ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਮੁਫ਼ਤ ਸਹੂਲਤਾਂ ਲਈ ਮੁਆਵਜ਼ਾ ਨਹੀਂ ਮਿਲ ਰਿਹਾ ਅਤੇ ਇਹ ਅਦਾਰੇ ਘਾਟੇ ਵਿਚ ਜਾਣ ਲਈ ਸਰਾਪੇ ਗਏ ਹਨ। ਨਿੱਜੀਕਰਨ ਦਾ ਇਹ ਉਹੀ ਰਾਹ ਹੈ ਜੋ ਕੇਂਦਰੀ ਹਕੂਮਤ ਨੇ ਸਰਕਾਰੀ ਟੈਲੀਫ਼ੋਨ ਕੰਪਨੀਆਂ ਨੂੰ ਆਰਥਿਕ ਤੌਰ 'ਤੇ ਬਰਬਾਦ ਕਰ ਕੇ ਰਿਲਾਇੰਸ ਅਤੇ ਏਅਰਟੈੱਲ ਆਦਿ ਲਈ ਖੋਲ੍ਹਿਆ ਗਿਆ ਸੀ। ਪੰਜਾਬ, ਭਾਰਤ ਦੇ ਸਭ ਤੋਂ ਵੱਧ ਕਰਜ਼ਦਾਰ ਰਾਜਾਂ ਵਿਚੋਂ ਇਕ ਹੈ। ਨਵੀਂ ਸਰਕਾਰ ਦੇ ਸੱਤਾ ਵਿਚ ਆਉਣ ਵੇਲੇ ਤਕ ਕਰਜ਼ੇ ਦਾ ਅਨੁਪਾਤ ਰਾਜ ਦੇ ਕੁੱਲ ਘਰੇਲੂ ਉਤਪਾਦ (ਜੀ.ਐੱਸ.ਡੀ.ਪੀ.) ਦਾ 47 ਪ੍ਰਤੀਸ਼ਤ ਸੀ, ਜੋ ਹੁਣ ਵਧ ਕੇ 53.3 ਫੀਸਦੀ ਤਕ ਪਹੁੰਚ ਗਿਆ ਹੈ। ਜੇ ਪਿਛਲੇ ਪੰਦਰਾਂ ਕੁ ਸਾਲਾਂ ਅੰਦਰ ਹੀ ਇਹ ਕਰਜ਼ਾ ਕਰੋੜ ਰੁਪਏ ਸਾਲਾਨਾ ਦੀ ਦਰ ਨਾਲ ਵਧ ਕੇ 334000 ਕਰੋੜ ਰੁਪਏ ਤੱਕ ਪੁੱਜ ਗਿਆ ਹੈ, ਤਾਂ ਹਕੂਮਤ ਨੂੰ ਹੀ ਇਸਦਾ ਜਵਾਬ ਦੇਣਾ ਚਾਹੀਦਾ ਹੈ।

ਕੇਂਦਰ ਸਰਕਾਰ ਵੱਲੋਂ 3772 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰ ਦੇਣ ਨਾਲ ਅਤੇ ਕੁਝ ਕਰਜ਼ੇ ਦੀ ਮੋੜਾਈ ਹੋਣ ਨਾਲ ਅਕਾਲੀ-ਭਾਜਪਾ ਸਰਕਾਰ ਨੂੰ ਫਰਵਰੀ 2007 ਵਿਚ ਵਿਰਸੇ ਵਿਚ ਵਿਆਜ ਸਮੇਤ 48344 ਕਰੋੜ ਰੁਪਏ ਦਾ ਕਰਜ਼ਾ ਮਿਲਿਆ ਸੀ। ਸਪੱਸ਼ਟ ਹੈ ਕਿ ਇਹ ਕਰਜ਼ਾ ਆਪਣੇ ਆਪ ਤਾਂ ਨਹੀਂ ਵਧਿਆ। ਮੌਜੂਦਾ ਸਾਲ ਦੇ ਬਜਟ ਅਨੁਮਾਨ ਮੁਤਾਬਕ ਇਸ ਉਪਰ 36068 ਕਰੋੜ ਰੁਪਏ ਤੋਂ ਵੱਧ ਦਾ ਸਾਲਾਨਾ ਵਿਆਜ ਦੇਣਾ ਪਵੇਗਾ। ਪੰਜਾਬ ਦੇ ਪ੍ਰਤੀ ਵਿਅਕਤੀ ਸਿਰ ਇਕ ਲੱਖ ਰੁਪਏ ਦਾ ਕਰਜ਼ਾ ਹੈ, ਜਿਹੜਾ ਅਗਲੇ ਸਾਲ ਤਕ ਇਕ ਲੱਖ ਵੀਹ ਹਜ਼ਾਰ ਰੁਪਏ ਪ੍ਰਤੀ ਵਿਅਕਤੀ ਹੋ ਜਾਣ ਦੀ ਸੰਭਾਵਨਾ ਹੈ। ਕਰਜ਼ਾ ਮੋੜਾਈ ਦੀ ਰਕਮ 2011-12 ਵਿਚ 8,955 ਕਰੋੜ ਰੁਪਏ ਤੋਂ ਵਧ ਕੇ 2020-21 ਵਿਚ 32,080 ਕਰੋੜ ਰੁਪਏ ਹੋ ਗਈ ਹੈ। 2021-22 'ਚ ਇਹ 36,512 ਕਰੋੜ ਰੁਪਏ ਸੀ। ਇਸ ਲਈ ਸਰਕਾਰ ਜਿੰਨਾ ਕਰਜ਼ਾ ਮੋੜਦੀ ਹੈ, ਉਸ ਤੋਂ ਵੱਧ ਉਧਾਰ ਚੁੱਕ ਲੈਂਦੀ ਹੈ। ਜੇਕਰ ਚੋਣ ਵਾਅਦੇ ਮੁਤਾਬਕ ਪੰਜਾਬ ਵਿਚ ਨਵੀਆਂ ਵਚਨਬੱਧ ਗਾਰੰਟੀਆਂ ਪੂਰੀਆਂ ਕੀਤੀਆਂ ਜਾਂਦੀਆਂ




ਹਨ ਤਾਂ ਇਹ ਮੌਜੂਦਾ ਮੁਫਤ ਸਹੂਲਤਾਂ 2022-23 ਵਿਚ ਪੰਜਾਬ ਦੀ ਮਾਲੀ ਆਮਦਨ ਦਾ 28,962 ਕਰੋੜ ਰੁਪਏ ਖਾ ਜਾਣਗੀਆਂ। ਇਸ ਹਾਲਤ ਵਿਚ ਪੰਜਾਬ ਦਾ ਅਰਥਚਾਰਾ ਕਿਵੇਂ ਮਜ਼ਬੂਤ ਹੋ ਸਕਦਾ ਹੈ?

ਰਾਜ ਦੇ ਕੁੱਲ ਮਾਲੀਏ ਵਿਚ ਗੈਰ-ਟੈਕਸ ਮਾਲੀਏ ਦਾ ਹਿੱਸਾ ਲਗਾਤਾਰ ਘਟ ਰਿਹਾ ਹੈ। ਪੰਜਾਬ ਵਿਚ ਪਿਛਲੇ 30 ਸਾਲਾਂ ਤੋਂ ਘਟ ਰਹੀ ਵਿਕਾਸ ਦੀ ਦਰ ਵੀ ਗੰਭੀਰ ਚਿੰਤਾ ਦਾ ਸਬੱਬ ਹੈ। ਜੀ.ਐਸ.ਡੀ.ਪੀ. ਵਿਕਾਸ ਦਰ ਦੇ ਸੰਦਰਭ ਵਿਚ, ਪੰਜਾਬ 17 ਜਨਰਲ ਸ਼੍ਰੇਣੀ ਦੇ ਰਾਜਾਂ ਵਿਚੋਂ 17ਵੇਂ ਅਤੇ ਸਾਰੇ 28 ਰਾਜਾਂ ਵਿਚੋਂ 24ਵੇਂ ਸਥਾਨ 'ਤੇ ਪਹੁੰਚ ਚੁੱਕਿਆ ਹੈ। ਪ੍ਰਤੀ ਵਿਅਕਤੀ ਸ਼ੁੱਧ ਆਮਦਨ ਦੇ ਮਾਮਲੇ ਵਿਚ, ਪੰਜਾਬ 19ਵੇਂ ਸਥਾਨ 'ਤੇ ਆ ਗਿਆ ਹੈ। ਪੰਜਾਬ ਅੰਦਰ ਧਰਤੀ ਹੇਠਲੇ ਤੇ ਬਰਸਾਤੀ ਪਾਣੀ ਦੀ ਸਾਂਭ ਸੰਭਾਲ ਦਾ ਗੰਭੀਰ ਸੰਕਟ ਹੈ। ਖੇਤੀ ਖੇਤਰ ਦੇ ਧਨਾਢ ਜ਼ਿਮੀਂਦਾਰਾਂ ਨੂੰ ਦਿੱਤੀ ਜਾ ਰਹੀ ਬਿਜਲੀ ਸਬਸਿਡੀ, ਸਰਕਾਰੀ ਬਜਟ ਦਾ 26,454 ਕਰੋੜ ਰੁਪਏ ਛਕ ਰਹੀ ਹੈ ਜੋ ਇਸ ਤੋਂ ਵੀ ਵਧ ਕੇ ਧਰਤੀ ਹੇਠਲੇ ਪਾਣੀ ਨੂੰ ਨਿਚੋੜ ਕੇ ਪੰਜਾਬ ਨੂੰ ਮਾਰੂਥਲ ਬਣਨ ਵੱਲ ਧੱਕਣ ਦਾ ਕਾਰਣ ਬਣ ਰਹੀ ਹੈ। ਛੋਟਾ ਗਰੀਬ ਕਿਸਾਨ ਅਤੇ ਪੇਂਡੂ ਮਜ਼ਦੂਰ ਵਰਗ ਤਾਂ ਘਰੇਲੂ ਨਲਕਿਆਂ ਦੀ ਅਣਹੋਂਦ ਕਾਰਨ ਸਾਫ਼ ਪਾਣੀ ਦੀ ਬੂੰਦ ਬੂੰਦ ਨੂੰ ਵੀ ਤਰਸ ਗਿਆ ਹੈ।

ਸਿਆਸੀ ਜੋਖ਼ਮ ਸੇਵਾਵਾਂ (ਪੀਆਰਐਸ) ਦੇ ਮਾਡਲ ਅਨੁਸਾਰ, ਸਰਕਾਰ ਦਾ ਪੱਕਾ-ਠੱਕਾ ਖਰਚਾ ਮਾਲੀਆ ਰਸੀਦਾਂ ਦੀ ਵੰਡ ਦਾ 70 ਪ੍ਰਤੀਸ਼ਤ ਬਣਦਾ ਹੈ ਜੋ ਕਿ ਤਨਖਾਹਾਂ, ਪੈਨਸ਼ਨਾਂ ਅਤੇ ਵਿਆਜ ਸਮੇਤ ਹੋਰ ਜ਼ਰੂਰੀ ਭੁਗਤਾਨਾਂ ਲਈ ਰੱਖਣਾ ਹੀ ਪੈਂਦਾ ਹੈ। ਇਸ ਲਈ ਸੂਬੇ ਅੰਦਰ ਪੂੰਜੀਗਤ ਨਿਵੇਸ਼ ਲਈ ਕੋਈ ਰਕਮ ਹੀ ਨਹੀਂ ਬਚਦੀ। ਪੰਜਾਬ ਦਾ ਟੈਕਸ ਅਤੇ ਗੈਰ-ਟੈਕਸ ਮਾਲੀਆ ਇਕਹਿਰੇ ਅੰਕਾਂ ਵਿਚ ਹੀ ਵਧਿਆ ਹੈ। ਬਜਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਵਿੱਤੀ ਵਰ੍ਹੇ ਦੀਆਂ ਕੁੱਲ ਮਾਲੀ ਪ੍ਰਾਪਤੀਆਂ ਵਿਚੋਂ ਸਰਕਾਰ ਆਪਣੇ ਤੌਰ 'ਤੇ 54% ਵੱਧ ਜੁਟਾਵੇਗੀ, ਪਰ ਹੁਣ ਤਕ ਦੀ ਕਾਰਗੁਜ਼ਾਰੀ ਤੋਂ ਅਜਿਹਾ ਕੋਈ ਹਾਂ-ਪੱਖੀ ਸੰਕੇਤ ਨਹੀਂ ਮਿਲਦਾ। ਪਿਛਲੇ ਸਾਲ ਦੇ ਬਜਟ ਵਿਚ ਮਾਲੀ ਆਮਦਨ ਮਨਫ਼ੀ 18 ਫੀਸਦੀ ਰਹੀ ਸੀ ਪਰ ਮੌਜੂਦਾ ਸਰਕਾਰ ਨੇ ਬਿਨਾ ਕੋਈ ਭਵਿੱਖ ਨਕਸ਼ਾ ਉਲੀਕਿਆਂ ਮਾਲੀ ਪ੍ਰਾਪਤੀਆਂ ਦਾ ਟੀਚਾ 81458 ਤੋਂ ਵਧਾ ਕੇ 95378 ਕਰੋੜ ਰੁਪਏ (17 ਫੀਸਦੀ ਦਾ ਵਾਧਾ) ਮਿੱਥ ਲਿਆ ਹੈ। ਜਦੋਂ ਨਵੇਂ ਸਾਲ ਵਿਚ ਇਕ ਵੀ ਵਾਧੂ ਟੈਕਸ ਨਹੀਂ ਲਾਇਆ, ਟੈਕਸ ਦੀਆਂ ਚੋਰ-ਮੋਰੀਆਂ ਰੋਕਣ ਲਈ ਕੋਈ ਇੰਤਜ਼ਾਮ ਨਹੀਂ ਕੀਤਾ ਅਤੇ ਖਰਾਇਤਾਂ ਵਿਚ ਅਥਾਹ ਵਾਧਾ ਕਰ ਦਿੱਤਾ ਹੈ ਤਾਂ ਮਾਲੀ ਆਮਦਨ ਵਧ ਜਾਣ ਦੀ ਇੱਛਾ ਕਰਨੀ ਵੀ ਫਜ਼ੂਲ ਹੈ।

ਇਸ ਵੇਲੇ ਪੰਜਾਬ ਸਚਮੁੱਚ ਗੰਭੀਰ ਵਿੱਤੀ ਸੰਕਟ, ਕਰਜ਼ੇ ਦੇ ਜਾਲ, ਲਗਾਤਾਰ ਡਿੱਗ ਰਹੀ ਵਿਕਾਸ ਦਰ ਅਤੇ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਦੇ ਸੰਕਟ ਨਾਲ ਜੂਝ ਰਿਹਾ ਹੈ। ਇਹੀ ਸੰਕਟ ਹਮੇਸ਼ਾ ਸਮਾਜ ਦੇ ਇਕ ਜਾਂ ਦੂਜੇ ਵਰਗ ਵਿਚ ਹਿੰਸਾ ਨੂੰ ਉਕਸਾਵਾ ਦਿੰਦਾ ਰਿਹਾ ਹੈ। ਸਮਾਜ ਵਿਰੋਧੀ ਅਤੇ ਧਾਰਮਿਕ ਮੂਲਵਾਦੀ ਤਾਕਤਾਂ ਇਸ ਹਾਲਤ ਦਾ ਲਾਹਾ ਲੈਣ ਲਈ ਅੰਗੜਾਈਆਂ ਲੈ ਰਹੀਆਂ ਹਨ। ਪੰਜਾਬ ਸਰਕਾਰ ਨੂੰ ਜਿੱਥੇ ਅਰਥਚਾਰੇ ਦੀ ਮੁੜ ਸੁਰਜੀਤੀ ਦੇ ਗੰਭੀਰ ਯਤਨ ਕਰਨੇ ਚਾਹੀਦੇ ਹਨ, ਉੱਥੇ ਹੀ ਮੂਲਵਾਦੀ ਤਾਕਤਾਂ ਨੂੰ ਵੀ ਕਾਬੂ ਹੇਠ ਰੱਖਣ ਲਈ ਫ਼ੌਰੀ ਗੰਭੀਰ ਹੋਣ ਦੀ ਲੋੜ ਹੈ। 1980-1995 ਦੇ ਦੌਰ ਨੇ ਪੰਜਾਬ ਨੂੰ ਆਰਥਿਕ ਦੁਰਗਤੀ ਦੀ ਹਾਲਤ ਤਕ ਪੁਚਾ ਦਿੱਤਾ ਸੀ। ਅਜਿਹਾ ਨਾ ਹੋਵੇ ਕਿ ਪੰਜਾਬ ਸਰਕਾਰ ਦੇ ਅਵੇਸਲੇਪਣ ਕਰਕੇ ਪੁਰਾਣੇ ਜ਼ਖ਼ਮ ਫਿਰ ਹਰੇ ਹੋ ਜਾਣ। ਮੁਫ਼ਤ ਸਹੂਲਤਾਂ ਸਿਰਫ ਸਚਮੁੱਚ ਹੀ ਲੋੜਵੰਦ ਵਰਗਾਂ ਨੂੰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ, ਤਾਂ ਕਿ ਉਹ ਵੀ ਘੱਟੋ ਘੱਟ ਮਨੁੱਖੀ ਜੀਵਨ ਜਿਉਂ ਸਕਣ। ਸਮਾਜਿਕ ਖੇਤਰ ਵਿਸ਼ੇਸ਼ ਕਰਕੇ ਖੇਤੀ, ਸਿਹਤ, ਸਿੱਖਿਆ ਅਤੇ ਮਨੁੱਖੀ ਕੁਸ਼ਲਤਾ ਦੇ ਵਿਕਾਸ ਲਈ ਪੂੰਜੀ ਨਿਵੇਸ਼ ਕਰਨਾ ਬਹੁਤ ਜ਼ਰੂਰੀ ਹੈ। ਸਰਕਾਰ ਨੂੰ ਬੇਲੋੜੇ, ਗੈਰ ਉਪਜਾਊ ਕੰਮਾਂ ਉਪਰ ਪਹਿਲਾਂ ਹੀ ਸੀਮਤ ਵਿੱਤੀ ਸਰੋਤਾਂ ਨੂੰ ਬਰਬਾਦ ਕਰਨ ਦੀ ਬਜਾਏ ਸਮਾਜਿਕ ਪੂੰਜੀ ਨਿਵੇਸ਼ ਨੂੰ ਪਹਿਲ ਦੇਣੀ ਚਾਹੀਦੀ ਹੈ। ਸਿਰਫ ਅਜਿਹਾ ਕਰ ਕੇ ਹੀ ਪੰਜਾਬ ਦੇ ਅਰਥਚਾਰੇ ਦੀ ਮੁੜ ਸੁਰਜੀਤੀ ਸੰਭਵ ਬਣਾਈ ਜਾ ਸਕਦੀ ਹੈ।

# ਅਮਰੀਕਾ 'ਚ ਬੇਘਰੇ

**ਕੈਲੇਫੋਰਨੀਆ ਡਾਇਰੀ**

*ਡਾ. ਅੰਬਰੀਸ਼, ਡਾ. ਕਰਨੈਲ ਸਿੰਘ ਦਾ ਸਾਹਿਤਕ ਨਾਂ ਹੈ। ਉਹ ਲੰਮਾ ਸਮਾਂ ਗੌਰਮਿੰਟ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ ਪੜ੍ਹਾਉਂਦੇ ਰਹੇ ਹਨ ਅਤੇ ਫਿਰ ਉਥੋਂ ਹੀ ਪ੍ਰਿੰਸੀਪਲ ਵਜੋਂ ਕੰਮ ਮੁਕਤ (ਸੇਵਾ-ਮੁਕਤ) ਹੋਏ ਹਨ। ਉਨ੍ਹਾਂ ਦੀਆਂ ਕਈ ਕਾਵਿ-ਕਿਤਾਬਾਂ ਛਪ ਚੁੱਕੀਆਂ ਹਨ। ਸੈਰ ਸਪਾਟੇ ਦਾ ਵੀ ਬੇਹੱਦ ਸ਼ੌਕ ਰੱਖਦੇ ਹਨ। ਉਹ ਆਪਣੇ ਡਾ. ਬੇਟੇ ਕੋਲ ਕੈਲੇਫੋਰਨੀਆ ਆਉਂਦੇ-ਜਾਂਦੇ ਰਹਿੰਦੇ ਹਨ। ਇਸੇ 'ਚੋਂ ਉਨ੍ਹਾਂ ਦੀ ਡਾਇਰੀ ਲਿਖਣ ਵਿਚ ਆਉਂਦੀ ਹੈ।*

ਮੈਂ ਸੋਚ ਹੀ ਰਿਹਾ ਸਾਂ ਕਿ ਮੈਨੂੰ ਹੋਲਿਸਟਰ 'ਚ ਅਜੇ ਤਕ ਕੋਈ ਵਿਚਲਿਤ ਕਰਨ ਵਾਲਾ ਨਜ਼ਾਰਾ, ਜਿਵੇਂ ਕੋਈ ਭਿਖਾਰੀ ਜਾਂ ਹੋਮਲੈੱਸ ਇਨਸਾਨ ਨਹੀਂ ਦਿਸਿਆ, ਕਿ 2-4 ਦਿਨ ਪਹਿਲਾਂ, ਇਕ ਸੁਥਰਾ ਘਰ ਦੇ ਸਾਹਮਣੇ ਵਿਹੜੇ 'ਚ ਬਾਹਰ ਬੈਠਿਆਂ ਮੈਨੂੰ, ਘਰ ਨਾਲ ਦੀ ਪਟੜੀ 'ਤੇ ਗੁਜ਼ਰਦਾ ਇਕ ਬੇਘਰਾ ਦਿਸ ਗਿਆ ਸੀ। ਬੇਘਰਿਆਂ ਦੀ ਪਛਾਣ ਮੈਨੂੰ



**ਡਾ. ਅੰਬਰੀਸ਼**
ਫੋਨ: 98143-89522

ਆਪਣੇ ਸੈਨ ਹੋਜ਼ੇ 'ਚ ਰਹਿਣ ਦੇ ਦਿਨਾਂ ਤੋਂ ਹੈ। ਕਿਸੇ ਸ਼ਾਪਿੰਗ ਮਾਲ 'ਚੋਂ ਚੁਰਾਇਆ ਸ਼ਾਪਿੰਗ ਕਾਰਟ ਉਨ੍ਹਾਂ ਦੀ ਤਕਰੀਬਨ ਪੱਕੀ ਨਿਸ਼ਾਨੀ ਹੈ। ਉਸ ਕਾਰਟ ਦੇ ਅੰਦਰ ਰੱਖਿਆ ਸਾਮਾਨ ਤੇ ਬਾਹਰ ਲਟਕਾਏ ਭਰੇ ਹੋਏ ਪਲਾਸਟਿਕ ਦੇ ਲਿਫਾਫਿਆਂ 'ਚ ਉਨ੍ਹਾਂ ਦੇ ਜੀਵਨ ਭਰ ਦੀ 'ਸੰਪਤੀ' ਹੁੰਦੀ ਹੈ। ਟਰੈਸ਼ ਡੇਅ ਵਾਲੇ ਦਿਨ ਲੋਕ ਕੂੜੇ ਵਾਲੇ ਬਿੰਨ ਖਾਲੀ ਕਰਨ ਵਾਸਤੇ ਘਰਾਂ ਦੇ ਬਾਹਰ ਰੱਖ ਦੇਂਦੇ ਨੇ ਤੇ ਬੇਘਰੇ ਉਨ੍ਹਾਂ 'ਚੋਂ ਖਾਣ ਵਾਲਾ, ਤੇ ਰੀਸਾਈਕਲ ਕੀਤਾ ਜਾ ਸਕਣ ਵਾਲਾ, ਵੇਚ ਕੇ ਕੁਝ ਡਾਲਰ ਕਮਾਏ ਜਾ ਸਕਣ ਵਾਲਾ ਸਾਮਾਨ ਕੱਢ ਆਪਣਾ ਕਾਰਟ ਭਰ ਲੈਂਦੇ ਨੇ। ਜਿਉਂ ਉਸ ਦਿਨ ਮੇਰੇ ਕੋਲੋਂ ਲੰਘਦੇ, ਮੈਲੇ ਕੱਪੜਿਆਂ, ਬਿਖਰੇ ਵਾਲਾਂ, ਮਧਰੇ ਕੱਦ ਤੇ ਮਾੜਚੂ ਜੁੱਸੇ, ਤੇ ਅੰਦਾਜ਼ਾ ਨਾ ਲਾਈ ਸਕਣ ਵਾਲੀ ਉਮਰ ਦੇ ਮੈਕਸੀਕਨ ਬੇਘਰੇ ਨੇ ਕੀਤਾ ਸੀ। ਕੁਝ ਅੱਗੇ ਜਾ ਫਿਰ ਉਹ ਇਕ ਥਾਂ ਬੈਠ ਗਿਆ ਸੀ ਤੇ ਬੀਅਰ ਪੀਣ ਲੱਗਾ ਸੀ। ਤੇ ਹੁਣ ਕਿਉਂਕਿ ਮੇਰਾ ਧਿਆਨ ਇਸ ਪਾਸੇ ਗਿਆ ਹੈ, ਸ਼ਹਿਰ 'ਚ ਚੱਕਰ ਲਾ ਘਰ ਪਰਤਦਿਆਂ ਅੱਜ ਮੈਨੂੰ 5-6 ਬੇਘਰੇ ਇਕੱਠੇ ਦਿਸ ਗਏ ਨੇ। ਤੇ ਉਹ ਵੀ ਸਾਡੇ ਘਰ ਦੇ ਬਿਲਕੁਲ ਕੋਲ; ਘਰ ਨਾਲ ਦੀ ਚੌੜੀ ਸੜਕ ਨਾਲ ਬਣੀ ਦੀਵਾਰ ਤੋਂ ਪਾਰ ਰੇਲ-ਪਟੜੀ ਦੇ ਦੋਵੇਂ ਪਾਸੀਂ ਉਨ੍ਹਾਂ ਦੇ ਕਾਰਟ ਤੇ ਕਾਰਟਾਂ ਦੁਆਲੇ ਉਨ੍ਹਾਂ ਦਾ ਮੈਲਾ-ਕੁਚੈਲਾ ਸਾਮਾਨ ਬਿਖਰਿਆ ਪਿਆ ਹੈ। ਸੈਨ ਹੋਜ਼ੇ ਦੇ ਕੁਝ ਚੌਰਾਹਿਆਂ 'ਤੇ ਇਹ ਦ੍ਰਿਸ਼ ਵਿਖਾਈ ਦੇਂਦਾ ਹੈ। ਉਨ੍ਹਾਂ 'ਚੋਂ ਇਕ ਮੈਨੂੰ ਧੁੱਪ 'ਚ ਲੇਟਿਆ ਦਿਸਿਆ ਹੈ।

ਅੱਜ ਦੁਪਹਿਰ ਹੀ ਸੈਨ ਹੋਜ਼ੇ ਤੋਂ ਪਰਤਦਿਆਂ ਸਾਨੂੰ ਬਿਖਰੇ, ਜਟੂਰੀਦਾਰ ਵਾਲਾਂ, ਧੁੱਪ ਕਾਰਨ ਸੂਹੇ-ਸਾਉਲੇ ਹੋਏ ਚਿਹਰੇ, ਕਾਲੇ ਲਿਬਾਸ 'ਚ ਤੇ ਫ੍ਰੀਵੇਅ ਦੇ ਕਿਨਾਰੇ ਨੰਗੇ ਪੈਰੀਂ ਤੁਰਦੀ ਇਕ ਔਰਤ ਵਿਖਾਈ ਦਿੱਤੀ ਸੀ। ਉਸ ਥਾਂ ਦੁਆਲੇ ਦੂਰ ਤਕ ਮਨੁੱਖੀ ਵਸੋਂ ਦੇ ਨਿਸ਼ਾਨ ਨਹੀਂ ਸਨ। ਅਮਰੀਕਾ ਵਿਚ ਇਹ ਨਜ਼ਾਰਾ ਵੇਖਣਾ ਮੈਨੂੰ ਬਹੁਤ ਅਜੀਬ ਜਾਪਿਆ। (ਕਈ ਦਿਨਾਂ ਮਗਰੋਂ ਮੈਨੂੰ ਹੋਲਿਸਟਰ ਦੀ ਇਕ ਮੁੱਖ ਸੜਕ 'ਤੇ ਤੇਜ਼ ਵਹਿੰਦੇ ਟ੍ਰੈਫਿਕ ਤੋਂ ਬੇਖ਼ਬਰ ਇਕ ਬੇਘਰਾ ਤੁਰਦਾ ਦਿਸਣਾ; ਬਾਹਾਂ ਮਾਰਦਿਆਂ ਤੇ ਝੂਮਦਿਆਂ ਉਹਨੇ ਇੰਜ ਤੁਰਦਿਆਂ ਹੋਣਾ ਜਿਉਂ ਕੋਈ ਬਾਦਸ਼ਾਹ ਤੁਰਦਾ ਹੋਏ। ਕੁਝ ਕੁ ਪਲਾਂ ਲਈ ਉਹ ਮੈਨੂੰ ਬਾਦਸ਼ਾਹ ਹੀ ਜਾਪਣਾ।)

ਪਰ ਦੁਨੀਆ ਦੇ ਹਰ ਬੇਘਰੇ ਦੀ ਜਿਉਂ, ਅਮਰੀਕਾ ਦੇ ਹਰ ਬੇਘਰੇ ਦੀ ਵੀ ਆਪਣੀ ਵੱਖਰੀ ਤੇ ਮਾਰਮਿਕ ਕਹਾਣੀ ਹੈ। ਗਰੀਬੀ, ਨਸ਼ਾ, ਬੇਰੁਜ਼ਗਾਰੀ, ਵਿਹਲੇ ਰਹਿਣ ਦੀ ਆਦਤ, ਪਰਿਵਾਰਕ ਰਿਸ਼ਤਿਆਂ ਦੀ ਟੁੱਟ-ਭੱਜ, ਮਾਨਸਿਕ ਜਾਂ ਸਰੀਰਕ ਬੀਮਾਰੀ ਆਦਿ ਇਸ ਗੁੰਝਲਦਾਰ ਮਸਲੇ ਦੇ ਕਈ ਕਾਰਨਾਂ 'ਚੋਂ ਕੁਝ ਕਾਰਨ ਨੇ, ਪਰ ਆਖਰੀ ਹਿਸਾਬੇ ਇਹ ਸਰਮਾਏਦਾਰ ਨਿਜ਼ਾਮ, ਤੇ ਸੱਭਿਅਕ ਸਮਾਜ ਦੀ ਸਮਾਜਿਕ ਵਿਵਸਥਾ ਦੀ ਨਾਕਾਮੀ ਹੈ। ਜਨਸੰਖਿਆ ਦੀ ਕੁਝ ਪ੍ਰਤੀਸ਼ਤ 'ਚ ਗਰੀਬੀ, ਭੁੱਖਮਰੀ ਤੇ ਬੇਘਰੀ, ਦੁਨੀਆ 'ਚ ਅਮਰੀਕਾ ਤੇ ਇਸ ਵਰਗੇ ਹੋਰ ਕਈ ਵਿਕਸਿਤ ਦੇਸ਼ਾਂ ਦੇ ਸਿਰ ਕਲੰਕ ਹੈ। ਜਨਵਰੀ 2021 ਵਿਚ ਅਮਰੀਕਾ 'ਚ 326,126 ਲੋਕ Sheltered homelessness ਦੀ ਸਥਿਤੀ 'ਚ ਸਨ। ਇਨ੍ਹਾਂ ਵਿਚ ਮਹੱਤਵਪੂਰਨ ਤਾਦਾਦ ਸੇਵਾਮੁਕਤ ਫੌਜੀਆਂ ਦੀ ਹੈ। ਏਨੀ ਜਾਂ ਇਸ ਤੋਂ ਵੱਧ ਤਾਦਾਦ ਸ਼ਾਇਦ unsheltered ਬੇਘਰਿਆਂ ਦੀ ਹੋਏਗੀ। ਸਾਡੇ ਘਰ ਕੋਲ ਰੇਲ ਪਟੜੀ ਦੁਆਲੇ ਰਹਿੰਦੇ ਬੇਘਰੇ ਉਨ੍ਹਾਂ ਵਿਚੋਂ ਨੇ। ਇਹ ਸ਼ਾਇਦ ਵਰ੍ਹਿਆਂ ਤੋਂ ਏਥੇ ਰਹਿ ਰਹੇ ਪਰ ਲੋਕਾਂ ਨੂੰ ਨਜ਼ਰ ਨਹੀਂ ਆਉਂਦੇ। ਜਿਵੇਂ ਇਹ ਪਹਿਲਾਂ ਮੈਨੂੰ ਵੀ ਨਜ਼ਰ ਨਹੀਂ ਸਨ ਆਏ। ਖਿੜਕੀ ਵਿਚ ਖੜ੍ਹਾ ਮੈਂ ਘਰ ਨਾਲਦੀ ਸੜਕ ਵਾਲੀ ਦੀਵਾਰ ਤੋਂ ਪਾਰ ਉਨ੍ਹਾਂ ਦੀਆਂ ਨੀਂਵੀਆਂ, ਬਦਰੰਗ ਪਲਾਸਟਿਕੀ ਝੁੱਗੀਆਂ ਨੂੰ ਅਣਵੇਖਦਾ ਦੂਰ ਦੀਆਂ ਇਮਾਰਤਾਂ, ਸੋਹਣੇ ਘਰਾਂ, ਤੇ ਪਹਾੜਾਂ ਨੂੰ ਨਿਹਾਰਦਾ ਰਿਹਾ ਸਾਂ। ਸਰਦੀਆਂ ਵਿਚ ਏਥੇ ਰਾਤਾਂ ਨੂੰ ਤਾਪਮਾਨ ਕਈ ਵਾਰ ਮਨਫ਼ੀ ਤੋਂ 2-3 ਡਿਗਰੀ ਹੇਠਾਂ ਚਲਾ ਜਾਂਦਾ ਤੇ ਦਿਨਾਂ 'ਚ ਵੀ ਹੱਡ-ਠਾਰਦੀਆਂ ਤੇਜ਼ ਹਵਾਵਾਂ ਚੱਲਦੀਆਂ ਨੇ।

# ਪ੍ਰੈੱਸ ਦੀ ਆਜ਼ਾਦੀ ਉੱਪਰ ਮੋਦੀ ਦਾ ਆਖ਼ਰੀ ਹਮਲਾ

***ਦੁਨੀਆ ਦੇ ਉੱਘੇ ਅਖ਼ਬਾਰ ਨਿਊ ਯਾਰਕ ਟਾਈਮਜ਼ ਨੇ ਆਪਣੇ 8 ਮਾਰਚ ਦੇ ਅੰਕ ਵਿਚ ਮਸ਼ਹੂਰ ਕਸ਼ਮੀਰੀ ਪੱਤਰਕਾਰ ਅਨੁਰਾਧਾ ਭਸੀਨ ਦਾ ਲੇਖ ਛਾਪਿਆ ਹੈ ਜਿਸ ਨੇ ਫਾਸ਼ੀਵਾਦੀ ਮੋਦੀ ਸਰਕਾਰ ਦੀਆਂ ਪ੍ਰੇਸ਼ਾਨੀਆਂ ਹੋਰ ਵਧਾ ਦਿੱਤੀਆਂ ਹਨ। ਅਨੁਰਾਧਾ ਭਸੀਨ ਕਸ਼ਮੀਰ ਟਾਈਮਜ਼ ਦੀ ਕਾਰਜਕਾਰੀ ਸੰਪਾਦਕ ਹੈ ਅਤੇ 'ਏ ਡਿਸਮੈਂਟਲਡ ਸਟੇਟ: ਦਿ ਅਨਟੋਲਡ ਸਟੋਰੀ ਆਫ ਕਸ਼ਮੀਰ ਆਫ 370' ਦੀ ਲੇਖਕਾ ਤੇ ਦਲੇਰ ਪੱਤਰਕਾਰ ਹੈ ਜੋ ਕਸ਼ਮੀਰ ਵਿਚ ਫ਼ੌਜੀ ਰਾਜ ਵਿਰੁੱਧ ਡਟੀ ਹੋਈ ਹੈ। ਅਜੇ ਕੁਝ ਦਿਨ ਪਹਿਲਾਂ ਹੀ ਅਮਰੀਕੀ ਸਰਕਾਰ ਦੀ ਸਰਪ੍ਰਸਤੀ ਵਾਲੇ ਥਿੰਕ ਟੈਂਕ 'ਫਰੀਡਮ ਹਾਊਸ' ਨੇ ਆਪਣੀ ਰਿਪੋਰਟ 'ਫਰੀਡਮ ਇਨ ਦਿ ਵਰਲਡ-2023' ਵਿਚ ਭਾਰਤ ਨੂੰ ਸੌ ਵਿਚੋਂ 66 ਅੰਕ ਦਿੱਤੇ ਸਨ ਅਤੇ 'ਅੰਸ਼ਕ ਰੂਪ 'ਚ ਸੁਤੰਤਰ ਮੁਲਕ' ਦਾ ਦਰਜਾ ਦਿੱਤਾ ਸੀ। ਇਸ ਸੱਚ ਨੂੰ 'ਝੂਠਾ ਪ੍ਰਚਾਰ' ਕਹਿ ਕੇ ਰੱਦ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਭਗਵੇਂ ਬੁਲਾਰੇ ਮੋਦੀ ਦਾ ਅਕਸ ਬਚਾਉਣ 'ਚ ਅਸਮਰੱਥ ਮਹਿਸੂਸ ਕਰ ਰਹੇ ਹਨ। ਅਸੀਂ ਆਪਣੇ ਪਾਠਕਾਂ ਲਈ ਇਸ ਅਹਿਮ ਲੇਖ ਦਾ ਅਨੁਵਾਦ ਛਾਪ ਰਹੇ ਹਾਂ ਜੋ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਉਚੇਚੇ ਤੌਰ 'ਤੇ ਕੀਤਾ ਹੈ।***

19 ਅਕਤੂਬਰ 2020 ਦੀ ਸ਼ਾਮ ਨੂੰ ਜਦੋਂ ਕਸ਼ਮੀਰ ਟਾਈਮਜ਼ ਦੇ ਰਿਪੋਰਟਰ ਅਤੇ ਫੋਟੋਗ੍ਰਾਫਰ ਆਪਣੇ ਜ਼ਿੰਮੇ ਲੱਗੇ ਕੰਮ ਨੂੰ ਪੂਰਾ ਕਰਨ ਦੀ ਕਾਹਲ 'ਚ ਸਨ, ਉਸੇ ਸਮੇਂ ਸਰਕਾਰੀ ਅਧਿਕਾਰੀ ਅਤੇ ਪੁਲਿਸ ਸ੍ਰੀਨਗਰ ਸ਼ਹਿਰ ਵਿਚ ਅਖ਼ਬਾਰ ਦੇ ਦਫ਼ਤਰ ਵਿਚ ਘੁਸ ਗਏ, ਸਟਾਫ਼ ਨੂੰ ਉੱਥੋਂ ਬਾਹਰ ਕੱਢ ਦਿੱਤਾ ਅਤੇ ਦਰਵਾਜ਼ੇ ਨੂੰ ਜੰਦਰਾ ਲਗਾ ਦਿੱਤਾ ਜੋ ਹੁਣ ਤੱਕ ਲੱਗਿਆ ਹੋਇਆ ਹੈ।

ਇਹ ਛਾਪਾ ਮੈਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ 'ਤੇ ਸਵਾਲ ਚੁੱਕਣ ਦੀ ਹਿੰਮਤ ਕਰਨ ਦੀ ਸਜ਼ਾ ਸੀ। ਇਹ ਅਖ਼ਬਾਰ ਜਿਸ ਦੀ ਮੈਂ ਕਾਰਜਕਾਰੀ ਸੰਪਾਦਕ ਹਾਂ, ਜੰਮੂ ਕਸ਼ਮੀਰ ਵਿਚ ਕਈ ਦਹਾਕਿਆਂ ਤੋਂ ਯੁੱਧ ਅਤੇ ਫ਼ੌਜੀ ਕਬਜ਼ੇ ਦਾ ਸਾਹਮਣਾ ਕਰਦੇ ਹੋਏ ਸੁਤੰਤਰ ਆਵਾਜ਼ ਚਲਿਆ ਆ ਰਿਹਾ ਹੈ ਜਦੋਂ ਇਹ 1954 'ਚ ਮੇਰੇ ਪਿਤਾ ਵੱਲੋਂ ਇਸ ਦੀ ਸਥਾਪਨਾ ਕੀਤੀ ਗਈ ਸੀ ਪਰ ਇਹ ਸ਼ਾਇਦ ਮੋਦੀ ਦੇ ਹਮਲੇ 'ਚ ਜ਼ਿੰਦਾ ਨਾ ਰਹਿ ਸਕੇ।



**ਅਨੁਰਾਧਾ ਭਸੀਨ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਉਸ ਦੀਆਂ ਮੀਡੀਆ ਨੂੰ ਕੁਚਲਣ ਦੀਆਂ ਨੀਤੀਆਂ ਕਸ਼ਮੀਰੀ ਪੱਤਰਕਾਰੀ ਨੂੰ ਤਬਾਹ ਕਰ ਰਹੀਆਂ ਹਨ, ਮੀਡੀਆ ਸੰਸਥਾਵਾਂ ਦੀ ਬਾਂਹ ਮਰੋੜ ਕੇ ਉਨ੍ਹਾਂ ਨੂੰ ਸਰਕਾਰੀ ਬੁਲਾਰੇ ਬਣਨ ਲਈ ਮਜਬੂਰ ਕਰ ਰਹੀਆਂ ਹਨ ਅਤੇ ਸਾਡੇ ਲੱਗਭੱਗ 1 ਕਰੋੜ 30 ਲੱਖ ਲੋਕਾਂ ਵਾਲੇ ਖੇਤਰ ਵਿਚ ਸੂਚਨਾ ਦਾ ਖ਼ਲਾਅ ਪੈਦਾ ਕਰ ਰਹੀਆਂ ਹਨ।

ਹੁਣ ਮੋਦੀ ਵੱਲੋਂ ਅਜਿਹੇ ਕਦਮ ਚੁੱਕੇ ਜਾ ਰਹੇ ਹਨ ਜੋ ਪ੍ਰੇਸ਼ਾਨ ਕਰਨ ਵਾਲੇ ਇਸ ਮਾਡਲ ਨੂੰ ਰਾਸ਼ਟਰੀ ਪੱਧਰ 'ਤੇ ਦੁਹਰਾ ਸਕਦੇ ਹਨ। ਭਾਰਤੀ ਮੁਸਲਮਾਨਾਂ ਵਿਰੁੱਧ ਅਸਹਿਣਸ਼ੀਲਤਾ ਅਤੇ ਹਿੰਸਾ ਨੂੰ ਆਮ ਬਣਾਉਣ ਵਾਲੀ ਉਸ ਦੀ ਹਿੰਦੂ-ਹੰਕਾਰਵਾਦੀ ਮੁਹਿੰਮ ਨੇ ਪਹਿਲਾਂ ਹੀ ਭਾਰਤ ਦੀ ਪ੍ਰੈੱਸ ਉੱਪਰ ਸਖ਼ਤ ਦਬਾਅ ਬਣਾ ਦਿੱਤਾ ਹੈ ਜੋ ਇਕ ਸਮੇਂ ਕਿਸੇ ਦਾ ਦਬਾਅ ਨਹੀਂ ਸੀ ਮੰਨਦੀ। ਪੱਤਰਕਾਰਾਂ ਉੱਪਰ ਨਜ਼ਰ ਰੱਖੀ ਜਾ ਰਹੀ ਹੈ, ਉਨ੍ਹਾਂ ਨੂੰ ਜੇਲ੍ਹਾਂ ਵਿਚ ਡੱਕਿਆ ਗਿਆ ਹੈ ਅਤੇ ਸਰਕਾਰ ਆਪਣੇ ਹੱਕ 'ਚ ਰਿਪੋਰਟਿੰਗ ਯਕੀਨੀ ਬਣਾਉਣ ਲਈ ਮੀਡੀਆ ਸੰਸਥਾਵਾਂ ਨੂੰ ਝੁਕਾਉਣ ਲਈ ਤਾਕਤ ਅਤੇ ਹਿੰਸਾ ਦਾ ਸਹਾਰਾ ਲੈ ਰਹੀ ਹੈ। ਦਰਅਸਲ, ਜਨਵਰੀ ਮਹੀਨੇ ਡਿਜੀਟਲ ਮੀਡੀਆ ਲਈ ਦਿਸ਼ਾ-ਨਿਰਦੇਸ਼ਾਂ 'ਚ ਸੋਧਾਂ ਦਾ ਖਰੜਾ ਪੇਸ਼ ਕੀਤਾ ਗਿਆ ਸੀ ਜੋ ਸਰਕਾਰ ਨੂੰ ਕਿਸੇ ਵੀ ਅਜਿਹੀ ਸਮੱਗਰੀ ਨੂੰ ਰੋਕਣ ਦਾ ਅਧਿਕਾਰ ਦੇ ਦੇਵੇਗਾ ਜੋ ਉਸ ਨੂੰ ਪਸੰਦ ਨਹੀਂ।

ਦੂਜੇ ਸ਼ਬਦਾਂ 'ਚ, ਇਹ ਹੋ ਸਕਦਾ ਹੈ ਕਿ ਬਾਕੀ ਭਾਰਤ ਵੀ ਉਸੇ ਤਰ੍ਹਾਂ ਦਾ ਨਜ਼ਰ ਆਉਣਾ ਸ਼ੁਰੂ ਹੋ ਜਾਵੇ ਜੋ ਹਾਲਾਤ ਕਸ਼ਮੀਰ ਦੇ ਹਨ।

2019 'ਚ ਮਿਸਟਰ ਮੋਦੀ ਦੀ ਸਰਕਾਰ ਨੇ ਰਾਜ ਦੇ ਲੋਕਾਂ ਦੀ ਰਾਇ ਲਏ ਬਿਨਾ ਹੀ ਅਚਾਨਕ ਕਸ਼ਮੀਰ ਦਾ ਖ਼ੁਦਮੁਖ਼ਤਾਰੀ ਦਾ ਦਰਜਾ ਰੱਦ ਕਰ ਦਿੱਤਾ ਸੀ, ਆਪਣਾ ਫ਼ੈਸਲਾ ਥੋਪਣ ਲਈ ਹਜ਼ਾਰਾਂ ਹੋਰ ਫ਼ੌਜੀ ਦਸਤੇ ਭੇਜ ਦਿੱਤੇ ਸਨ ਅਤੇ ਇੰਟਰਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ ਸਨ। ਸਰਕਾਰ ਵੱਲੋਂ ਥੋਪਿਆ ਇਹ ਬੰਦ ਲੱਗਭੱਗ ਛੇ ਮਹੀਨੇ ਤੱਕ ਜਾਰੀ ਰਿਹਾ, ਸੈਂਕੜੇ ਪੱਤਰਕਾਰਾਂ ਨੂੰ ਸਰਕਾਰ ਵੱਲੋਂ ਤੈਅ ਕੀਤੀ ਇੱਕੋ-ਇਕ ਸਾਈਟ ਰਾਹੀਂ ਆਪਣੀਆਂ ਖ਼ਬਰਾਂ ਭੇਜਣ ਲਈ ਘੰਟਿਆਂਬੱਧੀ ਲਾਈਨ ਵਿਚ ਲੱਗੇ ਰਹਿਣ ਲਈ ਮਜਬੂਰ ਕਰ ਦਿੱਤਾ ਗਿਆ। ਹਰ ਪੱਤਰਕਾਰ ਨੂੰ ਆਪਣੀਆਂ ਖ਼ਬਰਾਂ ਭੇਜਣ ਲਈ ਸਿਰਫ਼ 15 ਮਿੰਟ ਦਿੱਤੇ ਗਏ ਸਨ। ਉਦੋਂ ਤੋਂ ਹੀ ਇੰਟਰਨੈੱਟ ਦੀ ਸਪੀਡ ਬਹੁਤ ਹੀ ਧੀਮੀ ਚਲੀ ਆ ਰਹੀ ਹੈ




ਜਿਸ ਨਾਲ ਕੰਮ ਕਰਨ 'ਚ ਬਹੁਤ ਮੁਸ਼ਕਿਲ ਆਉਂਦੀ ਹੈ।

ਅਗਲੇ ਸਾਲ ਨਵੇਂ ਨਿਯਮ ਲਾਗੂ ਕਰ ਗਏ ਜਦੋਂ ਸਰਕਾਰੀ ਅਧਿਕਾਰੀਆਂ ਨੂੰ ਕਸ਼ਮੀਰ ਵਿਚ ਮੀਡੀਆ ਸਮੱਗਰੀ ਉੱਪਰ 'ਜਾਅਲੀ ਖ਼ਬਰਾਂ, ਸਾਹਿਤਕ ਚੋਰੀ ਅਤੇ ਅਨੈਤਿਕ ਜਾਂ ਰਾਸ਼ਟਰ ਵਿਰੋਧੀ' ਦਾ ਠੱਪਾ ਲਾਉਣ ਅਤੇ ਪੱਤਰਕਾਰਾਂ ਅਤੇ ਪ੍ਰਕਾਸ਼ਨਾਵਾਂ ਨੂੰ ਸਜ਼ਾ ਦੇਣ ਦਾ ਅਧਿਕਾਰ ਦਿੰਦੇ ਸਨ। ਵਿਡੰਬਨਾ ਦੇਖੋ, ਇਨ੍ਹਾਂ ਨਿਯਮਾਂ ਦਾ ਟੀਚਾ 'ਪੱਤਰਕਾਰੀ ਦੇ ਉੱਚੇ ਮਿਆਰ ਨੂੰ ਉਤਸ਼ਾਹਤ ਕਰਨਾ' ਦੱਸਿਆ ਗਿਆ ਸੀ।

ਪੱਤਰਕਾਰਾਂ ਨੂੰ ਬਾਕਾਇਦਗੀ ਨਾਲ ਪੁਲਿਸ ਦੁਆਰਾ ਪੁੱਛਗਿੱਛ ਲਈ ਬੁਲਾਇਆ ਜਾਂਦਾ ਹੈ, ਪੁੱਛਗਿੱਛ ਕੀਤੀ ਜਾਂਦੀ ਹੈ ਅਤੇ ਆਮਦਨ ਕਰ ਦੀ ਉਲੰਘਣਾ ਜਾਂ ਅਤਿਵਾਦ ਜਾਂ ਵੱਖਵਾਦ ਵਰਗੇ ਦੋਸ਼ਾਂ ਤਹਿਤ ਪਰਚੇ ਦਰਜ ਕਰਨ ਦੀ ਧਮਕੀ ਦਿੱਤੀ ਜਾਂਦੀ ਹੈ। ਕਈ ਪ੍ਰਮੁੱਖ ਪੱਤਰਕਾਰਾਂ ਨੂੰ ਹਿਰਾਸਤ 'ਚ ਲੈ ਕੇ ਨਜ਼ਰਬੰਦ ਕਰ ਲਿਆ ਗਿਆ ਹੈ ਜਾਂ ਕੈਦ ਦੀ ਸਜ਼ਾ ਦੇ ਕੇ ਜੇਲ੍ਹ ਭੇਜਿਆ ਗਿਆ ਹੈ।

ਅਸੀਂ ਡਰ ਦੇ ਸਾਏ ਹੇਠ ਕੰਮ ਕਰ ਰਹੇ ਹਾਂ। 2021 ਦੇ ਅਖ਼ੀਰ 'ਚ ਮੈਂ ਇਕ ਨੌਜਵਾਨ ਪੱਤਰਕਾਰ ਸੱਜਾਦ ਗੁਲ ਨਾਲ ਗੱਲ ਕੀਤੀ ਜਿਸ ਨੂੰ ਉਸ ਦੀ ਰਿਪੋਰਟਿੰਗ ਕਾਰਨ ਪਰੇਸ਼ਾਨ ਕੀਤਾ ਜਾ ਰਿਹਾ ਸੀ। ਉਸ ਨੇ ਦੱਸਿਆ ਕਿ ਉਹ ਗ੍ਰਿਫ਼ਤਾਰੀ ਦੇ ਡਰੋਂ ਹਰ ਰਾਤ ਪੂਰੀ ਤਰ੍ਹਾਂ ਕੱਪੜੇ ਪਾ ਕੇ ਸੌਂਦਾ ਹੈ ਅਤੇ ਆਪਣੀ ਜੁੱਤੀ ਬਿਸਤਰੇ ਦੇ ਕੋਲ ਹੀ ਰੱਖਦਾ ਹੈ ਤਾਂ ਕਿ ਜੇ ਉਸ ਨੂੰ ਅਚਾਨਕ ਭੱਜਣਾ ਪਿਆ ਤਾਂ ਉੱਥੋਂ ਤੁਰੰਤ ਨਿਕਲ ਸਕੇ। ਕਸ਼ਮੀਰ ਵਿਚ ਇਹ ਅਸਾਧਾਰਨ ਗੱਲ ਹੈ ਜਿੱਥੇ ਘਰ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਜੁੱਤੀਆਂ ਨੂੰ ਬਾਹਰ ਹੀ ਲਾਹੁਣ ਦੀ ਪਰੰਪਰਾ ਹੈ। ਉਸ ਨੂੰ ਪਿਛਲੇ ਸਾਲ ਜਨਵਰੀ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਹ ਹੁਣ ਵੀ ਹਿਰਾਸਤ 'ਚ ਹੈ। ਬਹੁਤ ਸਾਰੇ ਪੱਤਰਕਾਰ ਆਪਣੇ ਉੱਪਰ ਸਵੈ-ਸੈਂਸਰ ਲਗਾ ਕੇ ਰੱਖਦੇ ਹਨ ਜਾਂ ਬਸ ਇਹ ਕਿੱਤਾ ਹੀ ਛੱਡ ਦਿੰਦੇ ਹਨ। ਗ੍ਰਿਫ਼ਤਾਰੀ ਦੇ ਡਰੋਂ ਕੁਝ ਵਿਦੇਸ਼ ਭੱਜ ਗਏ ਹਨ। ਭਾਰਤ ਸਰਕਾਰ ਨੇ ਘੱਟੋ-ਘੱਟ 20 ਹੋਰ ਪੱਤਰਕਾਰਾਂ ਦੇ ਵਿਦੇਸ਼ ਜਾਣ ਉੱਪਰ ਰੋਕ ਲਗਾਈ ਹੋਈ ਹੈ ਜਿਸ ਦਾ ਮਤਲਬ ਇਹ ਹੈ ਕਿ ਉਹ ਜਹਾਜ਼ ਫੜ ਕੇ ਦੇਸ਼ ਤੋਂ ਬਾਹਰ ਨਹੀਂ ਜਾ ਸਕਦੇ।

ਕਸ਼ਮੀਰ ਵਿਚ ਪੱਤਰਕਾਰੀ ਹਮੇਸ਼ਾ ਹੀ ਜਾਨ ਜ਼ੋਖ਼ਮ 'ਚ ਪਾਉਣ ਵਾਲਾ ਕੰਮ ਰਹੀ ਹੈ। ਭਾਰਤ ਅਤੇ ਪਾਕਿਸਤਾਨ ਦੋਵੇਂ ਹੀ ਇਸ ਪਹਾੜੀ ਖੇਤਰ ਉੱਪਰ ਦਾਅਵਾ ਕਰਦੇ ਹਨ ਜੋ ਦਹਾਕਿਆਂ ਤੋਂ ਯੁੱਧ ਅਤੇ ਵੱਖਵਾਦੀ ਬਗ਼ਾਵਤ 'ਚ ਗ੍ਰਸਤ ਹੈ। ਪੱਤਰਕਾਰ ਦੋ ਪੁੜਾਂ ਵਿਚਾਲੇ ਪਿਸ ਰਹੇ ਹਨ; ਇਕ ਪਾਸੇ ਉਨ੍ਹਾਂ ਨੂੰ ਭਾਰਤੀ ਫ਼ੌਜ/ਨੀਮ-ਫ਼ੌਜੀ ਤਾਕਤਾਂ ਵੱਲੋਂ ਡਰਾਇਆ ਧਮਕਾਇਆ ਜਾ ਰਿਹਾ ਹੈ, ਦੂਜੇ ਪਾਸੇ ਖਾੜਕੂਆਂ ਵੱਲੋਂ। ਦੋਵੇਂ ਹੀ ਇਸ ਨੂੰ ਆਪਣੇ ਕੰਟਰੋਲ 'ਚ ਕਰਨਾ ਚਾਹੁੰਦੇ ਹਨ ਕਿ ਸਟੋਰੀ ਕਿਵੇਂ ਪੇਸ਼ ਕੀਤੀਆਂ ਜਾਣ। 1990 ਤੋਂ 2018 ਦਰਮਿਆਨ ਕਸ਼ਮੀਰ ਵਿਚ ਘੱਟੋ-ਘੱਟ 19 ਪੱਤਰਕਾਰ ਮਾਰੇ ਗਏ।

ਫਿਰ ਵੀ ਕਸ਼ਮੀਰ ਵਿਚ ਪੱਤਰਕਾਰੀ ਵਧੀ-ਫੁੱਲੀ। ਅਖ਼ਬਾਰਾਂ ਅਤੇ ਨਿਊਜ਼ ਵੈੱਬਸਾਈਟਾਂ ਦਾ ਵਧਾਰਾ-ਪਸਾਰਾ ਹੋਇਆ, ਤੇ ਪ੍ਰਤਿਭਾਸ਼ਾਲੀ ਨੌਜਵਾਨ ਖੋਜੀ ਪੱਤਰਕਾਰਾਂ ਦੀ ਨਵੀਂ ਪੀੜ੍ਹੀ ਨੇ ਜਨ-ਹਿਤ 'ਚ ਬਖ਼ੂਬੀ ਖੋਜ ਭਰਪੂਰ ਰਿਪੋਰਟਿੰਗ ਨਾਲ ਕਸ਼ਮੀਰ ਦੇ ਮਸਲਿਆਂ ਬਾਰੇ ਰਚਨਾਤਮਕ ਦ੍ਰਿਸ਼ਟੀ ਪੇਸ਼ ਕੀਤੀ ਜੋ ਅਕਸਰ ਸਰਕਾਰ ਨੂੰ ਦਲੇਰੀ ਨਾਲ ਘੇਰਦੀ ਹੈ।

ਇਹ ਸਭ ਮੋਦੀ ਦੀ ਸਰਕਾਰ ਦੇ ਅਧੀਨ ਲੋਪ ਹੋ ਗਿਆ ਹੈ ਜਿਸ ਦਾ ਇੱਕੋ-ਇਕ ਨਿਸ਼ਾਨਾ ਕਸ਼ਮੀਰ ਵਿਚ ਕਿਸੇ ਵੀ ਐਸੀ ਆਵਾਜ਼ ਨੂੰ ਚੁੱਪ ਕਰਾਉਣਾ ਹੈ ਜੋ ਵੱਖਵਾਦ ਦੀ ਜਾਂ ਸੁਲ੍ਹਾ-ਸਫ਼ਾਈ ਜਾਂ ਗੱਲਬਾਤ ਰਾਹੀਂ ਸਮਝੌਤੇ ਦੀ ਵਕਾਲਤ ਕਰਦੇ ਹਨ। ਕਸ਼ਮੀਰੀ ਅਖ਼ਬਾਰ ਸਰਕਾਰੀ ਇਸ਼ਤਿਹਾਰਬਾਜ਼ੀ ਅਤੇ ਮੀਡੀਆ ਸਬਸਿਡੀਆਂ ਉੱਪਰ ਬਹੁਤ ਜ਼ਿਆਦਾ ਨਿਰਭਰ ਹਨ, ਤੇ ਸਰਕਾਰ ਇਹ ਯਕੀਨੀ ਬਣਾਉਣ ਲਈ ਇਸ ਦਾ ਫ਼ਾਇਦਾ ਉਠਾਉਂਦੀ ਹੈ ਕਿ ਅਖ਼ਬਾਰ ਘਟਨਾਵਾਂ ਦੀ ਸਰਕਾਰੀ ਤੌਰ 'ਤੇ ਪ੍ਰਵਾਨਤ ਕਹਾਣੀ ਹੀ ਪੇਸ਼ ਕਰਨ। ਅੱਜ, ਕਸ਼ਮੀਰ ਦੀਆਂ ਕੁਝ ਕੁ ਨਿਊਜ਼ ਸੰਸਥਾਵਾਂ ਹੀ ਸਰਕਾਰੀ ਨੀਤੀ 'ਤੇ ਸਵਾਲ ਉਠਾਉਣ ਦੀ ਹਿੰਮਤ ਕਰਦੀਆਂ ਹਨ ਅਤੇ ਜ਼ਿਆਦਾਤਰ ਤਾਂ ਬਸ ਆਪਣਾ ਕਾਰੋਬਾਰ ਚੱਲਦਾ ਰੱਖਣ ਲਈ ਘ੍ਰਿਣਤ ਸਰਕਾਰੀ ਧੁਤੂ ਬਣ ਗਏ ਹਨ।

ਮੇਰਾ ਆਪਣਾ ਅਖ਼ਬਾਰ ਮੁਸ਼ਕਿਲ ਨਾਲ ਆਪਣੀ ਹੋਂਦ ਬਚਾ ਰਿਹਾ ਹੈ। 2019 ਵਿਚ ਮੈਂ ਇੰਟਰਨੈੱਟ ਬੰਦ ਕੀਤੇ ਜਾਣ ਨੂੰ ਚੁਣੌਤੀ ਦੇਣ ਲਈ ਮੁਕੱਦਮਾ ਦਾਇਰ ਕੀਤਾ। ਜਵਾਬੀ ਕਾਰਵਾਈ ਵਿਚ ਸਰਕਾਰ ਨੇ ਸਾਡੇ ਸ੍ਰੀਨਗਰ ਦਫ਼ਤਰ ਨੂੰ ਸੀਲ ਕਰ ਦਿੱਤਾ। ਸਾਡੇ ਬਹੁਤ ਸਾਰੇ ਪੱਤਰਕਾਰ ਛੱਡ ਕੇ ਚਲੇ ਗਏ ਹਨ ਅਤੇ ਸਾਡਾ ਕੰਮਕਾਰ ਅਪਾਹਜ ਹੋ ਗਿਆ ਹੈ। ਹੁਣ ਜਦੋਂ ਮੈਂ ਸੁਝਾਅ ਦਿੰਦੀ ਹਾਂ ਕਿ ਅਸੀਂ ਜਨਤਕ ਮੁੱਦਿਆਂ 'ਤੇ ਧੜੱਲੇ ਨਾਲ ਰਿਪੋਰਟ ਕਰੀਏ ਤਾਂ ਮੈਨੂੰ ਆਪਣੇ ਸਟਾਫ਼ ਦੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਬਹੁਤ ਸੰਭਲ ਕੇ ਚੱਲ ਰਿਹਾ ਹੈ ਅਤੇ ਗਿਣਤੀ 'ਚ ਬਹੁਤ ਥੋੜ੍ਹਾ ਰਹਿ ਗਿਆ ਹੈ।

ਕਸ਼ਮੀਰ ਵਿਚ ਸੂਚਨਾ ਦਾ ਖ਼ਲਾਅ ਬਣਿਆ ਹੋਇਆ ਹੈ। ਇਸ ਖੇਤਰ 'ਚ ਜੋ ਹੋ ਰਿਹਾ ਹੈ, ਉਸ ਦੀ ਅਵਾਮ ਨੂੰ ਜਾਂ ਤਾਂ ਬਹੁਤ ਘੱਟ ਜਾਣਕਾਰੀ ਹੈ ਜਾਂ ਗ਼ਲਤ ਜਾਣਕਾਰੀ ਦਿੱਤੀ ਜਾ ਰਹੀ ਹੈ। ਮਹੱਤਵਪੂਰਨ ਖ਼ਬਰਾਂ ਨੂੰ ਦਬਾਇਆ ਜਾਂਦਾ ਹੈ, ਜਾਂ ਸਰਕਾਰੀ ਦੇ ਹਿਤਾਂ ਅਨੁਸਾਰ ਉਨ੍ਹਾਂ ਦੀ ਅਹਿਮੀਅਤ ਘਟਾ ਦਿੱਤੀ ਜਾਂਦੀ ਹੈ ਜਾਂ ਤੋੜ-ਮਰੋੜ ਕੇ ਪੇਸ਼ ਕੀਤੀਆਂ ਜਾਂਦੀਆਂ ਹਨ।

ਜਦੋਂ 2021 'ਚ ਵੱਖਵਾਦੀ ਲਹਿਰ ਦੀ ਸਿਰਮੌਰ ਹਸਤੀ ਸਈਅਦ ਅਲੀ ਸਾਹ ਗਿਲਾਨੀ ਚਲਾਣਾ ਕਰ ਗਏ ਤਾਂ ਕਸ਼ਮੀਰ ਵਿਚ ਖਬਰਾਂ ਨੂੰ ਜਾਂ ਤਾਂ ਬਲੈਕ ਆਊਟ ਕਰ ਦਿੱਤਾ ਗਿਆ ਜਾਂ ਸਿਰਫ ਸੰਖੇਪ ਜਿਹਾ ਹੀ ਜ਼ਿਕਰ ਕੀਤਾ ਗਿਆ। ਪਿਛਲੇ ਮਹੀਨੇ ਸਰਕਾਰ ਨੇ ਹਜ਼ਾਰਾਂ ਘਰਾਂ ਨੂੰ ਢਾਹੁਣ ਦੀ ਮੁਹਿੰਮ ਸ਼ੁਰੂ ਕੀਤੀ ਜਿਨ੍ਹਾਂ ਬਾਰੇ ਸਰਕਾਰੀ ਅਧਿਕਾਰੀਆਂ ਨੇ ਕਿਹਾ ਕਿ ਇਹ ਸਰਕਾਰੀ ਜ਼ਮੀਨ ਉੱਪਰ ਗ਼ੈਰ-ਕਾਨੂੰਨੀ ਤੌਰ 'ਤੇ ਬਣਾਏ ਗਏ ਹਨ। ਕਸ਼ਮੀਰ ਦੀ ਇਕ ਪ੍ਰਮੁੱਖ ਅਖ਼ਬਾਰੀ ਸੰਸਥਾ ਨੇ ਇਸ ਨੂੰ 'ਜ਼ਮੀਨਾਂ 'ਤੇ ਕਬਜ਼ੇ ਕਰਨ ਵਾਲੇ ਬਾਰਸੂਖ਼ ਬੇਨਾਮੀ' ਲੋਕਾਂ ਖ਼ਿਲਾਫ਼ ਦਲੇਰ ਹਮਲੇ ਵਜੋਂ ਪੇਸ਼ ਕੀਤਾ। ਉਨ੍ਹਾਂ ਗ਼ਰੀਬ ਕਸ਼ਮੀਰੀਆਂ ਬਾਰੇ ਇਕ ਸ਼ਬਦ ਤੱਕ ਨਹੀਂ ਬੋਲਿਆ ਗਿਆ ਜੋ ਅਚਾਨਕ ਬੇਘਰੇ ਬਣਾ ਦਿੱਤੇ ਗਏ ਜਾਂ ਨਾ ਉਨ੍ਹਾਂ ਬਾਸ਼ਿੰਦਿਆਂ ਬਾਰੇ ਜੋ ਦਾਅਵਾ ਕਰਦੇ ਹਨ ਕਿ ਉਨ੍ਹਾਂ ਕੋਲ ਆਪਣੀ ਮਾਲਕੀ ਨੂੰ ਸਾਬਤ ਕਰਨ ਲਈ ਜਾਇਜ਼ ਦਸਤਾਵੇਜ਼ ਹਨ।

ਬੇਖ਼ਬਰ ਅਵਾਮ ਅਤੇ ਜਾਂਚ ਤੇ ਜਵਾਬਦੇਹੀ ਤੋਂ ਮੁਕਤ ਸਰਕਾਰ ਲੋਕਤੰਤਰ ਲਈ ਖ਼ਤਰਾ ਹਨ ਪਰ ਮੋਦੀ ਦਾ ਇਰਾਦਾ ਇਸ ਨੂੰ ਪੂਰੇ ਭਾਰਤ ਵਿਚ ਦੁਹਰਾਉਣ ਦਾ ਹੈ। ਇਸ ਸਾਲ ਜਨਵਰੀ ਮਹੀਨੇ ਡਿਜੀਟਲ ਮੀਡੀਆ ਲਈ ਰਾਸ਼ਟਰੀ ਦਿਸ਼ਾ-ਨਿਰਦੇਸ਼ਾਂ ਜੋ ਪ੍ਰਸਤਾਵਿਤ ਸੋਧਾਂ ਪੇਸ਼ ਕੀਤੀਆਂ ਗਈਆਂ, ਉਹ ਉਨ੍ਹਾਂ ਦਿਸ਼ਾ-ਨਿਰਦੇਸ਼ਾਂ ਨਾਲ ਉੱਘੜਵੇਂ ਰੂਪ 'ਚ ਮਿਲਦੀਆਂ-ਜੁਲਦੀਆਂ ਹਨ ਜੋ ਕਸ਼ਮੀਰ ਉੱਪਰ ਥੋਪੀਆਂ ਗਈਆਂ ਹਨ ਜੋ ਸਰਕਾਰ ਵੱਲੋਂ ਥਾਪੇ ਤੱਥਾਂ ਦੇ ਜਾਂਚ ਕਰਤਾਵਾਂ ਨੂੰ ਔਨਲਾਈਨ ਸਮੱਗਰੀ ਉੱਪਰ 'ਜਾਅਲੀ ਜਾਂ ਝੂਠੀ' ਹੋਣ ਦਾ ਠੱਪਾ ਲਗਾਉਣ ਦਾ ਅਧਿਕਾਰ ਦਿੰਦੇ ਹਨ। ਇਨ੍ਹਾਂ ਤਬਦੀਲੀਆਂ ਦਾ ਐਲਾਨ ਕੀਤੇ ਜਾਣ ਤੋਂ ਕੁਝ ਦਿਨ ਬਾਅਦ ਹੀ ਸਰਕਾਰ ਨੇ ਔਨਲਾਈਨ ਪਲੇਟਫਾਰਮਾਂ ਨੂੰ ਪ੍ਰਧਾਨ ਮੰਤਰੀ ਦੀ ਆਲੋਚਨਾ ਕਰਨ ਵਾਲੀ ਬੀ.ਬੀ.ਸੀ. ਦਸਤਾਵੇਜ਼ੀ 'ਇੰਡੀਆ: ਦਿ ਮੋਦੀ ਕੁਐਸਚਨ' ਦੇ ਲਿੰਕ ਬਲੌਕ ਕਰਨ ਦਾ ਆਦੇਸ਼ ਦੇ ਦਿੱਤਾ। ਫਿਰ ਭਾਰਤ ਦੇ ਟੈਕਸ ਵਿਭਾਗ ਦੇ ਅਧਿਕਾਰੀਆਂ ਨੇ ਭਾਰਤ ਵਿਚ ਬ੍ਰਿਟਿਸ਼ ਬ੍ਰੌਡਕਾਸਟਰ (ਬੀ.ਬੀ.ਸੀ.) ਦੇ ਦਫ਼ਤਰਾਂ ਉੱਪਰ ਛਾਪੇ ਮਾਰੇ। ਮੀਡੀਆ ਵਿਚ ਆਲੋਚਨਾਤਮਕ ਆਵਾਜ਼ਾਂ ਦਬਾਉਣ ਲਈ ਅਜਿਹੇ ਛਾਪਿਆਂ ਦੀ ਵਰਤੋਂ ਵਾਰ-ਵਾਰ ਕੀਤੀ ਜਾਂਦੀ ਹੈ। 2014 'ਚ ਸੱਤਾ ਸੰਭਾਲਣ ਤੋਂ ਬਾਅਦ ਮੋਦੀ ਨੇ ਯੋਜਨਾਬੱਧ ਤਰੀਕੇ ਨਾਲ ਭਾਰਤ ਦੇ ਜਮਹੂਰੀ ਆਦਰਸ਼ਾਂ, ਅਦਾਲਤੀ ਪ੍ਰਣਾਲੀ ਅਤੇ ਹੋਰ ਸਰਕਾਰੀ ਤੰਤਰ ਨੂੰ ਬੇਹੱਦ ਢਾਹ ਲਾਈ ਹੈ।

ਮੀਡੀਆ ਉਨ੍ਹਾਂ ਆਖ਼ਰੀ ਬਾਕੀ ਸੰਸਥਾਵਾਂ ਵਿਚੋਂ ਇਕ ਹੈ ਜੋ ਭਾਰਤ ਦੇ ਮੂਲ ਨੂੰ ਤਾਨਾਸ਼ਾਹੀ ਵਿਚ ਬਦਲਣ ਤੋਂ ਰੋਕਣ ਦੇ ਸਮਰੱਥ ਹਨ ਪਰ ਜੇ ਮੋਦੀ ਸੂਚਨਾ ਨੂੰ ਕੰਟਰੋਲ ਕਰਨ ਦੇ ਕਸ਼ਮੀਰ ਮਾਡਲ ਨੂੰ ਮੁਲਕ ਦੇ ਬਾਕੀ ਹਿੱਸਿਆਂ ਵਿਚ ਸ਼ੁਰੂ ਕਰਨ ਵਿਚ ਸਫ਼ਲ ਹੋ ਜਾਂਦਾ ਹੈ ਤਾਂ ਇਹ ਸਿਰਫ਼ ਪ੍ਰੈੱਸ ਦੀ ਆਜ਼ਾਦੀ ਲਈ ਹੀ ਨਹੀਂ ਸਗੋਂ ਖ਼ੁਦ ਭਾਰਤ ਦੇ ਲੋਕਤੰਤਰ ਲਈ ਖ਼ਤਰਾ ਖੜ੍ਹਾ ਹੋ ਜਾਵੇਗਾ।

***ਬੇਖ਼ਬਰ ਅਵਾਮ ਅਤੇ ਜਾਂਚ ਤੇ ਜਵਾਬਦੇਹੀ ਤੋਂ ਮੁਕਤ ਸਰਕਾਰ ਲੋਕਤੰਤਰ ਲਈ ਖ਼ਤਰਾ ਹਨ ਪਰ ਮੋਦੀ ਦਾ ਇਰਾਦਾ ਇਸ ਨੂੰ ਪੂਰੇ ਭਾਰਤ ਵਿਚ ਦੁਹਰਾਉਣ ਦਾ ਹੈ। ਇਸ ਸਾਲ ਜਨਵਰੀ ਮਹੀਨੇ ਡਿਜੀਟਲ ਮੀਡੀਆ ਲਈ ਰਾਸ਼ਟਰੀ ਦਿਸ਼ਾ-ਨਿਰਦੇਸ਼ਾਂ ਜੋ ਪ੍ਰਸਤਾਵਿਤ ਸੋਧਾਂ ਪੇਸ਼ ਕੀਤੀਆਂ ਗਈਆਂ, ਉਹ ਉਨ੍ਹਾਂ ਦਿਸ਼ਾ-ਨਿਰਦੇਸ਼ਾਂ ਨਾਲ ਉੱਘੜਵੇਂ ਰੂਪ 'ਚ ਮਿਲਦੀਆਂ-ਜੁਲਦੀਆਂ ਹਨ ਜੋ ਕਸ਼ਮੀਰ ਉੱਪਰ ਥੋਪੀਆਂ ਗਈਆਂ ਹਨ ਜੋ ਸਰਕਾਰ ਵੱਲੋਂ ਥਾਪੇ ਤੱਥਾਂ ਦੇ ਜਾਂਚ ਕਰਤਾਵਾਂ ਨੂੰ ਔਨਲਾਈਨ ਸਮੱਗਰੀ ਉੱਪਰ 'ਜਾਅਲੀ ਜਾਂ ਝੂਠੀ' ਹੋਣ ਦਾ ਠੱਪਾ ਲਗਾਉਣ ਦਾ ਅਧਿਕਾਰ ਦਿੰਦੇ ਹਨ। ਇਨ੍ਹਾਂ ਤਬਦੀਲੀਆਂ ਦਾ ਐਲਾਨ ਕੀਤੇ ਜਾਣ ਤੋਂ ਕੁਝ ਦਿਨ ਬਾਅਦ ਹੀ ਸਰਕਾਰ ਨੇ ਔਨਲਾਈਨ ਪਲੇਟਫਾਰਮਾਂ ਨੂੰ ਪ੍ਰਧਾਨ ਮੰਤਰੀ ਦੀ ਆਲੋਚਨਾ ਕਰਨ ਵਾਲੀ ਬੀ.ਬੀ.ਸੀ. ਦਸਤਾਵੇਜ਼ੀ 'ਇੰਡੀਆ: ਦਿ ਮੋਦੀ ਕੁਐਸਚਨ' ਦੇ ਲਿੰਕ ਬਲੌਕ ਕਰਨ ਦਾ ਆਦੇਸ਼ ਦੇ ਦਿੱਤਾ। ਫਰ ਭਾਰਤ ਦੇ ਟੈਕਸ ਵਿਭਾਗ ਦੇ ਅਧਿਕਾਰੀਆਂ ਨੇ ਭਾਰਤ ਵਿਚ ਬ੍ਰਿਟਿਸ਼ ਬ੍ਰੌਡਕਾਸਟਰ (ਬੀ.ਬੀ.ਸੀ.) ਦੇ ਦਫ਼ਤਰਾਂ ਉੱਪਰ ਛਾਪੇ ਮਾਰੇ।***

# ਫਿਲਮ 'ਨੋ ਆਰਡੀਨਰੀ ਕੈਂਪੇਨ' ਨੇ ਜਿੱਤਿਆ 'ਬੈਸਟ ਔਡੀਐਂਸ ਐਵਾਰਡ'

**ਸੁਰਿੰਦਰ ਸਿੰਘ ਭਾਟੀਆ**
**ਫੋਨ: 224-829-1437**

ਫਿਲਮ 'ਨੋ ਆਰਡੀਨਰੀ ਕੈਂਪੇਨ' ਹਰਟਲੈਂਡ ਇੰਟਰਨੈਸ਼ਨਲ ਫਿਲਮ ਫੈਸਟੀਵਲ, ਸ਼ਾਂਤਾ ਬਾਰਬਰਾ, ਕਲਵਰ ਸਿਟੀ ਫਿਲਮ ਮੇਲੇ ਸਮੇਤ ਕਈ ਫਿਲਮ ਮੇਲਿਆਂ ਵਿਚ ਸ਼ਾਮਿਲ ਰਹੀ ਤੇ ਇਹ ਵਾਈ. ਈ. ਐਚ. ਅੰਤਰਰਾਸ਼ਟਰੀ ਮੇਲੇ ਦੀ ਜੇਤੂ ਫਿਲਮ ਹੈ। ਸ਼ਿਕਾਗੋ ਵਿਚ ਇਸ ਫਿਲਮ ਦਾ ਸ਼ੋਅ ਹੋਇਆ, ਜਿੱਥੇ ਫਿਲਮ ਨੇ ਅੰਤਰਰਾਸ਼ਟਰੀ ਪੱਧਰ 'ਤੇ 'ਬੈਸਟ ਔਡੀਐਂਸ ਐਵਾਰਡ' ਜਿੱਤਿਆ। 'ਨੋ ਆਰਡੀਨਰੀ ਕੈਂਪੇਨ' ਇਕ ਮਾਰਮਿਕ, ਦਿਲ ਨੂੰ ਛੂਹ ਲੈਣ ਵਾਲੀ ਤੇ ਪ੍ਰੇਰਣਾਦਾਇਕ ਫਿਲਮ ਹੈ। ਇਹ ਫਿਲਮ ਸੱਚੀ ਘਟਨਾ 'ਤੇ ਆਧਾਰਿਤ ਹੈ। ਇਹ ਫਿਲਮ ਏ.ਐਲ.ਐਸ. ਨਾਂ ਦੀ ਨਾਮੁਰਾਦ ਬਿਮਾਰੀ ਨਾਲ ਜੂਝ ਰਹੇ ਕਿਰਦਾਰਾਂ ਦੀ ਕਹਾਣੀ ਹੈ।

'ਨੋ ਆਰਡੀਨਰੀ ਕੈਂਪੇਨ' ਫਿਲਮ ਐਕਟੀਵਿਸਟ ਬ੍ਰਾਇਨ ਵਾਲੈਚ ਬਾਰੇ ਹੈ, ਜੋ ਕਾਨੂੰਨ ਅਤੇ ਰਾਜਨੀਤੀ ਵਿਚ ਉੱਭਰਦਾ ਸਿਤਾਰਾ ਹੈ। ਬ੍ਰਾਇਨ ਵਾਲੈਚ ਸ਼ਿਕਾਗੋ ਵਿਚ ਵਕੀਲ ਤੇ ਅਥਲੀਟ ਹੈ। ਉਹ 2008 ਵਿਚ ਬਰਾਕ ਓਬਾਮਾ ਦੀ ਰਾਜਨੀਤਿਕ ਮੁਹਿੰਮ ਦੀ ਰਣਨੀਤੀ ਟੀਮ ਦੇ ਮੋਹਰੀ ਮੈਂਬਰਾਂ ਵਿਚ ਸ਼ਾਮਲ ਸੀ। ਸੈਂਡਰਾ ਵੀ ਉਸੇ ਦਫਤਰ ਵਿਚ ਕੰਮ ਕਰਦੀ ਸੀ ਤੇ ਇਸੇ ਟੀਮ ਦਾ ਹਿੱਸਾ ਸੀ। ਦੋਵੇਂ ਇਕ ਦੂਜੇ ਨੂੰ ਪਸੰਦ ਕਰਦੇ ਹਨ। ਬ੍ਰਾਇਨ ਤੇ ਸੈਂਡਰਾ ਆਪਸ ਵਿਚ ਵਿਆਹ ਕਰਵਾ ਲੈਂਦੇ ਹਨ। ਉਨ੍ਹਾਂ ਦੀ ਜ਼ਿੰਦਗੀ ਹੱਸਦਿਆਂ ਖੇਡਦਿਆਂ ਖੁਸ਼ੀ ਨਾਲ ਬਤੀਤ ਹੋ ਰਹੀ ਹੈ ਪਰ 2017 ਵਿਚ 37 ਸਾਲ ਦੀ ਉਮਰ ਵਿਚ, ਬ੍ਰਾਇਨ ਵਾਲੈਚ ਨੂੰ ਪਤਾ ਲੱਗਦਾ ਹੈ ਕਿ ਉਸ ਨੂੰ ਏ.ਐਲ.ਐਸ (ਜਿਸਨੂੰ ਐਮੀਓਟ੍ਰੋਫਿਕ ਲੈਟਰਲ ਸਕਲੇਰੋਸਿਸ, ਇਕ ਡੀਜਨਰੇਟਿਵ ਬਿਮਾਰੀ ਹੈ ਜੋ ਦਿਮਾਗ ਅਤੇ ਰੀੜ੍ਹ ਦੀ ਹੱਡੀ ਵਿਚ ਨਸਾਂ ਦੇ ਸੈੱਲਾਂ ਨੂੰ ਪ੍ਰਭਾਵਿਤ ਕਰਦੀ ਹੈ) ਬਿਮਾਰੀ ਹੈ। ਉਸੇ ਦਿਨ ਹੀ ਉਹ ਅਤੇ ਉਸਦੀ ਪਤਨੀ ਸੈਂਡਰਾ ਆਪਣੀ ਦੂਜੀ ਧੀ ਦਾ ਜਨਮ ਹੋਣ 'ਤੇ ਉਸ ਨੂੰ ਹਸਪਤਾਲ ਤੋਂ ਘਰ ਲੈ ਕੇ ਆਏ। ਬਹੁਤ ਸਾਰੇ ਏ.ਐਲ.ਐਸ. ਮਰੀਜ਼ਾਂ ਵਾਂਗ, ਵਾਲੈਚ ਨੂੰ ਇਹ ਨਹੀਂ ਪਤਾ ਸੀ ਕਿ ਇਹ ਇਕ ਲਾਇਲਾਜ ਬਿਮਾਰੀ ਹੈ ਤੇ ਇਸ ਨਾਲ ਲੋਕ ਮਹੀਨਿਆਂ ਜਾਂ ਕੁਝ ਸਾਲਾਂ ਦੇ ਅੰਦਰ ਮਰ ਜਾਂਦੇ ਹਨ। ਇਕ ਪਲ ਵਿਚ, ਸਭ ਕੁਝ ਬਦਲ ਗਿਆ। ਜ਼ਿੰਦਗੀ ਦੇ ਸਾਰੇ ਸੁਪਨੇ ਢਹਿ ਢੇਰੀ ਹੋ ਗਏ, ਹੁਣ ਘਰ ਦਾ ਮਾਹੌਲ ਓਦਰਿਆ ਓਦਰਿਆ ਸੀ, ਹਰ ਪਾਸੇ ਉਦਾਸੀ ਦਾ ਆਲਮ ਛਾ ਜਾਂਦਾ ਹੈ।

ਫਿਲਮ ਵਿਚ ਅੱਗੇ ਜੋ ਕੁਝ ਵੀ ਵਾਪਰਦਾ ਹੈ, ਇਹ ਉਸੇ ਦੀ ਕਹਾਣੀ ਹੈ। ਇਹ ਉਨ੍ਹਾਂ ਮਰੀਜ਼ਾਂ ਦੀ ਕਹਾਣੀ ਹੈ, ਜਿਹੜੇ ਇਸ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹਨ। ਏ. ਐਲ. ਐਸ ਵਿਚ ਮੋਟਰ


ਬ੍ਰਾਇਨ ਵਾਲੈਚ ਅਤੇ ਸੈਂਡਰਾ

ਨਿਊਰਾਨਜ਼ ਨੂੰ ਸਮੇਂ ਦੇ ਨਾਲ-ਨਾਲ ਘੱਟ ਹੋਣ ਦਾ ਕਾਰਨ ਬਣਦਾ ਹੈ ਜਦ ਸਵੈ-ਇੱਛਤ ਮਾਸਪੇਸ਼ੀ ਦੀ ਕਿਰਿਆ ਹੌਲੀ ਹੌਲੀ ਪ੍ਰਭਾਵਿਤ ਹੁੰਦੀ ਹੈ, ਤੇ ਲੋਕ ਬੋਲਣ, ਖਾਣ, ਹਿੱਲਜੁੱਲ ਕਰਨ ਅਤੇ ਸਾਹ ਲੈਣ ਦੀ ਯੋਗਤਾ ਗੁਆ ਬੈਠਦੇ ਹਨ। ਫਿਲਮ ਵਿਚ ਇਸ ਬਿਮਾਰੀ ਨਾਲ ਜੂਝਦੇ ਹੋਰ ਕਈ ਪਾਤਰ ਵੀ ਹਨ। ਫਿਲਮ ਦੇਖ ਕੇ ਤੁਹਾਨੂੰ ਇਨ੍ਹਾਂ ਕਿਰਦਾਰਾਂ ਦੇ ਚਿਹਰੇ ਤੇ ਵੈਰਾਗੇ ਨੈਣਾਂ ਅੰਦਰੋਂ ਇਕ ਕਹਾਣੀ ਬੋਲਦੀ ਨਜ਼ਰ ਆਵੇਗੀ ਅਤੇ ਜਿਵੇਂ ਉਸ ਕਹਾਣੀ ਪਿੱਛੇ ਉਸ ਨਾਲ ਜੁੜੇ ਪਰਿਵਾਰ, ਲੋਕਾਂ, ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਤੇ ਹੋਰ ਬਹੁਤ ਸਾਰੀਆਂ ਕਹਾਣੀਆਂ ਬੋਲ ਰਹੀਆਂ ਹੋਣ। ਇਹ ਕਹਾਣੀ ਪਾਤਰ ਦੇ ਮਨ 'ਚ ਚੱਲ ਰਹੇ ਅੰਤਰੀਵ ਕਾਰਜ ਦਾ ਅਹਿਸਾਸ, ਜਿਵੇਂ ਪਤਾ ਨਹੀਂ ਹੁਣ ਜ਼ਿੰਦਗੀ ਵਿਚ ਕੀ ਕਰਨਾ ਹੈ, ਮਾਨਸਿਕ ਭਾਰ ਨਾਲ ਮੱਠੀ ਹੁੰਦੀ ਜਾ ਰਹੀ ਜ਼ਿੰਦਗੀ ਦੀ ਰਫਤਾਰ ਬਾਰੇ ਹੈ। ਮਰੀਜ਼ ਜਿਸਮਾਨੀ ਭੱਜ ਦੌੜ ਨਹੀਂ ਕਰ ਸਕਦਾ, ਉਹ ਤੱਤ ਜੋ ਜ਼ਿੰਦਗੀ ਦੀ ਵਾਗਡੋਰ ਜਾਂ ਗਤੀਵਿਧੀ ਸੰਭਾਲਦਾ ਹੈ, ਉਸ ਦੀ ਸਰੀਰਕ ਤੇ ਮਾਨਸਿਕ ਸਮਰੱਥਾ ਦਿਨੋਂ ਦਿਨ ਘਟ ਰਹੀ ਹੈ, ਇਸੇ ਮਾਨਸਿਕ ਖਿੱਚੋਤਾਣ ਨੂੰ ਸਹਿੰਦੇ ਹੋਏ ਨਾਮੁਰਾਦ ਬਿਮਾਰੀ ਵਿਚ ਨਾ ਉਮੀਦ, ਨਾ ਆਸ, ਵਰਗੇ ਹਾਲਾਤ ਥਾਣੀਂ ਗੁਜ਼ਰਨਾ ਪੈਂਦਾ ਹੈ।

ਫਿਲਮ ਵਿਚ ਕਲਾਕਾਰਾਂ ਦੀ ਅੰਦਰੂਨੀ ਵੇਦਨਾ ਦੀ ਝਲਕ ਨਜ਼ਰ ਆਉਂਦੀ ਹੈ ਜਦ ਉਸਨੂੰ ਪਤਾ ਹੈ ਕਿ ਹੌਲੀ ਹੌਲੀ ਉਸਦੇ ਕਦਮ ਮੌਤ ਵਲ ਵੱਧ ਰਹੇ ਹਨ। ਜਦ ਉਸਨੂੰ ਪਤਾ ਹੈ ਕਿ ਜਿਨ੍ਹਾਂ ਨੂੰ ਉਹ ਬੇਪਨਾਹ ਮੁਹੱਬਤ ਕਰਦਾ ਹੈ ਉਨ੍ਹਾਂ ਤੋਂ ਵਿਛੜ ਜਾਣਾ ਹੈ। ਉਨ੍ਹਾਂ ਨਾਲੋਂ ਨਾਤਾ ਤੋੜ ਜਾਣਾ ਹੈ। ਇਹੋ ਜਿਹੀ ਸਥਿਤੀ ਵਿਚ ਜੀਣਾ ਕਿੰਨਾ ਮੁਸ਼ਕਿਲ ਹੈ, ਬਸ ਜ਼ਿੰਦਗੀ ਦੇ ਦਿਨ ਗਿਣੋ, ਜ਼ਿੰਦਗੀ ਦਾ ਸਫਰ ਕਹਾਣੀ ਖਤਮ, ਬਸ ਆਪਣੇ ਆਪ ਨੂੰ ਦੁਨੀਆ ਤੋਂ ਰੁਖਸਤ ਕਰਨ ਲਈ ਤਿਆਰ ਕਰੋ। ਫਿਲਮ ਤੁਹਾਨੂੰ ਧੁਰ ਅੰਦਰ ਤੱਕ ਝੰਜੋੜ ਦੇਂਦੀ ਹੈ। ਫਿਲਮ ਦੇਖ ਕੇ ਕਈ ਦਰਸ਼ਕਾਂ ਦੀਆਂ ਅੱਖਾਂ ਨਮ ਹੋ ਜਾਂਦੀਆਂ ਹਨ।

ਪਰ ਫਿਲਮ ਦਾ ਇਕ ਪੱਖ ਹੋਰ ਵੀ ਹੈ ਜਿਸ ਸੀਨ ਵਿਚ ਬ੍ਰਾਇਨ ਕਹਿੰਦਾ ਹੈ, ਤੁਹਾਡੇ ਕੋਲ ਇਸ ਤਰ੍ਹਾਂ ਦੀ ਸਥਿਤੀ ਵਿਚ ਦੋ ਵਿਕਲਪ ਹਨ: ਇੱਕ ਗੇਂਦ ਘੁਮਾਓ ਜਾਂ ਕੰਮ ਕਰੋ। ਬ੍ਰਾਇਨ ਅਤੇ ਸੈਂਡਰਾ ਨੇ ਕੰਮ ਕਰਨਾ ਚੁਣਿਆ। ਉਨ੍ਹਾਂ ਨੇ 'ਆਈ ਐਮ ਏ.ਐਲ. ਐਸ' ਨਾਂ ਦੀ ਸੰਸਥਾ ਦੀ ਸਥਾਪਨਾ ਕੀਤੀ, ਜਿਸ ਦਾ ਉਦੇਸ਼ ਜਨਤਕ ਅਤੇ ਸਰਕਾਰੀ ਜਾਗਰੂਕਤਾ ਵਧਾਉਣੀ ਹੈ। ਉਨ੍ਹਾਂ ਦੱਸਿਆ ਹੈ ਕਿ ਜਿਹੜੀ ਸਿਹਤ ਸੰਭਾਲ ਪ੍ਰਣਾਲੀ ਦੁਰਲੱਭ ਜਾਂ ਅੰਤਮ ਬਿਮਾਰੀਆਂ ਵਾਲੇ ਲੋਕਾਂ ਲਈ ਟੁੱਟ ਗਈ ਹੈ, ਉਸਨੂੰ ਬਦਲਣ ਦੀ ਲੋੜ ਹੈ। ਡਾਕਟਰੀ ਅਤੇ ਖੋਜ ਪ੍ਰਣਾਲੀ ਨੂੰ ਅਪਣਾਉਣ ਦੀ ਲੋੜ ਹੈ, ਕਿਉਂਕਿ ਇਸ ਬਿਮਾਰੀ ਲਈ ਅਜੇ ਤੱਕ ਅਰਥਪੂਰਨ ਇਲਾਜ ਵੱਲ ਕੋਈ ਅਸਲ ਤਰੱਕੀ ਨਹੀਂ ਹੋਈ ਹੈ। ਇਸ ਲਈ ਬਿਮਾਰੀ ਦੇ ਇਲਾਜ ਲਈ ਨਵੇਂ ਹੱਲ ਲੱਭਣੇ, ਰਿਸਰਚ ਇੰਸਟੀਚਿਊਟ, ਸ਼ਕਤੀਸ਼ਾਲੀ ਖੋਜ ਵਿਭਾਗਾਂ ਦੀ ਸਥਾਪਨਾ ਲਈ ਤੇਜ਼ ਪਹੁੰਚ ਅਪਣਾਉਣ ਲਈ ਲਾਮਬੰਦ ਹੋਣ ਲਈ ਲਹਿਰ ਸ਼ੁਰੂ ਕਰਨ ਦੀ ਲੋੜ ਹੈ। ਬ੍ਰਾਇਨ ਅਤੇ ਸੈਂਡਰਾ ਨੇ ਆਪਣੇ ਨਵੇਂ ਅਤੇ ਪੁਰਾਣੇ ਦੋਸਤਾਂ ਨੂੰ ਇਸ ਲੜਾਈ ਵਿਚ ਸ਼ਾਮਲ ਕਰ ਕੇ ਦੂਜੇ ਮਰੀਜ਼ਾਂ ਨੂੰ ਔਕੜਾਂ ਦੇ ਬਾਵਜੂਦ ਜੀਊਣ ਲਈ ਪ੍ਰਰਿਆ ਅਤੇ ਇਸ ਸੰਗਠਨ ਨੇ ਇਕ ਸਮਾਜ ਵਜੋਂ ਲਾਮਬੰਦ ਹੋ ਕੇ ਇਸ ਨਾਮੁਰਾਦ ਬਿਮਾਰੀ ਦੇ ਖੋਜ ਲਈ ਫੰਡ ਇਕੱਠਾ ਕਰਨ ਲਈ ਪ੍ਰੇਰਿਤ ਕੀਤਾ।

ਹੌਲੀ ਹੌਲੀ ਇਹ ਕਾਫਲਾ ਵਧਦਾ ਗਿਆ ਤੇ ਆਮ ਲੋਕ ਵੀ ਇਸ ਨਾਲ ਜੁੜ ਗਏ। ਬ੍ਰਾਇਨ ਅਤੇ ਸੈਂਡਰਾ ਨੇ ਲਗਨ ਤੇ ਸਿਰੜ ਨਾਲ ਇਸ ਮੁਹਿੰਮ ਵਿਚ ਮੋਹਰੀ ਭੂਮਿਕਾ ਨਿਭਾਈ। ਇਹ ਕੋਈ ਸਾਧਾਰਨ ਮੁਹਿੰਮ ਨਹੀਂ ਸੀ। ਉਨ੍ਹਾਂ ਨੇ ਲੋਕਾਂ ਨੂੰ ਇਸ ਸਮੱਸਿਆ ਬਾਰੇ ਸਿੱਖਿਅਤ ਕੀਤਾ ਤੇ ਬਿਮਾਰੀ ਦੇ ਇਲਾਜ ਦੀ ਪ੍ਰਕਿਰਿਆ 'ਤੇ ਧਿਆਨ ਕੇਂਦ੍ਰਿਤ ਕਰਵਾਇਆ। ਇਸ ਲਈ ਇਹ ਆਮ ਮੁਹਿੰਮ ਨਹੀਂ ਸੀ, ਬ੍ਰਾਇਨ ਵਾਲੈਚ ਦੀ ਸਰਗਰਮੀ ਦਾ ਸਿਖਰ ਉਦੋਂ ਹੁੰਦਾ ਹੈ ਜਦੋਂ ਉਸ ਨੇ ਅਧਿਕਾਰਤ ਤੌਰ 'ਤੇ 2019 ਵਿਚ ਇਕ ਕਾਂਗਰੇਸ਼ਨਲ ਕਮੇਟੀ ਦੇ ਸਾਹਮਣੇ ਏ. ਐਲ. ਐਸ. ਅਤੇ ਐਕਟ ਬਾਰੇ ਗਵਾਹੀ ਦਿੱਤੀ, ਵਿਧਾਇਕਾਂ ਨੂੰ ਇੱਕ ਮਰੀਜ਼ ਸਹਾਇਤਾ ਅੰਦੋਲਨ ਦਾ ਹਿੱਸਾ ਬਣਨ ਦੀਆਂ ਵਿਲੱਖਣ ਮੁਸ਼ਕਲਾਂ ਨੂੰ ਸਮਝਣ ਲਈ ਕਿਹਾ। ਉਸਦਾ ਅਸਰ ਇਹ ਹੁੰਦਾ ਹੈ ਕਿ ਇਹ ਫਿਲਮ ਇਕ ਸਕਾਰਾਤਮਕ ਨੋਟ 'ਤੇ ਖਤਮ ਹੁੰਦੀ ਹੈ, ਜਦੋਂ ਕਾਂਗਰਸ ਨੇ ਦਸੰਬਰ 2021 ਵਿਚ ਏ.ਐਲ.ਐਸ ਐਕਟ ਲਈ ਐਕਸੇਲਰੇਟਿੰਗ ਐਕਸੈਸ ਟੂ ਕ੍ਰਿਟੀਕਲ ਥੈਰੇਪੀਜ਼ ਨੂੰ ਪਾਸ ਕੀਤਾ। ਇਹ ਇਸ ਫਿਲਮ ਦਾ ਸਭ ਤੋਂ ਵੱਧ ਦਿਲਚਸਪ ਅਤੇ ਪ੍ਰੇਰਣਾਦਾਇਕ ਪੱਖ ਹੈ। ਇਹ ਪ੍ਰੇਰਣਾਦਾਇਕ ਅਤੇ ਗਿਆਨਵਾਨ ਫਿਲਮ ਹੈ। ਵਰਣਨਯੋਗ ਹੈ ਕਿ ਮਸ਼ਹੂਰ ਗਾਇਕ ਰੇਚਲ ਪਲੈਟਨ, ਜੋ ਆਪਣੀਆਂ ਛੁੱਟੀਆਂ 'ਤੇ ਸੰਯੋਗ ਨਾਲ ਇਸ ਜੋੜੇ ਨੂੰ ਮਿਲੀ ਅਤੇ ਉਨ੍ਹਾਂ ਨੂੰ ਫਿਲਮ ਲਈ ਆਪਣੇ ਹਿੱਟ "ਫਾਈਟ ਗੀਤ" ਦੇ ਅਧਿਕਾਰ ਦੇ ਦਿੱਤੇ।


ਫਿਲਮ ਇੰਡਸਟਰੀ ਦੇ ਸੁਰਿੰਦਰ ਸਿੰਘ ਭਾਟੀਆ, ਫਿਲਮ 'ਨੋ ਆਰਡੀਨਰੀ ਕੈਂਪੇਨ' ਦੇ ਹਾਲੀਵੁਡ ਡਾਇਰੈਕਟਰ ਕ੍ਰਿਸਟੋਫਰ ਬਰਕੇ ਨਾਲ।

ਚੈਨ ਜ਼ੁਕਰਬਰਗ ਫਾਊਂਡੇਸ਼ਨ ਨੇ ਵੀ ਇਸ ਫਿਲਮ ਲਈ ਸਹਿਯੋਗ ਦਿੱਤਾ। ਏਮਿਲੀ ਰਾਈਸ ਨੇ ਫਿਲਮ ਦਾ ਸੰਗੀਤ ਦਿੱਤਾ ਹੈ। ਇਸ ਫਿਲਮ ਦੇ ਨਿਰਮਾਤਾ ਟਿਮ ਰੁਮੇਲ ਤੇ ਬਰਕੇ ਹਨ। ਪ੍ਰੋਡਕਸ਼ਨ ਕੰਪਨੀ ਰੈੱਡਟੇਲ ਮਿਡੀਆ ਹੈ ਤੇ ਕਾਰਜਕਾਰੀ ਨਿਰਮਾਤਾ ਕੇਟੀ ਕੋਰਿਕ ਹਨ। ਫਿਲਮ ਦੇ ਨਿਰਦੇਸ਼ਕ ਕ੍ਰਿਸਟੋਫਰ ਬਰਕੇ ਹਨ।

---

# ਲਾਕਡਾਊਨ

**ਚਰਨਜੀਤ ਸਿੰਘ ਪੰਨੂੰ**
**ਫੋਨ: 408-608-4961**

ਮਾਤਾ ਬਹੁਤ ਬਿਮਾਰ ਗਹਿਰ ਗੰਭੀਰ ਸਥਿਤੀ ਵਿਚ ਅਖੀਰਲੇ ਸਾਹਾਂ ਤੱਕ ਪਹੁੰਚ ਗਈ। ਦਿਲ ਦੀਆਂ ਬਹੁਤੀਆਂ ਨਸਾਂ ਲਾਕਡਾਊਨ ਬਲਾਕ ਹੋ ਰਹੀਆਂ ਸਨ ਤੇ ਸਰੀਰ ਦੇ ਹੋਰ ਅੰਗਾਂ ਨੇ ਕੰਮ ਕਰਨਾ ਛੱਡ ਦਿੱਤਾ ਸੀ। ਅੰਤਰਰਾਸ਼ਟਰੀ ਖਬਰਾਂ ਅਨੁਸਾਰ ਕੋਵਿਡ 19 ਦੇ ਅਣਕਿਆਸੇ ਕਹਿਰ ਦੇ ਮਰੀਜ਼ਾਂ ਤੋਂ ਬਗੈਰ ਹੋਰ ਸਭ ਮਰੀਜ਼ਾਂ ਨੂੰ ਸਰਕਾਰ ਨੇ ਰੱਬ ਦੀ ਰਜ਼ਾ 'ਤੇ ਛੱਡ ਦੇਣ ਦੇ ਹੁਕਮ ਚਾੜ੍ਹ ਦਿੱਤੇ ਸਨ। ਧੜਾਧੜ ਕੋਵਿਡ ਮਰੀਜ਼ ਆਉਣ ਕਾਰਨ ਡਾਕਟਰਾਂ ਨੇ ਸਿਰ ਫੇਰ ਦਿੱਤਾ,



'ਪੈਸੇ ਬਰਬਾਦ ਨਾ ਕਰੋ। ਇਸ ਵੇਲੇ ਇਸ ਦਾ ਕੋਈ ਇਲਾਜ ਨਹੀਂ, ਮਾਤਾ ਨੇ ਨਹੀਂ ਬਚਣਾ, ਘਰ ਜਾ ਕੇ ਆਪ ਸੇਵਾ ਕਰ ਲਓ।' ਸਰਕਾਰੀ ਹਸਪਤਾਲ ਸਾਰੇ ਕੋਵਿਡ ਦੇ ਮਰੀਜ਼ਾਂ ਨਾਲ ਭਰ ਰਹੇ ਸਨ। ਸਿਰਫ ਕੁਝ ਪ੍ਰਾਈਵੇਟ ਹਸਪਤਾਲ ਹੀ ਸਿਫਾਰਸ਼ਾਂ ਤੇ ਪੈਸੇ ਦੇ ਲਾਲਚ ਨਾਲ ਖੁੱਲ੍ਹਦੇ ਸਨ। ਸਰਕਾਰੀ ਅਦਾਰੇ ਜਾਂ ਹੋਰ ਮਾਨਤਾ ਪ੍ਰਾਪਤ ਸਿਹਤ ਅਦਾਰੇ ਹੀ ਸਿਰਫ ਖੁੱਲ੍ਹੇ ਸਨ ਤੇ ਬਾਕੀਆਂ ਨੇ ਆਪ ਕੰਨੀ ਕਤਰਾ ਕੇ ਲਾਕਡਾਊਨ (ਤਾਲਾ-ਬੰਦ) ਕਰ ਦਿੱਤੇ ਸਨ। ਵਿਦੇਸ਼ ਰਹਿੰਦੇ ਪੁੱਤ ਪੋਤਰਿਆਂ ਦੀ ਮਾਂ ਦਾਦੀ ਆਖਰੀ ਸਾਹਾਂ 'ਤੇ ਹੋਣ ਕਾਰਨ ਸਖ਼ੀ ਸੁਲੱਖਣੀ ਮਾਤਾ ਦਾ ਚੰਗੇ ਤੋਂ ਚੰਗਾ ਇਲਾਜ ਕੀਤਾ ਗਿਆ। ਆਖਰ ਡਾਕਟਰਾਂ ਨੇ ਹੱਥ ਖੜ੍ਹੇ ਕਰ ਦਿੱਤੇ। ਚਾਰੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ। ਉਸ ਸਮੇਂ ਜਦ ਕਿਸੇ ਕਿਸਮ ਦੇ ਮਰੀਜ਼ ਨੂੰ ਛੂਹਣ ਤੋਂ ਵੀ ਪੁੱਤ, ਪੋਤਰੇ, ਦੋਹਤਰੇ, ਸਕੇ ਸੋਧਰੇ ਕੋਹਾਂ ਦੂਰ ਨੱਸਦੇ ਸਨ, ਕੋਲ ਰਹਿੰਦੇ ਪੋਤਰੇ ਕੰਧਾੜੇ ਚੁੱਕ ਕੇ ਘਰ ਲੈ ਆਏ।



ਘਰ ਪਹੁੰਚ ਕੇ ਉਹ ਨੌਂ-ਬਰ-ਨੌਂ ਹੋ ਗਈ ਤੇ ਕੁਝ ਅੱਖਾਂ ਝਮਕਦੀ ਤਰਲ ਪਦਾਰਥ ਮੂੰਹ 'ਚ ਪਾਉਣ ਲੱਗੀ। ਦੇਸੀ ਘਿਓ ਦੇ ਚਮਚੇ ਉਸ ਨੇ ਮੰਗ ਕੇ ਲੈ ਲਏ। ਰੇਡੀਓ ਤੇ ਟੀ. ਵੀ. 'ਤੇ ਉਹ ਆਪ ਹੋਰ ਅਨੇਕਾਂ ਮਰੀਜ਼ਾਂ ਨੂੰ ਲਿਲਕੜੀਆਂ ਕੱਢਦੇ, ਤੜਫਦੇ, ਚਿੱਟੀਆਂ ਵਰਦੀਆਂ ਵਿਚ ਬੰਦ ਹੁੰਦੇ, ਮਰਦੇ ਤੇ ਉਨ੍ਹਾਂ ਦੀ ਦੁਰਦਸ਼ਾ ਹੁੰਦੀ ਵੇਖਦੀ ਤਾਂ ਹੱਥ ਜੋੜਦੀ ਅਰਦਾਸਾਂ ਕਰਦੀ, 'ਰੱਬ ਸੱਚਿਆ ਮੈਨੂੰ ਏਨਾ ਨਾ ਤੜਫਾ, ਇਨ੍ਹਾਂ ਉੱਪਰਲਿਆਂ ਨੂੰ ਹੋਰ ਤੰਗ ਨਾ ਕਰ, ਮੈਂ ਬਥੇਰੀ ਭੋਗ ਲਈ, ਹੋਰ ਨਹੀਂ ਜਿਊਣਾ ਚਾਹੁੰਦੀ, ਮੈਨੂੰ ਚੁੱਪ ਚਾਪ ਚੁੱਕ ਲੈ। ਮੇਰਾ ਬਿੱਕਰ ਆ ਜਾਵੇ ਤਾਂ ਵਾਹ ਭਲੀ, ਜੇ ਨਾ ਆਵੇ ਤਾਂ ਕਮਿੱਕਰ ਆਪੇ ਮੇਰਾ ਕਿਰਿਆਕ੍ਰਮ ਕਰ ਲਵੇਗਾ।' ਉਹ ਸੁੱਤ-ਉਨੀਂਦੇ ਵਿਚ ਆਖਰੀ ਵਾਰ ਬੁੜਬੁੜਾਉਂਦੀ ਬੇਹੋਸ਼ ਹੋ ਗਈ।

ਬਿੱਕਰ ਪੋਤਰੇ ਨੂੰ ਅਮਰੀਕਾ ਫੋਨ ਕੀਤਾ ਗਿਆ, 'ਤੇਰੀ ਦਾਦੀ ਤੈਨੂੰ ਬਹੁਤ ਯਾਦ ਕਰਦੀ ਤੇਰਾ ਇੰਤਜ਼ਾਰ ਕਰ ਰਹੀ ਹੈ।'

'ਇੱਥੇ ਬੜਾ ਸਖ਼ਤ ਲਾਕਡਾਊਨ ਲੱਗਾ ਹੋਇਆ ਹੈ, ਅਸੀਂ ਬਾਹਰ ਨਹੀਂ ਨਿਕਲ ਸਕਦੇ। ਸਭ ਕੌਮਾਂਤਰੀ ਫਲਾਈਟਾਂ ਬੰਦ ਨੇ। ਮੈਂ ਨਹੀਂ ਆ ਸਕਦਾ। ਮੇਰੀ ਪਿਆਰੀ ਦਾਦੀ ਜੇ ਕਾਹਲੀ ਵਿਚ ਹੈ ਤਾਂ, ਤੁਸੀਂ ਆਪੇ ਨਜਿੱਠ ਲਓ।' ਅੱਗੋਂ ਝਟਪਟ ਜੁਆਬ ਆ ਗਿਆ।

'ਕੋਈ ਨਾ ਬਿੱਕਰ! ਮਾਤਾ ਦਾ ਜਹਾਜ਼ ਵੀ ਲਾਕਡਾਊਨ ਵਿਚ ਘਿਰ ਗਿਆ ਹੈ। ਘੋਰੜੂ ਵੱਜ ਰਹੇ ਨੇ, ਬੈਰੀਕੇਡ ਵਾਂਗ ਪਤਾ ਨਹੀਂ ਕਦੋਂ ਪਾਰ ਹੋਵੇ ਜਾਂ ਨਾ। ਤੂੰ ਆਪਣੇ ਲਾਕਡਾਊਨ ਦਾ ਫਿਕਰ ਕਰ। ਜਦ ਖੁੱਲ੍ਹਾ ਆ ਜਾਵੀਂ। ਹੋ ਸਕਦਾ ਮਾਤਾ ਵੀ ਇਨ੍ਹਾਂ ਲਾਕਡਾਊਨ ਬੰਧਿਸ਼ਾਂ ਵਿਚ ਘਿਰੀ ਤੇਰੀ ਉਡੀਕ ਕਰੇ।'

---

# ਕਾਵਿ ਕਿਆਰੀ

## ਵਿਛੋੜੇ ਦਾ ਸੱਲ

ਰੋਗ ਇਸ਼ਕੇ ਦਾ ਚੰਦਰਾ ਵੇ ਲਾ ਕੇ,
ਬਹਿ ਗਿਉਂ ਵਲੈਤ ਜਾ ਕੇ ਵੇ।
ਗ਼ਮ ਜਿੰਦੜੀ ਸਾਡੀ ਨੂੰ ਚੰਨਾ ਲਾ ਕੇ,
ਬਹਿ ਗਿਉਂ ਕੈਨੇਡਾ ਜਾ ਕੇ ਵੇ।

ਕੱਤੀਆਂ ਨ ਜਾਣ
'ਕੱਲੇ ਵੇ ਜਿੰਦ ਦੀਆਂ ਪੂਣੀਆਂ,
ਟੁੱਟ ਟੁੱਟ ਤੰਦ ਜਾਵੇ ਵੇ
ਸਧਰਾਂ ਰਹੀਆਂ ਉਣੀਆਂ।
ਕਿੰਝ ਚਿੱਤ ਨੂੰ ਮਨਾਵਾਂ ਲਾਰਾ ਲਾ ਕੇ,
ਬਹਿ ਗਿਉਂ ਅਮਰੀਕਾ ਜਾ ਕੇ ਵੇ।
ਰੋਗ ਇਸ਼ਕੇ ਦਾ...।

ਬੀਤ ਜਾਣਾ ਵੇਲ਼ਾ ਵੇ
ਫਿਰ ਆਣ ਕੇ ਪਛਤਾਵੇਂਗਾ,
ਢਲ਼ ਗਏ ਪਰਛਾਵੇਂ ਵੇ
ਸੇਕ ਕਿੱਥੋਂ ਲਿਆਵੇਂਗਾ।
ਰਾਤਾਂ ਕਾਲ਼ੀਆਂ ਨੂੰ ਲਾਂਬੂ ਚੰਨਾ ਲਾ ਕੇ,
ਬਹਿ ਗਿਉਂ ਪ੍ਰਦੇਸ ਜਾ ਕੇ ਵੇ।

ਔਸੀਆਂ ਪਾ ਥੱਕੀਆਂ ਨੇ
ਗੋਲ਼ ਗੋਲ਼ ਬਾਹਵਾਂ ਵੇ,
ਅੱਖੀਆਂ ਉਦਾਸੀਆਂ ਨੇ
ਤੱਕ ਤੱਕ ਰਾਹਵਾਂ ਵੇ।
ਅੰਗ ਆਕੜੇ ਆ ਦੇਖ ਅੰਗੜਾਅ ਕੇ,
ਬਹਿ ਗਿਉਂ ਬਦੇਸ਼ ਜਾ ਕੇ ਵੇ।
ਰੋਗ ਇਸ਼ਕੇ ਦਾ ਢੋਲਾ ਸਾਨੂੰ ਲਾ ਕੇ,
ਬਹਿ ਗਿਉਂ ਪ੍ਰਦੇਸ ਜਾ ਕੇ ਵੇ।

ਇਹ ਜਵਾਨੀ ਕਦੇ ਮਿਲਣੀ ਨ
ਮਾਹੀਆ ਮੁੱਲ ਵੇ,
ਬੜੀ ਅਨਮੋਲ ਹੈ ਇਹ
ਨਾ ਹੀਰਿਆਂ ਦੇ ਤੁੱਲ ਵੇ।
ਕੀ ਕਰੇਂਗਾ ਯੂਰੋ ਦੀਆਂ ਪੰਡਾਂ ਲਿਆ ਕੇ,
ਬਹਿ ਗਿਉਂ ਸਪੇਨ ਜਾ ਕੇ ਵੇ,
ਬਹਿ ਗਿਉਂ ਪ੍ਰਦੇਸ ਜਾ ਕੇ ਵੇ।

***-ਸੇਵਾ ਸਿੰਘ 'ਨੂਰਪੁਰੀ'***

---

## ਹਾਸ-ਵਿਅੰਗ

ਬੁੜ੍ਹੇ ਬਜ਼ੁਰਗ ਦਾ ਕੋਈ ਕਰੇ ਨਾ ਖ਼ਿਆਲ,
ਵਿਚਾਰਾ ਟੁੱਟੇ ਵਾਣ ਦੇ ਮੰਜੇ 'ਤੇ,
ਭੂੰਡ ਵਾਂਗੂੰ ਕੱਠਾ ਹੋਈ ਜਾਵੇ।
ਬੁੜ੍ਹੀ ਵਿਚਾਰੀ ਦੀ ਨਿਗਾਹ ਨੇੜੇ ਦੀ ਰਹਿਗੀ,
ਮੂੰਹ ਵਿੱਚ ਦੰਦ ਰਿਹਾ ਨਾ ਕੋਈ,
ਲਿੱਜਤ ਪਾਪੜ ਜੜਕ ਜੜਕ ਖਾਈ ਜਾਵੇ।

***-ਅਮਰਜੀਤ ਸਿੰਘ ਤੂਰ***
***ਫੋਨ : 98784-69639***

# ਬਾਈਕਾਟ

***ਗੁਰਮੀਤ ਕੜਿਆਲਵੀ ਦਾ ਨਾਂ ਉਨ੍ਹਾਂ ਲਿਖਾਰੀਆਂ ਵਿਚ ਬੋਲਦਾ ਹੈ ਜਿਨ੍ਹਾਂ ਨੇ ਸਮਾਜ ਦੀਆਂ ਪਰਤਾਂ ਬੜੇ ਸੂਖਮ ਢੰਗ ਨਾਲ ਫਰੋਲੀਆਂ ਹਨ। 'ਬਾਈਕਾਟ' ਨਾਂ ਦੀ ਕਹਾਣੀ ਵਿਚ ਉਸ ਨੇ ਪਿੰਡਾਂ ਵਿਚ ਆਮ ਸੁਣੀਂਦੇ ਸਮਾਜਿਕ ਬਾਈਕਾਟ ਦਾ ਮਸਲਾ ਛੋਹਿਆ ਹੈ ਅਤੇ ਵੱਖ-ਵੱਖ ਵਰਗਾਂ ਦੀ ਭੂਮਿਕਾ ਦੀ ਸਪਸ਼ਟ ਨਿਸ਼ਾਨਦੇਹੀ ਕੀਤੀ ਹੈ।***

ਠੋਲ੍ਹੇ ਨੇ ਛੱਤ ਚੋਣ ਨਾਲ ਕੰਧਾਂ ਉਪਰ ਵਗੀਆਂ ਪਾਣੀ ਦੀਆਂ ਘਰਾਲਾਂ ਵੱਲ ਬੇਬਸੀ ਭਰੀਆਂ ਅੱਖਾਂ ਨਾਲ ਵੇਖਿਆ। ਨੀਹਾਂ 'ਚ ਪਾਣੀ ਪੈਣ ਨਾਲ ਚੜ੍ਹਦੇ ਪਾਸੇ ਦੀ ਕੰਧ ਬੈਠ ਗਈ ਸੀ। ਉਸ ਨੇ ਪਹਾੜ ਵਰਗਾ ਹਉਕਾ ਭਰਿਆ।

'ਕਿਉਂ ਬਦਲੇ ਲੈਨੈਂ...।' ਉਸ ਦੇ ਮੂੰਹ 'ਚੋਂ ਰੱਬ ਨੂੰ ਮੋਟੀ ਸਾਰੀ ਗਾਲ ਆਪ ਮੁਹਾਰੇ ਨਿਕਲ ਗਈ।

ਝੜੀ ਦਾ ਅੱਜ ਚੌਥਾ ਦਿਨ ਸੀ। ਵੀਰਵਾਰ ਦਾ ਮੀਂਹ ਪੈਣਾ ਸ਼ੁਰੂ ਹੋਇਆ ਸੀ। ਲੋਕ ਆਖਦੇ- ਵੀਰਵਾਰ ਦੀ ਲੱਗੀ ਝੜੀ ਔਖੀ ਹਟਦੀ ਹੁੰਦੀ ਐ। ਆਮ ਤੌਰ 'ਤੇ ਇਨ੍ਹਾਂ ਦਿਨਾਂ 'ਚ ਕੜਾਕੇਦਾਰ ਧੁੱਪ ਵਰ੍ਹਦੀ। ਗਰਮੀ ਤੋਂ ਬਾਅਦ ਬੱਦਲਵਾਈ ਹੁੰਦੀ ਜਿਸ ਨਾਲ ਹੁੰਮਸ ਜਿਹਾ ਹੁੰਦਾ ਤੇ ਵਿੰਹਦਿਆਂ-ਵਿੰਹਦਿਆਂ ਗੜੈਂ-ਗੜੈਂ ਹੋਣ ਲੱਗ ਜਾਂਦੀ। ਵੱਟਾਂ ਤੋੜ ਮੀਂਹ ਪੈਂਦਾ, ਪਰਨਾਲੇ ਧਰਲ-ਧਰਲ ਵਗਦੇ ਤੇ ਪਾਣੀ ਬਿਨਾ ਧਰਤੀ ਦੀ ਪਿਆਸ ਬੁਝਾਏ ਕਿਤੇ ਦੀ ਕਿਤੇ ਰੁੜ੍ਹ ਜਾਂਦਾ



ਪਰ ਹੁਣ ਤਾਂ ਨਿੱਕੀ ਨਿੱਕੀ ਕਣੀ ਪੈ ਰਹੀ ਸੀ। ਮੀਂਹ ਦੇ ਪਾਣੀ ਨੇ ਧਰਤੀ ਦੀ ਹਿੱਕ 'ਤੇ ਹੀ ਸਲ੍ਹਾਬ ਨਹੀਂ ਸੀ ਚਾੜ੍ਹ ਦਿੱਤੀ ਬਲਕਿ ਉਹ ਧੁਰ ਅੰਦਰ ਤਕ

**ਗੁਰਮੀਤ ਕੜਿਆਲਵੀ**
**ਫੋਨ: +91-98726-40994**

ਰੱਜ ਗਈ ਸੀ।

ਠੋਲ੍ਹੇ ਨੇ ਵਾਣ ਦੀ ਅਲਾਣੀ ਮੰਜੀ 'ਤੇ ਬੇਸੁੱਧ ਪਈ ਬੰਸੋ ਵੱਲ ਤਰਸ ਤੇ ਮੋਹ ਭਰੀਆਂ ਅੱਖਾਂ ਨਾਲ ਵੇਖਿਆ।

'ਐਨਾ ਈ ਸਾਥ ਸੀ ਤੇਰਾ! ਚਲੋ ਫੇਰ ਵੀ ਬਥੇਰੀ ਨਿਭਾ'ਤੀ। ਕਿਤੇ ਥੋੜ੍ਹੀ ਧੰਦ ਪਿੱਟੀ ਤੈਂਅ ਏਸ ਘਰ ਆ ਕੇ। ਹੁਣ ਤਾਂ ਨਰਕ 'ਚੋਂ...', ਉਸ ਨੇ ਆਖਰੀ ਸ਼ਬਦ 'ਛੁੱਟ ਈ ਜਾਏਂ ਤਾਂ ਚੰਗਾ' ਮੂੰਹ 'ਚ ਈ ਘੁੱਟ ਲਏ। ਘਰਵਾਲੀ ਦੀ ਮੌਤ ਬਾਰੇ ਸੋਚਦਿਆਂ ਠੋਲ੍ਹੇ ਦੇ ਦਿਲ ਨੂੰ ਹੌਲ ਪਿਆ।

ਕੀ ਕਰਾਂ? ਤੈਨੂੰ ਆਏਂ ਜੂਨ ਵਰੋਲਦੀ ਵੀ ਤਾਂ ਦੇਖਿਆ ਨ੍ਹੀਂ ਜਾਂਦਾ। ਨਾ ਹੂੰ—ਨਾ ਹਾਂ!' ਮਨ 'ਚ ਆਏ ਬੁਰੇ ਖਿਆਲਾਂ ਬਾਰੇ ਠੋਲ੍ਹੇ ਨੇ ਜਿਵੇਂ ਬੰਸੋ ਤੋਂ ਮੁਆਫੀ ਮੰਗੀ।

ਹੈਗੀ ਤਾਂ ਔਖੀਓਂ ਈ...ਪਰ ਜੇ ਔਖੀ ਸੌਖੀ ਕੁਛ ਦਿਨ ਕੱਢ'ਜੇਂ, ਚੰਗਾ ਈ ਐ। ਸ਼ੈਂਤ ਉਦੋਂ ਨੂੰ ਘਾਣੀ ਕਿਸੇ ਸਿਰੇ ਬੰਨੇ ਲੱਗ'ਜੇ? ਸ਼ੈਂਤ ਪਿੰਡ ਆਲ਼ਿਆਂ ਦਾ ਮਨ ਭੌਂਅ ਪਏ? ਕੀ ਪਤਾ ਨੈਬੇ ਅਰਗਿਆਂ ਦਾ ਈ ਡਮਾਕ ਟਿਕਾਣੇ ਆ'ਜੇ?' ਠੋਲ੍ਹੇ ਨੂੰ ਨੈਬ 'ਤੇ ਰਹਿ-ਰਹਿ ਕੇ ਗੁੱਸਾ ਆਉਂਦਾ। ਗੁੱਸੇ ਦੀ ਇਹ ਘੁੰਮੇਰ ਕਈ ਦਿਨਾਂ ਤੋਂ ਉਸ ਦੇ ਦਿਮਾਗ਼ ਨੂੰ ਚੜ੍ਹ ਰਹੀ ਸੀ।

ਨੈਬਾ ਮਜ਼ਦੂਰ ਧਿਰ ਦਾ ਮੁਹਰੈਲੀ ਸੀ ਜਿਸ ਨੇ ਝੋਨੇ ਦੀ ਵੱਧ ਲਵਾਈ ਦਾ ਮੁੱਦਾ ਚੁੱਕਿਆ ਸੀ। ਬਾਈਕਾਟ ਤੋਂ ਬਾਅਦ ਬਹੁਤੇ ਘਰ ਕੰਮ ਕਰਨ ਲਈ ਸਾਕ ਸਕੀਰੀਆਂ ਵਾਲੇ ਦੂਜੇ ਪਿੰਡਾਂ 'ਚ ਵਗ ਗਏ ਸਨ। ਕੁਝ ਬੰਦੇ ਸ਼ਹਿਰ ਉਸਾਰੀ ਦੇ ਕੰਮ ਲਈ ਮਿਸਤਰੀਆਂ ਨਾਲ ਜਾ ਲੱਗੇ। ਠੋਲ੍ਹੇ ਦੇ ਆਪਣੇ ਪੁੱਤਾਂ-ਨੂੰਹਾਂ ਤੇ ਉਨ੍ਹਾਂ ਦੇ ਜੁਆਕਾਂ ਨੂੰ ਦੂਜੇ ਪਿੰਡਾਂ 'ਚ ਝੋਨਾ ਲਾਉਣ ਲਈ ਜਾਣਾ ਪੈ ਰਿਹਾ ਸੀ।

'ਨਾ ਭਲਾ ਕੀ ਲੋੜ ਸੀ ਐਨਾ ਉੱਦਮੂਲ ਖੜ੍ਹਾ ਕਰਨਾ ਦੀ? ਕੰਜਰ ਆਪ ਤਾਂ ਸੈਂਕਲ ਚੱਕ ਕੇ ਸ਼ਹਿਰ ਵਗ ਜਾਊ ਮਿਸਤਰੀਆਂ ਨਾਲ ਦਿਹਾੜੀ ਮਜ਼ਦੂਰੀ ਕਰਨ, ਪਿੰਡ ਦੇ ਬਾਕੀ ਗਰੀਬ ਗੁਰਬੇ ਦਾ ਕੀ ਬਣੂ? ਐਨੀ ਗੱਲ ਕਾਹਨੂੰ ਸੋਚੀ ਹੋਊ? ਅਖੇ ਜੀ ਹਮ ਤੋ ਝੋਨੇ ਕੀ ਲਵਾਈ ਕੇ ਐਨੇ ਈ ਲਮੇਂਗੇ। ਲੈ ਲੋ ਖਵਕਦੇ-ਖੜਕਦੇ। ਵੇਖਿਓ ਕਿਤੇ ਲੋਟਾਂ 'ਚ ਭਾਨ ਨਾ ਪੈ'ਜੇ। ਅਗਲਿਆਂ ਨੇ ਜਮਾ ਈ ਝੱਗਾ ਚੱਕ'ਤਾ। ਲਵਾਈ ਪਿਛਲੇ ਸਾਲ ਨਾਲੋਂ ਤਾਂ ਕੀ ਵਧਾਉਣੀ ਸੀ-ਉਲਟਾ ਬਾਈਕਾਟ ਈ ਠੋਕ'ਤਾ। ਹੁਣ ਤੁਰੇ ਫਿਰੋ ਕੰਮ ਧੰਦੇ ਆਸਤੇ ਬਾਹਰਲੇ ਪਿੰਡਾਂ 'ਚ ਖੁੱਚਾਂ ਕਢਾਉਂਦੇ।' ਠੋਲ੍ਹੇ ਨੂੰ ਨੈਬ ਅਤੇ ਉਸ ਦੇ ਸਾਥੀਆਂ ਦਾ ਫੈਸਲਾ ਉੱਕਾ ਹੀ ਮੂਰਖਾਨਾ ਲੱਗਦਾ ਸੀ।

'ਊਂ ਪਿੰਡ ਆਲ਼ੇ ਕਿਹੜਾ ਕੁਛ ਸੋਚਦੇ ਵਿਚਾਰਦੇ...ਮੰਘਿਆਈ ਕਿੱਥੋਂ ਦੀ ਕਿੱਥੇ ਤੁਰਗੀ। ਸੌ ਦਾ ਲੋਟ ਤਾਂ ਸਮਝ ਲੈ ਵਈ ਦਸਾਂ 'ਚ ਈ ਚੱਲਦਾ। ਝੋਨੇ ਦੀ ਲਵਾਈ ਓਥੇ ਦੀ ਓਥੇ ਖੜ੍ਹੀ ਐ ਕੈਅ ਸਾਲਾਂ ਦੀ। ਐਸ ਗੱਲੋਂ ਤਾਂ ਨੈਬੇ ਅਰਗੇ ਵੀ ਸੱਚੇ ਈ ਪਿੱਟਦੇ।' ਕਦੇ ਠੋਲ੍ਹੇ ਨੂੰ ਨੈਬੇ ਹੋਰੀਂ ਪਿੰਡ ਵਾਲਿਆਂ ਨਾਲੋਂ ਜ਼ਿਆਦਾ ਸਹੀ ਲੱਗਦੇ।

'ਬਾਕੀ ਘੱਟ ਕੋਈ ਵ੍ਹਨੀ। ਦੋਵੇਂ ਧਿਰਾਂ ਈ ਲੀੜਿਆਂ 'ਚੋਂ ਬਾਹਰ ਹੋਈਆਂ ਫਿਰਦੀਆਂ। ਝਉਂ ਕੇ ਤਾਂ ਕੋਈ ਰਾਜੀ ਈ ਨ੍ਹੀ। ਐਹੇ ਜਾ ਕਿਹੜਾ ਮਸਲਾ ਹੁੰਦਾ ਜਿਹੜਾ ਬਹਿ ਕੇ ਹੱਲ ਨੀ ਹੁੰਦਾ। ਕਤਲਾਂ ਦੇ ਵੀ ਰਾਜੀਨਾਮੇ ਹੋ ਜਾਂਦੇ ਐ-ਇਹ ਕਿੱਡੀ ਕੁ ਗੱਲ ਐ? ਪਰ ਨਾ ਜੀ...ਘਰੋ ਘਰੀ ਆਗੂ ਹੋਏ ਪਏ ਐ। ਆਗੂ ਨ੍ਹੀ ਹੋਏ ਤਾਂ।' ਠੋਲ੍ਹੇ ਦੇ ਮੱਥੇ ਉੱਤਲੇ ਵੱਟ ਸੰਘਣੇ ਹੋ ਗਏ।

'ਏਹ ਕਹਿੰਦੇ ਐਨੇ ਈ ਲੈਣੇ ਲਵਾਈ ਦੇ- ਓਹ ਕਹਿੰਦੇ ਪਿਛਲੀ ਵਾਰ ਨਾਲੋਂ ਧੇਲਾ ਵੱਧ ਨ੍ਹੀਂ ਦੇਣਾ। ਸੱਪ ਵਾਂਗੂੰ ਫਣ ਖਿਲਾਰੀ ਖੜ੍ਹੇ। ਐਂ ਕਿਮੇ ਚੱਲੂ? ਕੋਈ ਨਗਰ ਖੇੜੇ ਆਲ਼ੀ ਗੱਲ ਤਾਂ ਨਾ ਰਹੀ ਨਾ ਫਿਰ। ਆਏਂ ਤਾਂ ਪਿੰਡ ਜਮਾ ਈ ਮਰ ਮੁੱਕ'ਜੂ। ਪੁੱਛਣ ਆਲ਼ਾ ਹੋਵੇ-ਆਏਂ ਕਿਤੇ ਸਰਦਾ ਇਕ ਦੂਜੇ ਬਿਨਾ?' ਠੋਲ੍ਹੇ ਨੂੰ ਪਿੰਡ ਵਾਲਿਆਂ ਵੱਲੋਂ ਕੀਤੇ ਬਾਈਕਾਟ ਕਾਰਨ ਭਾਈਚਾਰਕ ਸਾਂਝ ਟੁੱਟਣ ਦਾ ਝੋਰਾ ਤੋੜ-ਤੋੜ ਖਾਂਦਾ।

'ਚੰਗੇ ਭਲੇ ਵਸਦੇ ਰਸਦੇ ਹੁੰਦੇ, ਥੋੜ੍ਹੇ ਕੁ ਸਾਲਾਂ ਮਗਰੋਂ ਪਤਾ ਨ੍ਹੀਂ ਕੀ ਬਿੱਜ ਆ ਪੈਂਦੀ ਪਿੰਡ 'ਤੇ।' ਠੋਲ੍ਹੇ ਨੇ ਅੱਖਾਂ 'ਤੇ ਹੱਥਾਂ ਦਾ ਛੱਪਰ ਬਣਾ ਕੇ ਚੜ੍ਹਦੇ ਪਾਸੇ ਦੇ ਘਰਾਂ ਵੱਲ ਨਿਗਾਹ ਮਾਰੀ, ਪਿੰਡ ਜਿਵੇਂ ਘੂਕ ਸੁੱਤਾ ਪਿਆ ਸੀ। ਠੋਲ੍ਹੇ ਨੂੰ ਪਹਾੜ ਵਾਲੇ ਪਾਸਿਓਂ ਕਾਲ਼ਾ ਸ਼ਾਹ ਬੱਦਲ਼ ਚੜ੍ਹਿਆ ਆਉਂਦਾ ਜਾਪਿਆ। ਉਸ ਦਾ ਅੰਦਰ ਕੰਬ ਗਿਆ। ਕਈ ਵਰ੍ਹੇ ਪਹਿਲਾਂ ਵਾਪਰੀ ਘਟਨਾ ਉਸ ਦੀਆਂ ਅੱਖਾਂ ਅੱਗਿਓਂ ਲੰਘ ਗਈ।

'ਰਵੰਸ ਕੁਰੇ! ਓਦੋਂ ਵੀ ਆਹੀ ਦਿਨ ਸੀਗੇ। ਝੋਨੇ ਦੀ ਲਵਾਈ ਦੇ ਰੇਟਾਂ ਨੂੰ ਲੈ ਕੇ ਖਾਸਾ ਰੱਫੜ ਪਿਆ ਸੀਗਾ। ਦੋਏ ਧਿਰਾਂ ਤਣ ਕੇ ਖੜ੍ਹ ਗਈਆਂ ਸੀਗੀਆਂ ਇਕ ਦੂਏ ਮੂਹਰੇ। ਗੁਰੂ ਘਰ ਦੇ ਸਪੀਕਰ ਤੋਂ ਵਿਹੜੇ ਆਲ਼ਿਆਂ ਦੇ ਬਾਈਕਾਟ ਦੀਆਂ ਲੌਸਮੈਂਟਾਂ ਹੋਗੀਆਂ। ਪਿੰਡ ਆਲ਼ਿਆਂ ਨੇ ਮਤਾ ਪਾਸ ਕਰ ਕੇ ਗਰੀਬ ਗੁਰਬੇ ਨੂੰ ਖੇਤਾਂ ਬੰਨਿਆਂ 'ਚ ਵੜਨੋਂ ਡੱਕ'ਤਾ। ਅੱਜ ਤਾਂ ਹਜੇ ਹੋਰ ਗੱਲ ਐ- ਓਦੋਂ ਤਾਂ ਸਾਰਾ ਗਰੀਬ-ਗੁਰਬਾ ਸੀਗਾ ਈ ਖੇਤਾਂ ਆਸਰੇ। ਯਾਦ ਈ ਹੋਊ ਤੈਨੂੰ?' ਠੋਲ੍ਹੇ ਨੇ ਘਰਵਾਲੀ ਤੋਂ ਹੁੰਗਾਰਾ ਭਰਾਉਣਾ ਚਾਹਿਆ ਪਰ ਹਰਬੰਸ ਕੌਰ ਤਾਂ ਉੱਕਾ ਈ ਬੇਸੁੱਧ ਪਈ ਸੀ।

'ਲੋਕ ਜੰਗਲ ਪਾਣੀ ਜਾਣ ਤੋਂ ਵੀ ਔਖੇ ਹੋਗੇ। ਕਿੱਲਿਆਂ ਨਾਲ ਬੰਨ੍ਹੇ ਪਸੂ ਭੁੱਖ ਨਾਲ ਅੜਿੰਗਣ ਲੱਗੇ। ਬੇਜ਼ੁਬਾਨਿਆਂ ਦਾ ਹਉ ਕੁਰਲਾਪ ਦੇਖਿਆ ਨਾ ਜਾਏ। ਜਾਣੀਦਾ ਜਾਨ ਮੁੱਠੀ 'ਚ ਆਗੀ। ਉੱਤੋਂ ਪਿੰਡ ਆਲ਼ਿਆਂ ਦੀਆਂ ਦਿਲ ਸਾੜਵੀਆਂ ਗੱਲਾਂ ਅੰਦਰ ਚੀਰਦੀਆਂ ਜਾਣ- ਅਖੇ, ਦੋ ਦਿਨਾਂ 'ਚ ਈ ਮਿਆਂਕ ਪੈਣਗੇ। ਗੋਡੇ ਰਗੜ-ਰਗੜ ਕੇ ਮਾਫ਼ੀਆਂ ਮੰਗਣਗੇ। ਪਾਣੀ ਤਾਂ ਪੁਲਾਂ ਥੱਲਿਓਂ ਈ ਵਗਣਾ।'


ਦੂਜੇ ਪਾਸਿਓਂ ਵਿਹੜੇ ਵਾਲੇ ਕਿਹੜਾ ਘੱਟ ਸੀਗੇ ਕਿਸੇ ਦੀ ਧੀ ਭੈਣ ਨਾਲੋਂ। ਉਹ ਅੱਡ ਆਖਣ, 'ਵੇਖ ਲਾਂਗੇ ਸਾਡੇ ਬਿਨਾ ਸਾਰਦਿਆਂ ਨੂੰ। ਜਿਹੜੀਆਂ ਜਨਾਨੀਆਂ ਸਾਰੀ-ਸਾਰੀ ਦਿਹਾੜੀ ਖੁਰਿਆਂ 'ਤੇ ਅੱਡੀਆਂ ਕੂਚਦੀਆਂ, ਉਹ ਤਾਂ ਝੋਨਾ ਲਾਉਣੋਂ ਰਹੀਆਂ। ਆਖਰ ਨੂੰ ਤਾਂ ਅਸੀਂਓਂ ਕੰਮ ਆਉਣਾ।' ਸਾਲਾਂ ਦੇ ਸਾਲ ਬੀਤ ਜਾਣ 'ਤੇ ਵੀ ਠੋਲ੍ਹੇ ਨੂੰ ਸਾਰੀਆਂ ਗੱਲਾਂ ਇੰਨ-ਬਿੰਨ ਯਾਦ ਸਨ।

ਵਿਹੜੇ ਆਲ਼ੇ ਇਕ ਦੂਏ ਨੂੰ ਹੱਲਾਸ਼ੇਰੀ ਦੇਈ ਜਾਣ, 'ਬੱਸ ਜਿਮੇ ਕਿਮੇ ਕੱਢ'ਲੋ ਚਾਰ ਦਿਨ ਔਖੇ ਸੌਖੇ। ਭਿਆਂ ਬੋਲ ਜਾਣੀ ਪਿੰਡ ਆਲ਼ਿਆਂ ਦੀ। ਸਰਨਾ ਨੀ ਆਪਣੇ ਬਿਨਾ।'

'ਰਵੰਸ ਕੁਰੇ, 'ਆਪਣਾ ਇਕ ਦੂਏ ਬਿਨਾ ਨ੍ਹੀਂ ਸਰਨਾ' ਆਲ਼ੀ 'ਵਾਜ ਤਾਂ ਕਿਸੇ ਪਾਸਿਓਂ ਆਉਂਦੀਓ ਨ੍ਹੀਂ ਸੀਗੀ। ਕੋਈ ਤਾਂ ਕਿਸੇ ਪਾਸਿਓਂ ਤਾਂ ਹਾਅ ਦਾ ਨਾਅਰਾ ਮਾਰਦਾ। ਦੋਏ ਧਿਰਾਂ ਨੂੰ ਇਕ ਥਾਏਂ ਬਹਾ ਕੇ ਸਮਝੌਤਾ ਕਰਾਉਣ ਵੱਲ ਵੀ ਨਾ ਆਇਆ। ਪਿੰਡ ਤਾਂ ਜਿਮੇਂ ਉੱਕਾ ਈ ਬਿਗਾਨਾ ਹੋ ਗਿਆ ਸੀਗਾ।' ਠੋਲ੍ਹੇ ਨੇ ਗ਼ਲੇ 'ਚ ਆ ਫਸਿਆ ਬਲਗਮ ਦਾ ਲੋਥੜਾ ਦੂਰ ਵਿਹੜੇ 'ਚ ਵਗਾਹ ਮਾਰਿਆ।

'ਊਂ ਵੇਖਿਆ ਜਾਏ, ਹੱਕ 'ਚ ਆਉਂਦਾ ਵੀ ਕੌਣ? ਪਿੰਡ ਦੇ ਗੁਰਮੁੱਖ ਸਿਓਂ ਅਰਗੇ ਦਾਨੇ-ਬਾਨੇ ਬੰਦੇ ਤਾਂ ਮੰਜੇ ਨਾਲ ਮੰਜਾ ਹੋਏ ਪਏ ਸਨ। ਘਰਾਂ ਦੀ ਵਾਗਡੋਰ ਆਗੀ ਨਵੇਂ ਛੋਹਰਾਂ ਹੱਥੀਂ। ਉਨ੍ਹਾਂ ਨੂੰ ਕੀ ਪਤਾ ਵ੍ਹੀ ਪਿੰਡ ਦੀ ਭੌਇੰ 'ਚ ਗਰੀਬ-ਗੁਰਬੇ ਦਾ ਵੀ ਮੁੜ੍ਹਕਾ ਡੁੱਲ੍ਹਿਆ। ਹੋਰ ਐਮੇਂ ਤਾਂ ਨ੍ਹੀਂ ਟਿੱਬਿਆਂ 'ਚ ਵੀ ਝਰਮਲ-ਝਰਮਲ ਹੋਣ ਲੱਗਗੀ।' ਠੋਲ੍ਹੇ ਨੂੰ ਲੱਗਿਆ ਜਿਵੇਂ ਬੰਸੋ ਬੋਲੀ ਹੋਵੇ ਪਰ ਉਹ ਤਾਂ ਜਵਾਂ ਚੁੱਪ ਤਾਣੀ ਪਈ ਸੀ। ਆਵਾਜ਼ ਤਾਂ ਠੋਲ੍ਹੇ ਦੇ ਆਪਣੇ ਅੰਦਰੋਂ ਆਈ ਸੀ।

'ਰਵੰਸ ਕੁਰੇ ਵਿਹੜੇ ਵਾਲੇ ਆਖਦੇ, 'ਮਸਟਰ ਮਹਿੰਦਰ ਸਿਹੁੰ ਜਾਣ ਬੁੱਝ ਕੇ ਟ਼ਲ ਗਿਆ। ਉਹ ਤਾਂ ਕਈ ਦਿਨਾਂ ਦਾ ਪਿੰਡ 'ਚ ਦਿਖਿਆ ਈ ਨਹੀਂ।' ਲੋਕਾਂ ਦੀਆਂ ਗੱਲਾਂ ਸੁਣ-ਸੁਣ ਕੇ



ਤੇਰੇ ਦਿਲ ਨੂੰ ਘੁਮੇਰ ਚੜ੍ਹਦੀ। ਤੇਰੀਆਂ ਆਖੀਆਂ ਗੱਲਾਂ ਮੈਨੂੰ ਅੱਜ ਵੀ ਯਾਦ ਐ, 'ਮਰੀਕੇ ਦੇ ਚਾਚਾ, ਮੇਰਾ ਮਨ ਨ੍ਹੀਂ ਮੰਨਦਾ। ਮਸਟਰ ਟਲ ਨ੍ਹੀਂ ਸਕਦਾ। ਦੋਆਂ ਜੀਆਂ ਦੇ ਦਿਲ 'ਚ ਤਾਂ ਗਰੀਬਾਂ ਆਸਤੇ ਦਿਆ ਈ ਬਾਹਲੀ ਐ। ਉਨ੍ਹਾਂ ਦੋਆਂ ਜੀਆਂ ਨੇ ਜਨੂਰ ਵਿਹੜੇ ਆਲ਼ਿਆਂ ਦੇ ਹੱਕ 'ਚ ਡੱਕਾ ਸਿੱਟਣਾ ਸੀਗਾ। ਮਾਸਟਰ ਹੁੰਦਾ ਆਹ ਨੌਬਤ ਨ੍ਹੀਂ ਸੀ ਆਉਣੀ।' ਤੂੰ ਲੋਕਾਂ ਨੂੰ ਵੀ ਏਹੀ ਆਖਦੀ ਫਿਰਦੀ ਸੀਗੀ।

'ਤੂੰ-ਮੈਂ ਕੀਹਨੂੰ-ਕੀਹਨੂੰ ਸਮਝਾਉਂਦੇ? ਲੋਕ ਆਂਹਦੇ,' ਆਖਰ ਨੂੰ ਮਾਸਟਰ ਨੇ ਵੀ ਆਵਦੇ ਸ਼ਰੀਕੇ ਕਬੀਲੇ 'ਚ ਰਹਿਣਾ। ਬਾਹਰ ਥੋੜ੍ਹੀ ਹੋਜੂ? ਅਗਲਿਆਂ ਗੁਰਦੁਆਰੇ ਬਹਿ ਕੇ ਸੌਂਹ ਪੁਆਈ ਐ। ਜੀਹਨੇ ਵਿਹੜੇ ਆਲ਼ਿਆਂ ਦਾ ਸਾਥ ਦਿੱਤਾ-ਅਗਲਿਆਂ ਭੌਂਅ ਭਾਂਡਾ ਤਿਆਗ ਦੇਣਾ।' ਜਿੰਨੇ ਮੂੰਹ ਓਨੀਆਂ ਈ ਗੱਲਾਂ ਸੀਗੀਆਂ।' ਠੋਲ੍ਹੇ ਨੇ ਪਰਨੇ ਦੀ ਝੱਲ ਮਾਰ ਕੇ ਬੰਸੋ ਦੇ ਮੂੰਹ 'ਤੇ ਭਿਣਕਦੀਆਂ ਮੱਖੀਆਂ ਨੂੰ ਉਡਾਇਆ।

'ਵੇਖੀਂ ਕਿਤੇ...ਬੁੜ੍ਹੀ ਹਰਨਾਮੀ ਵਾਲੀ ਨਾ ਹੋਵੇ ਤੇਰੇ ਨਾਲ।' ਠੋਲ੍ਹੇ ਨੇ ਹਰਬੰਸ ਕੌਰ ਨੂੰ ਸੁਣਾਉਣ ਲਈ ਆਵਾਜ਼ ਉੱਚੀ ਕੀਤੀ। ਉਸ ਨੂੰ ਕਈ ਵਰ੍ਹੇ ਪਹਿਲਾਂ ਹੋਏ ਬਾਈਕਾਟ ਦੇ ਦਿਨਾਂ 'ਚ ਬੁੜ੍ਹੀ ਹਰਨਾਮੀ ਦੇ ਮਰਨ ਵਾਲੀ ਘਟਨਾ ਚੇਤੇ ਆਈ ਸੀ।

ਉਦੋਂ ਵੀ ਅੱਜ ਵਾਂਗੂੰ ਈ ਝੜੀ ਲੱਗੀ ਸੀ। ਵਿਹੜੇ ਦੇ ਕੱਚੇ ਘਰ ਦੜੈਂ-ਦੜੈਂ ਕਰ ਕੇ ਡਿੱਗੇ ਸਨ। ਪਾਲੂ ਟੈਟ ਦੇ ਕੱਚੇ ਘਰ ਦੀ ਕੰਧ ਦੇ ਡਿੱਗਣ ਦਾ ਖੜਾਕ ਅੱਧੇ ਪਿੰਡ ਨੇ ਸੁਣਿਆ ਸੀ। ਖੜਾਕ ਸੁਣਦਿਆਂ ਹੀ, ਕਈ ਦਿਨਾਂ ਤੋਂ ਮੰਜੇ 'ਤੇ ਹੱਡ ਗੋਡੇ ਰਗੜਦੀ ਹਰਨਾਮੀ ਦਾ ਭੌਰ ਲੰਮੀ ਉਡਾਰੀ ਮਾਰ ਗਿਆ। ਉਸ ਦੀ ਲਾਸ਼ ਤਿੰਨ ਦਿਨ ਧਰਮਸ਼ਾਲਾ ਦੀ ਚੋਂਦੀ ਛੱਤ ਦੇ ਥੱਲੇ ਹੀ ਪਈ ਰਹੀ। ਪਿੰਡ 'ਚੋਂ ਨਾ ਤਾਂ ਸੁੱਕਾ ਬਾਲਣ ਹੀ ਮਿਲਿਆ ਤੇ ਨਾ ਹੀ ਸਸਕਾਰ ਕਰਨ ਲਈ ਸਿਵਿਆਂ 'ਚ ਜਗ੍ਹਾ ਮਿਲੀ ਸੀ। ਪਿੰਡ ਆਲ਼ਿਆਂ ਨੇ ਸਾਂਝੇ ਸਿਵਿਆਂ 'ਚ ਸਸਕਾਰ ਕਰਨੋਂ ਡੱਕ ਦਿੱਤਾ। ਹਰਨਾਮੀ ਦੀ ਲਾਸ਼ ਦਾ ਮੁਸ਼ਕ ਵਿਹੜੇ ਦੇ ਘਰਾਂ 'ਚੋਂ ਨਿਕਲ ਕੇ ਪਿੰਡ ਦੇ ਚੜ੍ਹਦੇ ਪਾਸੇ ਦੇ ਘਰਾਂ ਵੱਲ ਹੋ ਤੁਰਿਆ ਸੀ।

ਵਿਹੜੇ ਦੇ ਬੰਦਿਆਂ ਨੂੰ ਕੁੱਝ ਸਮਝ ਨਹੀਂ ਸੀ ਆ ਰਹੀ। ਉਨ੍ਹਾਂ ਸਾਰਿਆਂ ਦੇ ਚਿਹਰਿਆਂ 'ਤੇ, 'ਜੇ ਨੇੜੇ-ਤੇੜੇ ਦਰਿਆ ਵਗਦਾ ਹੁੰਦਾ ਤਾਂ ਮੁਰਦੇ ਨੂੰ ਦਰਿਆ ਬੁਰਦ ਈ ਕਰ ਦਿੰਦੇ। ਹੁਣ ਕੀ ਕੀਤਾ ਜਾਵੇ?' ਦਾ ਸਵਾਲ ਲਟਕਣ ਲੱਗਾ ਸੀ।

ਚਿੰਤਾ ਨਾਲ ਘਿਰੇ ਚਿਹਰੇ ਇਕ ਪਾਸਿਓਂ ਨਹੀਂ, ਕਈ ਪਾਸਿਆਂ ਤੋਂ ਘਿਰ ਗਏ ਸਨ। ਵਿਹੜੇ ਦੇ ਮੁਹਰੈਲੀ ਪ੍ਰਸ਼ਾਸਨ ਨੂੰ ਅਰਜ਼ੀ ਵੀ ਦੇ ਆਏ ਸਨ ਜਿਸ 'ਤੇ ਉਨ੍ਹਾਂ ਦੀਆਂ ਅੱਖਾਂ ਪੂੰਝਣ ਲਈ ਪਹਿਲਾਂ ਬੀ.ਡੀ.ਪੀ.ਓ. ਤੇ ਫਿਰ ਤਹਿਸੀਲਦਾਰ ਗੇੜਾ ਮਾਰ ਕੇ ਆਪਣੀ ਕਾਰਵਾਈ ਪਾ ਗਏ ਸਨ।

ਜਦੋਂ ਸਾਰਾ ਵਿਹੜਾ 'ਹੁਣ ਕੀ ਕਰੀਏ? ਹੁਣ ਕਿਧਰ ਜਾਈਏ?' ਦੀ ਘੁੰਮਣਘੇਰੀ 'ਚ ਉਲਝਿਆ ਪਿਆ ਸੀ, ਉਦੋਂ ਹੀ ਮਹਿੰਦਰ ਮਾਸਟਰ ਕਿਧਰੋਂ ਆ ਬਹੁੜਿਆ ਸੀ, 'ਚੱਕੋ ਲਾਸ਼, ਮੇਰੇ ਖੇਤਾਂ 'ਚ ਸਸਕਾਰ ਹੋਊ। ਬਾਲਣ ਜਿੰਨਾ ਚਾਹੀਦਾ, ਸਾਡੇ ਦਲਾਨ 'ਚੋਂ ਲੈ ਆਓ।'

ਹਰਨਾਮੀ ਦਾ ਸਸਕਾਰ ਉਸ ਦੀ ਮੌਤ ਤੋਂ ਚੌਥੇ ਦਿਨ ਹੋ ਸਕਿਆ ਸੀ। ਵਿਹੜੇ ਦੇ ਸਿਆਣੇ-ਬਿਆਣੇ ਦਾੜ੍ਹੀਆਂ ਵਾਲੇ ਬੰਦੇ ਮਾਸਟਰ ਮਹਿੰਦਰ ਦੇ ਗ਼ਲ ਲੱਗ ਕੇ ਰੋ ਪਏ ਸਨ। ਭੁੱਖ ਨਾਲ ਤੜਫਦੇ ਪਸ਼ੂਆਂ ਨੂੰ ਚੌਥੇ ਦਿਨ ਪੱਠੇ ਨਸੀਬ ਹੋਏ ਸਨ।

'ਰਵੰਸ ਕੁਰੇ...ਸਮਝ ਲੈ ਮਸਟਰ ਨੇ ਬੜੀ ਵੱਡੀ ਲਾਹਨਤ ਪਿੰਡ ਦੇ ਲੋਕਾਂ 'ਤੇ ਪਾਈ ਸੀਗੀ। ਲੋਕਾਂ ਨੇ ਵੀ ਆਵਦੇ ਅੰਦਰੋਂ ਕੁਛ ਨਾ ਕੁਛ ਟੁੱਟਦਾ ਮਸੂਸ ਕੀਤਾ। ਐਂ ਕਿਤੇ ਪਿੰਡ ਵਸਤੀ ਟੁੱਟਿਆ ਜਾਂਦੈ? ਵੇਖਾ-ਵੇਖੀ ਹੋਰ ਲੋਕ ਵੀ ਢੈਲ਼ੇ ਪੈਗੇ। ਹਰਨਾਮੀ ਦਾ 'ਫਸੋਸ ਕਰਨ ਦੇ ਬਹਾਨੇ ਪਿੰਡ ਆਲ਼ੇ ਉਨ੍ਹਾਂ ਦੇ ਘਰ ਆਗੇ। ਬਾਈਕਾਟ ਟੁੱਟ ਗਿਆ। ਓਸ ਨਰ ਬੰਦੇ ਕਰ ਕੇ ਪਿੰਡ 'ਚ ਠੰਢੀ ਮਿੱਠੀ ਹਵਾ ਦੇ ਬੁੱਲੇ ਵਗਣ ਲੱਗੇ ਸੀਗੇ। ਐਹੇ ਜੇ ਬੰਦੇ ਕਿਤੇ ਨਿੱਤ ਨਿੱਤ ਜੰਮਦੇ?' ਮਾਸਟਰ ਨੂੰ ਯਾਦ ਕਰਦਿਆਂ ਠੋਲ੍ਹੇ ਦਾ ਗ਼ਲ਼ਾ ਭਰ ਆਇਆ ਸੀ।

'ਹੁਣ ਕੀ ਹੋਊ? ਬਾਈਕਾਟ ਤਾਂ ਓਨ੍ਹਾਂ ਦਿਨਾਂ ਆਂਗੂੰ ਚੱਲੀ ਜਾਂਦਾ। ਉਦੋਂ ਆਂਗੂੰ ਈ ਮੀਂਹ ਪਈ ਜਾਂਦਾ। ਡੰਗਰ ਵੱਛਾ ਵੀ ਓਕਣ ਈ ਭੁੱਖ ਨਾ' ਵਿਲਕੀ ਜਾਂਦਾ। ਉਦੋਂ ਮੰਜੇ 'ਤੇ ਹਰਨਾਮੀ ਬੁੜ੍ਹੀ ਪਈ ਸੀ- ਹੁਣ ਮੇਰੀ ਜਾਨ ਅੜੀ ਪਈ ਐ ਸੰਘ 'ਚ। ਜੇ ਕੁਛ ਹੋ ਕਰ ਗਿਆ, ਥੋਨੂੰ ਤਾਂ ਮਿੱਟੀ ਕਿਉਂਟਣੀ ਵੀ ਔਖੀ ਹੋਜੂ।' ਠੋਲ੍ਹੇ ਨੂੰ ਲੱਗਾ ਜਿਵੇਂ ਹਰਬੰਸ ਕੌਰ ਬੋਲੀ ਹੋਵੇ। ਉਹ ਅੱਖਾਂ ਖੋਲ੍ਹ ਕੇ ਹੈਰਾਨੀ ਨਾਲ ਬੰਸੋ ਵੱਲ ਝਾਕਿਆ। ਉਹ ਤਾਂ ਲੰਮੀ ਚੁੱਪ ਵੱਟੀ ਪਈ ਸੀ। ਇਹ ਆਵਾਜ਼ ਤਾਂ ਉਸ ਦੇ ਆਪਣੇ ਅੰਦਰੋਂ ਹੀ ਆਈ ਸੀ।

ਕਿੱਲੇ ਨਾਲ ਬੱਝੀ ਅੱਠ ਮਹੀਨਿਆਂ ਦੀ ਗੱਭਣ ਝੋਟੀ ਆਵਾਗੌਣ ਹੀ ਕਿੱਲੇ ਦੁਆਲ਼ੇ ਗੇੜੇ ਦਿੰਦੀ, ਮੂੰਹ ਉੱਪਰ ਚੁੱਕ ਕੇ 'ਔਂ ਔਂ' ਦੀ ਆਵਾਜ਼ ਕੱਢਦੀ ਸਿੰਗਾਂ ਨਾਲ ਵਾਰ-ਵਾਰ ਕਿੱਲੇ ਨੂੰ ਠਕੋਰੀ ਜਾਂਦੀ ਸੀ। ਠੋਲ੍ਹੇ ਤੋਂ ਝੋਟੀ ਦੀ ਭੁੱਖ ਜਰੀ ਨਾ ਗਈ।

'ਬੇਜਬਾਨ ਜੀਆਂ ਦਾ ਪਾਪ ਮਾਰਜੂ' ਝੋਟੀ ਵੱਲ ਵੇਖਦਿਆਂ ਠੋਲ੍ਹੇ ਨੇ ਅੱਖਾਂ ਦੇ ਕੋਇਆਂ 'ਚ ਉੱਤਰ ਆਇਆ ਪਾਣੀ ਸਾਫ਼ ਕੀਤਾ। ਇਹ ਝੋਟੀ ਨਿੰਮ ਵਾਲਿਆਂ ਤੋਂ ਅਧਿਆਰੇ 'ਤੇ ਲਿਆਂਦੀ ਸੀ। ਉਸ ਦਾ ਜੀਅ ਕੀਤਾ ਹੁਣੇ ਨਿੰਮ ਵਾਲਿਆਂ ਦੇ ਘਰ ਜਾਵੇ ਤੇ ਉਨ੍ਹਾਂ ਨੂੰ ਦੱਸੇ ਕਿ ਥੋਡੀ ਝੋਟੀ ਦਾ ਭੁੱਖ ਨਾਲ ਬੁਰਾ ਹਾਲ ਐ। ਹੋ ਸਕਦਾ ਪੰਡ ਚਾਰੇ ਦੀ ਈ ਦੇ ਦੇਣ।

'ਆਹ ਬਾਈਕਾਟ ਆਲ਼ਾ ਸਾਰਾ ਟਟਵੈਰ ਤਾਂ ਖੜ੍ਹਾ ਈ ਨਿੰਮ ਆਲ਼ਿਆਂ ਦੇ ਚਿੱਬੇ ਨੇ ਕੀਤਾ। ਉਹਦੀ ਤਾਂ ਜਬਾਨ ਵੀ ਗਿੱਠ ਲੰਮੀ ਐ। ਓਨ੍ਹੇ ਤਾਂ ਝੱਟ ਆਖ ਦੇਣਾ, 'ਬੰਦਾ ਬਣ ਕੇ ਝੋਟੀ ਸਾਡੇ ਕਿੱਲੇ 'ਤੇ ਬੰਨ੍ਹ ਜਾ।' ਚਿੱਬੇ ਨੂੰ ਕੀ ਪਤਾ, ਕੀ-ਕੀ ਆਸਾਂ ਲਾਈ ਬੈਠਾ ਸਾਰਾ ਟੱਬਰ ਕਰਮਾਂ ਵਾਲੀ ਦੇ ਸੂਏ 'ਤੇ। ਸੌ ਖੁੱਡਾਂ ਬੰਦ ਕਰਨੀਆਂ ਏਹਦੀ ਕਮਾਈ ਨਾਲ।' ਠੋਲ੍ਹਾ ਆਪਣੇ ਆਪ ਨਾਲ ਹੀ ਗੱਲਾਂ ਕਰੀ ਜਾ ਰਿਹਾ ਸੀ।

'ਰਵੰਸ ਕੁਰੇ! ਨਰਮਾ ਕਪਾਹ ਤਾਂ ਲੋਕ ਲਾਉਣੋਂ ਈ ਹਟਗੇ। ਜੇ ਲਾ ਦਿੰਦੇ ਆ ਤਾਂ ਟੀਂਡੇ ਨ੍ਹੀਂ ਲੱਗਦੇ। ਜੇ ਭੁੱਲ-ਭੁਲੇਖੇ ਟੀਂਡੇ ਲੱਗ ਜਾਣ ਤਾਂ ਖਿੜਦੇ ਨ੍ਹੀ। ਨਕਲੀ ਰ੍ਹੇਆਂ, ਸਪਰੇਆਂ ਨੇ ਝੁੱਗਾ ਚੌੜ ਕਰ'ਤਾ। ਮੱਕੀ ਤਾਂ ਕੋਈ ਨ੍ਹੀਂ ਬੀਜਦਾ। ਵਾਢੀ ਦਾ ਕੰਮ ਵੀ ਹੱਥੀਂ ਨ੍ਹੀਂ ਹੁੰਦਾ। ਹਾੜ੍ਹੀ ਸਾਰੀ ਕਰਪੈਨਾਂ ਦੇ ਢਿੱਡ 'ਚ ਜਾ ਵੜਦੀ ਐ। ਲਾ ਪਾ ਕੇ ਝੋਨੇ ਦੀ ਲਵਾਈ ਰਹਿਗੀ। ਸਾਰਾ ਟੱਬਰ-ਟ੍ਹੀਰ ਰ਼ਲ ਕੇ ਚਾਰ ਦਿਨ ਹੰਭਲਾ ਮਾਰ ਲੈਂਦਾ। ਚਾਰ ਦਮੜੇ ਜੁੜ ਜਾਂਦੇ ਧੀ ਪੁੱਤ ਦੀ ਸ਼ਾਦੀ-ਵਿਆਹ ਆਸਤੇ। ਹੋਰ ਹੁਣ ਕੰਮ ਰਹਿ ਕਿਹੜਾ ਗਿਆ ਗਰੀਬ-ਗੁਰਬੇ ਦੇ ਕਰਨ ਗੋਚਰਾ? ਗਰੀਬ ਜਾਵੇ ਤਾਂ ਜਾਵੇ ਕਿੱਥੇ?' ਠੋਲ੍ਹੇ ਨੇ ਜਿਵੇਂ ਪਿੰਡ ਵਾਲਿਆਂ ਨੂੰ ਸਵਾਲ ਕੀਤਾ।

'ਪਿੰਡ 'ਚ ਤਾਂ ਜਣੀਦਾ ਰੂਹ ਈ ਨ੍ਹੀਂ ਰਹੀ। ਲੈ ਹੋਰ ਸੁਣ ਲਾ, ਬਾਰ ਆਲ਼ਿਆਂ ਦਾ ਬਲਦੇਵ ਸਿਹੁੰ ਕੈਅ ਵਰ੍ਹਿਆਂ ਬਾਅਦ ਲਟੈਰ ਹੋ ਕੇ ਪਿੰਡ ਰਹਿਣ ਆ ਗਿਆ। ਕਿਤੇ ਚੰਦੀਗੜ੍ਹ ਪਟਿਆਲੇ ਕੰਨੀਂ ਵੱਡਾ ਅਪਸਰ ਸੀਗਾ। ਅਖੇ ਜੀ, ਪਿੰਡ ਰਹਿ ਕੇ ਪਿੰਡ ਆਲ਼ਿਆਂ ਦੀ ਸੇਵਾ ਕਰੂੰ। ਸੋਚਦਾ ਹੋਊ ਕੁਛ ਨਾ ਕੁਛ ਸੁਧਾਰ ਕਰੂੰ ਪਿੰਡ ਦਾ। ਮੀਨ੍ਹਾ ਨ੍ਹੀਂ ਟਿਕਿਆ, ਭੱਜ ਗਿਆ। ਭੱਜ ਕੀ ਗਿਆ-ਭਜਾ'ਤਾ ਪਿੰਡ ਆਲ਼ਿਆਂ। ਵਤੀਰਾ ਈ ਐਹੇ ਜ੍ਹਾ ਕਰਿਆ ਅਗਲੇ ਨਾਲ। ਅਖੇ ਜੀ ਫੈਲਸੂਫੀਆਂ ਘੋਟਦਾ। ਦਿੱਲੀ ਦੱਖਣ ਘੁੰਮਿਆ ਬੰਦਾ ਏਨ੍ਹਾਂ ਨੂੰ ਫੈਲਸੂਫ਼ੀਆਂ ਘੋਟਦਾ ਲੱਗਾ। ਰਵੰਸ ਕੁਰੇ, ਜਦੋਂ ਪਿੰਡ ਆਲ਼ਿਆਂ ਤੋਂ ਐਹੇ ਜ੍ਹਾ ਬੰਦਾ ਨ੍ਹੀਂ ਬਰਦਾਸ਼ ਹੋਇਆ- ਹਮੀ ਤੁਮੀ ਕਿਆ ਚੀਜ ਐ?' ਠੋਲ੍ਹੇ ਨੇ ਹਰਬੰਸ ਕੌਰ ਦੇ ਗਿੱਚੀ ਪਿੱਛੇ ਹੱਥ ਰੱਖ ਕੇ ਬਿਠਾਉਣ ਦੀ ਕੋਸ਼ਿਸ਼ ਕੀਤੀ ਪਰ ਅਸਫਲ ਰਿਹਾ। ਉਸ ਨੂੰ ਹਰਬੰਸ ਕੌਰ ਦੇ ਥੱਲੇ ਵਿਛਿਆ ਗਦੈਲਾ ਗਿੱਲਾ-ਗਿੱਲਾ ਲੱਗਾ।

'ਬੰਦਾ ਆਵਦੀ ਕਿਰਿਆ ਸੋਧਣ ਜੋਕਰਾ ਤਾਂ ਹੋਵੇ।' ਠੋਲ੍ਹੇ ਦਾ ਸਿਰ ਨਿਰਾਸ਼ਾ 'ਚ ਏਧਰ-ਓਧਰ ਹਿਲਣ ਲੱਗਾ। ਉਸ ਦੇ ਚਿਹਰੇ 'ਤੇ ਉਦਾਸੀ ਦੀ ਗੂੜ੍ਹੀ ਪਰਤ ਫਿਰ ਗਈ। ਉਸ ਨੇ ਇਕ ਹੱਥ ਨਾਲ ਹਰਬੰਸ ਨੂੰ ਮੋਢਿਆਂ ਤੋਂ ਫੜ ਕੇ ਪਾਸਾ ਦੁਆਇਆ ਤੇ ਦੂਜੇ ਹੱਥ ਨਾਲ ਸੁੱਕੇ ਖੇਸ ਦੀ ਤਹਿ ਮਾਰ ਕੇ ਉਸ ਦੇ ਥੱਲੇ ਦੇ ਦਿੱਤਾ।

'ਪਤਾ ਨ੍ਹੀਂ ਤੇਰੀ ਜਾਨ ਕਿੱਥੇ ਅੜੀ ਪਈ ਐ?' ਠੋਲ੍ਹੇ ਨੇ ਦਾੜ੍ਹੀ ਤਕ ਵਗ ਆਏ ਅੱਥਰੂਆਂ ਨੂੰ ਸਿਰ 'ਤੇ ਬੰਨ੍ਹੇ ਸਾਫੇ ਨਾਲ ਪੂੰਝਿਆ।

'ਮੈਨੂੰ ਲੱਗਦਾ ਡਰਦੀ ਏਂ ਕਿਤੇ ਹਰਨਾਮੀ ਬੁੜ੍ਹੀ ਆਲ਼ੀ ਨਾ ਹੋਜੇ। ਸੋਚਦੀ ਹੋਮੇਂਗੀ ਜੇ ਹਬੀ-ਨਬੀ ਹੋਗੀ- ਅਗਲਿਆਂ ਨੇ ਮੜ੍ਹੀਆਂ 'ਚ ਵੀ ਨ੍ਹੀ ਵੜਨ ਦੇਣਾ। ਹੁਣ ਤਾਂ ਮਹਿੰਦਰ ਮਸਟਰ ਵੀ ਹੈਨੀ। ਰੱਬ ਕੋਲ ਗਏ ਨੂੰ ਵੀ ਕੈਅ ਸਾਲ ਹੋਗੇ। ਮਸਟਰਨੀ ਵੀ ਹੈਨੀ ਤੁਰਨ-ਫਿਰਨ ਜੋਕਰੀ।'

'ਕਰਮਾ ਵਾਲੀਏ! ਮੈਨੂੰ ਤਾਂ ਪਿੰਡ ਵਾਲਿਆਂ ਦੀ ਸਮਝ ਨ੍ਹੀਂ ਲੱਗਦੀ— ਹਜੇ ਕੱਲ੍ਹ ਦੀਆਂ ਗੱਲਾਂ। ਕਰੋਨੇ ਦੀ ਬਿਮਾਰੀ ਦੇ ਦਿਨਾਂ 'ਚ ਘਰੋ ਘਰੀ ਰਾਸ਼ਨ ਵੰਡਦੇ ਫਿਰਦੇ ਸੀਗੇ। ਫਿਰ ਜਦੋਂ ਆਹ ਕਾਨੂੰਨਾਂ ਆਲਾ ਰੌਲਾ ਪਿਆ, ਓਦੋਂ ਵੀ

**(ਬਾਕੀ ਅਗਲੇ ਸਫੇ 'ਤੇ)**

# ਅਜਨਾਲੇ ਦੀ ਘਟਨਾ ਅਤੇ ਸਮੇਂ ਦੀ ਚੁਣੌਤੀ

**ਭਖਦਾ ਮਸਲਾ**

ਕੁਝ ਦਿਨ ਪਹਿਲਾਂ, ਅਜਨਾਲਾ 'ਚ ਜੋ ਕੁੱਝ ਵਾਪਰਿਆ, ਦੇਖ/ਜਾਣ ਕੇ ਲੋਕ ਹੈਰਾਨ ਵੀ ਹੋਏ ਅਤੇ ਫਿਕਰਮੰਦ ਵੀ! ਬੰਦੂਕਾਂ, ਤਲਵਾਰਾਂ ਅਤੇ ਡਾਂਗਾਂ ਸੋਟਿਆਂ ਨਾਲ ਲੈਸ, ਮਰਦ-ਨੌਜਵਾਨਾਂ ਦੀ ਭੀੜ ਵਲੋਂ ਪੁਲਿਸ 'ਤੇ ਹਮਲਾ ਕਰਨਾ ਅਤੇ ਬੈਰੀਕੇਡ ਤੋੜ ਕੇ ਥਾਣੇ ਦੇ ਅੰਦਰ ਵੜ ਜਾਣਾ ਕੋਈ ਛੋਟੀ ਘਟਨਾ ਨਹੀਂ! ਇਸ ਘਟਨਾ ਪ੍ਰਤੀ, ਲੋਕਾਂ ਦੇ ਵੱਖ-ਵੱਖ ਹਿੱਸਿਆਂ ਨੇ ਵੱਖਰੇ-ਵੱਖਰੇ ਪ੍ਰਭਾਵ ਦਿੱਤੇ ਹਨ; ਕੋਈ ਇਸਨੂੰ ਭੜਕੀ ਹੋਈ ਭੀੜ ਦੀ ਗੁੰਡਾਗਰਦੀ, ਕੋਈ ਸ਼ਰਮਨਾਕ ਤੇ ਮੰਦਭਾਗੀ ਘਟਨਾ ਅਤੇ ਕੋਈ ਗੁਰੂ ਦੀ ਹਾਜ਼ਰੀ

**ਪਰਮਜੀਤ 'ਰੋਡੇ'**
**ਫੋਨ: 737 274 2370**

'ਚ ਕੀਤਾ ਅਪਰਾਧ ਕਹਿ ਰਿਹਾ ਹੈ! ਕਈਆਂ ਨੂੰ ਸਿਰਫ਼ ਇਹ ਇਤਰਾਜ਼ ਹੈ ਕਿ ਜੇ ਅਜਿਹਾ ਕੁਝ ਕਰਨਾ ਵੀ ਸੀ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਢਾਲ ਨਹੀਂ ਸੀ ਬਣਾਉਣਾ ਚਾਹੀਦਾ! ਮੈਨੂੰ ਲੱਗਦੈ ਇਸ ਘਟਨਾ ਨੂੰ ਹੁੱਲੜਬਾਜ਼ੀ ਤੇ ਗੁੰਡਾਗਰਦੀ ਤੱਕ ਸੁੰਗੇੜਨਾ ਮਸਲੇ ਦੀ ਗੰਭੀਰਤਾ ਨੂੰ ਘਟਾ ਕੇ ਦੇਖਣਾ ਹੈ। ਉਂਜ ਵੀ ਜੇ ਪੁਲਿਸ ਨਾਲ ਟੱਕਰ ਲੈਣੀ ਤੇ ਬੈਰੀਕੇਡ ਤੋੜ ਕੇ ਥਾਣੇ ਅੰਦਰ ਵੜ ਜਾਣਾ ਹੀ ਗੁੰਡਾਗਰਦੀ ਹੋਈ ਤਾਂ ਜਦੋਂ ਕਿਸਾਨ, ਪੁਲਿਸ ਵਲੋਂ ਲਾਏ ਬੈਰੀਕੇਡਾਂ ਨੂੰ ਤੋੜ ਕੇ ਧੱਕੇ ਨਾਲ ਦਿੱਲੀ ਦੇ ਬਾਰਡਰ 'ਤੇ ਜਾ ਬੈਠੇ ਸਨ ਤਾਂ ਉਹ ਕੀ ਸੀ? ਜਾਂ ਫਿਰ ਮੋਗੇ 'ਚ ਕਿਸਾਨ ਮੁਜ਼ਾਹਰੇ ਸਮੇਂ ਜਦੋਂ ਕਿਸਾਨਾਂ ਨੇ ਭੱਜੇ ਜਾਂਦੇ ਪੁਲਸੀਆਂ ਦੇ ਡਾਂਗਾਂ ਮਾਰੀਆਂ ਸਨ, ਤੁਸੀਂ ਉਸਨੂੰ ਕੀ ਕਹੋਗੇ? ਥੋਡੀ ਦਲੀਲ ਮੁਤਾਬਕ ਤਾਂ ਇਨ੍ਹਾਂ ਘਟਨਾਵਾਂ ਨੂੰ ਵੀ ਗੁੰਡਾਗਰਦੀ ਕਹਿਣਾ ਬਣਦਾ ਹੈ! ਹਕੀਕਤ ਇਹ ਹੈ ਕਿ ਸਿੱਖ ਫਿਰਕੂ-ਸਿਆਸੀ ਲਹਿਰ ਇਸ ਵਕਤ ਉਠਾਣ ਦੇ ਰੌਅ 'ਚ ਹੈ ਅਤੇ ਅਜਨਾਲੇ ਦੀ ਘਟਨਾ ਨੂੰ ਇਸਦੇ ਅੰਗ ਵਜੋਂ ਹੀ ਲੈਣਾ ਚਾਹੀਦਾ ਹੈ! ਅਸਲ 'ਚ; ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਤੇ ਆਰ ਐੱਸ ਐੱਸ ਵਲੋਂ ਦੇਸ਼ ਭਰ 'ਚ ਸਿਰਜਿਆ ਫਿਰਕੂ ਮਾਹੌਲ, ਪੰਜਾਬੀ ਸਮਾਜ 'ਚ ਪੈਦਾ ਹੋਇਆ ਸਿਆਸੀ ਖਲਾਅ ਅਤੇ ਪੰਜਾਬ ਦੀ ਜਵਾਨੀ ਦੇ ਮਨਾਂ 'ਚ ਪੰਜਾਬ ਨਾਲ ਧੱਕੇ ਦੀ ਥਾਂ ਸਿੱਖਾਂ ਨਾਲ ਧੱਕੇ ਦਾ ਖੜ੍ਹਾ ਕੀਤਾ ਹਊਆ, ਇਸ ਨਾਂਹ-ਪੱਖੀ ਵਰਤਾਰੇ ਲਈ ਜ਼ਰਖੇਜ਼ ਭੋਇੰ ਮੁਹੱਈਆ ਕਰ ਰਿਹਾ ਹੈ।

ਅੱਜ-ਕੱਲ੍ਹ ਲੜਾਈ 'ਚ ਹਰ ਕੋਈ, ਕਿਸੇ ਨਾ ਕਿਸੇ ਗੱਲ/ਚੀਜ਼ ਨੂੰ ਢਾਲ ਬਣਾ ਕੇ ਚੱਲ ਰਿਹਾ ਹੈ; ਕੋਈ ਕਿਸੇ ਧਰਮ ਨੂੰ, ਕੋਈ ਬੇਕਸੂਰ ਲੋਕਾਂ ਨੂੰ ਅਤੇ ਕੋਈ ਲੋਕਾਂ ਦੀ ਅਗਿਆਨਤਾ ਨੂੰ! ਸਾਨੂੰ ਯਾਦ ਹੋਣਾ ਚਾਹੀਦਾ ਹੈ ਕਿ ਕੁੱਝ ਸਾਲ ਪਹਿਲਾਂ ਜਦੋਂ ਕਸ਼ਮੀਰ 'ਚ ਭਾਰਤੀ ਫੌਜ ਅਤੇ ਕਸ਼ਮੀਰੀ ਲੋਕਾਂ ਦੀ ਲੜਾਈ ਤੇਜ਼ ਹੋ ਗਈ ਸੀ ਅਤੇ ਕਸ਼ਮੀਰੀਆਂ ਵਲੋਂ ਭਾਰਤੀ ਫੌਜ ਦੀਆਂ ਗੱਡੀਆਂ 'ਤੇ ਪਥਰਾਅ ਅਤੇ ਹਮਲੇ ਆਮ ਵਰਤਾਰਾ ਬਣ ਗਿਆ ਸੀ ਤਾਂ ਭਾਰਤੀ ਫੌਜ ਨੇ ਆਪਣੀਆਂ ਗੱਡੀਆਂ ਦੇ ਬੋਨਟਾਂ 'ਤੇ ਬੇਕਸੂਰ ਕਸ਼ਮੀਰੀ ਲੋਕਾਂ ਨੂੰ ਨੂੜ ਕੇ ਚੱਲਣਾ ਸ਼ੁਰੂ ਕਰ ਦਿੱਤਾ ਸੀ ਤਾਂ ਕਿ ਇਨ੍ਹਾਂ ਨੂੜੇ ਹੋਏ ਲੋਕਾਂ ਨੂੰ ਆਪਣੇ ਬਚਾ ਲਈ ਢਾਲ ਵਜੋਂ ਵਰਤਿਆ ਜਾ ਸਕੇ। ਜੇ ਕਸ਼ਮੀਰੀ ਲੋਕ ਭਾਰਤੀ ਫੌਜ ਉਤੇ ਪੱਥਰਬਾਜ਼ੀ ਜਾਂ ਹੋਰ ਹਮਲੇ ਕਰਨ ਵੀ ਤਾਂ ਉਸਦਾ ਪਹਿਲਾ ਸ਼ਿਕਾਰ, ਗੱਡੀਆਂ ਦੇ ਬੋਨਟਾਂ 'ਤੇ ਨੂੜੇ ਹੋਏ ਬੇਕਸੂਰ ਕਸ਼ਮੀਰੀ ਲੋਕ ਹੀ ਬਣਨ। ਅੰਮ੍ਰਿਤਪਾਲ ਦੀ ਫਿਰਕੂ ਧਿਰ ਨੇ ਵੀ ਪੁਲਿਸ ਤੋਂ ਬਚਾਅ ਲਈ, ਗੁਰੂ ਗ੍ਰੰਥ ਸਾਹਿਬ ਨੂੰ ਈ ਢਾਲ ਬਣਾ ਕੇ ਅਜਿਹਾ ਪੱਤਾ ਖੇਡਿਆ ਹੈ। ਦੋਹਾਂ ਈ ਮਾਮਲਿਆਂ 'ਚ ਇਹ ਕਮਜ਼ੋਰੀ 'ਚੋਂ ਨਿਕਲਿਆ ਹੋਇਆ ਬਚਾਅ ਦਾ ਪੈਂਤੜਾ ਬਣਦਾ ਹੈ!

ਅੰਮ੍ਰਿਤਪਾਲ ਦੀ ਅਗਵਾਈ ਵਾਲੀ ਇਸ ਫਿਰਕੂ ਲਹਿਰ ਨੂੰ ਹਲਕੇ 'ਚ ਨਹੀਂ ਲੈਣਾ ਚਾਹੀਦਾ! ਸੰਤ ਜਰਨੈਲ ਸਿੰਘ 'ਭਿੰਡਰਾਂਵਾਲੇ' ਨੇ ਵੀ ਆਪਣੀ ਸ਼ੁਰੂਆਤ, ਅਜਿਹੀਆਂ ਛੋਟੀਆਂ-ਮੋਟੀਆਂ ਕਾਰਵਾਈਆਂ ਤੋਂ ਹੀ ਕੀਤੀ ਸੀ! ਪਰ ਜਿਓਂ-ਜਿਓਂ ਉਸਦੀ ਤਾਕਤ ਅਤੇ ਹਮਾਇਤ ਵਧਦੀ ਗਈ, ਉਹ ਹੋਰ ਵੱਧ ਹਮਲਾਵਰ ਵੀ ਹੁੰਦਾ ਗਿਆ ਅਤੇ ਉਸ ਦੀਆਂ ਕਾਰਵਾਈਆਂ ਦਾ ਘੇਰਾ ਵੀ ਮੋਕਲਾ ਹੁੰਦਾ ਚਲਾ ਗਿਆ। ਮੈਨੂੰ ਯਾਦ ਹੈ ਸਾਡੇ ਪਿੰਡ 'ਰੋਡੇ' ਅਕਾਲੀ ਦਲ ਦੀ ਰੈਲੀ ਸੀ ਤਾਂ ਸੰਤ ਜਰਨੈਲ ਸਿੰਘ 'ਭਿੰਡਰਾਂਵਾਲਾ' ਵੀ ਆਪਣੇ ਜਥੇ ਸਮੇਤ ਉੱਥੇ ਪਹੁੰਚ ਗਏ। ਫਿਰ ਜਦੋਂ ਅਕਾਲੀ ਲੀਡਰ ਅਤੇ ਕੈਬਨਿਟ ਮੰਤਰੀ ਜਸਵਿੰਦਰ ਬਰਾੜ ਸਟੇਜ ਤੋਂ ਬੋਲਣ ਲੱਗਾ ਤਾਂ ਸੰਤਾਂ ਨੂੰ ਉਸਦੀ ਕੋਈ ਗੱਲ ਠੀਕ ਨਾ ਲੱਗੀ। ਸੰਤਾਂ ਨੇ ਉਸਨੂੰ ਟੋਕਿਆ ਪਰ ਅਕਾਲੀ ਮੰਤਰੀ ਨੇ ਉਸੇ ਵਕਤ ਸਿਰਫ ਐਨਾ ਕਹਿ ਕੇ ਚੁੱਪ ਕਰਾ ਦਿੱਤਾ ਕਿ 'ਸੰਤ ਜੀ, ਥੋਨੂੰ ਇਨ੍ਹਾਂ ਗੱਲਾਂ ਦਾ ਨਹੀਂ ਪਤਾ'! ਸੰਤ ਜੀ ਚੁੱਪ ਹੋ ਗਏ, ਕਿਉਂਕਿ ਸੰਤਾਂ ਦੀ ਲਹਿਰ ਦਾ ਇਹ ਅਜੇ ਪਹਿਲਾ ਦੌਰ ਸੀ ਅਤੇ ਸੰਤਾਂ ਦੀ ਮਸ਼ਹੂਰੀ ਅਜੇ ਨੀਵੀਂ ਪੱਧਰ 'ਤੇ ਸੀ। ਉਸ ਤੋਂ ਬਾਅਦ ਜਦੋਂ ਲੁਧਿਆਣੇ 'ਚ ਅਕਾਲੀ ਦਲ ਦੀ ਸੂਬਾ ਪੱਧਰੀ ਵੱਡੀ ਕਾਨਫਰੰਸ ਹੋਈ ਤਾਂ ਸੰਤ ਭਿੰਡਰਾਂਵਾਲੇ ਵੀ ਆਪਣੇ ਜਥੇ ਸਮੇਤ ਆ ਕੇ ਪੰਡਾਲ 'ਚ ਬੈਠ ਗਏ। ਫਿਰ ਉੱਠੇ, ਸਟੇਜ 'ਤੇ ਚੜ੍ਹ ਕੇ ਮਾਈਕ ਫੜਿਆ, ਜੋ ਕੁੱਝ ਬੋਲਣਾ ਚਾਹੁੰਦੇ ਸੀ ਬੋਲਿਆ ਅਤੇ ਆਪਣਾ ਜਥਾ ਲੈ ਕੇ ਚਲੇ ਗਏ। ਕਿਉਂਕਿ ਉਸ ਸਮੇਂ ਤੱਕ ਸੰਤਾਂ ਦੀ ਲਹਿਰ ਤਕੜਾਈ ਫੜ ਚੁੱਕੀ ਸੀ ਇਸ ਲਈ ਸਟੇਜ ਦੇ ਪ੍ਰਬੰਧਕ ਜੁਅਰਤ ਨਹੀਂ ਕਰ ਸਕੇ ਕਿ ਸੰਤਾਂ ਨੂੰ ਕਹਿ ਸਕਣ ਕਿ ਇਹ ਸਾਡੀ ਸਟੇਜ ਹੈ, ਇਸ ਲਈ ਇਥੋਂ ਬੋਲਣ ਲਈ ਤੁਹਾਨੂੰ ਸਾਥੋਂ ਇਜਾਜ਼ਤ ਲੈਣੀ ਚਾਹੀਦੀ ਸੀ! ਜਾਂ ਫਿਰ ਇਹ ਕਹਿ ਸਕਣ ਕਿ ਜੋ ਕੁਝ ਤੁਸੀਂ ਬੋਲਿਐ ਉਹ ਸਾਡੀ ਸਮਝ ਮੁਤਾਬਕ ਕਿਸੇ ਤਰ੍ਹਾਂ ਵੀ ਠੀਕ ਨਹੀਂ ਸੀ।




ਇਹੀ ਗੱਲ ਹੁਣ ਅੰਮ੍ਰਿਤਪਾਲ ਦੇ ਮਾਮਲੇ 'ਚ ਵੀ ਸੱਚ ਹੈ! ਉਸ ਵਲੋਂ ਮੁੜ ਸ਼ੁਰੂ ਕੀਤੀ ਇਹ ਧਰਮ-ਆਧਾਰਤ ਫ਼ਿਰਕੂ ਲਹਿਰ ਜੇ ਜ਼ੋਰ ਫੜ ਜਾਂਦੀ ਹੈ ਤਾਂ ਸਿਆਸੀ ਪਾਰਟੀਆਂ ਦੇ ਉਹ ਲੀਡਰ ਜਿਹੜੇ ਅੱਜ ਅੰਮ੍ਰਿਤਪਾਲ ਦੇ ਖ਼ਿਲਾਫ ਹੁੱਬ-ਹੁੱਬ ਕੇ ਬੋਲ ਰਹੇ ਅਤੇ ਟੈਲੀਵਿਜ਼ਨ ਚੈਨਲਾਂ 'ਤੇ ਜਾਬ੍ਹਾਂ ਦਾ ਭੇੜ ਕਰਨ ਵਾਲੇ ਇਨ੍ਹਾਂ ਪਾਰਟੀਆਂ ਦੇ ਅਜੋਕੇ ਸਪੋਕਸਮੈਨ, ਸਿਰਫ ਇਕ ਘੁਰਕੀ ਦੀ ਮਾਰ ਹਨ। ਸੰਤ ਜਰਨੈਲ ਸਿਘ ਦੇ ਦੌਰ ਮੌਕੇ, ਕਾਂਗਰਸ ਪਾਰਟੀ ਦੇ ਨਿਧੜਕ ਲੀਡਰ ਵਜੋਂ ਜਾਣੇ ਜਾਂਦੇ ਗੁਰਚਰਨ ਸਿੰਘ ਨਿਹਾਲੇਵਾਲਾ ਨੇ 'ਭਿੰਡਰਾਂਵਾਲੇ' ਸਬੰਧੀ ਇਕ ਬਿਆਨ ਦਿੱਤਾ ਕਿ 'ਮੈਨੂੰ ਮੁੱਖ ਮੰਤਰੀ ਬਣਾਓ, ਮੈਂ ਸਾਧ ਨੂੰ ਦੋ ਦਿਨਾਂ 'ਚ ਸਿੱਧਾ ਕਰ ਦੇਊਂ'! ਭਿੰਡਰਾਂਵਾਲਾ ਨੇ ਉਸਦੇ ਨਾਮ ਦੀ ਪਰਚੀ ਅਜੇ 'ਘੜੇ' 'ਚ ਪਾਈ ਨਹੀਂ ਸੀ ਕਿ ਇਸ ਨਿਧੜਕ ਲੀਡਰ ਨੇ 'ਆਪਣੀ ਪਤਨੀ ਨੂੰ ਅੰਮ੍ਰਿਤਸਰ 'ਸੰਤ ਜੀ' ਕੋਲ ਮੁਆਫੀ ਮੰਗਣ ਲਈ ਭੇਜ ਦਿੱਤਾ।

ਸ਼ੁਰੂ 'ਚ ਅਸੀਂ ਵੀ, ਭਿੰਡਰਾਂਵਾਲਾ ਅਤੇ ਉਸਦੀ ਫਿਰਕਾਪ੍ਰਸਤ ਸਿੱਖ ਖਾੜਕੂ ਲਹਿਰ ਦਾ ਮਖੌਲ ਉਡਾਇਆ ਕਰਦੇ ਸੀ, ਫਿਰ ਉਸ 'ਤੇ ਹੈਰਾਨ ਹੋਣ ਲੱਗ ਪਏ, ਫਿਰ ਉਸ ਤੋਂ ਚੌਕੰਨੇ ਹੋ ਗਏ ਅਤੇ ਫਿਰ ਅਸੁਰੱਖਿਅਤ ਵੀ ਮਹਿਸੂਸ ਕਰਨ ਲੱਗ ਪਏ! ਜਲੰਧਰ 'ਤੋਂ ਛਪਦੇ ਆਪਣੇ ਹਫਤਾਵਾਰ ਅਖਬਾਰ 'ਜੈਕਾਰਾ' ਰਾਹੀਂ ਅਸੀਂ ਸਰਕਾਰੀ ਜਬਰ ਅਤੇ ਭਿੰਡਰਾਂਵਾਲਾ ਦੀ ਲੋਕ-ਵਿਰੋਧੀ ਲਹਿਰ ਦਾ ਵਿਰੋਧ ਕਰਨ ਦੇ ਨਾਲ-ਨਾਲ ਇਸ ਲਹਿਰ ਨਾਲ ਜੁੜੇ ਨੌਜਵਾਨਾਂ ਨੂੰ, ਇਸ ਲਹਿਰ ਦੇ ਭਵਿੱਖ ਬਾਰੇ ਵੀ ਚੌਕਸ ਕਰਨਾ ਸ਼ੁਰੂ ਕਰ ਦਿੱਤਾ ਸੀ! ਅਪਰੇਸ਼ਨ ਬਲੂ-ਸਟਾਰ ਤੋਂ ਕੁਝ ਦਿਨ ਪਹਿਲਾਂ, ਅਖਬਾਰ 'ਜੈਕਾਰਾ' ਵਿਚ ਹੋਰਨਾਂ ਵਾਂਗ ਮੈਂ ਵੀ ਇਕ ਲੇਖ ਲਿਖਿਆ ਸੀ ਜਿਸ ਦੀਆਂ ਆਖਰੀ ਲਾਈਨਾਂ ਇਹ ਸਨ; 'ਇਹ (ਭਿੰਡਰਾਂਵਾਲਾ) ਇਸ ਰਾਹ ਤੋਂ ਪਿੱਛੇ ਨਹੀਂ ਮੁੜਨ ਲੱਗਾ, ਜੇ ਮੁੜਿਆ ਵੀ ਤਾਂ ਪੱਥਰ ਚੱਟ ਕੇ ਈ ਮੁੜੇਗਾ।'

ਇਹ ਤੱਥ ਹੁਣ ਲੁਕਿਆ-ਛੁਪਿਆ ਨਹੀਂ ਕਿ ਸਮੇਂ ਦੀ ਕਾਂਗਰਸ ਸਰਕਾਰ ਨੇ ਸੰਤ ਭਿੰਡਰਾਂਵਾਲਾ ਨੂੰ ਖੁਦ ਉਭਾਰਿਆ ਸੀ ਤਾਂ ਕਿ ਉਸਨੂੰ, ਪੰਜਾਬ 'ਚ ਕਾਂਗਰਸ ਦੇ ਵਿਰੋਧੀਆਂ ਨੂੰ ਖੂੰਜੇ ਲਾਉਣ ਲਈ ਵਰਤਿਆ ਜਾ ਸਕੇ! ਪਰ ਭਿੰਡਰਾਂਵਾਲਾ ਉਨ੍ਹਾਂ ਤੋਂ ਵੀ ਚੁਸਤ ਨਿਕਲਿਆ, ਉਹ ਆਪਣੀ ਲਹਿਰ ਨੂੰ ਅੱਗੇ ਵਧਾਉਣ ਲਈ ਕਾਂਗਰਸ ਸਰਕਾਰ ਨੂੰ ਹੀ ਵਰਤ ਗਿਆ! ਉਸ ਤੋਂ ਬਾਅਦ ਤਾਂ ਹਾਲਾਤ 'ਬੋਤਲ 'ਚੋਂ ਨਿਕਲੇ ਭੂਤ' ਵਰਗੇ ਬਣ ਗਏ! ਅੰਮ੍ਰਿਤਪਾਲ ਦੇ ਮਾਮਲੇ 'ਚ ਵੀ ਉਸੇ ਅਮਲ ਨੂੰ ਹੀ ਦੁਹਰਾਇਆ ਜਾ ਰਿਹੈ! ਜਿਵੇਂ ਇਕ ਨੌਜਵਾਨ ਵਲੋਂ ਅੰਮ੍ਰਿਤਪਾਲ ਦੇ ਜਥੇ ਤੱਕ ਸੁਨੇਹਾ ਲਾਉਣਾ ਕਿ ਅੰਮ੍ਰਿਤਪਾਲ ਦੀ ਜਾਨ ਨੂੰ ਖਤਰਾ ਹੈ, ਉਸ ਦੇ ਕੋਈ ਗੋਲੀ ਮਾਰ ਸਕਦਾ ਹੈ! ਫਿਰ ਉਹੀ ਸੁਨੇਹਾ ਚਿੱਠੀ ਰਾਹੀਂ ਆਈ.ਜੀ. ਪੁਲਿਸ ਤੱਕ ਪਹੁੰਚਾਉਣਾ, ਫਿਰ ਆਈ.ਜੀ. ਵਲੋਂ ਅੰਮ੍ਰਿਤਪਾਲ ਨੂੰ ਉਸ ਚਿੱਠੀ ਬਾਰੇ ਖ਼ੁਦ ਸੂਚਿਤ ਕਰਨਾ, ਅੰਮ੍ਰਿਤਪਾਲ ਦੇ ਆਦਮੀਆਂ ਵਲੋਂ ਉਸ ਜਵਾਨ ਦੀ ਕੁੱਟਮਾਰ ਉਪਰੰਤ ਪੁਲਿਸ ਵਲੋਂ ਅੰਮ੍ਰਿਤਪਾਲ ਸਮੇਤ ਛੇ ਜਣਿਆਂ 'ਤੇ ਪੁਲਿਸ ਕੇਸ ਦਰਜ ਕਰ ਕੇ ਛੇਆਂ 'ਚੋਂ ਇਕ ਨੂੰ ਗ੍ਰਿਫਤਾਰ ਕਰਨਾ, ਫਿਰ ਅੰਮ੍ਰਿਤਪਾਲ ਵਲੋਂ ਨੌਜਵਾਨਾਂ ਦੀ ਵੱਡੀ ਭੀੜ ਨੂੰ ਨਾਲ ਲੈ ਕੇ ਪੁਲਿਸ ਥਾਣੇ 'ਤੇ ਹਮਲਾ ਕਰਨਾ ਅਤੇ ਪੁਲਿਸ ਨੂੰ ਮਜਬੂਰ ਕਰਨਾ ਕਿ ਗ੍ਰਿਫਤਾਰ ਵਿਅਕਤੀ ਤੋਂ ਕੇਸ ਵਾਪਿਸ ਲਵੇ! ਫਿਰ ਉਸ ਵਲੋਂ, ਐਸ.ਪੀ. ਦੇ ਸਾਹਮਣੀ ਕੁਰਸੀ 'ਤੇ ਬੈਠ ਕੇ ਕਹਿਣਾ ਕਿ 'ਜੇ ਹਿੰਮਤ ਹੈ ਤਾਂ ਮੈਨੂੰ ਗ੍ਰਿਫਤਾਰ ਕਰ ਕੇ ਦਿਖਾਓ' ਆਦਿ, ਆਪਣੇ ਆਪ 'ਚ ਹੀ ਇਕ ਸਕੈਂਡਲ ਹੈ, ਜਿਸਦੇ ਪਿੱਛੇ ਕੋਈ ਗਹਿਰੀ ਸਾਜ਼ਿਸ਼ ਦਿਖਾਈ ਦਿੰਦੀ ਹੈ। ਇਹ ਸਾਜ਼ਿਸ਼ ਕਿਸੇ ਸਿਆਸੀ ਪਾਰਟੀ ਦੀ ਹੈ, ਸਰਕਾਰੀ ਏਜੰਸੀਆਂ ਦੀ ਹੈ, ਜਾਂ ਫਿਰ ਕਿਸੇ ਹੋਰ ਤਾਕਤ ਦੀ! ਇਸ ਦੀਆਂ ਪਰਤਾਂ ਖੁੱਲ੍ਹਣੀਆਂ ਚਾਹੀਦੀਐਂ, ਭਾਵ ਸਾਨੂੰ ਸਭ ਨੂੰ ਇਸ ਬਾਰੇ ਪਤਾ ਹੋਣਾ ਚਾਹੀਦੈ, ਪਰ ਮਸਲਾ ਇਸ ਤੋਂ ਵੀ ਵੱਡਾ ਤੇ ਗੰਭੀਰ ਹੈ। ਇਹ ਠੀਕ ਹੈ ਕਿ ਇਨਕਲਾਬੀਆਂ ਦੇ ਪ੍ਰਾਪੇਗੰਡੇ ਤੇ ਐਜੀਟੇਸ਼ਨ ਦਾ ਚੋਟ-ਨਿਸ਼ਾਨਾ ਮੁੱਖ ਤੌਰ 'ਤੇ ਸਟੇਟ/ਰਿਆਸਤ ਹੋਣਾ ਚਾਹੀਦਾ ਹੈ ਪਰ ਆਪਣੇ ਪ੍ਰਚਾਰ ਰਾਹੀਂ ਅੰਮ੍ਰਿਤਪਾਲ ਦੀ ਧਿਰ ਦੇ ਫਿਰਕੂ-ਜ਼ਹਿਰੀ ਪ੍ਰਚਾਰ ਅਤੇ ਉਸਦੇ ਮੰਤਵ ਦਾ ਪਰਦਾਚਾਕ ਕਰਨਾ ਵੀ ਚਾਹੀਦਾ ਹੈ। ਅਗਲੀ ਗੱਲ, ਜਿੰਨਾ ਚਿਰ ਲੋਕਾਂ ਨੂੰ ਖਾਲਿਸਤਾਨ ਦੇ ਮੁਕਾਬਲੇ, ਇਨਕਲਾਬੀ ਰਾਜ-ਪ੍ਰਬੰਧ ਦੇ ਨੈਣ-ਨਕਸ਼ ਨਹੀਂ ਦਿਖਾਏ ਜਾਂਦੇ, ਫਿਰਕੂ ਲਹਿਰ ਖ਼ਿਲਾਫ਼ ਕੀਤਾ ਪ੍ਰਚਾਰ, ਫੰਡਰ-ਪ੍ਰਾਪੇਗੰਡਾ ਬਣ ਕੇ ਰਹਿ ਜਾਵੇਗਾ।

ਭਿੰਡਰਾਂਵਾਲੇ ਦੀ ਧਾਰਮਿਕ ਕੱਟੜਪੰਥੀ ਫਿਰਕਾਪ੍ਰਸਤ ਲਹਿਰ ਨੂੰ ਵੀ, ਕਿਸੇ ਅਗਾਂਹਵਧੂ ਜਾਂ ਇਨਕਲਾਬੀ ਸਿਆਸਤ ਨੇ ਨਹੀਂ ਸੀ ਖਦੇੜਿਆ! ਉਸਦੇ ਖਾਤਮੇ ਦਾ ਕਾਰਨ ਲਹਿਰ ਦੀਆਂ ਆਪਣੀਆਂ ਕਮਜ਼ੋਰੀਆਂ ਅਤੇ ਪੁਲਿਸ ਦਾ ਬੇ-ਤਹਾਸ਼ਾ ਜਬਰ ਸੀ। ਜਿੰਨੇ ਨੌਜਵਾਨਾਂ ਦਾ ਉਸ ਲਹਿਰ 'ਚ ਘਾਣ ਹੋਇਆ, ਜੇ ਕਿਧਰੇ ਇਨਕਲਾਬੀ ਸਿਆਸਤ ਉਨ੍ਹਾਂ ਨੂੰ ਭਿੰਡਰਾਂਵਾਲੇ ਦੀ ਚੁੰਗਲ 'ਚੋਂ ਕੱਢ ਕੇ ਇਨਕਲਾਬੀ ਲਹਿਰ ਦਾ ਅੰਗ ਬਣਾ ਸਕਦੀ ਤਾਂ ਪੰਜਾਬ ਦਾ ਇਤਿਹਾਸ ਈ ਵੱਖਰਾ ਹੋਣਾ ਸੀ! ਹੁਣ ਵੀ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲੀ ਇਸ ਸਿੱਖ-ਕੱਟੜਪੰਥੀ ਲੋਕ-ਵਿਰੋਧੀ ਲਹਿਰ ਨੂੰ ਸਿਰਫ਼ ਇਨਕਲਾਬੀ-ਜਮਹੂਰੀ ਸਿਆਸਤ ਈ ਭਾਂਜ ਦੇ ਸਕਦੀ ਐ ਬਸ਼ਰਤੇ ਕਿ ਕਮਿਊਨਿਸਟ ਇਨਕਲਾਬੀ ਲੀਡਰ ਵੀ ਇਸ ਪ੍ਰਤੀ ਗੰਭੀਰ ਹੋਣ!

ਦਿੱਲੀ ਦੀਆਂ ਬਰੂਹਾਂ 'ਤੇ ਲੜਿਆ ਗਿਆ ਲੰਮਾ ਕਿਸਾਨ ਘੋਲ ਅਜਿਹੀ ਲੋਕ-ਪੱਖੀ ਸਿਆਸਤ ਦੇ ਪ੍ਰਚਾਰ-ਪਸਾਰ ਲਈ ਵਧੀਆ ਮੌਕਾ ਸੀ। ਉਸ ਸਮੇਂ ਇਨ੍ਹਾਂ ਨੂੰ, ਹਿੰਦੂ-ਰਾਸ਼ਟਰ ਅਤੇ ਖਾਲਿਸਤਾਨ ਦੇ ਫ਼ਿਰਕੂ-ਸੰਕਲਪ ਦੇ ਮੁਕਾਬਲੇ ਇਨਕਲਾਬੀ-ਰਾਜ ਦਾ ਸੰਕਲਪ ਉਭਾਰਨਾ ਚਾਹੀਦਾ ਸੀ। ਪਰ ਕਿਸਾਨੀ ਘੋਲ ਦੀ ਮੁੱਖ ਤੌਰ 'ਤੇ ਅਗਵਾਈ ਕਰ ਰਹੇ ਕਮਿਊਨਿਸਟ ਇਨਕਲਾਬੀ ਲੀਡਰਾਂ/ਧਿਰਾਂ ਨੇ ਇਹ ਮੌਕਾ ਬੁਰੀ ਤਰ੍ਹਾਂ ਖੁੰਝਾਅ/ਵਿਸਾਰ ਦਿੱਤਾ! ਕਹਿਣ ਨੂੰ ਤਾਂ ਇਹ ਲੋਕਾਂ 'ਚ, 'ਆਪਣੀ ਤਾਕਤ ਅਤੇ ਘੋਲਾਂ 'ਤੇ ਟੇਕ ਰੱਖਣ' ਦਾ ਪ੍ਰਚਾਰ ਕਰਦੇ ਸਨ, ਪਰ ਕਿਸਾਨਾਂ ਦੀ ਸਹੂਲਤ ਲਈ ਪਾਠ-ਪੂਜਾ ਕਰਨ ਵਾਸਤੇ, ਧਰਨੇ ਵਾਲੀ ਜਗ੍ਹਾ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣ ਦੇ ਬਾਵਜੂਦ, ਹਰ-ਰੋਜ਼, ਵਾਰ-ਵਾਰ ਅਤੇ ਇਕ-ਦੂਜੇ ਤੋਂ ਅੱਗੇ ਵਧ ਕੇ, ਘੋਲ ਦੀ ਸਟੇਜ ਤੋਂ 'ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ' ਬੋਲਣ ਵਾਲੇ ਇਨ੍ਹਾਂ ਕਮਿਊਨਿਸਟ ਇਨਕਲਾਬੀ ਲੀਡਰਾਂ/ ਕਾਰਕੁਨਾਂ ਨੂੰ ਕੀ ਕਿਹਾ ਜਾਵੇ? ਲੋਕਾਂ ਨੂੰ ਇਹ ਕਿਸ ਕਿਸਮ ਦੀ ਇਨਕਲਾਬੀ-ਸਿਆਸੀ ਚੇਤਨਾ ਦੇ ਰਹੇ ਸਨ? ਅੱਜ ਜਦੋਂ ਅਜਮੇਰ ਸਿੰਘ ਵਰਗਾ ਢੌਂਗੀ-ਇਤਿਹਾਸਕਾਰ ਕਹਿੰਦਾ ਹੈ ਕਿ ਕਿਸਾਨ ਘੋਲ ਤਾਂ ਅਕਾਲ ਪੁਰਖ ਨੇ ਜਿੱਤਿਆ ਹੈ, ਕਿਸਾਨ ਲੀਡਰਾਂ ਤੇ ਜਥੇਬੰਦੀਆਂ ਦਾ ਰੋਲ ਤਾਂ ਸਿਰਫ ਦੋਮ-ਦਰਜੇ ਦਾ ਸੀ ਤਾਂ ਇਸਦੇ ਜਵਾਬ 'ਚ ਕਹਿਣ ਲਈ ਇਨ੍ਹਾਂ ਲੀਡਰਾਂ ਕੋਲ ਕੀ ਬਚਿਆ ਹੈ? ਚੱਲ ਰਹੇ ਕਿਸਾਨ ਘੋਲ ਦੌਰਾਨ ਜਦੋਂ ਕੇਂਦਰ ਸਰਕਾਰ ਅਤੇ ਹੋਰ ਸਿਆਸੀ ਲੀਡਰਾਂ ਨੇ ਪ੍ਰਚਾਰ ਕੀਤਾ ਸੀ ਕਿ ਘੋਲ ਨੂੰ ਤਾਂ ਨਕਸਲੀ ਚਲਾ ਰਹੇ ਹਨ, ਤਾਂ ਉਸ ਮੌਕੇ ਕਮਿਊਨਿਸਟ ਇਨਕਲਾਬੀ ਕਿਸਾਨ ਲੀਡਰਾਂ ਵਲੋਂ ਉਚਾਰਿਆ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦਾ ਬੋਲਾ ਕਿਧਰੇ ਸਰਕਾਰੀ ਪ੍ਰਚਾਰ ਵਿਰੁੱਧ 'ਵਾਹਿਗੁਰੂ' ਨੂੰ ਢਾਲ ਦੇ ਤੌਰ 'ਤੇ ਵਰਤਣ ਦਾ ਇਕ ਚਾਰਾ ਤਾਂ ਨੀਂ ਸੀ?

ਹਾਲਾਤ ਦਾ ਤਕਾਜ਼ਾ ਇਹ ਹੈ ਕਿ ਕਿਸਨ ਘੋਲ ਦੀ ਜਿੱਤ ਨੇ ਪੰਜਾਬ ਦੀ ਜਵਾਨੀ 'ਚ ਆਪਾ ਵਿਸ਼ਵਾਸ ਤੇ ਖਾੜਕੂ ਚੇਤਨਾ ਦਾ ਪਸਾਰ ਤਾਂ ਕੀਤਾ ਹੈ ਪਰ ਇਸ ਦੇ ਹਾਣ ਦੀ ਸਿਆਸੀ ਚੇਤਨਾ ਦਾ ਨਹੀਂ। ਸਥਿਤੀ ਕਾਫੀ ਨਾਜ਼ੁਕ ਹੈ ਅਤੇ ਉਹ ਵੀ ਅਜਿਹੇ ਮੋੜ 'ਤੇ ਜਦੋਂ ਪੰਜਾਬੀ ਸਮਾਜ 'ਚ ਸਿਆਸੀ ਖਲਾਅ ਪੈਦਾ ਹੋ ਚੁੱਕਾ ਹੋਵੇ, ਜਦੋਂ ਟਕਸਾਲੀ ਸਿਆਸੀ ਪਾਰਟੀਆਂ ਆਪਣਾ ਵੱਕਾਰ ਗੁਆ ਚੁੱਕੀਆਂ ਹਨ ਅਤੇ ਨਵੀਂ ਸਿਆਸੀ ਪਾਰਟੀ 'ਆਪ' ਵੀ ਲੋਕਾਂ ਦਾ ਭਰੋਸਾ ਜਿੱਤਣ 'ਚ ਨਾਕਾਮ ਰਹੀ ਹੋਵੇ ਅਤੇ ਜਦੋਂ ਲੋਕ ਇਨਕਲਾਬੀ-ਜਮਹੂਰੀ ਸ਼ਕਤੀਆਂ ਦੀ ਸਿਆਸਤ ਤੋਂ ਲੱਗਭੱਗ ਅਣਜਾਣ ਹੋਣ! ਇਨਕਲਾਬੀਆਂ ਬਾਰੇ ਲੋਕ ਸਿਰਫ ਇੰਨਾ ਜਾਣਦੇ ਹਨ ਕਿ ਕੁੱਝ ਕਿਸਾਨ ਜਥੇਬੰਦੀਆਂ 'ਕਾਮਰੇਡਾਂ' ਦੀਆਂ ਹਨ ਜਿਹੜੀਆਂ ਖੇਤੀ ਦੇ ਧੰਦੇ ਨੂੰ ਲਾਹੇਵੰਦ ਬਣਾਉਣ ਲਈ ਲੜਦੀਆਂ ਹਨ ਅਤੇ ਉਨ੍ਹਾਂ 'ਚੋਂ ਇਕ ਦਾ ਲੀਡਰ ਜੋਗਿੰਦਰ 'ਉਗਰਾਹਾਂ', ਇਕ ਦਾ ਬੂਟਾ 'ਬੁਰਜਗਿੱਲ', ਇਕ ਦਾ ਸੁਰਜੀਤ 'ਫੂਲ', ਇਕ ਦਾ ਨਿਰਭੈ 'ਢੁਡੀਕੇ', ਇਕ ਦਾ ਡਾ. ਦਰਸ਼ਨਪਾਲ ਅਤੇ ਇਕ ਦਾ ਰੁਲਦੂ ਸਿੰਘ 'ਮਾਨਸਾ' ਹੈ ਆਦਿ। ਉਹ ਲੀਡਰ ਕਿਹੋ ਜਿਹਾ ਰਾਜ-ਪ੍ਰਬੰਧ ਚਾਹੁੰਦੇ ਹਨ? ਇਸ ਬਾਰੇ ਲੋਕ ਬਿਲਕੁਲ ਹਨ੍ਹੇਰੇ 'ਚ ਹਨ। ਜਿੰਨਾ ਚਿਰ ਲੋਕ, ਕਿਸੇ ਇਨਕਲਾਬੀ ਰਾਜ-ਪ੍ਰਬੰਧ ਦੇ ਸੰਕਲਪ ਦੀ ਥਾਹ ਨਹੀਂ ਪਾ ਲੈਂਦੇ, ਉਦੋਂ ਤੱਕ ਤਾਂ ਭੁੱਲ ਈ ਜਾਓ ਕਿ ਖਾਲਿਸਤਾਨ ਵਰਗੀਆਂ ਫਿਰਕੂ-ਸਿਆਸੀ ਲਹਿਰਾਂ ਨੂੰ ਕਦੇ ਭਾਂਜ ਵੀ ਦਿੱਤੀ ਜਾ ਸਕਦੀ ਐ।

---

*(ਪਿਛਲੇ ਸਫੇ ਦੀ ਬਾਕੀ)*

ਰਾਸ਼ਨ ਵੰਡਦੇ ਫਿਰਦੇ ਸੀਗੇ। ਫਿਰ ਜਦੋਂ ਆਹ ਕਾਨੂੰਨਾਂ ਆਲਾ ਰੌਲਾ ਪਿਆ, ਓਦੋਂ ਵੀ 'ਕਿਸਾਨ ਮਜ਼ਦੂਰ ਏਕਤਾ ਜਿੰਦਾਬਾਦ' ਦੇ ਨਾਰ੍ਹੇ ਲੱਗਦੇ ਸੀਗੇ। ਆਹ ਝੋਨਿਆਂ ਦੀ ਲਵਾਈ ਵੇਲ਼ੇ ਪਤਾ ਨ੍ਹੀ ਕੀ ਸਾੜ੍ਹ-ਸਤੀ ਫਿਰ ਜਾਂਦੀ।' ਠੋਲ੍ਹੇ ਨੇ ਆਪਣਾ ਸੱਜਾ ਹੱਥ ਪੋਲੇ ਜਿਹੇ ਹਰਬੰਸ ਕੌਰ ਦੀ ਛਾਤੀ 'ਤੇ ਰੱਖਿਆ ਤੇ ਫਿਰ ਖੱਬਾ ਕੰਨ ਛਾਤੀ ਨਾਲ ਲਾ ਕੇ ਦਿਲ ਦੀ ਧੜਕਣ ਸੁਣਨ ਦਾ ਯਤਨ ਕੀਤਾ।

'ਰਵੰਸ ਕੁਰੇ ਚਾਹ ਬਣਾਮਾ? ਲੈ ਲੀਂ ਦੋ ਘੁੱਟਾਂ। ਜਿੰਨਾ ਚਿਰ ਨੈਣ ਪਰਾਣ ਚੱਲਦੇ, ਕੁਛ ਤਾਂ ਅੰਦਰ ਜਾਵੇ। ਕੀ ਪਤਾ ਹਜੇ ਕਿੰਨੇ ਦਿਨ ਰਿੜਕਣਾ ਪਿਆ ਰਹੇ।' ਉਸ ਨੇ ਘਰਵਾਲੀ ਦੇ ਕੰਨਾਂ ਕੋਲ਼ ਮੂੰਹ ਲਿਜਾ ਕੇ ਉੱਚੀ ਆਵਾਜ਼ 'ਚ ਆਖਿਆ ਪਰ ਓਧਰੋਂ ਹਾਂ-ਨਾਂਹ 'ਚ ਜੁਆਬ ਤਾਂ ਕੀ ਆਉਣਾ ਸੀ, ਕੋਈ ਹਿੱਲਜੁੱਲ ਵੀ ਨਾ ਹੋਈ।

'ਹੱਛਿਆ! ਜਿਮੇਂ ਤੇਰੀ ਇੱਛਾ।' ਆਖਦਿਆਂ ਠੋਲ੍ਹਾ ਨਿਤਾਣਾ ਜਿਹਾ ਹੋ ਕੇ ਆਪਣੇ ਮੰਜੇ 'ਤੇ ਜਾ ਢੱਠਾ। ਕੁੱਝ ਚਿਰ ਉਸੇ ਤਰ੍ਹਾਂ ਗੁੰਮ ਸੁੰਮ ਜਿਹਾ ਪਿਆ ਰਿਹਾ। ਫੇਰ ਹੰਭਲਾ ਮਾਰ ਕੇ ਉਠਿਆ ਤੇ ਦੁਬਾਰਾ ਹਰਬੰਸ ਕੌਰ ਦੇ ਮੰਜੇ ਦੀ ਬਾਹੀ 'ਤੇ ਜਾ ਬੈਠਾ।

'ਸੱਚ ਰਵੰਸ ਕੁਰੇ! ਤੈਨੂੰ ਤਾਂ ਮੈਂ ਦੱਸਣਾ ਈ ਭੁੱਲ ਗਿਆ। ਕੱਲ੍ਹ ਮੈਂ ਛੋਟੇ ਸਕੂਲ ਅੱਲੀਂ ਗਿਆ ਸੀ। ਮਾਸਟਰ ਮਹਿੰਦਰ ਦਾ ਮੁੰਡਾ ਮਿਲਿਆ ਓਥੇ 'ਰਮੇਲ। ਪਤਾ ਈ ਐ ਤੈਨੂੰ 'ਮਰੀਕਾ ਰਹਿੰਦੈ ਕੈਅ ਸਾਲਾਂ ਦਾ। ਕਮਰੇ ਪੁਆ ਰਿਐ ਮਸਟਰ ਦੇ ਨਾਓਂ 'ਤੇ ਸਕੂਲ 'ਚ।' ਠੋਲ੍ਹੇ ਨੂੰ ਹਰਬੰਸ ਕੌਰ ਵੱਲੋਂ ਹਿਚਕੀ ਲੈਣ ਦੀ ਆਵਾਜ਼ ਸੁਣਾਈ ਦਿੱਤੀ। ਠੋਲ੍ਹੇ ਨੂੰ ਲੱਗਾ ਹਰਬੰਸ ਕੌਰ ਨੇ ਉਸ ਦੀ ਗੱਲ ਦਾ ਹੁੰਗਾਰਾ ਭਰਿਆ ਹੈ।

'ਸੁਣਿਐ ਪਿੰਡ 'ਚੋਂ ਕਈ ਬੰਦੇ ਗਏ ਸੀਗੇ ਮੁੰਡੇ ਕੋਲ਼। ਕੋਈ ਕਹਿੰਦਾ ਲੰਗਰ ਲਾਉਣਾ ਤਪ ਸਥਾਨਾਂ 'ਤੇ। ਕੋਈ ਆਂਹਦਾ ਝੰਡੇ ਚੜ੍ਹਾਉਣ ਜਾਣੈ। ਹੋਰ ਵੀ ਗਏ ਸੀਗੇ, ਅਖੇ ਹਾਲ ਵੱਡਾ ਕਰਨਾ। ਲੰਬੜਦਾਰ ਆਂਹਦਾ ਮਸਟਰ ਦੇ ਨਾਂ 'ਤੇ ਪਿੰਡ ਆਲ਼ੀ ਸੜਕ 'ਤੇ ਵੱਡਾ ਗੇਟ ਬਣਾ ਦੇ। ਮੁੰਡੇ ਨੇ ਸਾਰੇ ਦਬੱਲ'ਤੇ ਪੁੱਠੇ ਪੈਰੀਂ। ਆਂਹਦਾ ਮੇਰੇ ਕੋਲ਼ੇ ਹੈਨੀ ਵਾਧੂ ਪੈਸੇ ਫਜ਼ੂਲ ਕੰਮਾਂ ਆਸਤੇ। ਹਾ ਹਾ ਹਾ।' ਉਹ ਕਈ ਦਿਨਾਂ ਬਾਅਦ ਹੱਸਿਆ ਸੀ।

ਹਰਬੰਸ ਕੌਰ ਦੇ ਮਾੜੇ-ਮਾੜੇ ਬੁੱਲ੍ਹ ਹਿੱਲੇ। ਠੋਲ੍ਹੇ ਦੇ ਸਰੀਰ 'ਚ ਖੁਸ਼ੀ ਦੀ ਲਹਿਰ ਦੌੜ ਗਈ।

'ਮੁੰਡੇ ਦੀਆਂ ਤਾਂ ਭਾਈ ਗੱਲਾਂ ਈ ਹੋਰ ਐ। ਆਂਹਦਾ ਸਰਕਾਰੂ ਸਕੂਲ 'ਤੇ ਪੈਸੇ ਲਾਊਂ ਜਿੱਥੇ ਗਰੀਬ-ਗੁਰਬੇ ਦੇ ਜੁਆਕ ਪੜ੍ਹਦੇ। ਉਨ੍ਹੇ ਤਾਂ ਬਾਜ਼ੀਗਰਾਂ ਦੀ ਧਰਮਸ਼ਾਲਾ ਆਸਤੇ ਵੀ ਡੂਢ ਲੱਖ ਦੇ'ਤਾ; ਅਖੇ, ਗਰੀਬਾਂ ਨੇ ਸ਼ਾਦੀ-ਗਮੀ ਆਲ਼ੇ ਸਮਾਗਮ ਏਥੇ ਈ ਕਰਨੇ ਹੁੰਦੇ ਆ। ਸੁਣਿਆ ਸ਼ਰੀਕਾ 'ਰਮੇਲ ਨਾਲ ਤੜਿੰਗ ਹੋਇਆ ਫਿਰਦੈ। ਉਹ ਤਾਂ ਕਹਿੰਦੇ ਰਮੇਲ ਜਾਤਾਂ ਨੂੰ ਸਿਰ ਚੜ੍ਹਾਈ ਜਾਂਦਾ।' ਬੰਸੋ ਦੇ ਲੰਮਾ ਸਾਹ ਲੈਣ ਦੀ ਆਵਾਜ਼ ਆਈ।

'ਬਸ਼ਕੀਂ ਬਾਬਾ ਨਾਨਕਾ!' ਠੋਲ੍ਹੇ ਦੇ ਹੱਥ ਆਪ ਮੁਹਾਰੇ ਅਰਦਾਸ ਕਰਨ ਲਈ ਜੁੜ ਗਏ।

'ਮੁੰਡਾ ਬੜੇ ਤਪਾਕ ਨਾਲ ਮਿਲਿਆ ਮੇਰੇ ਗੋਡੀਂ ਹੱਥ ਲਾ ਕੇ। ਘੁੱਟ ਕੇ ਜੱਫ਼ੀ ਪਾ ਲਈ। ਆਂਹਦਾ, 'ਚਾਚਾ ਘਾਬਰਨਾ ਨ੍ਹੀਂ ਕਿਸੇ ਗੱਲੋਂ। ਮੈਂ ਕੱਲ੍ਹ ਨੂੰ ਗੇੜਾ ਮਾਰੂੰ ਥੋਡੇ ਘਰਾਂ ਅੱਲੀਂ।' ਹਰਬੰਸ ਕੌਰ ਦੀਆਂ ਅੱਖਾਂ ਦੀਆਂ ਝਿੰਮਣੀਆਂ ਕਾਹ਼ਲੀ-ਕਾਹ਼ਲੀ ਉੱਪਰ ਥੱਲੇ ਹੋਈਆਂ। ਠੋਲ੍ਹਾ ਅੰਦਰ ਤੀਕ ਖਿੜ ਗਿਆ। ਉਸ ਨੇ ਘਰਵਾਲੀ ਦਾ ਸਿਰ ਬੁੱਕਲ 'ਚ ਲੈ ਲਿਆ।

'ਬਾਈਕਾਟ ਬਾਹ਼ਲਾ ਚਿਰ ਨ੍ਹੀਂ ਚੱਲਦਾ।' ਠੋਲ੍ਹੇ ਦੀ ਆਵਾਜ਼ 'ਚ ਹੁਣ ਪੂਰੀ ਖਣਕ ਸੀ।

'ਹੈ ਕਮਲੀ ਨਾ ਹੋਵੇ...ਐਮੇਂ ਦਿਲ ਛੱਡੀ ਪਈ ਐਂ।' ਠੋਲ੍ਹੇ ਨੇ ਹਰਬੰਸ ਕੌਰ ਨੂੰ ਪਿਆਰ ਨਾਲ ਨਿੱਕਾ ਜਿਹਾ ਨਿਹੋਰਾ ਮਾਰਿਆ।


ਹਰਬੰਸ ਕੌਰ ਨੇ ਪੂਰਾ ਜ਼ੋਰ ਲਾ ਕੇ ਅੱਖਾਂ ਪੱਟੀਆਂ। ਠੋਲ੍ਹੇ ਨੂੰ ਉਸ ਦੀਆਂ ਅੱਖਾਂ 'ਚ ਭਰਵੀਂ ਲਿਸ਼ਕ ਦਿਖਾਈ ਦਿੱਤੀ। ਹਰਬੰਸ ਕੌਰ ਨੇ ਬੋਲਣ ਦੀ ਕੋਸ਼ਿਸ਼ ਕੀਤੀ ਪਰ ਆਵਾਜ਼ ਨਾ ਨਿਕਲੀ। ਉਸ ਦੇ ਬੁੱਲ੍ਹਾਂ 'ਤੇ ਮੁਰਮਰੀ ਜਿਹੀ ਮੁਸਕਾਣ ਉੱਭਰੀ ਤੇ ਸਿਰ ਇਕ ਪਾਸੇ ਨੂੰ ਲੁੜ੍ਹਕ ਗਿਆ।

'ਪਿੰਡ ਆਏਂ ਨ੍ਹੀਂ ਮਰਦਾ ਹੁੰਦਾ ਰਵੰਸ ਕੁਰੇ!' ਹਰਬੰਸ ਕੌਰ ਦੇ ਸਿਰ ਨੂੰ ਛਾਤੀ ਨਾਲ ਲਾਉਂਦਿਆਂ ਠੋਲ੍ਹੇ ਦੀ ਭੁੱਬ ਨਿਕਲ ਗਈ।

# ਨਵਾਂ ਕੋਲੰਬਸ



*ਅਮਰੀਕਾ ਦੇ ਸ਼ਹਿਰ ਸਿਆਟਲ ਦਾ ਇਕ ਦਿਲਕਸ਼ ਨਜ਼ਾਰਾ।*



**ਖਵਾਜਾ ਅਹਿਮਦ ਅੱਬਾਸ**
**ਅਨੁਵਾਦ: ਡਾ. ਨਰੇਸ਼**

ਮੇਰੀ ਪਿੱਠ 'ਤੇ ਹੱਥ ਮਾਰ ਕੇ ਕਿਸੇ ਨੇ ਆਖਿਆ, "ਹੈਲੋ ਬ੍ਰਦਰ!" ਮੈਂ ਪਿੱਛੇ ਮੁੜ ਕੇ ਵੇਖਿਆ। ਇਹ ਪਹਿਲਾ ਅਮਰੀਕੀ ਸੀ ਜਿਸ ਨਾਲ ਮੇਰੀ ਅਮਰੀਕਾ ਵਿਚ ਮੁਲਾਕਾਤ ਹੋਈ ਸੀ। ਉਹ ਨਾਮਾਨਿਗਾਰ ਵੀ ਸੀ ਅਤੇ ਫੋਟੋਗ੍ਰਾਫਰ ਵੀ। ਉਸ ਨੂੰ ਕਿਸੇ ਤਰ੍ਹਾਂ ਪਤਾ ਲੱਗ ਗਿਆ ਸੀ ਕਿ ਮੈਂ ਉਸੇ ਦੇ ਪੇਸ਼ੇ ਦਾ ਆਦਮੀ ਹਾਂ। ਉਸ ਨੇ ਆਪਣੇ ਪੇਸ਼ੇ ਅਤੇ ਆਪਣੇ ਦੇਸ਼ ਦੇ ਵਿਸ਼ੇਸ਼ ਅੰਦਾਜ਼ ਵਿਚ ਸਿੱਧੇ-ਸੁੱਤੇ ਆਪਣਾ ਪਰਿਚੈ ਦੇ ਦਿੱਤਾ।

ਉਸ ਦੀ ਦਿੱਖ ਨੇ ਅਮਰੀਕੀ ਅਖ਼ਬਾਰ ਵਾਲਿਆਂ ਬਾਰੇ ਮੇਰੀਆਂ ਸਾਰੀਆਂ ਕਲਪਨਾਵਾਂ ਗਲਤ ਸਿੱਧ ਕਰ ਦਿੱਤੀਆਂ ਸਨ। ਉਹ ਕੋਈ ਸਿਗਾਰ ਚੱਬਣ ਵਾਲਾ, ਮਹਿੰਗੇ ਕੱਪੜੇ ਪਹਿਨਣ ਵਾਲਾ, ਫਿਲਮਾਂ ਦਾ ਨੌਜਵਾਨ ਪੱਤਰਕਾਰ ਨਹੀਂ ਸੀ। ਉਹ ਮੱਧ ਉਮਰ ਪਾਰ ਕਰ ਚੁੱਕਾ ਸੀ। ਉਸ ਦਾ ਰੰਗ-ਢੰਗ ਅਤੇ ਜੰਗਲੀਆਂ ਜਿਹੇ ਵਾਲ ਬੰਬਈ ਦੇ ਟਰੇਡ ਯੂਨੀਅਨਿਸਟਾਂ ਦੀ ਛੱਬ ਨਾਲ ਬਹੁਤ ਮੇਲ ਖਾਂਦੇ ਸਨ। ਮੇਰੇ ਪਾਸੋਂ ਮੇਰੀ ਵਿਦਿਅਕ ਯੋਗਤਾ ਦੀ ਪੁੱਛ-ਪੜਤਾਲ ਕਰ ਕੇ ਉਸ ਨੇ ਆਖਿਆ, "ਓਹ, ਮੈਂ ਵੀ ਗ੍ਰੈਜੂਏਟ ਹਾਂ।" ਇਕ ਸ਼ੁਭਚਿੰਤਕ ਮਹਿਸੂਲ ਇੰਸਪੈਕਟਰ ਨੇ ਹਾਸੋਹੀਣਾ ਦਖਲ ਦਿੰਦਿਆਂ ਪੁੱਛਿਆ, "ਯੇਲ ਤੋਂ ਜਾਂ ਹਾਰਵਰਡ ਤੋਂ ?" ਉਸ ਨੇ ਤੁਰੰਤ ਮੋੜਵਾਂ ਉੱਤਰ ਦਿੱਤਾ, "ਮੈਂ ਨਿਊਯਾਰਕ ਦੇ ਜ਼ਿਮਨੀ ਰਸਤਿਆਂ ਤੋਂ ਗ੍ਰੈਜੂਏਸ਼ਨ ਕੀਤੀ ਹੈ।" ਫਿਰ ਉਸ ਨੇ ਜਿਵੇਂ ਕੁਝ ਯਾਦ ਕਰਦਿਆਂ ਆਖਿਆ,

"ਤੇ ਹਾਂ ਸ੍ਰੀਮਾਨ, ਮੈਂ ਫੈਸ਼ਨਪ੍ਰਸਤ ਨਿਊਯਾਰਕ ਤੋਂ ਵੀ ਪਰੀਚਿਤ ਹਾਂ। ਨਿੱਕੇ ਹੁੰਦਿਆਂ ਮੈਂ ਫਿਫਥ ਐਵੇਨਿਊ ਵਿਚ ਅਖ਼ਬਾਰ ਵੇਚਦਾ ਹੁੰਦਾ ਸੀ।" ਮੈਨੂੰ ਆਪਣੇ ਪਰੋਲੇਤਾਰੀ ਅਸਲੇ 'ਤੇ ਅਚਨਚੇਤ ਮਾਣ ਕਰਨ ਵਾਲੇ ਘੱਟ ਲੋਕ ਹੀ ਮਿਲੇ ਹਨ। ਮੈਂ ਪੁੱਛਿਆ, "ਜੇ ਤੁਸੀਂ ਨਿਊਯਾਰਕ ਦੇ ਜੰਮਪਲ ਹੋ ਤਾਂ ਇਥੇ ਚਾਰ ਹਜ਼ਾਰ ਮੀਲ ਪਰ੍ਹਾਂ ਸਿਆਟਲ ਵਿਚ ਕੀ ਕਰ ਰਹੇ ਹੋ ?" ਉਸ ਨੇ ਜਵਾਬ ਦਿੱਤਾ, "ਨਮੋਸ਼ੀ ਮੇਰੇ ਦੋਸਤ ਨਮੋਸ਼ੀ। ਕੀ ਤੁਹਾਡੇ ਦੇਸ਼ ਵਿਚ ਨਮੋਸ਼ੀ ਨਹੀਂ ਹੁੰਦੀ?" ਮੈਂ ਆਖਿਆ, "ਅਸੀਂ ਏਨੇ ਨਮੋਸ਼ੀ ਮਾਰੇ ਧੀਰਜਵਾਨ ਹਾਂ ਕਿ ਸਾਨੂੰ ਨਮੋਸ਼ੀ ਨੂੰ ਹੋਰ ਵੱਡੀ ਕਰਨ ਦੀ ਲੋੜ ਹੀ ਨਹੀਂ ਪੈਂਦੀ।"

ਉਸ ਨੇ ਮੇਰੀ ਫੋਟੋ ਖਿੱਚੀ ਅਤੇ ਆਪਣੇ 'ਆਮਦ ਅਤੇ ਰਵਾਨਗੀ' ਕਾਲਮ ਲਈ ਮੈਟਰ ਦੀ ਭਾਲ ਵਿਚ ਮਹਿਸੂਲਖਾਨੇ ਵੱਲ ਤੁਰ ਪਿਆ। ਕੈਮਰਾ ਅਤੇ ਤਿਪਾਈ ਘਸੀਟਦਿਆਂ ਉਸ ਦਾ ਪੁਰਾਣਾ ਬਰਸਾਤੀ ਕੋਟ ਹਵਾ ਵਿਚ ਉੱਡ ਰਿਹਾ ਸੀ। ਉਹ ਅਮਰੀਕਾ ਦੀ ਖੁਸ਼ਹਾਲੀ ਅਤੇ ਉੱਚ ਪੱਧਰੀ ਜੀਵਨ-ਸ਼ੈਲੀ ਦਾ ਮਖੌਲ ਉਡਾਉਂਦਾ ਵਿਅੰਗ ਚਿੱਤਰ ਜਾਪ ਰਿਹਾ ਸੀ।

ਇਕ ਸਹਿ-ਯਾਤਰੀ ਨੇ ਮੈਨੂੰ ਸਲਾਹ ਦਿੱਤੀ ਸੀ ਕਿ ਜੇ ਮੈਂ ਲੌਸ ਏਂਜਲਸ ਹੁੰਦੇ ਹੋਏ ਨਿਊਯਾਰਕ ਜਾਣ ਲਈ ਆਪਣਾ ਪਹਿਲੇ ਦਰਜੇ ਦਾ ਟਿਕਟ ਤੀਜੇ ਦਰਜੇ ਦੇ ਟਿਕਟ ਵਿਚ ਬਦਲਵਾ ਲਵਾਂ ਤਾਂ ਮੇਰੇ ਸੌ ਡਾਲਰ ਬਚ ਜਾਣਗੇ। ਉਸ ਦਿਨ ਦੁਪਹਿਰ ਮਗਰੋਂ ਜਦੋਂ ਮੈਂ ਲੌਸ ਏਂਜਲਸ ਜਾਣ ਵਾਲੀ ਗੱਡੀ 'ਤੇ ਚੜ੍ਹ ਰਿਹਾ ਸੀ ਤਾਂ ਮੈਂ ਸੰਝ ਦਾ ਅਖਬਾਰ ਖਰੀਦ ਲਿਆ। ਵੇਖ ਕੇ ਹੈਰਾਨ ਰਹਿ ਗਿਆ ਕਿ ਮੇਰੀ ਫੋਟੋ ਮੇਰੇ ਪੂਰੇ ਬਿਆਨ ਸਹਿਤ ਪਹਿਲੇ ਪੰਨੇ 'ਤੇ ਛਪੀ ਹੋਈ ਸੀ: "ਭਾਰਤ ਵਿਚ ਅਸੀਂ ਏਨੇ ਨਮੋਸ਼ੀ ਮਾਰੇ ਧੀਰਜਵਾਨ ਹਾਂ ਕਿ ਸਾਨੂੰ ਨਮੋਸ਼ੀ ਨੂੰ ਹੋਰ ਵੱਡੀ ਕਰਨ ਦੀ ਲੋੜ ਹੀ ਨਹੀਂ ਪੈਂਦੀ।" ਮੈਂ ਦਿਲ ਹੀ ਦਿਲ ਵਿਚ ਆਪਣੇ ਦੋਸਤ ਨੂੰ ਧੰਨਵਾਦ ਦਿੱਤਾ ਕਿ ਉਸ ਨੇ ਜਾਪਾਨੀ ਨਾਮਾਨਿਗਾਰ ਵਾਂਗ ਮੇਰਾ ਬਿਆਨ ਤੋੜਿਆ-ਮਰੋੜਿਆ ਨਹੀਂ ਸੀ। ਉਸ ਨੇ ਨਿਮਰਤਾ ਪੂਰਬਕ ਮੇਰਾ ਹਾਲ-ਚਾਲ ਪੁੱਛਣ ਮਗਰੋਂ ਜਿਹੜੀ ਗੱਲਬਾਤ ਮੇਰੇ ਨਾਲ ਕੀਤੀ ਸੀ, ਉਸ ਵਿਚੋਂ ਮੇਰਾ ਬਿਆਨ ਕੱਢ ਲਿਆ ਸੀ ਕਿ ਭਾਰਤੀ ਪੱਤਰਕਾਰ ਕੇ.ਏ. ਅੱਬਾਸ ਨੇ ਜਾਪਾਨ ਦੀ ਵਰਤਮਾਨ ਸਥਿਤੀ ਉੱਤੇ ਖੁਸ਼ੀ ਅਤੇ ਹੈਰਾਨੀ ਪ੍ਰਗਟਾਈ ਹੈ।

ਨਿਊਯਾਰਕ ਦੀ ਥਾਂ ਸਿਆਟਲ ਵਿਚ ਪੈਰ ਪਾ ਕੇ ਮੈਂ ਗਲਤ ਕੋਣ ਤੋਂ ਅਮਰੀਕਾ ਦੀ ਖੋਜ ਕਰ ਰਿਹਾ ਸੀ। ਉਥੋਂ ਸ਼ੁਰੂ ਕਰਦਾ ਤਾਂ ਮਸ਼ਾਲ ਫੜੀ ਆਜ਼ਾਦੀ ਦੀ ਦੇਵੀ ਦੇ ਬੁੱਤ ਨੇ ਮੇਰਾ ਸਵਾਗਤ ਕੀਤਾ ਹੁੰਦਾ ਜਦੋਂ ਕਿ ਏਥੇ ਇਕ ਫਟੇਹਾਲ ਪੱਤਰਕਾਰ ਦੇ ਕੈਮਰੇ ਦੀ ਰੋਸ਼ਨੀ ਨੇ ਮੇਰਾ ਸਵਾਗਤ ਕੀਤਾ ਸੀ। ਮਹਿੰਗਾ ਪ੍ਰਤੀਕਵਾਦ ਅਤੇ ਜਿਊਂਦੀ ਜਾਗਦੀ ਸਚਾਈ। ਸਿਆਟਲ ਅੰਦਰ ਆਦਮੀਆਂ ਨੂੰ ਪਾਟੇ-ਪੁਰਾਣੇ ਕੱਪੜਿਆਂ ਵਿਚ ਵੇਖ ਕੇ, ਸਾਬਕਾ ਫੌਜੀਆਂ ਨੂੰ ਮਾਚਿਸ ਵੇਚਣ ਦੇ ਪਰੰਪਰਾਤਮਕ ਢੰਗ ਨਾਲ ਭੀਖ ਮੰਗਦਿਆਂ ਵੇਖ ਕੇ ਅਤੇ ਪਿਚਕੀਆਂ ਗੱਲਾਂ ਵਾਲੇ ਝੁੱਗੀ-ਝੌਂਪੜੀ ਦੇ ਬਾਲਾਂ ਨੂੰ ਜੁੱਤੇ ਪਾਲਿਸ਼ ਕਰਦਿਆਂ ਵੇਖ ਕੇ ਮੈਨੂੰ ਧੱਕਾ ਜਿਹਾ ਵੱਜਿਆ। ਸ਼ਾਇਦ ਨਵੇਂ ਕੋਲੰਬਸ ਨੇ ਨਿਊਯਾਰਕ ਦੀ ਥਾਂ ਸਿਆਟਲ ਉਤੇ ਗਲਤੀ ਕਰ ਦਿੱਤੀ ਸੀ।

ਸਾਡੀ ਗੱਡੀ ਨੂੰ ਖਿੱਚ ਰਹੇ ਇੰਜਣ ਉਤੇ ਵੱਡੀ ਸਾਰੀ ਟੱਲੀ ਲੱਗੀ ਹੋਈ ਸੀ ਜਿਹੜੀ ਸਾਰੇ ਰਾਹ ਵੱਜਦੀ ਰਹੀ ਸੀ। ਇਸ ਤੋਂ ਮੈਨੂੰ ਅਮਰੀਕਾ ਦਾ ਰੁਮਾਂਚਕ ਤੇ ਪ੍ਰਾਰੰਭਕਾਰ ਅਤੀਤ ਯਾਦ ਆ ਗਿਆ ਜਦੋਂ ਜੰਗਲਾਂ ਵਿਚੋਂ ਦੀ ਲੰਘਦਾ ਹੋਇਆ ਇਹ ਲੋਹੇ ਦਾ ਅਜੂਬਾ ਆਵਾਰਾ ਜਾਨਵਰਾਂ ਨੂੰ ਡਰਾਉਣ ਲਈ ਨਿਰੰਤਰ ਘੰਟੀ ਖੜਕਾਉਂਦਾ ਰਹਿੰਦਾ ਸੀ। ਜਿਨ੍ਹਾਂ ਦ੍ਰਿਸ਼ਾਂ ਵਿਚਕਾਰੋਂ ਅਸੀਂ ਲੰਘ ਰਹੇ ਸੀ, ਉਨ੍ਹਾਂ ਨੂੰ ਵੇਖ ਕੇ ਇਸ ਤਰ੍ਹਾਂ ਦੇ ਵਿਚਾਰਾਂ ਦਾ ਦਿਮਾਗ ਵਿਚ ਆਉਣਾ ਕੁਦਰਤੀ ਹੀ ਸੀ। ਮੀਲਾਂ ਮੀਲ ਪਾਈਨ ਦੇ ਬਿਰਖਾਂ ਨਾਲ ਢੱਕੀਆਂ ਪਹਾੜੀਆਂ, ਉਨ੍ਹਾਂ ਅੰਦਰ ਲੁਕੀ ਹੋਈ ਇਮਾਰਤੀ ਲੱਕੜ ਦੀ ਬੇਥਾਹ ਦੌਲਤ, ਕਾਠ-ਕਬਾੜ ਦੇ ਵੱਡੇ-ਵੱਡੇ ਕਾਰਖਾਨੇ, ਹਰੇਕ ਕੁਝ ਮੀਲਾਂ 'ਤੇ ਇਕ ਆਰਾ ਮਸ਼ੀਨ, ਵਿਸ਼ਾਲ ਪਸ਼ੂ-ਘਰ, ਮਨਮੋਹਕ ਢੰਗ ਨਾਲ ਘੋੜੇ ਚੜ੍ਹੇ ਚਰਵਾਹੇ, ਦੁੱਧ ਘਰਾਂ ਦੇ ਪਰੰਪਰਾਤਮਕ ਖੇਤੀ ਫਾਰਮ, ਭੇਡਵਾੜੇ, ਅਨਾਜ ਦੇ ਖੇਤ-ਫੋਰਡ ਦੇ ਅਮਰੀਕਾ ਦੀ ਥਾਂ ਇਬਰਾਹੀਮ ਲਿੰਕਨ ਦਾ ਅਮਰੀਕਾ ਜਿਹਾ ਵਿਖਾਈ ਦੇ ਰਿਹਾ ਸੀ।

ਅਗਲੀ ਸਵੇਰ ਅਸੀਂ ਕੈਲੀਫੋਰਨੀਆ ਸਟੇਟ ਵਿਚ ਪ੍ਰਵੇਸ਼ ਕੀਤਾ। ਪਾਈਨ ਬਿਰਖਾਂ ਦਾ ਮਨਮੋਹਕ ਦ੍ਰਿਸ਼ ਜਾਰੀ ਸੀ। ਧੂੰਆਂ ਉਡਾਉਂਦਾ ਇੰਜਣ ਢਲਾਣਾਂ ਉਤਰ ਰਿਹਾ ਸੀ, ਮੁੱਕਦੀਆਂ ਨਾ ਜਾਪ ਰਹੀਆਂ ਸੁਰੰਗਾਂ ਵਿਚੋਂ ਦੀ ਲੰਘ ਰਿਹਾ ਸੀ। ਹੁਣ ਸ਼ਾਸਤਾ ਪਹਾੜ ਸਾਹਮਣੇ ਸੀ, ਆਪਣੀ ਬਰਫਾਂ ਕੱਜੀ ਮਹਾਨਤਾ ਸਹਿਤ। ਰੇਲ ਵਿਚ ਬੈਠੇ ਕੈਲੀਫੋਰਨੀਆ ਵਾਲੇ ਇਸ ਨੂੰ ਵੇਖ ਕੇ ਦੇਸ਼-ਪਿਆਰ ਦੇ ਜੋਸ਼ ਵਿਚ ਆ ਰਹੇ ਸਨ, ਜਦੋਂ ਕਿ ਦੂਜੇ ਲੋਕ ਇਸ ਨੂੰ ਵਰਮੀ ਆਖ ਰਹੇ ਸਨ। ਜਾਪ ਰਿਹਾ ਸੀ ਕਿ ਸਥਾਨਕ ਵਫ਼ਾਦਾਰੀਆਂ ਅਤੇ ਤਰਫਦਾਰੀਆਂ ਅਮਰੀਕਾ ਵਿਚ ਵੀ ਓਨੀਆਂ ਹੀ ਪੀਡੀਆਂ ਸਨ, ਜਿੰਨੀਆਂ ਭਾਰਤ ਵਿਚ ਸਨ।

ਜਿਵੇਂ-ਜਿਵੇਂ ਰੇਲਗੱਡੀ ਉਪਜਾਊ ਪਰ ਗ਼ੈਰ-ਆਬਾਦ ਧਰਤੀ 'ਤੇ ਅੱਗੇ ਵਧਦੀ ਰਹੀ, ਮੈਨੂੰ ਹੈਰਾਨੀ ਹੁੰਦੀ ਰਹੀ ਕਿ ਹੋਛੀ ਨਸਲੀ ਸੋਚ ਨੇ ਕਿਵੇਂ ਦੂਜੇ ਲੋਕਾਂ ਨੂੰ ਇਥੇ ਵਿਸਥਾਪਿਤ ਹੋ ਕੇ ਕੁਦਰਤ ਦੇ ਅਨੰਤ ਸਾਧਨਾਂ ਤੋਂ ਲਾਹਾ ਲੈਣੋਂ ਰੋਕ ਰੱਖਿਆ ਸੀ। ਇਹ ਰੱਬ ਦਾ ਆਪਣਾ ਦੇਸ਼ ਹੈ। ਇਥੇ ਉੱਤਰੀ ਅਮਰੀਕਾ ਦੇ ਭਾਰਤੀਆਂ, ਅਮਰੀਕੀਆਂ ਅਤੇ ਯੂਰਪੀ-ਏਸ਼ੀਆਈ ਵਿਸਥਾਪਿਤਾਂ ਲਈ ਬਹੁਤ ਥਾਂ ਉਪਲਬਧ ਸੀ। ਦੱਖਣ ਵੱਲ ਵਧ ਰਹੀ ਰੇਲ ਨੇ ਬੰਜਰ ਰੇਗਿਸਤਾਨ ਦਾ ਇਕ ਟੋਟਾ ਪਾਰ ਕੀਤਾ ਤਾਂ ਅਸੀਂ ਲੌਸ ਏਂਜਲਸ ਦੇ ਨੇੜੇ ਅੱਪੜ ਗਏ। ਇਥੇ ਸਾਨੂੰ ਮਾਲਟੇ, ਸੇਬਾਂ ਅਤੇ ਆੜੂਆਂ ਦੇ ਬਾਗ ਵਿਖਾਈ ਦਿੱਤੇ। ਵਾਹਵਾ ਵੱਡੇ-ਵੱਡੇ ਬਾਗ ਸਨ। ਕੈਲੀਫੋਰਨੀਆ ਵਿਚ ਏਨਾ ਫਲ ਪੈਦਾ ਹੁੰਦਾ ਹੈ ਕਿ ਸਾਰਾ ਅਮਰੀਕਾ ਮੌਜ ਨਾਲ ਖਾ ਸਕਦਾ ਹੈ ਪਰ ਪ੍ਰਤੱਖ ਮੁਨਾਫਾ-ਖੋਰੀ ਕਾਰਨ ਹਜ਼ਾਰਾਂ ਟਨ ਫਲਾਂ ਨੂੰ ਸੜਨ ਦਿੱਤਾ ਜਾਂਦਾ ਹੈ ਪਰ ਕੀਮਤਾਂ ਘੱਟ ਕਰਨ ਦੀ ਆਗਿਆ ਨਹੀਂ ਦਿੱਤੀ ਜਾਂਦੀ।

ਹਾਲੀਵੁਡ!

ਸਾਰੀ ਦੁਨੀਆ ਵਿਚ ਫਿਲਮਾਂ ਦੇ ਲੱਖਾਂ ਪ੍ਰੇਮੀਆਂ ਲਈ ਇਸ ਨਾਂ ਦਾ ਅਰਥ ਸੀ ਰੁਮਾਂਸ ਅਤੇ ਇੰਦਰ-ਜਾਲ ਪਰ ਮੈਂ ਹੁਣੇ ਜਿਹੇ ਮੈਗਰਿਕ ਵੈਲਵਰੇਜ ਦੀ ਪੁਸਤਕ 'ਦੀ ਪਰੋਮਿਜ਼ਡ ਲੈਂਡ' ਪੜ੍ਹੀ ਸੀ ਜਿਸ ਵਿਚ ਇਹ ਭਰਮ ਤੋੜਦਿਆਂ ਅਗਾੜੀ ਪਿੱਛੇ ਦਾ ਯਥਾਰਥ ਨੰਗਾ ਕੀਤਾ ਗਿਆ ਸੀ। ਇਸ ਵਿਚ ਲਿਖਿਆ ਹੈ ਕਿ "ਇਸ ਅਲੋਕਾਰ ਉਪਨਗਰ ਤੋਂ ਸੰਸਾਰ ਨੂੰ ਨੇੜਲੇ ਚੁੰਮਣ ਅਤੇ ਗਿਲਿਸਰੀਨ ਦੇ ਬਨਾਉਟੀ ਹੰਝੂ ਮਿਲ ਸਕਦੇ ਜਿਨ੍ਹਾਂ ਦੁਆਰਾ ਹਾਲੀਵੁਡ ਦੇ ਬੋਝੇ ਸੋਨੇ ਨਾਲ ਭਰੇ ਜਾਂਦੇ ਹਨ ਅਤੇ ਲੋਕਾਂ ਦੇ ਦਿਮਾਗਾਂ ਵਿਚ ਕਾਮੁਕਤਾ ਜਾਂ ਨਿਰੀ ਬੇਖਿਆਲੀ ਭਰੀ ਜਾਂਦੀ ਹੈ।" ਇਹ ਖੁਲਾਸਾ ਕੀਤਾ ਹੈ ਲੇਖਕ ਨੇ ਹਾਲੀਵੁੱਡ ਦਾ। ਇਸ ਲਈ ਮੈਂ ਮੋਹ ਭੰਗ ਲਈ ਤਿਆਰ ਸੀ। ਹਾਲੀਵੁੱਡ ਨਾਂ ਦਾ ਕੋਈ ਰੇਲਵੇ ਸਟੇਸ਼ਨ ਨਹੀਂ ਸੀ। ਜਿਵੇਂ ਹੀ ਸਾਡੀ ਰੇਲ ਲੌਸ ਏਂਜਲਸ ਰੇਲਵੇ 'ਤੇ ਅੱਪੜੀ ਸਾਹਮਣਿਓਂ ਇਕ ਹੋਰ ਰੇਲ ਆ ਗਈ। ਮੈਂ ਗੱਡੀ ਤੋਂ ਹੇਠਾਂ ਉਤਰਿਆ ਤਾਂ ਵੇਖਿਆ ਕਿ ਕੁਝ ਪੱਤਰਕਾਰਾਂ, ਫੋਟੋਗ੍ਰਾਫਰਾਂ ਅਤੇ ਇਸ਼ਤਿਹਾਰਬਾਜ਼ਾਂ ਨੇ ਸ਼ੈਰਲੇ ਟੈਂਪਲ ਨਾਂ ਦੀ ਘੁੰਗਰਾਲੇ ਵਾਲਾਂ ਵਾਲੀ ਛੋਟੀ ਜਿਹੀ ਕੁੜੀ ਨੂੰ ਘੇਰਾ ਪਾਇਆ ਹੋਇਆ ਸੀ। ਦੋ ਘੰਟਿਆਂ ਮਗਰੋਂ ਮੈਂ ਸ਼ਹਿਰ ਅੰਦਰਲੇ ਵਾਈ.ਐਮ.ਸੀ.ਏ. ਵਿਚ ਦੁਪਹਿਰ ਮਗਰੋਂ ਦਾ ਅਖਬਾਰ ਵੇਖਿਆ ਤਾਂ ਸ਼ੈਰਲੇ ਟੈਂਪਲ ਦੇ ਛੁੱਟੀਆਂ ਬਿਤਾ ਕੇ ਮੁੜਨ ਦਾ ਸਮਾਚਾਰ ਬੜੇ ਉਚੇਚ ਨਾਲ ਪਹਿਲੇ ਪੰਨੇ 'ਤੇ ਛਪਿਆ ਹੋਇਆ ਸੀ। ਸਟੇਸ਼ਨ ਉਤੇ ਮੌਜੂਦ ਕੁਝ ਕੁ ਲੋਕਾਂ ਨੂੰ ਪ੍ਰਸੰਸਕਾਂ ਅਤੇ ਚਾਹੁਣ ਵਾਲਿਆਂ ਦੀ ਭੀੜ ਦੱਸਿਆ ਗਿਆ ਸੀ। ਹਾਲੀਵੁਡ! ਤੇਰਾ ਪਹਿਲਾ ਨਾਂ ਹੈ ਇਸ਼ਤਿਹਾਰਬਾਜ਼ੀ।

ਸ਼ੈਰਲੇ ਟੈਂਪਲ ਇਕ ਹੋਰ ਕਾਰਨ ਤੋਂ ਵੀ ਸੁਰਖੀਆਂ ਵਿਚ ਸੀ। ਉਸ ਦੀ ਕੋਈ ਫਿਲਮ ਵੇਖ ਕੇ ਕੁਝ ਰੂਸੀ ਬੱਚਿਆਂ ਨੇ ਉਸ ਨੂੰ ਚਿੱਠੀ ਲਿਖੀ ਸੀ ਜਿਸ ਦੇ ਜਵਾਬ ਵਿਚ ਉਸ ਨੇ ਆਪਣੇ ਦਸਤਖਤਾਂ ਵਾਲੀ ਆਪਣੀ ਫੋਟੋ ਉਨ੍ਹਾਂ ਨੂੰ ਭੇਜ ਦਿੱਤੀ ਸੀ। ਇਸ ਦੇ ਲਈ ਉਸ ਨੂੰ ਗ਼ੈਰ-ਅਮਰੀਕੀ ਗਤੀਵਿਧੀਆਂ ਬਾਰੇ ਬਣਾਈ ਗਈ ਸੈਨੇਟਰ ਮੇਕਾਰਥੀ ਕਮੇਟੀ ਸਾਹਮਣੇ ਪੇਸ਼ ਹੋਣਾ ਪਿਆ ਸੀ। ਉਸ ਸਮੇਂ ਇਹ ਕਮਿਊਨਿਸਟ ਵਿਰੋਧੀ ਸੋਚ ਸੀ ਅਮਰੀਕਾ ਦੀ। ਗ਼ੈਰ-ਰਾਜਨੀਤਕ ਬਾਲ ਕਲਾਕਾਰ ਨੂੰ ਵੀ ਨਹੀਂ ਬਖਸ਼ਿਆ ਗਿਆ ਸੀ।

ਪੂਰੇ ਦੌਰੇ ਦੌਰਾਨ ਮੇਰੇ ਨਾਲ ਇਹ ਹੁੰਦਾ ਰਿਹਾ ਕਿ ਇਕ ਵਾਕਫੀ ਤੋਂ ਦੂਜੀ ਵਾਕਫ਼ੀ ਮੈਨੂੰ ਜਾਣੇ-ਪਛਾਣੇ ਅਤੇ ਅਣਜਾਣ ਹਾਲਾਤ ਵਿਚ ਲਿਜਾਂਦੀ ਰਹੀ। ਯੂਨੀਵਰਸਿਟੀ ਵਿਚ ਸਿਨੇਮਾਟੋਗ੍ਰਾਫੀ ਵਿਭਾਗ ਦੇ ਮੁਖੀ ਡਾ. ਮਾਰਕੋਵਿਨ ਦੇ ਨਾਂ ਚਿੱਠੀ ਮੇਰੇ ਕੋਲ ਸੀ। ਡਾ. ਸਾਹਿਬ ਜ਼ਿੰਦਾਦਿਲ ਸਨੇਹਪੂਰਨ ਬਜ਼ੁਰਗ ਨਿਕਲੇ। ਉਨ੍ਹਾਂ ਮੇਰਾ ਪਰੀਚੈ ਆਪਣੇ ਇਕ ਪਿਆਰੇ ਸ਼ਿਸ਼ ਰਾਮ ਬਗਾਈ ਨਾਲ ਕਰਾਇਆ। ਸੀ ਤਾਂ ਉਹ ਭਾਰਤੀ ਮੂਲ ਦਾ ਹੀ ਪਰ ਸਾਰੀ ਉਮਰ ਕੈਲੀਫੋਰਨੀਆ ਵਿਚ ਹੀ ਰਿਹਾ ਸੀ। ਉਹ ਅਜੇ ਬਾਲ ਉਮਰੇ ਹੀ ਸੀ ਜਦੋਂ ਉਸ ਦੇ ਮਾਪੇ ਪੱਛਮੀ ਪੰਜਾਬ ਤੋਂ ਆ ਕੇ ਇਥੇ ਵੱਸ ਗਏ ਸਨ। ਕੁਝ ਘੰਟਿਆਂ ਅੰਦਰ ਹੀ ਸਾਡਾ ਇਹ ਹਾਲ ਸੀ ਜਿਵੇਂ ਅਸੀਂ ਵਰ੍ਹਿਆਂ ਪੁਰਾਣੇ ਦੋਸਤ ਹੋਈਏ। ਉਹ ਮੈਨੂੰ ਆਪਣੀ ਕਾਰ 'ਤੇ ਬਿਠਾ ਕੇ ਆਪਣੇ ਘਰ ਲੈ ਗਿਆ। ਉਥੇ ਉਹ ਆਪਣੀ ਮਾਂ ਦੇ ਨਾਲ ਰਹਿੰਦਾ ਸੀ। ਉਸ ਦੀ ਪੰਜਾਬਣ ਮਾਂ ਆਪਣੇ ਪੁਰਾਣੇ ਦੇਸ਼ ਤੋਂ ਆਏ ਵਿਅਕਤੀ ਨੂੰ ਮਿਲ ਕੇ ਬਹੁਤ ਖੁਸ਼ ਹੋਈ। ਰਾਮ ਕੋਲ ਜ਼ਿਆਦਾਤਰ ਸਟੂਡੀਓਜ਼ ਵਿਚ ਪ੍ਰਵੇਸ਼ ਦਾ ਅਧਿਕਾਰ ਪੱਤਰ ਸੀ। ਉਹਦੇ ਨਾਲ ਜਾ ਕੇ ਮੈਂ ਕੁਝ ਸਟੂਡੀਓ ਵੇਖੇ। ਇਹ ਸਟੂਡੀਓ ਕਾਫ਼ੀ ਵੱਡੇ ਅਤੇ ਸਾਜ਼-ਸਾਮਾਨ ਪੱਖੋਂ ਕਾਫ਼ੀ ਬਿਹਤਰ ਸਨ ਪਰ ਬੁਨਿਆਦੀ ਤੌਰ 'ਤੇ ਇਹ ਸਾਡੇ ਬੰਬਈ ਜਾਂ ਮਦਰਾਸ ਦੇ ਬਿਹਤਰ ਸਟੂਡੀਓਜ਼ ਜਿਹੇ ਹੀ ਸਨ। 'ਗੰਗਾਦੀਨ' ਬਣਾਈ ਜਾ ਰਹੀ ਸੀ। ਮੈਂ ਉਸ ਦੀ ਸ਼ੂਟਿੰਗ ਵੇਖੀ ਅਤੇ ਰੇ.ਕੇ.ਓ. ਰੇਡੀਓ ਨੂੰ ਸੁਚੇਤ ਕੀਤਾ ਕਿ ਭਾਰਤ ਵਿਚ ਅਜਿਹੀ ਸਾਮਰਾਜਵਾਦੀ ਬਕਵਾਸ ਪਸੰਦ ਨਹੀਂ ਕੀਤੀ ਜਾਵੇਗੀ।

'ਹੈਲੋ ਹਾਲੀਵੁਡ' ਸਿਰਲੇਖ ਅਧੀਨ ਮੇਰੀ ਵਾਰਤਾ ਵੀ ਕੇ.ਐਮ.ਪੀ. ਅਰਥਾਤ ਸਿਤਾਰਿਆਂ ਦਾ ਰੇਡੀਓ ਤੋਂ ਵੀ ਪ੍ਰਸਾਰਿਤ ਹੋਈ। ਇਸ ਵਿਚ ਉਨ੍ਹਾਂ ਦੇ ਭਾਰਤੀ ਪ੍ਰਸ਼ੰਸਕਾਂ ਵੱਲੋਂ ਸਾਰੇ ਲੋਕਪ੍ਰਿਯ ਅਦਾਕਾਰਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਕੇਵਲ ਕਲਾਰਕ, ਗੈਬਲ, ਵਿਵਿਅਨ ਲੇਹ, ਜੇਮਜ਼ ਸਟੂਅਰਟ, ਟਾਇਰਨ ਪਾਵਰ, ਮਿੰਕੀ ਰੂਨੀ ਅਤੇ ਸ਼ੈਰਲੇ ਟੈਂਪਲ ਨੂੰ ਹੀ ਨਹੀਂ ਸਗੋਂ ਉਸ ਪਾਲ ਮੁਨੀ ਨੂੰ ਵੀ ਜਿਸ ਦੀਆਂ ਫਿਲਮਾਂ ਨੇ ਉਸ ਨੂੰ ਭਾਰਤੀ ਦਰਸ਼ਕਾਂ ਵੱਲੋਂ ਲੋਕਪ੍ਰਿਯਤਾ ਅਤੇ ਸਤਿਕਾਰ ਦਿਵਾਇਆ ਸੀ। ਮੇਰੀ ਵਾਰਤਾ ਦਾ ਅੰਤ ਇਕ ਚੁਭਵੀਂ ਗੱਲ 'ਤੇ ਹੋਇਆ ਸੀ। ਮੈਂ ਉਥੇ ਬਣੀਆਂ ਕਈ ਗ਼ੈਰ-ਭਾਰਤੀ ਫਿਲਮਾਂ ਅਤੇ ਬਣ ਰਹੀ ਫਿਲਮ 'ਗੰਗਾਦੀਨ' ਦੀ ਨਿਖੇਧੀ ਕੀਤੀ ਸੀ- "ਹਾਲੀਵੁਡ! ਤੈਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ ਤੂੰ ਆਪਣੀਆਂ ਫਿਲਮਾਂ ਵਿਚ ਮਿੱਤਰ ਜਨਤਾ ਦੀ ਭੰਡੀ ਕੀਤੀ ਹੈ। ਤੂੰ ਸਾਡੀ ਦੇਸ਼ ਭਗਤੀ ਨੂੰ ਹੀ ਆਹਤ ਨਹੀਂ ਕਰ ਰਿਹਾ ਏਂ, ਆਪਣੇ ਦੇਸ਼ ਦੀਆਂ ਲੋਕਤੰਤਰੀ ਪਰੰਪਰਾਵਾਂ ਦੀ ਵੀ ਉਲੰਘਣਾ ਕਰ ਰਿਹਾ ਏਂ। ਦੇਸ਼ ਭਗਤ ਭਾਰਤੀ ਤੈਨੂੰ ਕਦੀ ਖਿਮਾਂ ਨਹੀਂ ਕਰਨਗੇ।"

ਸੈਯਦ ਹੁਸੈਨ ਨਾਲ ਸੰਖੇਪ ਪਰ ਸੁਖਾਵੀਂ ਮੁਲਾਕਾਤ ਹੋਈ। ਜਦੋਂ ਉਹ ਦਸ ਵਰ੍ਹੇ ਅਮਰੀਕਾ ਰਹਿਣ ਮਗਰੋਂ ਸੰਖੇਪ ਜਿਹੇ ਦੌਰੇ 'ਤੇ ਭਾਰਤ ਆਏ ਸਨ, ਓਦੋਂ ਮੈਂ ਬਰੇਲਵੀ ਸਾਹਿਬ ਦੇ ਘਰ ਉਨ੍ਹਾਂ ਨੂੰ ਮਿਲਿਆ ਸੀ। ਅਸਫਲ ਮੁਹੱਬਤ ਨੇ ਉਨ੍ਹਾਂ ਨੂੰ ਆਪਣਾ ਦੇਸ਼ ਛੱਡ ਕੇ ਵਿਦੇਸ਼ ਵਿਚ ਰਹਿਣ ਲਈ ਮਜਬੂਰ ਕਰ ਦਿੱਤਾ ਸੀ, ਨਹੀਂ ਤਾਂ ਉਹ ਦੇਸ਼ ਭਗਤ ਭਾਰਤ ਦੇ ਸਭ ਤੋਂ ਸੁਯੋਗ ਸੰਪਾਦਕ ਅਤੇ ਬੁਲਾਰੇ ਹੁੰਦੇ ਜਾਂ ਸ਼ਾਇਦ ਰਾਸ਼ਟਰੀ ਨੇਤਾ ਬਣ ਗਏ ਹੁੰਦੇ।

ਭਾਵੇਂ ਉਸ ਸਮੇਂ ਉਹ ਅਧਖੜ ਉਮਰ ਦੇ ਸਨ ਪਰ ਅਜੇ ਵੀ ਬਹੁਤ ਖੂਬਸੂਰਤ ਸਨ। ਉਨ੍ਹਾਂ ਨੂੰ ਵੇਖ ਕੇ ਹੀ ਸਮਝ ਆ ਜਾਂਦੀ ਸੀ ਕਿ ਔਰਤਾਂ ਉਨ੍ਹਾਂ 'ਤੇ ਕਿਉਂ ਮਰਦੀਆਂ ਹਨ। ਪਹਿਲਾਂ ਉਹ ਪੱਤਰਕਾਰੀ ਕਰਦੇ ਸਨ ਅਤੇ ਅਮਰੀਕਾ ਵਿਚ ਭਾਰਤੀ ਮਾਮਲਿਆਂ ਬਾਰੇ ਭਾਸ਼ਨ ਦਿੰਦੇ ਸਨ, ਹੁਣ ਉਹ ਯੂਨੀਵਰਸਿਟੀ ਆਫ ਸਾਊਥ ਕੈਲੀਫੋਰਨੀਆ ਵਿਚ ਭਾਰਤੀ ਇਤਿਹਾਸ ਅਤੇ ਸਭਿਆਚਾਰ ਦੇ ਪ੍ਰੋਫੈਸਰ ਸਨ। ਅਜਿਹੇ ਸ਼ਾਨਦਾਰ ਗੱਲਬਾਤ ਕਰਨ ਵਾਲੇ, ਅੰਤਰਰਾਸ਼ਟਰੀ ਮਾਮਲਿਆਂ ਪ੍ਰਤੀ ਜਿਗਿਆਸੂ ਵਿਅਕਤੀ ਨਾਲ ਦੁਪਹਿਰ ਦਾ ਖਾਣਾ ਖਾ ਕੇ ਮੈਨੂੰ ਬੜਾ ਆਨੰਦ ਆਇਆ ਸੀ।

ਲੌਸ ਏਂਜਲਸ ਠਹਿਰ ਦੌਰਾਨ ਇਥੋਂ ਦੇ ਉਪਨਗਰ ਪਾਸਾਡਾਨਾ ਵਿਚ ਆਪਟਨ ਸਿੰਕਲੀਅਰ ਨਾਲ ਹੋਈ ਮੁਲਾਕਾਤ ਵਿਸ਼ੇਸ਼ ਘਟਨਾ ਸੀ। ਸਕੂਲ ਦੇ ਦਿਨਾਂ ਵਿਚ ਮੈਂ ਉਨ੍ਹਾਂ ਲੇਖਕਾਂ ਦੀ ਸੂਚੀ ਬਣਾਈ ਹੋਈ ਸੀ ਜਿਨ੍ਹਾਂ ਨੂੰ ਮੈਂ ਨਿਜੀ ਤੌਰ 'ਤੇ ਮਿਲਣਾ ਚਾਹੁੰਦਾ ਸੀ। ਸਮੇਂ-ਸਮੇਂ 'ਤੇ ਇਨ੍ਹਾਂ ਵਿਚੋਂ ਕੁਝ ਨਾਂ ਕੱਟ ਦਿੰਦਾ ਅਤੇ ਕੁਝ ਨਵੇਂ ਨਾਂ ਜੋੜ ਦਿੰਦਾ ਹੁੰਦਾ ਸੀ। ਚੈਸਟਰਟਨ ਦੀ ਮੌਤ ਤੋਂ ਬਾਅਦ ਇਹ ਸੂਚੀ ਬਹੁਤ ਛੋਟੀ ਹੋ ਗਈ ਸੀ ਪਰ ਆਪਟਨ ਸਿੰਕਲੀਅਰ ਦਾ ਨਾਂ ਤਾਂ ਵੀ ਸਭ ਤੋਂ ਉੱਤੇ ਸੀ। ਆਪਣੇ ਜੱਦੀ ਸਕੂਲ ਵਿਚ ਪੜ੍ਹਦਿਆਂ ਮੈਂ ਉਸ ਦੀ ਰਚਨਾ 'ਜੰਗਲ' ਅਤੇ ਫਿਰ ਬਾਅਦ ਵਿਚ 'ਬੁਕ ਆਫ ਲਵ' ਬੜੇ ਸ਼ੌਕ ਨਾਲ ਪੜ੍ਹੀ ਸੀ।

ਸਿੰਕਲੀਅਰ ਆਪਣੇ ਘਰ ਸਾਡੀ ਉਡੀਕ ਕਰ ਰਿਹਾ ਸੀ। ਉਹ ਮਹਾਤਮਾ ਗਾਂਧੀ ਦੀ ਅਮਰੀਕਨ ਕਾਪੀ ਸੀ। ਉਹ ਗਾਂਧੀ ਜੀ ਵਾਂਗ ਹੀ ਨਾ ਦਰਮਿਆਨਾ ਕੱਦ, ਨਾ ਦੁਬਲਾ-ਪਤਲਾ ਅਤੇ ਨਾ ਹੀ ਲੰਗੋਟੀ ਪਹਿਨਦਾ ਸੀ ਪਰ ਐਨਕ ਪਿੱਛੋਂ ਉਸ ਦੀਆਂ ਅੱਖਾਂ ਗਾਂਧੀ ਜੀ ਦੀਆਂ ਅੱਖਾਂ ਵਾਂਗ ਹੀ ਤੁਰਤਬੋਧੀ ਸਨ। ਉਸ ਦੀ ਬਨਾਵਟ ਰਹਿਤ ਸਾਦਗੀ ਵੀ ਗਾਂਧੀ ਜੀ ਵਰਗੀ ਹੀ ਸੀ। ਉਸ ਨੇ ਸਸਤੀ ਲਿਨਨ ਦਾ ਪਜਾਮਾ ਅਤੇ ਬੰਡੀ ਪਹਿਨੀ ਹੋਈ ਸੀ। ਕੈਲੀਫੋਰਨੀਆ ਦੀਆਂ ਗਰਮੀਆਂ ਦੀ ਤਪਿਸ਼ ਦੇ ਪੱਖੋਂ ਇਹ ਬਹੁਤ ਸਮਝਦਾਰੀ ਵਾਲਾ ਬਾਣਾ ਸੀ। ਮੈਨੂੰ ਅਤੇ ਬਗਾਈ ਨੂੰ ਮਹਿਸੂਸ ਹੋਇਆ ਕਿ ਅਸੀਂ ਜਿਹੜੇ ਇਸਤਰੀ ਕੀਤੇ ਸੂਟ, ਕਾਲਰ ਅਤੇ ਟਾਈ ਪਹਿਨੇ ਹੋਏ ਸਨ, ਉਹ ਕਾਫੀ ਫਾਲਤੂ ਸਨ। ਖੈਰ, ਕੁਝ ਮਿੰਟਾਂ ਵਿਚ ਹੀ ਅਸੀਂ ਆਪਣੇ ਕੋਟ ਲਾਹ ਲਏ ਅਤੇ ਕਾਲਰ ਖੋਲ੍ਹ ਲਏ। ਅਸੀਂ ਬਾਗ ਦੇ ਛਾਂਦਾਰ ਕੋਨੇ ਵਿਚ ਬੈਂਤ ਦੀਆਂ ਕੁਰਸੀਆਂ 'ਤੇ ਬੈਠੇ ਮਾਲਟੇ ਦਾ ਜੂਸ ਪੀ ਰਹੇ ਸੀ। ਉਸ ਨੇ ਬੜਾ ਸੋਚ-ਸਮਝ ਕੇ ਸਾਡੇ ਲਈ ਇਸ ਜੂਸ ਦੀ ਚੋਣ ਕੀਤੀ ਸੀ। ਸਮਝ ਵਿਚ ਨਹੀਂ ਆ ਰਿਹਾ ਸੀ ਕਿ ਇਕ ਅਜਨਬੀ ਨੌਜਵਾਨ ਭਾਰਤੀ ਪੱਤਰਕਾਰ ਦਾ ਏਨਾ ਲਿਹਾਜ਼ ਕਰਨ ਨਾਲ ਇਹ ਸਾਦ-ਮੁਰਾਦਾ ਮਿਹਰਬਾਨ ਵਿਅਕਤੀ ਉਹੋ ਲੇਖਕ ਸੀ ਜਿਸ ਦੀਆਂ 60 ਬੈਸਟ ਸੇਲਰ ਪੁਸਤਕਾਂ ਮੁੜ-ਮੁੜ ਪ੍ਰਕਾਸ਼ਤ ਹੋਈਆਂ ਸਨ ਅਤੇ ਜਿਨ੍ਹਾਂ ਦਾ ਲਗਭਗ ਹਰ ਪ੍ਰਸਿੱਧ ਭਾਸ਼ਾ ਵਿਚ ਅਨੁਵਾਦ ਹੋ ਚੁੱਕਾ ਸੀ।

ਹਾਲੀਵੁਡ ਵਿਚ ਫਾਸ਼ੀਵਾਦ ਵਿਰੋਧੀ ਲੀਗ ਨੂੰ ਡਾਢਾ ਸਮਰਥਨ ਪ੍ਰਾਪਤ ਸੀ। ਸਪੇਨ ਦੀਆਂ ਰਾਸ਼ਟਰਵਾਦੀ ਸ਼ਕਤੀਆਂ ਨੂੰ ਪ੍ਰੇਰਨਾ ਦੇਣ ਵਿਚ ਇਹ ਕਾਲੋਨੀ ਪੇਸ਼-ਪੇਸ਼ ਰਹੀ ਸੀ। ਫਾਸ਼ੀਵਾਦੀ ਫਿਲਮ ਬਣਾਉਣ ਲਈ ਇਥੇ ਆਏ ਇਟਲੀ ਦੇ ਤਾਨਾਸ਼ਾਹ ਦੇ ਪੁੱਤਰ ਵਿੰਤੋਰੀਓ ਮੁਸੋਲਿਨੀ ਨੂੰ ਫਿਲਮ ਵਿੱਚੇ ਛੱਡ ਕੇ ਵਾਪਸ ਜਾਣਾ ਪਿਆ ਸੀ।

ਕੁਝ ਵਰ੍ਹਿਆਂ ਮਗਰੋਂ ਹਾਲੀਵੁਡ ਦੀਆਂ ਅਤਿਅੰਤ ਸਿਰਜਣਾਤਮਕ ਪ੍ਰਤਿਭਾਵਾਂ ਨੂੰ ਗ਼ੈਰ-ਅਮਰੀਕਨ ਆਖ ਕੇ ਇਸ ਕਾਲੋਨੀ ਵਿਚੋਂ ਕੱਢ ਦਿੱਤਾ ਗਿਆ ਸੀ। ਉਨ੍ਹਾਂ ਵਿਚੋਂ ਕੁਝ ਨੇ ਪਲਾਇਨ ਕਰ ਕੇ ਯੂਰਪ ਜਾਣਾ ਪਸੰਦ ਕੀਤਾ, ਜਿਥੇ ਗਰੀਬੀ ਉਨ੍ਹਾਂ ਦੀ ਉਡੀਕ ਵਿਚ ਸੀ ਅਤੇ ਕੁਝ ਨੇ ਆਪਣੇ ਸਾਥੀਆਂ ਨਾਲ ਧ੍ਰੋਹ ਕਰ ਕੇ ਖਤਾਵਾਰੀ ਅਤੇ

*(ਬਾਕੀ ਅਗਲੇ ਸਫੇ 'ਤੇ)*



*ਹਾਲੀਵੁੱਡ ਦੀ ਬਾਲ ਕਲਾਕਾਰ ਸ਼ੈਰਲੇ ਟੈਂਪਲ।*

***ਸ਼ੈਰਲੇ ਟੈਂਪਲ ਇਕ ਹੋਰ ਕਾਰਨ ਤੋਂ ਵੀ ਸੁਰਖੀਆਂ ਵਿਚ ਸੀ। ਉਸ ਦੀ ਕੋਈ ਫਿਲਮ ਵੇਖ ਕੇ ਕੁਝ ਰੂਸੀ ਬੱਚਿਆਂ ਨੇ ਉਸ ਨੂੰ ਚਿੱਠੀ ਲਿਖੀ ਸੀ ਜਿਸ ਦੇ ਜਵਾਬ ਵਿਚ ਉਸ ਨੇ ਆਪਣੇ ਦਸਤਖਤਾਂ ਵਾਲੀ ਆਪਣੀ ਫੋਟੋ ਉਨ੍ਹਾਂ ਨੂੰ ਭੇਜ ਦਿੱਤੀ ਸੀ। ਇਸ ਦੇ ਲਈ ਉਸ ਨੂੰ ਗ਼ੈਰ-ਅਮਰੀਕੀ ਗਤੀਵਿਧੀਆਂ ਬਾਰੇ ਬਣਾਈ ਗਈ ਸੈਨੇਟਰ ਮੇਕਾਰਥੀ ਕਮੇਟੀ ਸਾਹਮਣੇ ਪੇਸ਼ ਹੋਣਾ ਪਿਆ ਸੀ। ਉਸ ਸਮੇਂ ਇਹ ਕਮਿਊਨਿਸਟ ਵਿਰੋਧੀ ਸੋਚ ਸੀ ਅਮਰੀਕਾ ਦੀ। ਗ਼ੈਰ-ਰਾਜਨੀਤਕ ਬਾਲ ਕਲਾਕਾਰ ਨੂੰ ਵੀ ਨਹੀਂ ਬਖਸ਼ਿਆ ਗਿਆ ਸੀ।***

ਨਿਰਾਸ਼ਤਾ ਨੂੰ ਸੱਦਾ ਦੇ ਲਿਆ ਸੀ ਪਰ ਇਸ ਤੋਂ ਪਹਿਲਾਂ, 1938 ਵਿਚ ਵੀ ਮੈਂ ਉਥੇ ਸਮਾਜਿਕ ਤੌਰ 'ਤੇ ਜਾਗਰੂਕਾਂ ਦੀ ਵਧ ਰਹੀ ਗਿਣਤੀ ਮਹਿਸੂਸ ਕਰ ਲਈ ਸੀ। ਇਹ ਉਹ ਲੋਕ ਸਨ ਜਿਹੜੇ ਹਾਲੀਵੁਡ ਦੀ ਸਾਖ ਅਤੇ ਬੌਧਿਕ ਖੜੋਤ ਨਾਲ ਜ਼ਿੰਦਗੀ ਬਿਤਾਉਣ ਤੋਂ ਇਨਕਾਰੀ ਸਨ।

ਪੋਗੀਪਸੀ ਯੂਥ ਸ਼ਾਂਤੀ ਕਾਂਗਰਸ ਬਹੁਤ ਦੇਰ ਨਾਲ ਆਰੰਭ ਹੋਈ। ਤਿੰਨ ਤਾਨਾਸ਼ਾਹ ਪਹਿਲਾਂ ਹੀ ਧਾਵੇ ਦਾ ਰਾਹ ਫੜ ਕੇ ਅਬੀਸੀਨੀਆ, ਚੀਨ, ਸਪੇਨ, ਸਵਿਟਜ਼ਰਲੈਂਡ ਅਤੇ ਆਸਟ੍ਰੀਆ ਵਿਚ ਵਧੀਕੀ ਸ਼ੁਰੂ ਕਰ ਚੁੱਕੇ ਸਨ।

ਨੌਜਵਾਨਾਂ ਦਾ ਇਹੋ ਜਿਹਾ ਇਕੱਠ ਵੇਖ ਕੇ ਦਿਮਾਗ ਸੁੰਨ ਹੋ ਜਾਣਾ ਸੰਭਵ ਹੈ। ਇਸ ਦਾ ਉਦਘਾਟਨ ਰੈਂਡਲ ਟਾਪੂ ਸਥਿਤ ਨਿਊਯਾਰਕ ਮਿਉਂਸਿਪਲ ਆਡੀਟੋਰੀਅਮ ਵਿਚ ਹੋਇਆ ਸੀ। ਆਰੰਭ ਸਮੇਂ 54 ਪ੍ਰਤੀਨਿਧ ਮੰਡਲਾਂ ਨੇ ਸਲਾਮੀ ਦਿੱਤੀ ਸੀ। ਸਪੇਨ, ਚੀਨ ਅਤੇ ਚੈਕ ਦੇ ਪ੍ਰਤੀਨਿਧ ਮੰਡਲ ਦਾ ਸਵਾਗਤ ਖਲੋ ਕੇ ਅਤੇ ਤਾੜੀਆਂ ਮਾਰ ਕੇ ਕੀਤਾ ਗਿਆ ਸੀ। ਸਾਡੇ ਗਰੁੱਪ ਵਿਚ ਇਕ ਲੜਕੀ ਸੀ ਰੇਣੂ ਰਾਏ ਜਿਹੜੀ ਹੁਣ ਪਾਰਲੀਮੈਂਟ ਦੀ ਮੈਂਬਰ ਹੈ। ਜਦੋਂ ਹੱਥਾਂ ਵਿਚ ਤਿਰੰਗਾ ਫੜੀ ਸਾਡਾ ਗਰੁੱਪ ਉਥੋਂ ਦੀ ਲੰਘਿਆ ਤਾਂ ਤਾੜੀਆਂ ਦੇ ਸ਼ੋਰ ਵਿਚਕਾਰ ਸਟੇਡੀਅਮ ਦੀ ਇਕ ਨੁੱਕਰ ਤੋਂ ਨਾਅਰਾ ਬੁਲੰਦ ਹੋਇਆ 'ਗੁਡ ਓਲਡ ਗਾਂਧੀ! ਆਪਣੇ ਸ਼ਹਿਰ ਵੱਲੋਂ ਡੈਲੀਗੇਟਾਂ ਦਾ ਸਵਾਗਤ ਕਰਦਿਆਂ ਮੇਅਰ ਲਾ ਗਾਰਡੀਆ ਨੇ ਦਮਗਜੇ ਹਿਤ ਜ਼ਬਰਦਸਤ ਭਾਸ਼ਣ ਦਿੱਤਾ, "ਜਦੋਂ ਸੰਸਾਰ ਭਰ ਦੇ ਨੌਜਵਾਨ ਯੁੱਧ ਨਹੀਂ ਚਾਹੁੰਦੇ ਹਨ ਤਾਂ ਯੁੱਧ ਨਹੀਂ ਹੋਣਾ ਚਾਹੀਦਾ। ਲਾ ਗਾਰਡੀਆ ਬਾਰੇ ਪ੍ਰਸਿੱਧ ਸੀ ਕਿ ਉਸ ਨੇ ਹੁੜਦੰਗੀਆਂ ਨੂੰ ਤੜੀਪਾਰ ਕਰ ਕੇ ਨਿਊਯਾਰਕ ਨੂੰ ਸਾਫ-ਸੁਥਰਾ ਪ੍ਰਗਤੀਸ਼ੀਲ ਸ਼ਾਸਨ ਦਿੱਤਾ ਸੀ। ਦੁਰਭਾਗਵੱਸ ਇਕ ਸਾਲ ਤੋਂ ਵੀ ਘੱਟ ਅਰਸੇ ਵਿਚ ਉਹ ਯੁੱਧ ਸਾਡੇ ਸਿਰਾਂ 'ਤੇ ਉਤਰ ਆਇਆ ਸੀ ਜਿਸ ਨੂੰ ਰੋਕਣ ਲਈ ਅਸੀਂ ਏਨੇ ਬੇਚੈਨ ਹੋ ਰਹੇ ਸੀ।

ਖੈਰ, ਜਿਹੜੇ ਅਗਲੇ ਨੌਂ ਦਿਨ ਅਸੀਂ 54 ਦੇਸ਼ਾਂ ਤੋਂ ਆਏ 500 ਲੋਕਾਂ ਨੂੰ ਪੋਗੀਪਸੀ ਵਿਚ ਬਿਤਾਏ, ਬੜੇ ਦਿਲਚਸਪ ਦਿਨ ਸਨ। ਅਸੀਂ ਹਡਸਨ ਨਦੀ ਤੋਂ ਸੱਤਰ ਮੀਲ ਉਪਰ ਵੱਲ ਵਾਸਰ ਕਾਲਜ ਵਿਚ ਠਹਿਰੇ ਹੋਏ ਸੀ। ਇਨ੍ਹਾਂ ਨੌਂ ਦਿਨਾਂ ਵਿਚ ਅਸੀਂ ਜਿਵੇਂ ਅੱਧੀ ਦੁਨੀਆ ਦੁਆਲੇ ਸੁਖਾਵਾਂ ਚੱਕਰ ਲਗਾ ਲਿਆ ਸੀ। ਮੈਨੂੰ ਯਾਦ ਹੈ, ਚੀਨ ਦੀ ਅਠਾਰ੍ਹਾਂ ਵਰ੍ਹਿਆਂ ਦੀ ਹੀਰੋਇਨ ਯਾਨ ਬੇਂਗ ਮਿਨ ਵੀ ਡੈਲੀਗੇਟ ਸੀ। ਪਿਛਲੇ ਵਰ੍ਹੇ ਜਦੋਂ ਸ਼ੰਘਾਈ ਦੇ ਇਕ ਗੁਦਾਮ ਵਿਚ ਚਾਰ ਸੌ ਚੀਨੀ ਸਿਪਾਹੀ ਜਾਪਾਨ ਦੀ ਜ਼ਬਰਦਸਤ ਗੋਲਾਬਾਰੀ ਦਾ ਮੁਕਾਬਲਾ ਕਰ ਰਹੇ ਸਨ ਤਾਂ ਇਸ ਲੜਕੀ ਨੇ ਆਪਣੀ ਜਾਨ ਜੋਖੋਂ ਵਿਚ ਪਾ ਕੇ ਉਨ੍ਹਾਂ ਨੂੰ ਸੰਦੇਸ਼ ਪੁਚਾਏ ਸਨ। ਇਸੇ ਦੀ ਸਹਾਇਤਾ ਨਾਲ ਛੇਕੜ ਉਨ੍ਹਾਂ ਦੀਆਂ ਜਾਨਾਂ ਬਚੀਆਂ ਸਨ (ਆਪਣੇ ਤੋਂ ਸੰਤੁਸ਼ਟ ਉਹ ਅਮਰੀਕਾ ਆ ਕੇ ਮੈਟਰਨ ਬਣ ਗਈ ਸੀ। ਪਤਾ ਨਹੀਂ ਹੁਣ ਉਹ ਜਿਉਂਦੀ ਵੀ ਹੈ ਜਾਂ ਯੁੱਧ ਵਿਚ ਮਾਰੀ ਜਾ ਚੁੱਕੀ ਹੈ)।

ਇਸ ਤੋਂ ਉਲਟ ਸੀ ਕੋਲੰਬੀਆ ਯੂਨੀਵਰਸਿਟੀ ਦਾ ਗ੍ਰੈਜੂਏਟ ਯੁਗਾਂਡਾ ਦਾ ਹੱਟਾ-ਕੱਟਾ ਕਾਲੀਬਾਲਾ ਜਿਸ ਨੇ ਇਕ ਬਿਆਨ ਦੇ ਕੇ ਸਾਰੇ ਇਕੱਠ ਵਿਚ ਬਿਜਲੀ ਦੀ ਲਹਿਰ ਜਿਹੀ ਦੁੜਾ ਦਿੱਤੀ ਸੀ ਕਿ ਅਸਲੀ ਵਹਿਸ਼ੀ ਸਾਡੇ ਕਬਾਇਲੀ ਨੀਗਰੋ ਨਹੀਂ ਹਨ ਸਗੋਂ ਉਹ ਗੋਰੇ ਫੌਜੀ ਹਨ ਜਿਨ੍ਹਾਂ ਕਤਲੇਆਮ ਕਰ ਕੇ ਜਸ ਖੱਟਿਆ ਹੈ (ਉਹ ਹੁਣ ਕੀ ਕਰ ਰਿਹਾ ਹੋਵੇਗਾ? ਕਿਸੇ ਯੂਨੀਵਰਸਿਟੀ ਵਿਚ ਪੜ੍ਹਾ ਰਿਹਾ ਹੋਵੇਗਾ ਜਾਂ ਸੱਤਾ ਵਿਚ ਆ ਕੇ ਰਾਜਦੂਤ ਜਾਂ ਮੰਤਰੀ ਬਣ ਗਿਆ ਹੋਵੇਗਾ? ਜਾਂ ਕਿਸੇ ਕਬਰ ਵਿਚ ਸੁੱਤਾ ਪਿਆ ਹੋਵੇਗਾ?)।

ਸਪੇਨ ਤੋਂ ਦੋ ਨੌਜਵਾਨ ਕਿਸਾਨ ਲੜਕੀਆਂ ਸਨ ਟਰੇਸਾ ਬੈਲਟ੍ਰਨ ਅਤੇ ਮਾਰਗਰੀਟਾ ਰੋਬਲਜ਼। ਉਨ੍ਹਾਂ ਸੀਮਾ ਉਪਰ ਯੁੱਧ ਵਿਚ ਵੀ ਭਾਗ ਲਿਆ ਸੀ ਅਤੇ ਕਿਸਾਨਾਂ ਮਜ਼ਦੂਰਾਂ ਨੂੰ ਜਾਗ੍ਰਤ ਕਰਨ ਲਈ ਸਾਹਿਤਕ ਮੁਹਿੰਮ ਵੀ ਚਲਾਈ ਸੀ (ਕੀ ਉਹ ਅਜੇ ਜਿਉਂਦੀਆਂ ਹਨ? ਉਨ੍ਹਾਂ ਦੇ ਦੇਸ਼ ਵਿਚ ਫਰੈਂਕੋ ਅਤੇ ਉਸ ਦੇ ਫਾਸ਼ੀਵਾਦੀ ਸਾਥੀਆਂ ਨੇ ਪ੍ਰਗਤੀਵਾਦੀਆਂ ਵਿਰੁੱਧ ਜਿਹੜੀ ਬੁਰਛਾਗਰਦੀ ਕੀਤੀ ਸੀ, ਕੀ ਉਹ ਉਸ ਵਿਚੋਂ ਜ਼ਿੰਦਾ ਬਚ ਗਈਆਂ ਸਨ?)।

ਜਿਹੜੇ ਡੈਲੀਗੇਟ ਨਿਜੀ ਤੌਰ 'ਤੇ, ਵੱਡੀ ਕੁਰਬਾਨੀ ਦੇ ਕੇ ਕਾਂਗਰਸ ਵਿਚ ਭਾਗ ਲੈਣ ਲਈ ਆਏ ਸਨ, ਉਹ ਕਾਫੀ ਵੱਡੀ ਗਿਣਤੀ ਵਿਚ ਸਨ। ਉਨ੍ਹਾਂ ਵਿਚ ਪੱਛਮੀ ਕੈਨੇਡਾ ਤੋਂ ਆਈ ਬਰੀਕ ਜਿਹੀ ਕੁੜੀ ਈਸ਼ਾਬੇਲ ਕਿਰ ਵੀ ਸੀ। ਇਹ ਰਾਹ ਵਿਚ ਲੋਕਾਂ ਤੋਂ ਲਿਫਟ ਮੰਗ ਕੇ ਅਤੇ ਮੀਲਾਂ ਮੀਲ ਪੈਦਲ ਤੁਰ ਕੇ ਪੋਗੀਪਸੀ ਪੁੱਜੀ ਸੀ।

ਦੱਖਣੀ ਅਫਰੀਕਾ ਤੋਂ ਨਵੀਂ ਵਿਆਹੀ ਜੋੜੀ ਡਾ. ਜੋਫ ਅਤੇ ਉਸ ਦੀ ਲਾੜੀ ਸਾਰਾ ਲੈਜ਼ਲੀ ਅਜੀਬ ਤਰ੍ਹਾਂ ਦੇ ਹਨੀਮੂਨ 'ਤੇ ਆਏ ਸਨ। ਅੰਗਰੇਜ਼ ਹੁੰਦਿਆਂ ਹੋਇਆਂ ਵੀ ਉਨ੍ਹਾਂ ਆਪਣੀ ਹਕੂਮਤ ਵਿਰੁੱਧ ਵਿਰੋਧ ਦਰਜ ਕਰਾਇਆ ਸੀ ਕਿ ਹਕੂਮਤ ਨੇ ਉਨ੍ਹਾਂ ਦੀ ਪਾਰਟੀ ਵੱਲੋਂ ਚੁਣੇ ਗਏ ਮੈਂਬਰ, ਨੀਗਰੋ ਡੈਲੀਗੇਟ ਨੂੰ ਪਾਸਪੋਰਟ ਦੇਣ ਤੋਂ ਨਾਂਹ ਕਰ ਦਿੱਤੀ ਸੀ (ਡਾਕਟਰ ਅਤੇ ਉਸ ਦੀ ਪਤਨੀ ਹੁਣ ਕਿਸ ਹਾਲ ਵਿਚ ਹਨ? ਕਿੱਥੇ ਹਨ? ਕੀ ਅੱਜ ਵੀ ਉਨ੍ਹਾਂ ਦੇ ਵਿਚਾਰ ਉਹੋ ਹਨ?)।

ਫਲਸਤੀਨ ਦੀ ਪ੍ਰਤੀਨਿਧਤਾ ਦੋ ਲੋਕ ਕਰ ਰਹੇ ਸਨ, ਯਹੂਦੀ ਯਸ਼ੂ ਲੀਬਨਰ ਅਤੇ ਅਰਬ ਰੇ ਖੂਰੀ। ਹੈਰਾਨੀ ਦੀ ਗੱਲ ਸੀ ਕਿ ਦੋਵਾਂ ਨੇ ਇਕ-ਦੂਜੇ 'ਤੇ ਇਲਜ਼ਾਮ ਲਾਉਣ ਦੀ ਥਾਂ ਵਰਤਮਾਨ ਸਮੱਸਿਆਵਾਂ ਲਈ ਸਾਮਰਾਜਵਾਦ ਨੂੰ ਜ਼ਿੰਮੇਦਾਰ ਠਹਿਰਾਇਆ ਸੀ (ਉਦੋਂ ਇਜ਼ਰਾਈਲ ਨਹੀਂ ਹੁੰਦਾ ਸੀ)। (ਕੀ ਮੋਰਚਾਬੰਦੀ ਦੇ ਆਰ-ਪਾਰ ਅੱਜ ਵੀ ਉਨ੍ਹਾਂ ਦੀ ਮੁਲਾਕਾਤ ਹੁੰਦੀ ਹੈ? ਕੀ ਰੇ ਖੂਰੀ ਕਿਸੇ ਫਲਸਤੀਨੀ ਸ਼ਰਨ-ਘਰ ਵਿਚ ਜੀਵਨ ਬਿਤਾ ਰਿਹਾ ਹੈ?)।

ਮਹਾਨ ਬਰਤਾਨੀਆ ਦਾ ਪ੍ਰਤੀਨਿਧ ਮੰਡਲ ਕਈ ਪ੍ਰਕਾਰ ਦੇ ਡੈਲੀਗੇਟਾਂ 'ਤੇ ਆਧਾਰਿਤ ਸੀ। ਇਸ ਵਿਚ ਕਮਿਊਨਿਸਟ ਜੌਨ ਗੌਲਨ ਵੀ ਸੀ ਜਿਸ ਨੇ ਫਾਸ਼ੀਵਾਦੀ ਦੇਸ਼ਾਂ ਦੇ ਨੌਜਵਾਨਾਂ ਲਈ ਦੋਸਤੀ ਦਾ ਹੱਥ ਵਧਾਇਆ ਸੀ। ਸਮਾਜਵਾਦ ਪ੍ਰੇਮੀ ਮਾਰਗ੍ਰੇਟ ਗੇਲ ਸੀ ਜਿਸ ਨੇ ਸਾਮਰਾਜਵਾਦ ਦੀ ਨਿਖੇਧੀ ਕੀਤੀ ਸੀ ਅਤੇ ਆਪਣੇ ਦੇਸ਼ ਨੂੰ 'ਸੰਸਾਰ ਭਰ ਦਾ ਦੋਸ਼ੀ' ਆਖਿਆ ਸੀ, ਉਹ ਵੀ ਚਰਚਿਲ ਦੋ-ਤਿੰਨ ਕੰਜ਼ਰਵੇਟਿਵਾਂ ਦੇ ਮੂੰਹ 'ਤੇ, ਜਿਹੜੇ ਦੱਬਵੀਂ ਜ਼ਬਾਨ ਵਿਚ ਚੈਂਬਰਲੇਨ ਦੀ ਵਿਦੇਸ਼ ਨੀਤੀ ਦਾ ਬਚਾਉ ਕਰ ਰਹੇ ਸਨ (ਹੁਣ ਉਹ ਕਿਥੇ ਹਨ? ਕਿਸ ਹਾਲ ਵਿਚ ਹਨ?)।

ਭਾਗ ਲੈਣ ਵਾਲਿਆਂ ਵਿਚ ਸਭ ਤੋਂ ਛੋਟਾ ਦੇਸ਼ ਹੈਤੀ ਸੀ। ਹੈਤੀ ਹੀ ਉਹ ਅਸਲੀ ਅਮਰੀਕਾ ਸੀ ਜਿਸ ਨੂੰ ਕੋਲੰਬਸ ਨੇ ਤਲਾਸ਼ ਕੀਤਾ ਸੀ। ਹੈਤੀ ਦੀ ਡੈਲੀਗੇਟ ਲਾਰਾ ਕੈਡਟ ਨੇ ਆਪਣਾ ਛੋਟਾ ਜਿਹਾ ਦੇਸ਼ ਗੱਭਰੂ ਹੋਈ ਦੁਨੀਆ ਦੇ ਨਕਸ਼ੇ 'ਤੇ ਲਿਆ ਕੇ ਰੱਖ ਦਿੱਤਾ ਸੀ। ਉਸ ਨੇ ਫਾਸ਼ੀਵਾਦ ਦੇ ਦੂਰਗਾਮੀ ਸਿੱਟਿਆਂ 'ਤੇ ਚਾਨਣ ਪਾਇਆ ਸੀ ਜਿਸ ਤੋਂ ਤਿੰਨ ਲੱਖ ਦੀ ਵੱਸੋਂ ਵਾਲੇ ਲੋਕਤੰਤਰੀ ਹੈਤੀ ਜਿਹੇ ਸੁਤੰਤਰ ਅਮਰੀਕੀ ਦੇਸ਼ਾਂ ਲਈ ਖਤਰਾ ਪੈਦਾ ਹੋ ਰਿਹਾ ਸੀ। ਉਸ ਨੇ ਮੈਨੂੰ ਆਖਿਆ ਸੀ ਕਿ ਜੇ ਕਦੀ ਉਹ ਆਪਣੇ ਦੇਸ਼ ਦੀ ਰਾਸ਼ਟਰਪਤੀ ਬਣੇਗੀ, ਮੈਨੂੰ ਜ਼ਰੂਰ ਸੱਦ ਬੁਲਾਵੇਗੀ। 37 ਵਰ੍ਹਿਆਂ ਮਗਰੋਂ ਮੈਂ ਅੱਜ ਵੀ ਉਸ ਦਾ ਸੱਦਾ ਪੱਤਰ ਉਡੀਕ ਰਿਹਾ ਹਾਂ।

ਤੇ ਅੰਤ ਵਿਚ ਸਾਡਾ ਆਪਣਾ ਯੂਸਫ ਮਹਿਰਾਲੀ ਸੀ ਜਿਸ ਨੇ ਭਾਰਤ ਉਪਰ ਬਰਤਾਨਵੀ ਕਬਜ਼ੇ ਵਿਰੁੱਧ ਅਜਿਹਾ ਮਜ਼ਬੂਤ ਮੁਕੱਦਮਾ ਪੇਸ਼ ਕੀਤਾ ਸੀ ਕਿ ਬਰਤਾਨਵੀ ਆਜ਼ਾਦ ਖਿਆਲ ਡੈਲੀਗੇਟ ਪਰੇਸ਼ਾਨ ਹੋ ਗਏ ਸਨ ਅਤੇ ਕੰਜ਼ਰਵੇਟਿਵਾਂ ਦੇ ਚਿਹਰੇ ਲਾਲ ਹੋ ਗਏ ਸਨ। ਮੈਨੂੰ ਕਾਂਗਰਸ ਦੇ ਅਖੀਰਲੇ ਦਿਨ ਬੋਲਣ ਦਾ ਮੌਕਾ ਦਿੱਤਾ ਗਿਆ। ਮੈਨੂੰ ਯਾਦ ਹੈ ਕਿ ਮੈਂ ਸਪਸ਼ਟ ਕੀਤਾ ਸੀ ਕਿ ਅਸੀਂ ਭਾਰਤੀ ਲੋਕ ਦਿਲ ਦੀਆਂ ਡੂੰਘਾਣਾਂ ਤੋਂ ਸ਼ਾਂਤੀ ਅਤੇ ਸਹਿ-ਸੁਰੱਖਿਆ ਦੇ ਇੱਛੁਕ ਹਾਂ। ਨਹਿਰੂ ਅਤੇ ਗਾਂਧੀ ਦਾ ਹਵਾਲਾ ਦੇ ਕੇ ਮੈਂ ਆਖਿਆ ਸੀ ਕਿ ਅਮਨ-ਅਮਾਨ ਲਈ ਸਭ ਤੋਂ ਵੱਡਾ ਖਤਰਾ ਸਾਮਰਾਜਵਾਦ ਹੈ ਜਿਸ ਨੂੰ ਹੁਣ, ਇਸੇ ਸਮੇਂ, ਭਾਰਤ ਅਤੇ ਹੋਰਨਾਂ ਦੇਸ਼ਾਂ ਵਿਚੋਂ ਸਮਾਪਤ ਕੀਤਾ ਜਾਣਾ ਚਾਹੀਦਾ ਹੈ। ਇਸ 'ਤੇ ਭਾਵ ਆਵੇਗ ਵਿਚ ਤਾੜੀਆਂ ਵੱਜੀਆਂ ਪਰ ਮਗਰੋਂ ਮੈਨੂੰ ਦੱਸਿਆ ਗਿਆ ਕਿ ਮੈਂ ਪ੍ਰਬੰਧਕੀ ਰੇਖਾ ਪਾਰ ਕਰ ਗਿਆ ਸੀ। ਸ਼ਾਇਦ ਫਾਸ਼ੀਵਾਦ ਵਿਰੋਧੀ ਇਕੱਠ ਵਿਚ ਮੌਜੂਦ ਕੰਜ਼ਰਵੇਟਿਵਾਂ ਨੂੰ ਚਰਚਿਲ ਵਾਂਗ ਖੁਸ਼ ਕਰਨ ਲਈ ਇਹ ਤੈਅ ਕੀਤਾ ਗਿਆ ਸੀ ਕਿ ਕਾਂਗਰਸ ਦੌਰਾਨ ਭਾਰਤ ਜਿਹੇ ਦੇਸ਼ਾਂ ਦੀ ਆਜ਼ਾਦੀ 'ਤੇ ਜ਼ੋਰ ਨਹੀਂ ਦਿੱਤਾ ਜਾਵੇਗਾ। ਮੈਨੂੰ ਇਹ ਹੱਦ ਪਾਰ ਕਰਨ 'ਤੇ ਰਤਾ ਵੀ ਅਫਸੋਸ ਨਹੀਂ ਸੀ।

ਯੋਗ ਨਾਲ ਮੇਰਾ ਪਹਿਲਾ ਪ੍ਰੀਚੈ ਅਜੀਬ ਗਿਰਜਿਆਂ ਅਤੇ ਅਧਿਆਤਮਕ ਭਰਮਾਂ ਵਾਲੇ ਸ਼ਹਿਰ ਲੌਸ ਏਂਜਲਸ ਵਿਚ ਹੋਇਆ ਸੀ। ਉਥੇ ਮੈਂ ਵੇਖਿਆ ਸੀ ਕਿ ਪੰਜ-ਛੇ ਸਵਾਮੀ ਅਮਰੀਕੀਆਂ ਦੀਆਂ ਆਤਮਾਵਾਂ ਨੂੰ ਬਚਾਉਣ ਵਿਚ ਰੁੱਝੇ ਹੋਏ ਸਨ। ਮੈਨੂੰ ਇਕ ਮੰਦਰ ਵਿਚ ਲਿਜਾਇਆ ਗਿਆ ਜਿਹੜਾ ਮਸਜਿਦ ਵਰਗਾ ਦਿਸਦਾ ਸੀ। ਉਸ ਦੇ ਬੂਹੇ-ਬਾਰੀਆਂ ਅਰਬਾਂ ਵਾਲੇ ਮਹਿਰਾਬੀ ਢੰਗ ਦੇ ਸਨ, ਜਾਲੀ ਦਾ ਕੰਮ ਤਾਜ ਮਹਿਲ ਤੋਂ ਚੋਰੀ ਕੀਤਾ ਗਿਆ ਸੀ ਅਤੇ ਚੀਨੀ ਫਾਨੂਸ ਉਸ ਦੇ ਅੰਦਰਲੇ ਹਾਲ ਵਿਚ ਅਧਿਆਤਮਕ ਇਕੱਠ ਨੂੰ ਸੂਤ ਆਉਣ ਵਾਲੀ ਰੋਸ਼ਨੀ ਵੰਡ ਰਿਹਾ ਸੀ। ਉਸ ਭਾਨੂਮਤੀ ਦੇ ਪਿਟਾਰੇ ਨੂੰ ਮੁਕੰਮਲ ਕਰ ਰਹੀਆਂ ਸਨ ਕੰਧਾਂ 'ਤੇ ਲਮਕਦੀਆਂ ਰਿਸ਼ੀਆਂ ਅਤੇ ਹਿਮਾਲਾ ਦੇ ਸਾਧਾਂ-ਸੰਤਾਂ ਦੀਆਂ ਤਸਵੀਰਾਂ। ਸਵਾਮੀ ਜੀ ਚੁਸਤ ਗੱਭਰੂ ਸਨ। ਉਸ ਦੇ ਸਫੈਦ ਕੱਪੜੇ ਹਵਾ ਵਿਚ ਲਹਿਰਾ ਰਹੇ ਸਨ। ਉਸ ਨੇ ਨੌਸਿਖੀਆਂ ਵਾਂਗ ਪਗੜੀ ਬੰਨ੍ਹੀ ਹੋਈ ਸੀ। ਨਿਰਸੰਦੇਹ ਉਹ 'ਸਨ ਆਫ ਇੰਡੀਆ' ਦੇ ਰੈਬਨ ਨੋਵੈਰੋ ਜਿਹਾ ਦਿਖਾਈ ਦੇ ਰਿਹਾ ਸੀ। ਇਸ ਪੁਸਤਕ ਦਾ ਆਰੰਭ ਇਸ ਸਿਰਲੇਖ ਤੋਂ ਹੁੰਦਾ ਹੈ ਕਿ "ਅਬਦੁਲ ਕਰੀਮ ਉੱਚੀ ਜਾਤ ਦੇ ਹਿੰਦੂ ਦੀ ਔਲਾਦ ਸੀ।"

ਨਿਊਯਾਰਕ ਵਿਚ ਮੇਰੀ ਮੁਲਾਕਾਤ ਇਕ ਅਜਿਹੇ ਬੰਦੇ ਨਾਲ ਹੋਈ ਜਿਸ ਦੇ ਅਨੁਸਾਰ ਯੋਗ ਵਪਾਰਦਾਇਕ ਚੰਗਾ ਸਾਧਨ ਬਣ ਸਕਦਾ ਸੀ। ਨਿਊਯਾਰਕ ਦੇ ਬਾਹਰਲੇ ਹਿੱਸੇ ਵਿਚ ਰਹਿੰਦਾ ਇਹ ਬੰਦਾ ਹੋਟਲ ਦਾ ਮਾਲਿਕ ਵੀ ਸੀ, ਸਰੀਰ ਸੋਧਕ ਵੀ ਸੀ ਅਤੇ ਯੋਗ ਦਾ ਵਿਦਿਆਰਥੀ ਵੀ। ਉਸ ਦੇ ਹੋਟਲ ਦੀ ਬਣਤਰ ਪੂਰਬੀ ਬਣਤਰ ਦੀ ਨਕਲ ਜਿਹੀ ਸੀ, ਬੁੱਧ ਦੀ ਇਕ ਮੂਰਤੀ ਅਤੇ ਇਰਾਨੀ ਕਾਲੀਨ। ਉਹ ਵਿਸ਼ੇਸ਼ ਪ੍ਰਕਾਰ ਦਾ ਸਿਗਾਰਖੋਰ ਅਮਰੀਕੀ ਵਪਾਰੀ ਸੀ। ਉਸ ਨੇ ਆਖਿਆ, "ਸੁਣੋ, ਇਸ ਦੇਸ਼ ਵਿਚ ਯੋਗ ਲਈ ਬੜੀ ਗੁੰਜਾਇਸ਼ ਹੈ ਪਰ ਇਸ ਨੂੰ ਢੰਗ ਨਾਲ ਨਿਯੋਜਨ ਕਰਨਾ ਹੋਵੇਗਾ। ਭਾਰਤ ਤੋਂ ਇਕ ਨਾਮਵਰ ਸਵਾਮੀ ਭੇਜ ਦਿਓ, ਫਿਰ ਵੇਖੋ ਮੈਂ ਕੀ ਕਰਦਾ ਹਾਂ। ਅਧਿਆਤਮਕ ਇਲਾਜ, ਯੋਗ ਰਸਾਲੇ, ਯੋਗ ਰੈਸਤੋਰਾਂ, ਵੈਸ਼ਨੋ ਭੋਜਨ, ਛੁੱਟੀਆਂ ਵਿਚ ਯੋਗ ਕੈਂਪ। ਮੈਨੂੰ ਵਿਸ਼ਾਲ ਲੜੀ ਵਿਖਾਈ ਦੇ ਰਹੀ ਹੈ। ਅਰਬਾਂ ਰੁਪਏ ਕਮਾਏ ਜਾ ਸਕਦੇ ਹਨ ਪਰ ਸ਼ਰਤ ਇਹ ਹੈ ਕਿ ਇਸ ਨੂੰ ਢੰਗ ਨਾਲ ਨਿਯੋਜਤ ਕੀਤਾ ਜਾਵੇ।"

ਮੇਰੀ ਯਾਤਰਾ ਡਾਇਰੀ ਅਨੁਸਾਰ ਇਹ 1938 ਦੀ ਗੱਲ ਹੈ। 35 ਵਰ੍ਹਿਆਂ ਮਗਰੋਂ ਕੀ ਅਜੀਬ ਹੈ ਕਿ ਸਵਾਮੀ ਮੁਕਤਾਨੰਦ ਦਾ ਹਾਲੀਆ ਅਮਰੀਕਾ ਦੌਰਾ ਇਸ ਅਮਰੀਕੀ ਵਪਾਰੀ ਦਾ ਸੁਪਨਾ ਸਾਕਾਰ ਕਰ ਰਿਹਾ ਹੋਵੇ। "ਰੱਬ ਦੇ ਆਪਣੇ ਦੇਸ਼ ਵਿਚ ਆਤਮਿਕ ਬੇਕਰਾਰੀ ਘੱਟ ਹੋਣ ਦੀ ਥਾਂ ਵਧ ਰਹੀ ਹੈ। ਇਸ ਸਵਾਮੀ ਕੋਲ ਵਾਸਤਵਿਕ ਅਧਿਆਤਮਕ ਦ੍ਰਿਸ਼ਟੀ ਹੈ ਜਿਸ ਤੋਂ ਉਪਰੋਕਤ ਤਰਕੀਬਾਂ ਲਈ ਲਾਹਾ ਲਿਆ ਜਾ ਸਕਦਾ ਹੈ। ਉਥੇ ਵਪਾਰੀ ਆਰਥਿਕ ਉੱਨਤੀ ਨੂੰ ਸਦਾਚਾਰਕ, ਵਿਚਾਰਕ ਕਾਰਜਸ਼ੀਲਤਾ ਦੇ ਸੁਹੱਪਣ ਤੋਂ ਸੌਖਣੀ ਹੋਣ ਕਰ ਕੇ ਕਾਫੀ ਨਾਕਾਫੀ ਸਮਝਿਆ ਜਾਂਦਾ ਹੈ। ਦੌਲਤ ਦੀ ਪੂਜਾ ਸਦਾ ਨਹੀਂ ਕੀਤੀ ਜਾ ਸਕਦੀ। ਕਈ ਵਾਰੀ ਅਜਿਹਾ ਹੁੰਦਾ ਹੈ ਕਿ ਆਰਥਿਕ ਉੱਨਤੀ ਤੋਂ ਬਾਜ਼ਾਰ ਅਮਰੀਕੀ ਲੋਕ ਪਹਿਲੀ ਵਾਰੀ ਪੂਰਬ ਦੇ ਜਿਸ ਧਰਮ ਬਾਰੇ ਸੁਣਦੇ ਹਨ, ਉੱਧਰ ਨੂੰ ਹੀ ਤੁਰ ਪੈਂਦੇ ਹਨ। ਇਹ ਧਰਮ ਇਰਾਨ ਦਾ ਵਹਾਬੀ ਮਤ ਹੋਵੇ ਜਾਂ ਭਾਰਤ ਦੀ ਧਿਆਨ ਸਮਾਧੀ।

1938 ਵਿਚ ਜਦੋਂ ਮੈਂ ਅਮਰੀਕਾ ਵਿਚ ਸੀ, ਉਦੋਂ ਤੋਂ ਲੈ ਕੇ ਹੁਣ ਤਕ ਉਥੇ ਨੀਗਰੋਆਂ ਦੇ ਹਾਲਾਤ ਵਿਚ ਜ਼ਬਰਦਸਤ ਪਰਿਵਰਤਨ ਵਾਪਰਿਆ ਹੈ। ਇਸ ਪਰਿਵਰਤਨ ਦੇ ਸੰਕੇਤ ਉਦੋਂ ਵੀ ਮਿਲ ਰਹੇ ਸਨ। ਮੈਂ ਆਪ ਵੀ ਨਸਲੀ ਵਿਤਕਰੇ ਦਾ ਸ਼ਿਕਾਰ ਹੋਇਆ ਸੀ। ਇਕ ਔਰਤ ਨੇ ਮੈਨੂੰ ਕਾਲਾ ਸਮਝ ਕੇ ਰੇਲ ਦੀ ਡਾਇਨਿੰਗ ਕਾਰ ਵਿਚ ਮੇਰੇ ਨਾਲ ਮੇਜ਼ ਸਾਂਝੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜਦੋਂ ਉਸ ਨੂੰ ਪਤਾ ਲੱਗਾ ਕਿ ਮੈਂ ਨੀਗਰੋ ਨਹੀਂ ਹਾਂ ਤਾਂ ਉਸ ਨੇ ਆਖਿਆ ਕਿ ਉਸ ਨੂੰ ਮੇਰੀ ਮੇਜ਼ 'ਤੇ ਬੈਠਣ ਵਿਚ ਕੋਈ ਔਖ ਨਹੀਂ ਹੈ ਪਰ ਹੁਣ ਮੈਂ ਮਨ੍ਹਾ ਕਰ ਦਿੱਤਾ ਸੀ ਕਿ ਮੈਂ ਉਸ ਨਾਲ ਮੇਜ਼ ਸਾਂਝੀ ਨਹੀਂ ਕਰਾਂਗਾ। ਮੇਰੇ ਇਸ ਵਿਹਾਰ ਨੇ ਘੱਟੋ-ਘੱਟ ਅੱਧੇ ਸਹਿ-ਯਾਤਰੀਆਂ ਦੀ ਨਜ਼ਰ ਵਿਚ ਮੈਨੂੰ ਹੀਰੋ ਬਣਾ ਦਿੱਤਾ ਸੀ।

ਆਪਣਾ ਸ਼ੋਸ਼ਣ ਕਰਨ ਵਾਲੇ ਜਾਬਰ ਗੋਰਿਆਂ ਪ੍ਰਤੀ ਨੀਗਰੋਆਂ ਦੇ ਮਨ ਵਿਚ ਜਿਹੜੀ ਰੂਹ-ਕੰਬਾਊ ਤਲਖ਼ੀ ਸੀ, ਉਸ ਨਾਲ ਦੋ-ਚਾਰ ਹੋਣ ਦਾ ਮੌਕਾ ਵੀ ਮੈਨੂੰ ਮਿਲਿਆ ਸੀ। ਅੰਤਰਰਾਸ਼ਟਰੀ ਯੂਥ ਕਾਂਗਰਸ ਦੇ ਭਾਰਤੀ ਅਤੇ ਅਫਰੀਕੀ ਡੈਲੀਗੇਟਾਂ ਦੇ ਨਾਲ ਮੈਂ ਵੀ ਰਾਤ ਦੇ ਉਸ ਖਾਣੇ ਵਿਚ ਸ਼ਾਮਿਲ ਸੀ ਜਿਸ ਦਾ ਆਯੋਜਨ ਸਾਨੂੰ ਸਨਮਾਨਿਤ ਕਰਨ ਲਈ ਇਥੋਪੀਅਨ ਵਰਲਡ ਫੈਡਰੇਸ਼ਨ ਅਤੇ ਹਰਲਮ ਨੀਗਰੋ ਆਰਗੇਨਾਈਜ਼ੇਸ਼ਨ ਨੇ ਕੀਤਾ ਸੀ। ਬੜਾ ਵੱਡਾ ਇਕੱਠ ਸੀ। ਉਨ੍ਹਾਂ ਲੋਕਾਂ ਦੀ ਮਿੱਤਰਤਾ ਅਤੇ ਪ੍ਰਾਹੁਣਚਾਰੀ ਤੋਂ ਅਸੀਂ ਬਹੁਤ ਪ੍ਰਭਾਵਿਤ ਹੋਏ ਸੀ।

ਇਸ ਮੌਕੇ 'ਤੇ ਇਕ ਵਕਤਾ ਨੇ ਆਪਣੇ ਭਾਸ਼ਣ ਵਿਚ ਅੱਗ ਉਗਲੀ ਸੀ। ਇਹ ਵਿਅਕਤੀ ਉਸ ਜਜ਼ਬੇ ਦਾ ਮੂਰਤ ਰੂਪ ਸੀ ਜਿਸ ਨੇ ਬਾਅਦ ਵਿਚ ਬਲੈਕ ਪੈਂਥਰਜ਼ ਅਤੇ ਸਿੰਬੀਓਨੀਜ਼ ਲਿਬਰੇਸ਼ਨ ਆਰਮੀ ਦੇ ਦੌਰ ਨੂੰ ਜਨਮ ਦਿੱਤਾ ਸੀ। ਉਸ ਨੇ ਸਾਨੂੰ ਸਮੂਹ ਗੋਰਿਆਂ ਵਿਰੁੱਧ ਕਾਲੇ ਮਗਜ਼ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਅਤੇ ਸਾਫ਼ ਸ਼ਬਦਾਂ ਵਿਚ ਆਖਿਆ ਕਿ ਜਿਥੇ ਕਿਤੇ ਵੀ ਸਾਡੇ ਨਾਲ ਧੱਕਾ ਹੋਵੇ, ਸਾਨੂੰ ਗੋਰਿਆਂ ਨਾਲ ਉਹ ਸਲੂਕ ਕਰਨਾ ਚਾਹੀਦਾ ਹੈ, ਜਿਹਾ ਉਹ ਸਾਡੇ ਨਾਲ ਕਰ ਰਹੇ ਹਨ। ਉਸ ਦੇ ਇਹ ਆਖਣ 'ਤੇ ਜ਼ੋਰਦਾਰ ਤਾੜੀਆਂ ਵੱਜੀਆਂ। ਹੁਣ ਮੇਰੀ ਵਾਰੀ ਸੀ ਬੋਲਣ ਦੀ। ਮੈਂ ਆਪਣੇ ਆਪ ਨੂੰ ਨਾਜ਼ੁਕ ਹਾਲਤ ਵਿਚ ਫਸਿਆ ਮਹਿਸੂਸ ਕਰ ਰਿਹਾ ਸੀ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਮੈਂ ਪਹਿਲਾਂ ਵਾਲੇ ਬੁਲਾਰੇ ਨਾਲ ਅਸਹਿਮਤੀ ਪ੍ਰਗਟਾ ਕੇ ਕਾਲੇ ਸ੍ਰੋਤਿਆਂ ਦੀ ਨਾਰਾਜ਼ਗੀ ਮੁੱਲ ਲਵਾਂ ਜਾਂ ਕਾਲੀ ਜੰਗੀ ਕੱਟੜਪ੍ਰਸਤੀ ਦਾ ਸਮਰਥਨ ਕਰ ਕੇ ਆਪਣੇ ਜ਼ਮੀਰ ਨੂੰ ਧੋਖਾ ਦੇਵਾਂ।

ਮੈਂ ਰਤਾ ਬਚ-ਬਚਾਅ ਕੇ ਆਪਣੀ ਗੱਲ ਸ਼ੁਰੂ ਕੀਤੀ। ਮੈਂ ਦੇਸ਼ ਭਗਤ ਭਾਰਤ ਵੱਲੋਂ ਇਥੋਪੀਆ ਲਈ ਹਮਦਰਦੀ ਅਤੇ ਸਹਿਯੋਗ ਦਾ ਭਰੋਸਾ ਦਿਵਾਇਆ ਅਤੇ ਅਮਰੀਕੀ ਨੀਗਰੋਆਂ ਨੂੰ ਆਖਿਆ ਕਿ ਅਸੀਂ ਇਸ ਸੰਘਰਸ਼ ਵਿਚ ਉਨ੍ਹਾਂ ਦੇ ਨਾਲ ਹਾਂ ਜਿਹੜਾ ਉਨ੍ਹਾਂ ਸੰਪੂਰਨ ਰਾਜਨੀਤਕ, ਸਮਾਜਿਕ ਅਤੇ ਆਰਥਿਕ ਸਮਾਨਤਾ ਲਈ ਵਿੱਢਿਆ ਹੈ। ਫਿਰ ਮੈਂ ਹੌਸਲਾ ਕਰ ਕੇ ਇਕ ਸਵਾਲ ਪੁੱਛਿਆ ਕਿ ਕੀ ਕਦੀ ਤੁਸੀਂ ਉਨ੍ਹਾਂ ਕਾਰਨਾਂ ਉਪਰ ਵਿਚਾਰ ਕੀਤੀ ਹੈ ਜਿਨ੍ਹਾਂ ਕਰ ਕੇ ਅਮਰੀਕਾ ਦੇ ਨੀਗਰੋ ਇਸ ਹਾਲਤ ਦਾ ਸ਼ਿਕਾਰ ਹੋਏ ਹਨ, ਜਿਨ੍ਹਾਂ ਕਰ ਕੇ ਭਾਰਤ ਗੁਲਾਮੀ ਝੱਲ ਰਿਹਾ ਹੈ, ਜਿਨ੍ਹਾਂ ਕਰ ਕੇ ਇਥੋਪੀਆ ਉਪਰ ਹਮਲਾ ਹੋਇਆ ਸੀ, ਜਿਨ੍ਹਾਂ ਕਾਰਨਾਂ ਕਰ ਕੇ ਅਫਰੀਕਾ ਦੀਆਂ ਕਾਲੀਆਂ ਨਸਲਾਂ ਕੁਚਲੀਆਂ ਜਾ ਰਹੀਆਂ ਹਨ, ਜਿਨ੍ਹਾਂ ਕਰ ਕੇ ਮਨਚੂਰੀਆ ਅਤੇ ਆਸਟ੍ਰੀਆ ਨੂੰ ਬੇਆਬਾਦ ਕੀਤਾ ਗਿਆ ਹੈ, ਜਾਂ ਜਿਨ੍ਹਾਂ ਕਰ ਕੇ ਚੀਨ ਉਤੇ ਜਾਪਾਨ ਦਾ ਹਾਲੀਆ ਹਮਲਾ ਹੋਇਆ ਹੈ?

ਮੈਂ ਇਹ ਆਖਣ ਦੀ ਹਿੰਮਤ ਕੀਤੀ ਕਿ ਇਹ ਸਿਰਫ ਰੰਗਭੇਦ ਦਾ ਮਾਮਲਾ ਨਹੀਂ ਹੈ। ਜੇ ਰੰਗਭੇਦ ਦਾ ਮਾਮਲਾ ਹੁੰਦਾ ਤਾਂ ਗੋਰੇ ਨਾਜ਼ੀ ਆਪਣੇ ਜਿਹੇ ਹੀ ਗੋਰੇ ਯਹੂਦੀਆਂ ਉਪਰ ਜ਼ੁਲਮ ਕਿਉਂ ਢਾਉਂਦੇ? ਪੀਲੇ ਜਾਪਾਨੀ ਪੀਲੇ ਚੀਨ ਦੀਆਂ ਸੀਮਾਵਾਂ ਕਿਉਂ ਉਲੰਘਦੇ? ਮੈਂ ਸੰਖੇਪ ਵਿਚ ਸਾਮਰਾਜਵਾਦ, ਸਰਮਾਏਦਾਰੀ ਅਤੇ ਫਾਸ਼ੀਵਾਦ ਦੇ ਇਤਿਹਾਸਕ ਆਪਸੀ ਸਬੰਧਾਂ 'ਤੇ ਚਾਨਣਾ ਪਾਇਆ। ਮੈਂ ਸਵਾਲ ਕੀਤਾ ਕਿ ਕੀ ਅਸੀਂ ਇਕ ਹੋਰ ਕਾਲੇ ਰੰਗ ਦੇ ਸਾਮਰਾਜਵਾਦ ਨੂੰ ਦੁਨੀਆ ਵਿਚ ਨੰਗਾ ਨਾਚ ਨੱਚਣ ਦੇਣਾ ਚਾਹੁੰਦੇ ਹਾਂ? ਸ੍ਰੋਤਿਆਂ ਵਿਚੋਂ ਕੁਝ 'ਨਹੀਂ' ਦੀਆਂ ਆਵਾਜ਼ਾਂ ਉੱਠੀਆਂ ਤਾਂ ਮੇਰੇ ਕਾਲਜੇ ਠੰਢ ਜਿਹੀ ਪਈ।

ਮੈਂ ਆਖਿਆ ਨਾ-ਇਨਸਾਫੀ ਕਿਸੇ ਦੀ ਵੀ ਹੋਵੇ, ਅਸੀਂ ਉਸ ਵਿਰੁੱਧ ਲੜਾਂਗੇ। ਕਾਲੇ, ਗੋਰੇ, ਪੀਲੇ ਸਭ ਸਾਡੇ ਦੋਸਤ ਹਨ, ਸਾਡੇ ਸਾਥੀ ਹਨ। ਜਿਹੜੇ ਲੋਕ ਨਾ-ਇਨਸਾਫੀ ਵਿਚ ਸਹਾਇਕ ਬਣਦੇ ਹਨ, ਉਹ ਕਿਸੇ ਰੰਗ ਦੇ ਵੀ ਹੋਣ ਸਾਡੇ ਦੁਸ਼ਮਣ ਹਨ। ਕੁਝ ਤਾੜੀਆਂ ਵੱਜੀਆਂ। ਓਨੀਆਂ ਤਾਂ ਨਹੀਂ ਜਿੰਨੀਆਂ ਪਹਿਲਾਂ ਵਾਲੇ ਦੇ ਭਾਸ਼ਣ 'ਤੇ ਵੱਜੀਆਂ ਸਨ। ਭਾਸ਼ਣ ਮੁਕਾ ਕੇ ਮੈਂ ਆਪਣੀ ਥਾਂ 'ਤੇ ਜਾ ਬੈਠਾ। ਮੈਨੂੰ ਵਿਸ਼ਵਾਸ ਸੀ ਕਿ ਮੈਂ ਹਰਲੀਨ ਵਿਚ ਅਲੋਕਪ੍ਰਿਯਤਾ ਨਹੀਂ ਖੱਟੀ ਸੀ।

ਨੀਗਰੋਆਂ ਤੋਂ ਮੈਨੂੰ ਖ਼ੁੱਦਾਰੀ ਦਾ ਸਬਕ ਮਿਲਿਆ। ਅਨੇਕ ਵਾਰੀ ਅਜਿਹਾ ਹੋਇਆ ਕਿ ਕਿਸੇ ਬਹੁਤ ਗੋਰੇ ਮੁੰਡੇ ਜਾਂ ਗੋਰੀ ਕੁੜੀ ਨਾਲ ਮੇਰੀ ਮੁਲਾਕਾਤ ਹੋਈ ਤਾਂ ਉਸ ਨੇ ਇਹ ਆਖ ਕੇ ਮੈਨੂੰ ਹੈਰਾਨ ਕਰ ਦਿੱਤਾ ਕਿ ਮੈਂ ਨੀਗਰੋ ਹਾਂ। ਜਾਪ ਰਿਹਾ ਸੀ ਕਿ ਅਮਰੀਕਾ ਵਿਚ ਜੇ ਕਿਸੇ ਵਿਅਕਤੀ ਅੰਦਰ ਨੀਗਰੋ ਲਹੂ ਦੀ ਇਕ ਵੀ ਬੂੰਦ ਸੀ ਤਾਂ ਉਹ ਸ਼ਰਮਿੰਦਾ ਨਹੀਂ ਸੀ ਹੁੰਦਾ ਸਗੋਂ ਗੌਰਵ ਅਨੁਭਵ ਕਰਦਾ ਸੀ।

ਨਿਊਯਾਰਕ ਵਿਚ ਮੇਰੀ ਆਖਰੀ ਰਾਤ। ਕੁਝ ਦੋਸਤ ਮੇਰੇ ਨਾਲ ਸਨ। ਅਸੀਂ ਗੱਲਾਂ ਕਰਦੇ ਇਕ ਪੱਬ ਵੱਲ ਜਾ ਰਹੇ ਸੀ। ਭਾਵੇਂ ਦੋਸਤਾਂ ਨੇ ਹਰ ਵਾਰੀ ਵਿਸਕੀ ਜਾਂ ਬੀਅਰ ਮੰਗਵਾਈ ਸੀ ਪਰ ਮੈਂ ਆਪਣੇ ਲਈ ਚਾਹ-ਕੌਫੀ ਹੀ ਮੰਗਾਉਂਦਾ ਰਿਹਾ ਸੀ। ਦਿਨ ਚੜ੍ਹਨ ਤਕ ਮੈਂ ਚਾਹ ਕੌਫੀ ਦੇ ਅਠਾਰਾਂ ਕੱਪ ਪੀ ਚੁੱਕਾ ਸੀ। ਸਿੱਟਾ ਇਹ ਹੋਇਆ ਕਿ ਜਿਵੇਂ ਹੀ ਸੰਸਾਰ ਦੇ ਸਭ ਤੋਂ ਵੱਡੇ ਜਹਾਜ਼ ਨੋਰਮੰਡਾਈ ਵਿਚਲੇ ਆਪਣੇ ਕੈਬਿਨ ਦੇ ਬਿਸਤਰੇ 'ਤੇ ਡਿੱਗਿਆ ਤਾਂ ਮੈਨੂੰ ਤੁਰੰਤ ਹੀ ਨੀਂਦਰ ਆ ਗਈ। ਚਾਰ ਲੋਕਾਂ ਲਈ ਬਣੇ ਇਸ ਕੈਬਿਨ ਵਿਚ ਮੈਂ ਇਕੱਲਾ ਹੀ ਯਾਤਰੀ ਸੀ।

ਜਹਾਜ਼ ਨਿਊਯਾਰਕ ਬੰਦਰਗਾਹ ਤੋਂ ਤੁਰ ਪਿਆ ਅਤੇ ਨਵੇਂ ਕੋਲੰਬਸ ਹੱਥੋਂ 'ਆਜ਼ਾਦੀ ਦੀ ਦੇਵੀ' ਦੀ ਮੂਰਤੀ ਦੇ ਦਰਸ਼ਨ ਕਰਨ ਦਾ ਇਕ ਹੋਰ ਮੌਕਾ ਖੁੰਝ ਗਿਆ। ਉਸ ਸਮੇਂ ਮੈਨੂੰ ਗਿਆਤ ਨਹੀਂ ਸੀ ਕਿ ਤਿੰਨ ਚੌਥਾਈ ਯਾਤਰੀਆਂ ਨੇ ਐਸ.ਐਸ. ਨੌਰਮੰਡਾਈ' ਤੋਂ ਆਪਣੀ ਰਵਾਨਗੀ ਕਿਉਂ ਰੱਦ ਕਰ ਦਿੱਤੀ ਸੀ। ਜਦੋਂ ਮੈਂ ਸੌਂ ਕੇ ਉੱਠਿਆ ਤਾਂ ਮੈਨੂੰ ਨਿਊਯਾਰਕ ਵਿਚ ਫੈਲੀ ਦਿਲ ਹਿਲਾ ਦੇਣ ਵਾਲੀ ਅਫਵਾਹ ਬਾਰੇ ਪਤਾ ਲੱਗਾ ਕਿ ਯੂਰਪ ਵਿਚ ਯੁੱਧ ਆਰੰਭ ਹੋ ਗਿਆ ਹੈ ਪਰ ਇਹ ਅਫਵਾਹ ਹੀ ਸੀ। ਕਿਸੇ ਨੇ ਦਸ ਮਹੀਨੇ ਪਹਿਲਾਂ ਯੁੱਧ ਬਾਰੇ ਅਨੁਮਾਨ ਲਗਾ ਲਿਆ ਸੀ।




**ਆਪਟਨ ਸਿੰਕਲੀਅਰ ਅਤੇ (ਸੱਜੇ) ਕਾਲਿਆਂ ਨਾਲ ਵਿਤਕਰੇ ਨੂੰ ਦਰਸਾਉਂਦਾ ਚਾਰਲਸ ਵ੍ਹਾਈਟ ਦਾ ਚਿੱਤਰ ਜੋ 1950 ਵਿਚ ਬਣਾਇਆ ਗਿਆ ਸੀ।**

***1938 ਵਿਚ ਜਦੋਂ ਮੈਂ ਅਮਰੀਕਾ ਵਿਚ ਸੀ, ਉਦੋਂ ਤੋਂ ਲੈ ਕੇ ਹੁਣ ਤਕ ਉਥੇ ਨੀਗਰੋਆਂ ਦੇ ਹਾਲਾਤ ਵਿਚ ਜ਼ਬਰਦਸਤ ਪਰਿਵਰਤਨ ਵਾਪਰਿਆ ਹੈ। ਇਸ ਪਰਿਵਰਤਨ ਦੇ ਸੰਕੇਤ ਉਦੋਂ ਵੀ ਮਿਲ ਰਹੇ ਸਨ। ਮੈਂ ਆਪ ਵੀ ਨਸਲੀ ਵਿਤਕਰੇ ਦਾ ਸ਼ਿਕਾਰ ਹੋਇਆ ਸੀ। ਇਕ ਔਰਤ ਨੇ ਮੈਨੂੰ ਕਾਲਾ ਸਮਝ ਕੇ ਰੇਲ ਦੀ ਡਾਇਨਿੰਗ ਕਾਰ ਵਿਚ ਮੇਰੇ ਨਾਲ ਮੇਜ਼ ਸਾਂਝੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜਦੋਂ ਉਸ ਨੂੰ ਪਤਾ ਲੱਗਾ ਕਿ ਮੈਂ ਨੀਗਰੋ ਨਹੀਂ ਹਾਂ ਤਾਂ ਉਸ ਨੇ ਆਖਿਆ ਕਿ ਉਸ ਨੂੰ ਮੇਰੀ ਮੇਜ਼ 'ਤੇ ਬੈਠਣ ਵਿਚ ਕੋਈ ਔਖ ਨਹੀਂ ਹੈ ਪਰ ਹੁਣ ਮੈਂ ਮਨ੍ਹਾ ਕਰ ਦਿੱਤਾ ਸੀ ਕਿ ਮੈਂ ਉਸ ਨਾਲ ਮੇਜ਼ ਸਾਂਝੀ ਨਹੀਂ ਕਰਾਂਗਾ। ਮੇਰੇ ਇਸ ਵਿਹਾਰ ਨੇ ਘੱਟੋ-ਘੱਟ ਅੱਧੇ ਸਹਿ-ਯਾਤਰੀਆਂ ਦੀ ਨਜ਼ਰ ਵਿਚ ਮੈਨੂੰ ਹੀਰੋ ਬਣਾ ਦਿੱਤਾ ਸੀ। ਆਪਣਾ ਸ਼ੋਸ਼ਣ ਕਰਨ ਵਾਲੇ ਜਾਬਰ ਗੋਰਿਆਂ ਪ੍ਰਤੀ ਨੀਗਰੋਆਂ ਦੇ ਮਨ ਵਿਚ ਜਿਹੜੀ ਰੂਹ-ਕੰਬਾਊ ਤਲਖ਼ੀ ਸੀ, ਉਸ ਨਾਲ ਦੋ-ਚਾਰ ਹੋਣ ਦਾ ਮੌਕਾ ਵੀ ਮੈਨੂੰ ਮਿਲਿਆ ਸੀ। ਅੰਤਰਰਾਸ਼ਟਰੀ ਯੂਥ ਕਾਂਗਰਸ ਦੇ ਭਾਰਤੀ ਅਤੇ ਅਫਰੀਕੀ ਡੈਲੀਗੇਟਾਂ ਦੇ ਨਾਲ ਮੈਂ ਵੀ ਰਾਤ ਦੇ ਉਸ ਖਾਣੇ ਵਿਚ ਸ਼ਾਮਿਲ ਸੀ ਜਿਸ ਦਾ ਆਯੋਜਨ ਸਾਨੂੰ ਸਨਮਾਨਿਤ ਕਰਨ ਲਈ ਇਥੋਪੀਅਨ ਵਰਲਡ ਫੈਡਰੇਸ਼ਨ ਅਤੇ ਹਰਲਮ ਨੀਗਰੋ ਆਰਗੇਨਾਈਜ਼ੇਸ਼ਨ ਨੇ ਕੀਤਾ ਸੀ। ਬੜਾ ਵੱਡਾ ਇਕੱਠ ਸੀ। ਉਨ੍ਹਾਂ ਲੋਕਾਂ ਦੀ ਮਿੱਤਰਤਾ ਅਤੇ ਪ੍ਰਾਹੁਣਚਾਰੀ ਤੋਂ ਅਸੀਂ ਬਹੁਤ ਪ੍ਰਭਾਵਿਤ ਹੋਏ ਸੀ।***

# ਪੋਸਟ-ਹਿਊਮਨਿਸਟ ਸਮਾਜ ਅਤੇ ਮਨੁੱਖੀ ਸਰੋਕਾਰ

ਮੌਜੂਦਾ ਦੌਰ ਦੇ ਦੋ ਸਭ ਤੋਂ ਵੱਧ ਪ੍ਰਚੱਲਿਤ ਸ਼ਬਦ 'ਆਰਟੀਫਿਸ਼ਲ ਇੰਟੈਲੀਜੈਂਸ' ਤੇ 'ਪੋਸਟ ਹਿਊਮਨਿਸਟ' ਮਨੁੱਖੀ ਸੱਭਿਅਤਾ ਦੇ ਉਸ ਸੰਭਾਵੀ ਭਵਿੱਖ ਦੀ ਨਿਸ਼ਾਨਦੇਹੀ ਕਰਦੇ ਹਨ ਜਿਸ ਵਿਚ ਮਨੁੱਖ ਦੀ ਹੋਂਦ ਦੀ ਪੇਸ਼ਕਾਰੀ, ਪਛਾਣ ਅਤੇ ਸੰਭਾਵਨਾ ਗੈਰ-ਮਨੁੱਖੀ ਚੀਜ਼ਾਂ ਤੇ ਵਰਤਾਰਿਆਂ ਰਾਹੀਂ ਨਾਪੀ ਤੇ ਮਾਪੀ ਜਾਵੇਗੀ। ਪ੍ਰਸਿੱਧ ਚਿੰਤਕ ਗਿੱਲਜ਼ ਡੈਲਿਊਜ਼ ਅਨੁਸਾਰ ਤਕਨੀਕੀ ਮਲਟੀਨੈਸ਼ਨਲ ਕੰਪਨੀਆਂ ਦੀ ਧਾਰਨਾ 'ਕੰਟਰੋਲ ਆਧਾਰਿਤ ਸਮਾਜਾਂ' ਦੀ ਸੰਰਚਨਾ ਦਾ ਮੁੱਖ ਧੁਰਾ ਹੈ। ਡਿਜੀਟਲ ਤੌਰ 'ਤੇ ਨਵੀਂ ਤਰ੍ਹਾਂ ਦੇ ਬਸਤੀਵਾਦ ਵੱਲ ਧੱਕ ਰਹੀਆਂ ਤਕਨੀਕੀ ਕੰਪਨੀਆਂ ਮਨੁੱਖਾਂ ਨੂੰ ਮੁਨਾਫਾ ਆਧਾਰਿਤ



**ਡਾ. ਕੁਲਦੀਪ ਕੌਰ**
ਫੋਨ: +91-98554-04330

ਖਾਂਚਿਆਂ ਵਿਚ ਢਾਲਣ, ਮਸ਼ੀਨਾਂ ਦੁਆਰਾ ਸੰਚਾਲਿਤ ਸਮੂਹਾਂ ਦੀ ਸਮਾਜਿਕ ਇਜਾਰੇਦਾਰੀ ਸਥਾਪਿਤ ਕਰਨ ਅਤੇ ਮਨੁੱਖਾਂ ਦੇ ਉਪਯੋਗੀ ਹੋਣ ਜਾਂ ਨਾ ਹੋਣ ਦੇ ਤੰਗ-ਨਜ਼ਰ ਖਾਨਿਆਂ ਵਿਚ ਵੰਡ ਕਰਨ ਵਿਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਇਸ ਦੇ ਨਾਲ-ਨਾਲ ਮਨੁੱਖੀ ਚੇਤਨਾ, ਮੌਲਿਕ ਵਿਚਾਰਾਂ ਅਤੇ ਸ਼ਖਸੀ ਆਜ਼ਾਦੀ ਦੀਆਂ ਰਵਾਇਤਾਂ ਉੱਪਰ ਨਵੀਂ ਕਿਸਮ ਦੇ ਖਤਰਿਆਂ ਤੇ ਖਦਸ਼ਿਆਂ ਦਾ ਪ੍ਰਛਾਵਾਂ ਪੈਣਾ ਸ਼ੁਰੂ ਹੋ ਗਿਆ ਹੈ। ਗਲੋਬਲ ਪੱਧਰ 'ਤੇ ਸਿਆਸੀ- ਸਮਾਜਿਕ ਉਥਲ-ਪੁਥਲ ਅਤੇ ਧਾਰਮਿਕ-ਫਾਸ਼ੀਵਾਦ ਦੇ ਉਭਾਰ ਦੌਰਾਨ ਬਹੁਤੀਆਂ ਡਿਜੀਟਲ ਕੰਪਨੀਆਂ ਲਈ ਨਾਗਰਿਕਾਂ ਨੂੰ ਨੰਬਰਾਂ ਵਿਚ ਤਬਦੀਲ ਕਰਨ ਦਾ ਇਹ ਦੌਰ ਜਮਹੂਰੀਅਤ ਦੇ ਵਿਚਾਰ 'ਤੇ ਸਿੱਧੀ ਸੱਟ ਮਾਰ ਰਿਹਾ ਹੈ ਜਿਸ ਨੂੰ ਸੰਬੋਧਿਤ ਹੋਣ ਦੀ ਫੌਰੀ ਲੋੜ ਹੈ।

ਸਿਆਸੀ ਪਲੇਟਫਾਰਮ ਵਜੋਂ ਜਾਣੇ ਜਾਂਦੇ ਸਰਗਰਮ ਡਿਜੀਟਲ ਪਲੇਟਫਾਰਮ 'ਟਵਿੱਟਰ' ਦੁਆਰਾ ਪਿਛਲੇ ਦਿਨਾਂ ਵਿਚ ਕੁਝ ਅਫਗਾਨ ਗਰੁੱਪਾਂ ਦੇ ਅਕਾਊਂਟ ਡਿਲੀਟ ਕੀਤੇ ਜਾਣ ਨੇ ਸੈਂਸਰਸ਼ਿਪ, ਵਿਚਾਰਾਂ ਦੇ ਪ੍ਰਗਟਾਉਣ ਦੀ ਆਜ਼ਾਦੀ ਅਤੇ ਆਪਣੀ ਵੱਖਰੀ ਇਲਾਕਾਈ ਤੇ ਸੱਭਿਆਚਾਰਕ ਪਛਾਣ ਰੱਖਦੇ ਗਰੁੱਪਾਂ ਜਾਂ ਸਮੂਹਾਂ ਦੇ ਮਨੁੱਖੀ ਅਧਿਕਾਰਾਂ ਬਾਰੇ ਨਵੀਂ ਚਰਚਾ ਨੂੰ ਜਨਮ ਦਿੱਤਾ ਹੈ। ਇਸ ਦੇ ਨਾਲ ਹੀ ਸੱਭਿਆਚਾਰਕ ਉਚਤਾ, ਤੀਜੀ ਦੁਨੀਆ ਦੇ ਬਾਸ਼ਿੰਦਿਆਂ ਉਪਰ ਪਹਿਲੀ ਦੁਨੀਆ ਦੇ ਚੰਦ ਕੁ ਉਦਯੋਗਿਕ ਘਰਾਣਿਆਂ ਦੀ ਧੌਂਸ ਅਤੇ ਨਵ-ਬਸਤੀਵਾਦ ਦੇ ਨਵੇਂ ਰੂਪਾਂ ਦਾ ਚਿਹਰਾ ਉਜਾਗਰ ਹੋਣਾ ਸ਼ੁਰੂ ਹੋ ਗਿਆ ਹੈ। ਤੀਜੀ ਦੁਨੀਆ ਦੇ ਲੋਕਾਂ ਦੁਆਰਾ ਇਹ ਸਵਾਲ ਪੁੱਛਣ ਦਾ ਸਹੀ ਸਮਾਂ ਹੈ ਕਿ ਉਹਨਾਂ ਦੀ ਪਹਿਲੀ ਦੁਨੀਆ ਦੀ ਉਦਾਰਵਾਦੀ ਮੰਡੀ ਵਿਚ ਸਸਤੀ ਲੇਬਰ ਹੋਣ ਜਾਂ ਫਿਰ ਖਪਤਕਾਰ ਹੋਣ ਤੋਂ ਬਿਨਾ ਕੋਈ ਹੋਰ ਔਕਾਤ ਹੈ ਜਾਂ ਨਹੀਂ?

ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ 'ਟਵਿੱਟਰ' ਤੇ 'ਫੇਸਬੁੱਕ' ਗਲੋਬਲ ਪੱਧਰ 'ਤੇ ਤਤਕਾਲੀ ਜਨਤਕ ਅੰਦੋਲਨਾਂ ਜਿਵੇਂ ਅਰਬ ਰਾਈਜ਼ਿੰਗ, ਔਕਿਊਪਾਈ ਵਾਲਸਟਰੀਟ ਅਤੇ ਹਾਂਗਕਾਂਗ ਫਾਰ ਡੈਮੋਕਰੇਸੀ ਵਰਗੀਆਂ ਲੋਕ ਲਹਿਰਾਂ ਲਈ ਵਿਚਾਰਾਂ ਦੇ ਅਦਾਨ-ਪ੍ਰਦਾਨ ਦਾ ਜ਼ਰੀਆ ਬਣੀਆਂ ਹਨ ਪਰ ਐਲਨ ਮਸਕ ਦੀਆਂ ਪੂੰਜੀਵਾਦੀ ਸਨਕ ਨਾਲ ਭਰੀਆਂ ਪ੍ਰਬੰਧਕੀ ਨੀਤੀਆਂ ਅਤੇ ਮਾਰਕ ਜ਼ੁਕਰਬਰਗ ਉੱਪਰ ਅਮਰੀਕਾ ਦੀ ਸੁਪਰੀਮ ਕੋਰਟ ਵਿਚ ਚੱਲ ਰਹੇ ਮੁਕੱਦਮਿਆਂ ਨੇ ਇਹਨਾਂ ਦੋਵਾਂ ਪਲੇਟਫਾਰਮਾਂ ਦੀ 'ਨਿਰਪੱਖਤਾ', 'ਪਰਾਦਰਸ਼ਤਾ' ਅਤੇ 'ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ' ਉੱਪਰ ਪ੍ਰਸ਼ਨ ਚਿੰਨ੍ਹ ਲਗਾ ਦਿੱਤੇ ਹਨ। ਇਸ ਦੇ ਨਾਲ ਹੀ ਲਗਾਤਾਰ ਅਜਿਹੇ ਤੱਥ ਤੇ ਖੋਜਾਂ ਸਾਹਮਣੇ ਆ ਰਹੀਆਂ ਹਨ ਜਿਹਨਾਂ ਮੁਤਾਬਿਕ 'ਮਾਸੂਮ' ਨਜ਼ਰ ਆ ਰਿਹਾ ਸੋਸ਼ਲ ਮੀਡੀਆ ਆਮ ਲੋਕਾਈ ਦੀ ਸਿਆਸੀ ਚੇਤਨਾ ਤੇ ਸਿਆਸੀ ਵਰਤਾਉ ਨੂੰ ਕੰਟਰੋਲ ਕਰਨ ਲਈ ਜਾਂ ਫਿਰ ਇੱਕ ਖਾਸ ਸਿਆਸੀ ਧਿਰ ਜਾਂ ਵਿਚਾਰਧਾਰਾ ਦੇ ਪੱਖ ਵਿਚ ਭੁਗਤਾਉਣ ਲਈ ਕਈ ਤਰ੍ਹਾਂ ਦੇ ਹੱਥਕੰਡੇ ਵਰਤਦਾ ਹੈ।



ਇਹ ਨੁਕਤਾ ਵਾਰ-ਵਾਰ ਸਾਹਮਣੇ ਆ ਰਿਹਾ ਹੈ ਕਿ ਸੋਸ਼ਲ ਮੀਡੀਆ ਨਾ ਸਿਰਫ ਸਾਡੀਆਂ ਸਿਆਸੀ, ਸਮਾਜਿਕ, ਆਰਥਿਕ, ਧਾਰਮਿਕ ਤੇ ਵਾਤਾਵਰਨ ਮਸਲਿਆਂ ਨਾਲ ਸਬੰਧਿਤ ਤਰਜੀਹਾਂ ਤੇ ਫੈਸਲਿਆਂ ਨੂੰ ਤੋੜਨ-ਮਰੋੜਨ ਦਾ ਕੰਮ ਕਰ ਰਿਹਾ ਹੈ ਬਲਕਿ ਇਹ ਗਲੋਬਲੀ ਵਰਤਾਰਿਆਂ, ਇਨਸਾਫ ਦੇ ਤਕਾਜ਼ਿਆਂ, ਨਿਆਂ ਦੇ ਪ੍ਰਬੰਧਾਂ ਅਤੇ ਸਮਾਜਿਕ ਤਬਦੀਲੀ ਦੇ ਸਰੋਕਾਰਾਂ ਦੀ ਜ਼ਮੀਨ ਨੂੰ ਲਗਾਤਾਰ ਖੋਖਲਾ ਕਰ ਰਿਹਾ ਹੈ। ਇਸ ਵਿਚ ਦਿਲਚਸਪ ਤੱਥ ਇਹ ਹੈ ਕਿ ਨਿੱਜੀ ਆਜ਼ਾਦੀ, ਵਿਚਾਰ ਪ੍ਰਗਟਾਵੇ ਦੀ ਆਜ਼ਾਦੀ, ਸਮਾਜਿਕ ਰਿਸ਼ਤਿਆਂ ਦੀ ਗਵਾਹੀ ਭਰਦਾ ਇਹ ਨਵਾਂ (ਅਮਲ ਵਿਚ ਪੁਰਾਣੇ ਮੁੱਲਾਂ ਵਾਲਾ) ਮੀਡੀਆ ਜਿੱਥੇ ਆਪਣੇ ਮੁਨਾਫੇ ਤੇ 'ਆਧੁਨਿਕ ਤਕਨੀਕੀ ਵਿਚਾਰਾਂ' ਦੀ ਰਾਖੀ ਦੇ ਨਾਮ ਤੇ ਆਲੋਚਨਾ, ਅਧਿਐਨ, ਸੰਵਾਦ ਤੇ ਜਨਤਕ ਸੁਣਵਾਈ ਦੀਆਂ ਜਮਹੂਰੀ ਪਰੰਪਰਾਵਾਂ ਨੂੰ ਟਿੱਚ ਮੰਨਦਿਆਂ ਯੂਜਰਾਂ ਨੂੰ ਆਪਣੀਆਂ ਸ਼ਰਤਾਂ ਤੇ ਸੋਸ਼ਲ ਮੀਡੀਆ ਵਰਤਣ ਦੇਣ ਦੇ ਸੈਂਸਰੀ ਫਿਲਟਰਾਂ ਵਿਚ ਮਾਹਿਰ ਹੋ ਚੁੱਕਿਆ ਹੈ ਉੱਥੇ ਇਹ ਆਪਣੇ ਲੱਖਾਂ ਯੂਜਰਾਂ ਨੂੰ ਮਹਿਜ਼ 'ਗਾਹਕ' ਮੰਨਦਿਆ ਉਹ ਕੀ, ਕਿਵੇਂ, ਕਿੱਥੇ, ਕਿਉਂ ਤੇ ਕਿਹਨਾਂ ਨਾਲ ਵਰਤਣ ਤੇ ਜੁੜਨ, ਇਸ ਬਾਰੇ ਮਾੜੇ ਸੰਪਾਦਕ ਦਾ ਲਿਬਾਸ ਪਹਿਨ ਲੈਂਦਾ ਹੈ।

ਦੂਜੇ ਸ਼ਬਦਾਂ ਵਿਚ 'ਸਮਾਂ, ਸਥਾਨ ਤੇ ਸੰਚਾਰ' ਦੇ ਸਾਰੇ ਬੰਧਨ ਤੋੜ ਦੇਣ ਦਾ ਦਾਅਵਾ ਕਰਨ ਵਾਲੀਆਂ ਤਕਨੀਕੀ ਕੰਪਨੀਆਂ ਮਨੁੱਖੀ ਭਾਵਨਾਵਾਂ ਦਾ ਵਰਗੀਕਰਨ ਵੀ ਬਿਜ਼ਨਸ ਮਾਡਲਾਂ ਮੁਤਾਬਿਕ ਕਰਦਿਆਂ 'ਡਿਜੀਟਲ ਜੇਲ੍ਹਾਂ' ਦਾ ਨਿਰਮਾਣ ਕਰਦੀਆਂ ਹਨ। ਇਹਨਾਂ ਵਿਚ ਦਾਖਲ ਹੋਣ, ਵਰਤੋਂ ਕਰਨ ਅਤੇ ਇਹਨਾਂ ਵਿਚ ਵਿਚਰਨ ਦੇ ਤਰੀਕੇ ਹਿਸਾਬ ਤੇ ਸਾਇੰਸ ਦੀਆਂ ਥਿਊਰਮਾਂ ਜਾਂ ਸਿਧਾਂਤਾਂ ਦੁਆਰਾ ਤੈਅ ਹੋਣ ਕਾਰਨ ਇਸ ਵਿਚ ਮਨੁੱਖਾਂ ਨੂੰ ਡੇਟਾ ਜਾਂ ਨੰਬਰਾਂ ਵਿਚ ਪੜ੍ਹਨ ਦੀ ਸਹੂਲਤ ਤਾਂ ਹੈ ਪਰ ਉਸ ਦੇ ਅੰਦਰੂਨੀ ਵਲਵਲਿਆਂ ਤੇ ਬੌਧਿਕ ਸਵਾਲਾਂ ਨੂੰ ਸੰਬੋਧਿਤ ਹੋਣ ਦਾ ਕੋਈ ਰਾਹ ਨਹੀਂ।

ਅਜੋਕੀਆਂ ਉਦਾਰਵਾਦੀ ਮੰਡੀਆਂ ਵਿਚ ਸਭ ਤੋਂ ਵੱਡੀ ਜਿਣਸ ਡੇਟਾ ਹੋਣ ਕਾਰਨ ਮਨੁੱਖੀ ਜ਼ਰੂਰਤਾਂ ਦੇ ਹੱਲਾਂ ਲਈ ਡਿਜੀਟਲ ਸੰਦਾਂ ਵੱਲ ਤੱਕਣ ਦਾ ਰੁਝਾਨ ਦਿਨੋ-ਦਿਨ ਮਜ਼ਬੂਤ ਹੋ ਰਿਹਾ ਹੈ। ਸਿਆਸੀ ਲੌਬੀਇੰਗ, ਧਾਰਮਿਕ ਧਰੁਵੀਕਰਨ, ਆਰਥਿਕ ਇਜਾਰੇਦਾਰੀ ਤੇ ਨਵ-ਫਾਸ਼ੀਵਾਦ ਦੀ ਚੜ੍ਹਤ ਵਿਚ ਡਿਜੀਟਲ ਕਰੰਸੀਆਂ ਦਾ ਕਾਰੋਬਾਰ ਖੂਬ ਫੈਲ ਰਿਹਾ ਹੈ। ਇਸ ਵਰਚੂਅਲ ਬਾਜ਼ਾਰ ਵਿਚ ਮਨੁੱਖ ਅਜਿਹਾ ਪ੍ਰੋਡਕਟ ਹੈ ਜਿਸ ਨੂੰ ਡਿਜੀਟਲ ਕੰਪਨੀਆਂ ਬਗੈਰ ਉਸ ਦੀ ਸਹਿਮਤੀ ਜਾਂ ਪਸੰਦ ਦੇ ਆਪਸ ਵਿਚ ਵੇਚਦੀਆਂ-ਵੱਟਦੀਆਂ ਰਹਿੰਦੀਆਂ ਹਨ। ਇੱਕ ਮਿੰਟ ਲਈ ਉਹਨਾਂ ਆਰਥਿਕ ਲੈਣਦਾਰੀਆਂ ਦੀ ਭਾਸ਼ਾ ਦੀ ਕਲਪਨਾ ਕਰੋ? ਤੁਸੀਂ ਕਿਸੇ ਨਾ ਕਿਸੇ ਕੰਪਨੀ ਦੇ ਖਾਤਿਆਂ ਵਿਚ ਇੱਕ ਨੰਬਰ ਜਾਂ ਡੇਟਾ ਵਿਚ ਸਿਮਟ ਚੁੱਕੇ ਹੋ? ਹੁਣ ਉਹਨਾਂ ਮਨੁੱਖਾਂ ਦੀ ਕਲਪਨਾ ਕਰੋ ਜਿਹੜੇ ਇਹਨਾਂ ਕੰਪਨੀਆਂ ਦੇ ਪੰਨਿਆਂ ਵਿਚ ਦਰਜ ਨਹੀਂ ਹੋ ਸਕੇ ਜਾਂ ਸਮਾਜਿਕ-ਆਰਥਿਕ ਤੇ ਸਿਆਸੀ ਪ੍ਰਬੰਧਾਂ ਵਿਚ ਪਹਿਲਾ ਹੀ ਹਾਸ਼ੀਏ 'ਤੇ ਹਨ। ਡਿਜੀਟਲ ਕੰਪਨੀਆਂ ਦਾ ਤਰਕ ਹੈ ਕਿ ਤਕਨੀਕ ਨਿਰਪੱਖ ਹੈ ਤੇ ਸਭਨਾਂ ਲਈ ਇਕ-ਸਾਰ ਹੈ। ਇਸ ਦੀ ਉਲਟ ਮਿਸਾਲ ਲੱਭਣੀ ਹੋਵੇ ਤਾਂ ਉਹਨਾਂ ਆਬਾਦੀਆਂ ਦੀਆਂ ਫਰਿਆਦਾਂ ਸੁਣੋ ਜਿਹੜੇ ਕੋਵਿਡ-19 ਮਹਾਮਾਰੀ ਦੌਰਾਨ ਸਿਹਤ ਸਹੂਲਤਾਂ ਅਤੇ ਸਿੱਖਿਆ ਖੇਤਰ ਵਿਚੋਂ ਬਾਹਰ ਹਾਸ਼ੀਏ 'ਤੇ ਡਿੱਗ ਪਏ ਸਨ। ਜਿਹਨਾਂ ਦੀਆਂ ਜੇਬਾਂ ਵਿਚ ਪੈਸਾ ਨਹੀਂ ਸੀ, ਜਿਹਨਾਂ ਦੇ ਹੱਥਾਂ ਵਿਚ ਸਾਧਨ ਨਹੀਂ ਸਨ, ਉਹਨਾਂ ਲਈ ਤਕਨੀਕ ਵੀ ਮ੍ਰਿਗ-ਤ੍ਰਿਸ਼ਨਾ ਬਣ ਕੇ ਰਹਿ ਗਈ।

ਤਕਨੀਕ ਦਾ ਕਾਰੋਬਾਰ ਕਿਸੇ ਵੀ ਸਟੇਟ ਦੇ ਅਨੇਕਾਂ ਉਦਯੋਗਾਂ ਵਿਚ ਇੱਕ ਹੈ ਪਰ ਜਿੰਨੀ ਤੇਜ਼ੀ ਨਾਲ ਇਹ ਕੰਪਨੀਆਂ ਮੁਨਾਫੇ ਦੁਆਰਾ ਘੜੇ 'ਪੋਸਟ-ਹਿਊਮਨ' ਵਰਤਾਰੇ ਨੂੰ ਸਿਆਸੀ ਪ੍ਰਬੰਧਾਂ ਦੀ ਮੁੱਖ ਜ਼ਰੂਰਤ ਸਾਬਿਤ ਕਰਨ ਵਿਚ ਕਾਮਯਾਬ ਹੋਈਆਂ ਹਨ, ਉਹਨਾਂ ਨੇ ਸਟੇਟ ਤੇ ਨਾਗਰਿਕਾਂ ਦੇ ਆਪਸੀ ਸਬੰਧਾਂ (ਮਨੁੱਖਾਂ ਤੇ ਸਟਰੇਟ ਦਾ ਸਮਝੌਤਾ) ਨੂੰ ਡੂੰਘੀ ਸੱਟ ਮਾਰੀ ਹੈ। ਕੋਈ ਵੀ ਸਟੇਟ ਜਦੋਂ ਸ਼ਹਿਰਾਂ ਨੂੰ 'ਡਿਜੀਟਲ ਸਿਟੀਜ਼' ਤੇ ਪੂੰਜੀ ਨੂੰ 'ਡਿਜੀਟਲ ਕਰੰਸੀ' ਵਿਚ ਤਬਦੀਲੀ ਦੀ ਯੋਜਨਾ ਲਾਗੂ ਕਰਦਾ ਹੈ ਤਾਂ ਉਹ ਨਾਗਰਿਕਾਂ ਦੇ ਵਰਤੋਂ-ਵਿਹਾਰ ਦੀ ਇੱਕ-ਇੱਕ ਪਲ ਦੀ ਖਬਰ ਰੱਖਣ ਤੇ ਉਹਨਾਂ ਦੀਆਂ ਗਤੀਵਿਧੀਆਂ ਦੀ ਸੂਖਮ ਜਾਸੂਸੀ ਕਰਨ ਦਾ ਪ੍ਰਬੰਧ ਕਰ ਰਿਹਾ ਹੁੰਦਾ ਹੈ। ਇੱਕ ਤਰ੍ਹਾਂ ਨਾਲ ਹੁਣ ਕਿਸੇ ਮਨੁੱਖ ਦਾ ਸਟੇਟ ਦਾ ਵਫਾਦਾਰ ਨਾਗਰਿਕ ਹੋਣ ਦੇ ਨਾਲ-ਨਾਲ ਡਿਜੀਟਲ ਏਜੰਸੀਆਂ ਦਾ ਅਗਿਆਕਾਰੀ ਖਪਤਕਾਰ ਹੋਣਾ ਵੀ ਜ਼ਰੂਰੀ ਹੈ। ਇਸ ਦੇ ਨਾਲ-ਨਾਲ ਇਹ ਵਰਤਾਰਾ ਮਨੁੱਖਾਂ ਦੀ ਨਿੱਜੀ ਪਛਾਣ, ਉਹਨਾਂ ਦੀ ਦੂਜਿਆਂ ਨਾਲੋਂ ਭਿੰਨਤਾ, ਉਹਨਾਂ ਦੀ ਖੁਦਮੁਖਤਾਰੀ, ਨਿੱਜਤਾ ਦੇ ਅਧਿਕਾਰ ਅਤੇ ਉਹਨਾਂ ਦੇ ਮਨੁੱਖੀ ਅਧਿਕਾਰਾਂ ਦੇ ਖਿਲਾਫ ਭੁਗਤਦਾ ਹੈ।

ਇਸ ਤੋਂ ਅਗਲਾ ਸਵਾਲ ਹੋਰ ਗੁੰਝਲਦਾਰ ਹੈ। ਕੀ ਡਿਜੀਟਲ ਕੰਪਨੀਆਂ ਮਨੁੱਖਾਂ ਦੀ 'ਰੈਡੀਮੇਡ ਹੋਂਦ' ਸਿਰਜ ਰਹੀਆਂ ਹਨ? ਸੋਸ਼ਲ ਮੀਡੀਆ ਤੇ ਯੂਟਿਊਬ ਜਾਂ ਇੰਸਟਾਗ੍ਰਾਮ ਦੀਆਂ ਰੀਲਾਂ ਰਾਹੀ ਰਾਤੋ-ਰਾਤ ਪ੍ਰਸਿੱਧ ਹੋਇਆ ਦੀ ਕੀ ਕਿਸੇ ਸਮਾਜ ਦੀ ਸਮੂਹਿਕਤਾ ਨਾਲ ਕੋਈ ਤੰਦ ਸਾਂਝੀ ਹੈ? ਉਹ ਕਿਤੇ ਵਸਤਾਂ ਜਾਂ ਬਾਜ਼ਾਰਾਂ ਨੂੰ ਮੋਕਲੇ ਕਰਨ ਲਈ ਡਿਜੀਟਲ ਕੰਪਨੀਆਂ ਦੇ ਡਮਰੂਆਂ 'ਤੇ ਤਾਂ ਨਹੀਂ ਨੱਚ ਰਹੇ? ਜੇਕਰ ਤਕਨੀਕ ਹੀ ਸਾਰੀਆਂ ਸਮੱਸਿਆਵਾਂ ਦਾ ਹੱਲ ਹੈ ਤਾਂ ਅਜੋਕੇ ਸਮਾਜ ਪਹਿਲਾ ਨਾਲੋਂ ਵੱਧ ਖੋਖਲੇ ਤੇ ਮਨੁੱਖ ਸਰੀਰਕ-ਮਾਨਸਿਕ ਤੌਰ 'ਤੇ ਨਿਹੱਥੇ ਕਿਉਂ ਮਹਿਸੂਸ ਕਰ ਰਹੇ ਹਨ?

ਅੰਤ ਵਿਚ ਇਹ ਸਵਾਲ ਤਾਂ ਪੁੱਛਿਆ ਹੀ ਜਾਣਾ ਚਾਹੀਦਾ ਹੈ ਕਿ ਇਹਨਾਂ ਕੰਪਨੀਆਂ ਦੇ ਮਾਲਿਕ ਅਤੇ ਉਹਨਾਂ ਦੇ ਕਾਰਿੰਦਿਆਂ ਦਾ ਉਹ ਸਮੂਹ ਜਿਹੜਾ ਆਮ ਵਰਤੋਂਕਾਰਾਂ ਦੇ ਲਿਖੇ, ਪੜ੍ਹੇ, ਸੁਣੇ ਨੂੰ ਸੈਂਸਰ ਕਰਨ, ਰੱਦ ਕਰਨ, ਡਿਲੀਟ ਕਰਨ ਜਾਂ ਅਯੋਗ ਕਰਾਰ ਦੇਣ ਦਾ ਕੰਮ ਕਰਦਾ ਹੈ। ਉਹ ਇਹ ਸਭ ਕਾਰਵਾਈਆਂ ਕਿਸ ਅਹਿਦ, ਨੇਮ, ਕਾਨੂੰਨ ਤੇ ਧਾਰਾ ਜਾਂ ਨਾਗਰਿਕਾਂ ਨਾਲ ਕੀਤੇ ਕਿਸ ਕਰਾਰ ਦੇ ਤਹਿਤ ਕਰਦਾ ਹੈ? ਕੀ ਇਹ ਤਬਕਾ ਕਲਾ, ਸਾਹਿਤ, ਨਿਰਪੱਖਤਾ, ਨਿਆਂ, ਆਜ਼ਾਦੀ, ਮਨੁੱਖੀ ਅਧਿਕਾਰਾਂ ਤੇ ਲੋਕ ਹਿੱਤਾਂ ਦੀਆਂ ਮੁੱਢਲੀਆਂ ਧਾਰਨਾਵਾਂ ਨੂੰ ਸਮਝਦਾ ਹੈ? ਜੇ ਨਹੀਂ ਤਾਂ ਉਹ ਗਲੋਬਲ ਪੱਧਰ 'ਤੇ ਜਮਾਤੀ-ਜਾਤੀ ਵੰਡ ਨੂੰ ਤਿਖੇਰਾ ਕਰਨ ਅਤੇ ਪਹਿਲਾਂ ਹੀ ਹਾਸ਼ੀਏ 'ਤੇ ਪਏ ਸਮੂਹਾਂ ਨੂੰ ਹੋਰ ਬੇਵੱਸ ਬਣਾਉਣ ਦਾ ਕੰਮ ਹੀ ਕਰ ਰਿਹਾ ਹੈ।

ਲੋਕ ਪੱਖੀ ਸਿਆਸਤ ਤੋਂ ਬਗੈਰ ਤਕਨੀਕੀ ਤਰੱਕੀ ਦਾ ਖਿਆਲ ਓਨਾ ਹੀ ਥੋਥਾ ਹੈ ਜਿੰਨਾ ਸਾਧਨਾਂ ਦੀ ਬਰਾਬਰ ਵੰਡ ਤੋਂ ਬਿਨਾ ਸਮਾਜਾਂ ਦੇ ਜਮਹੂਰੀਕਰਨ ਦਾ ਸੁਪਨਾ।

# ਚੋਣ ਕਮਿਸ਼ਨਰਾਂ ਦੀ ਨਿਯੁਕਤੀ

ਉੱਘੇ ਵਿਦਵਾਨ ਬਰਟ੍ਰੰਡ ਰਸਲ ਨੇ ਪੁਰਜ਼ੋਰ ਤਰੀਕੇ ਨਾਲ ਇਹ ਗੱਲ ਆਖੀ ਸੀ ਕਿ 'ਲੋਕਤੰਤਰ ਦੇ ਗੁਣ ਨਾਂਹਵਾਚੀ ਹੁੰਦੇ ਹਨ: 'ਇਹ ਚੰਗਾ ਸ਼ਾਸਨ ਯਕੀਨੀ ਨਹੀਂ ਬਣਾਉਂਦਾ; ਬਹਰਹਾਲ, ਕੁਝ ਬੁਰਾਈਆਂ ਦੀ ਰੋਕਥਾਮ ਕਰ ਦਿੰਦਾ ਹੈ।' ਦਰਅਸਲ, ਲੋਕਤੰਤਰ ਮਹਿਜ਼ ਚੋਣਾਂ ਤੱਕ ਸੀਮਤ ਨਹੀਂ ਹੁੰਦਾ। ਕੁਝ ਸੰਵਿਧਾਨਕ ਕਦਰਾਂ ਕੀਮਤਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਲੋਕਤੰਤਰ ਵਲੋਂ ਅੰਗੀਕਾਰ, ਸਲਾਹੁਣਾ ਅਤੇ ਸਾਂਭਣਾ ਪੈਂਦਾ ਹੈ। ਜਦੋਂ ਲੋਕਾਂ ਨੂੰ

**ਫ਼ੈਜ਼ਾਨ ਮੁਸਤਫ਼ਾ**

ਚੋਣ ਕਮਿਸ਼ਨ ਦੀ ਨਿਰਪੱਖਤਾ 'ਤੇ ਸੰਦੇਹ ਹੋਣ ਲੱਗ ਪਵੇ ਤਾਂ ਸਮੁੱਚਾ ਲੋਕਰਾਜੀ ਅਮਲ ਹੀ ਪਲੀਤ ਹੋ ਜਾਂਦਾ ਹੈ। ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਬਾਰੇ ਸੁਪਰੀਮ ਕੋਰਟ ਦੇ ਪੰਜ ਜੱਜਾਂ ਦੇ ਬੈਂਚ ਦਾ ਫ਼ੈਸਲਾ ਇਤਿਹਾਸਕ ਹੈ ਕਿਉਂਕਿ ਇਸ ਨੇ ਜਿਨ੍ਹਾਂ ਸੰਵਿਧਾਨਕ ਕਦਰਾਂ ਕੀਮਤਾਂ ਦਾ ਹਵਾਲਾ ਦਿੱਤਾ ਹੈ, ਉਹ ਲੋਕਰਾਜ ਨੂੰ ਪ੍ਰਫੁੱਲਤ ਕਰਨ ਲਈ ਜ਼ਰੂਰੀ ਹਨ।

ਚੋਣ ਕਮਿਸ਼ਨ ਵਿਚ ਨਿਯੁਕਤੀਆਂ ਦੇ ਮਾਮਲੇ ਵਿਚ ਅੰਤਰੀਵ ਸਮੱਸਿਆ ਹੈ। ਅਣ-ਚੁਣੀਆਂ ਸੰਵਿਧਾਨਕ ਅਥਾਰਿਟੀਆਂ ਦੀਆਂ ਹੋਰਨਾਂ ਵੰਨਗੀਆਂ ਤੋਂ ਉਲਟ ਸਿਰਫ ਚੋਣ ਕਮਿਸ਼ਨ ਅਤੇ ਕੌਮੀ ਅਨੁਸੂਚਿਤ ਜਾਤੀਆਂ ਬਾਰੇ ਕਮਿਸ਼ਨ ਹੀ ਅਜਿਹੀਆਂ ਦੋ ਸੰਸਥਾਵਾਂ ਹਨ ਜਿਨ੍ਹਾਂ ਵਿਚ ਨਿਯੁਕਤੀਆਂ ਲਈ ਯੋਗਤਾਵਾਂ ਦਾ ਬਿਓਰਾ ਸੰਵਿਧਾਨ ਜਾਂ ਕਿਸੇ ਹੋਰ ਪ੍ਰਸੰਗਕ ਕਾਨੂੰਨ ਵਿਚ ਨਹੀਂ ਦਿੱਤਾ ਗਿਆ। ਇਸ ਤਰ੍ਹਾਂ ਯੋਗਤਾਵਾਂ ਤੇ ਤਜਰਬਾ ਤੈਅ ਨਾ ਕੀਤੇ ਜਾਣ ਕਰ ਕੇ ਰਾਸ਼ਟਰਪਤੀ ਜ਼ਰੀਏ (ਸਰਕਾਰ ਕੋਲ) ਕਿਸੇ ਵੀ ਸ਼ਖ਼ਸ ਨੂੰ ਮੁੱਖ ਚੋਣ ਕਮਿਸ਼ਨਰ ਵਜੋਂ ਨਿਯੁਕਤ ਕਰਨ ਦੀ ਅਸੀਮ ਸ਼ਕਤੀ ਆ ਗਈ।

ਪਾਰਲੀਮੈਂਟ ਨੇ ਮੁੱਖ ਚੋਣ ਕਮਿਸ਼ਨਰ ਅਤੇ ਹੋਰ ਕਮਿਸ਼ਨਰ (ਸੇਵਾ ਦੀਆਂ ਸ਼ਰਤਾਂ) ਕਾਨੂੰਨ-1991 ਪਾਸ ਕੀਤਾ ਸੀ। ਇਹ ਕਾਨੂੰਨ ਸੰਵਿਧਾਨ ਦੀ ਧਾਰਾ 324(5) ਨਾਲ ਜੁੜਿਆ ਹੋਇਆ ਹੈ ਜਿਸ ਵਿਚ ਪਾਰਲੀਮੈਂਟ ਵਲੋਂ ਪਾਸ ਕੀਤੇ ਉਸ ਕਾਨੂੰਨ ਦਾ ਸੰਕਲਪ ਦਿੱਤਾ ਗਿਆ ਸੀ ਜਿਸ ਤਹਿਤ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀਆਂ ਸੇਵਾ ਸ਼ਰਤਾਂ ਨੂੰ ਨਿਯਮਤ ਕੀਤਾ ਜਾਣਾ ਸੀ। ਹੁਣ ਸੁਪਰੀਮ ਕੋਰਟ ਨੇ ਤੈਅ ਕੀਤਾ ਹੈ ਕਿ ਜਿੰਨੀ ਦੇਰ ਤੱਕ ਪਾਰਲੀਮੈਂਟ ਕਾਨੂੰਨ ਪਾਸ ਨਹੀਂ ਕਰ ਦਿੰਦੀ, ਓਨੀ ਦੇਰ ਇਨ੍ਹਾਂ ਅਫਸਰਾਂ ਦੀ ਨਿਯੁਕਤੀ ਅਜਿਹੀ ਕਮੇਟੀ ਦੀਆਂ ਸਿਫਾਰਸ਼ਾਂ ਮੁਤਾਬਕ ਕੀਤੀ ਜਾਵੇਗੀ ਜਿਸ ਵਿਚ ਪ੍ਰਧਾਨ ਮੰਤਰੀ, ਭਾਰਤ ਦਾ ਮੁੱਖ ਜੱਜ ਅਤੇ ਲੋਕ ਸਭਾ ਵਿਚ ਵਿਰੋਧੀ ਧਿਰ ਦਾ ਆਗੂ ਸ਼ਾਮਲ ਹੋਣ।

ਸੁਪਰੀਮ ਕੋਰਟ ਨੇ ਬਹੁਤ ਸਾਰੇ ਦੇਸ਼ਾਂ ਅੰਦਰ ਚੋਣ ਕਮਿਸ਼ਨ ਦੀਆਂ ਨਿਯੁਕਤੀਆਂ ਦੀ ਪ੍ਰਕਿਰਿਆ ਨੂੰ ਨੋਟ ਕੀਤਾ ਹੈ। ਆਸਟਰੇਲੀਆ ਵਿਚ ਚੋਣ ਕਮਿਸ਼ਨ ਦੀ ਅਗਵਾਈ ਫੈਡਰਲ ਕੋਰਟ ਦੇ ਕਿਸੇ ਸਿਟਿੰਗ ਜਾਂ ਸੇਵਾਮੁਕਤ ਜੱਜ ਵਲੋਂ ਕੀਤੀ ਜਾਂਦੀ ਹੈ ਅਤੇ ਗਵਰਨਰ ਜਨਰਲ ਵੱਲੋਂ ਉਸ ਦੀ ਸੱਤ ਸਾਲਾਂ ਦੇ ਕਾਰਜਕਾਲ ਲਈ ਨਿਯੁਕਤੀ ਕੀਤੀ ਜਾਂਦੀ ਹੈ; ਕੈਨੇਡਾ ਵਿਚ ਹਾਊਸ ਆਫ ਕਾਮਨਜ਼ ਦੇ ਪਾਸ ਕੀਤੇ ਮਤੇ ਅਧੀਨ ਦਸ ਸਾਲਾਂ ਲਈ ਮੁੱਖ ਚੋਣ ਅਫਸਰ ਦੀ ਨਿਯੁਕਤੀ ਕੀਤੀ ਜਾਂਦੀ ਹੈ; ਅਮਰੀਕਾ ਵਿਚ ਰਾਸ਼ਟਰਪਤੀ ਵੱਲੋਂ ਛੇ ਸਾਲਾਂ ਲਈ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਕੀਤੀ ਜਾਂਦੀ ਹੈ ਜਿਸ ਦੀ ਪ੍ਰੋੜਤਾ ਸੈਨੇਟ ਵਲੋਂ ਕਰਵਾਈ ਜਾਂਦੀ ਹੈ। ਚੋਣ ਕਮਿਸ਼ਨਰਾਂ ਲਈ ਨਾਵਾਂ ਦੀ ਸਿਫਾਰਸ਼ ਸੰਵਿਧਾਨਕ ਅਦਾਲਤ ਦੇ ਮੁੱਖ ਜੱਜ ਦੀ ਅਗਵਾਈ ਵਾਲੀ ਕਮੇਟੀ ਕਰਦੀ ਹੈ ਜਿਸ ਵਿਚ ਮਨੁੱਖੀ ਹੱਕਾਂ ਬਾਰੇ ਅਦਾਲਤ ਦਾ ਪ੍ਰਤੀਨਿਧ, ਲਿੰਗਕ ਸਮਾਨਤਾ ਬਾਰੇ ਕਮਿਸ਼ਨ ਦਾ ਪ੍ਰਤੀਨਿਧ ਅਤੇ ਸਰਕਾਰੀ ਇਸਤਗਾਸਾ ਸ਼ਾਮਲ ਹੁੰਦੇ ਹਨ। ਇਸ ਆਲਮੀ ਸੂਝ ਬੂਝ ਦੀ ਲੋਅ ਵਿਚ ਸੁਪਰੀਮ ਕੋਰਟ ਨੇ ਤਿੰਨ ਮੈਂਬਰੀ ਚੋਣ ਕਮੇਟੀ ਬਣਾਉਣ ਦੀ ਸਿਫਾਰਸ਼ ਦੇ ਕੇ ਸਹੀ ਕੰਮ ਕੀਤਾ ਹੈ ਪਰ ਕਈ ਹੋਰਨਾਂ ਉਚ ਅਹੁਦਿਆਂ ਲਈ ਅਜਿਹੀਆਂ ਚੋਣ ਕਮੇਟੀਆਂ ਦਾ ਕੋਈ ਬਹੁਤ ਵੱਡਾ ਫ਼ਾਇਦਾ ਨਹੀਂ ਹੋ ਸਕਿਆ। ਨਾਲ ਇਹ ਗੱਲ ਵੀ ਹੈ ਕਿ ਭਾਰਤ ਦੇ ਚੀਫ ਜਸਟਿਸ (ਸੀ.ਜੇ.ਆਈ.) ਨੂੰ ਕਮੇਟੀ ਦਾ ਹਿੱਸਾ ਬਣਾਉਣਾ ਸ਼ਾਇਦ ਬਿਹਤਰੀਨ ਬਦਲ ਨਾ ਹੋਵੇ। ਬਿਹਤਰ ਹੋਵੇਗਾ ਕਿ ਚੋਣ ਪ੍ਰਕਿਰਿਆ ਵਿਚ ਵਿਰੋਧੀ ਧਿਰ ਦੀ ਭਾਗੀਦਾਰੀ ਸਹਿਤ ਇਹੋ ਜਿਹੇ ਫ਼ੈਸਲੇ ਕੇਂਦਰ ਸਰਕਾਰ 'ਤੇ ਹੀ ਛੱਡ ਦਿੱਤੇ ਜਾਣ।

ਜਸਟਿਸ ਕੇ.ਐੱਮ. ਜੋਸਫ ਦੀ ਅਗਵਾਈ ਵਾਲੇ ਬੈਂਚ ਜਿਹੜੇ ਇਕ ਹੋਰ ਮੁੱਖ ਮੁੱਦੇ ਦੀ ਨਿਸ਼ਾਨਦੇਹੀ ਕੀਤੀ ਹੈ, ਉਹ ਚੋਣ ਕਮਿਸ਼ਨਰ ਦੇ ਅਹੁਦੇ ਦੀ ਮਿਆਦ ਨਾਲ ਜੁੜਿਆ ਹੋਇਆ ਹੈ। ਅਸੀਂ ਤਾਂ ਆਪਣੇ ਮੁੱਖ ਚੋਣ ਕਮਿਸ਼ਨਰਾਂ ਨੂੰ ਛੇ ਸਾਲਾਂ ਦਾ ਕਾਰਜਕਾਲ ਦੇਣ ਦੀ ਵੀ ਜ਼ਹਿਮਤ ਨਹੀਂ ਕੀਤੀ। ਸੁਕੁਮਾਰ ਸੇਨ ਨੂੰ ਨਹਿਰੂ ਸਰਕਾਰ ਵੱਲੋਂ 1950 ਵਿਚ ਭਾਰਤ ਦੇ ਪਹਿਲੇ ਮੁੱਖ ਚੋਣ ਕਮਿਸ਼ਨਰ ਵਜੋਂ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਨੂੰ ਅੱਠ ਸਾਲਾਂ ਦਾ ਕਾਰਜਕਾਲ ਮਿਲਿਆ ਸੀ। 1958 ਵਿਚ ਨਿਯੁਕਤ ਕੀਤੇ ਗਏ ਮੁੱਖ ਚੋਣ ਕਮਿਸ਼ਨਰ ਕਲਿਆਣ ਸੁੰਦਰਮ ਨੂੰ ਵੀ ਅੱਠ ਸਾਲਾਂ ਦਾ ਕਾਰਜਕਾਲ ਦਿੱਤਾ ਗਿਆ ਸੀ। ਉਨ੍ਹਾਂ ਤੋਂ ਬਾਅਦ ਮੁੱਖ ਚੋਣ ਕਮਿਸ਼ਨਰਾਂ ਦੇ ਕਾਰਜਕਾਲ ਵਿਚ ਕਮੀ ਆਉਣੀ ਸ਼ੁਰੂ ਹੋਈ। ਵੀ.ਐੱਸ. ਰਮਾਦੇਵੀ ਨੂੰ ਸਭ ਤੋਂ ਘੱਟ ਸਿਰਫ਼ 16 ਦਿਨਾਂ ਦਾ ਕਾਰਜਕਾਲ ਮਿਲਿਆ ਸੀ; ਉਨ੍ਹਾਂ ਦੇ ਉਤਰਾਧਿਕਾਰੀ ਟੀ.ਐੱਨ. ਸੇਸ਼ਨ ਨੂੰ ਪੂਰੇ ਛੇ ਸਾਲਾਂ ਦਾ ਕਾਰਜਕਾਲ ਮਿਲਿਆ ਸੀ।

ਸਾਡੇ ਗਣਰਾਜ ਦੇ ਚਾਰ ਦਹਾਕਿਆਂ ਦੇ ਅਰਸੇ ਤੱਕ ਸਿਰਫ਼ ਮੁੱਖ ਚੋਣ ਕਮਿਸ਼ਨਰ ਦਾ ਹੀ ਅਹੁਦਾ ਹੁੰਦਾ ਸੀ। ਟੀ.ਐੱਨ. ਸੇਸ਼ਨ ਕੇਸ ਵਿਚ ਅਦਾਲਤੀ ਫ਼ੈਸਲੇ ਤੋਂ ਬਾਅਦ, ਭਾਰਤ ਦੇ ਚੋਣ ਕਮਿਸ਼ਨ ਵਿਚ ਮੁੱਖ ਚੋਣ ਕਮਿਸ਼ਨਰ ਦੇ ਨਾਲ ਦੋ ਚੋਣ ਕਮਿਸ਼ਨਰ ਵੀ ਸ਼ਾਮਲ ਕਰ ਲਏ ਗਏ। ਦਸੰਬਰ, 1996 ਵਿਚ ਟੀ.ਐੱਨ. ਸੇਸ਼ਨ ਦੇ ਅਹੁਦੇ ਦੀ ਮਿਆਦ ਪੂਰੀ ਹੋਣ ਨਾਲ ਚੋਣ ਕਮਿਸ਼ਨਰਾਂ ਨੂੰ ਹੀ ਮੁੱਖ ਚੋਣ ਕਮਿਸ਼ਨਰ ਥਾਪਣ ਦਾ ਰੁਝਾਨ ਸ਼ੁਰੂ ਹੋ ਗਿਆ। ਉਂਝ, ਜ਼ਿਆਦਾਤਰ ਚੋਣ ਕਮਿਸ਼ਨਰ ਛੇ ਸਾਲਾਂ ਦਾ ਆਪਣਾ ਕਾਰਜਕਾਲ ਪੂਰਾ ਨਹੀਂ ਕਰ ਸਕੇ।

ਜਸਟਿਸ ਜੋਸਫ ਨੇ ਸਹੀ ਆਖਿਆ ਹੈ ਕਿ ਪੂਰਾ ਕਾਰਜਕਾਲ ਨਾ ਨਿਭਾ ਸਕਣ ਵਾਲਿਆਂ ਨੂੰ ਨਿਯੁਕਤ ਕਰਨ ਦੀ ਇਹ ਪ੍ਰਥਾ 1991 ਦੇ ਕਾਨੂੰਨ ਦੀ ਧਾਰਾ 4 ਦੀ ਉਲੰਘਣਾ ਹੈ। ਅਦਾਲਤ ਨੇ ਇਹ ਵੀ ਆਖਿਆ ਹੈ ਕਿ ਧਾਰਾ 4 ਵਿਚ ਛੇ ਸਾਲਾਂ ਦੇ ਕਾਰਜਕਾਲ ਮੁਤੱਲਕ ਉਪਬੰਧ ਬਹੁਤ ਸਪੱਸ਼ਟ ਹੈ। ਅਦਾਲਤ ਨੇ ਕਿਹਾ ਕਿ ਇਹ ਬੁਝਾਰਤ ਸਮਝ ਨਹੀਂ ਪੈਂਦੀ ਕਿ ਸਰਕਾਰ ਵੱਲੋਂ ਜਿਨ੍ਹਾਂ ਚਾਰ ਨਾਵਾਂ 'ਤੇ ਗੌਰ ਕੀਤੀ ਗਈ ਸੀ, ਉਨ੍ਹਾਂ ਵਿਚੋਂ ਤਿੰਨ ਪਹਿਲਾਂ ਹੀ ਸੇਵਾਮੁਕਤ ਹੋ ਚੁੱਕੇ ਹਨ ਅਤੇ ਅਰੁਣ ਗੋਇਲ ਜਿਨ੍ਹਾਂ ਨੂੰ 24 ਘੰਟੇ ਦੇ ਅੰਦਰ ਅੰਦਰ ਚੋਣ ਕਮਿਸ਼ਨਰ ਨਿਯੁਕਤ ਕਰ ਦਿੱਤਾ ਗਿਆ ਹੈ, ਉਨ੍ਹਾਂ ਦੀ ਸੇਵਾਮੁਕਤੀ ਇਕ ਮਹੀਨੇ ਦੇ ਅੰਦਰ ਹੋਣ ਵਾਲੀ ਸੀ ਜਿਸ ਕਰ ਕੇ ਕਿਸੇ ਵੀ ਚੋਣ ਕਮਿਸ਼ਨਰ ਨੂੰ ਛੇ ਸਾਲਾਂ ਦਾ ਕਾਰਜਕਾਲ ਨਹੀਂ ਮਿਲ ਸਕਦਾ। ਅਦਾਲਤ ਦਾ ਮਤ ਸੀ ਕਿ ਲੰਮਾ ਕਾਰਜਕਾਲ ਰੱਖਣ ਪਿੱਛੇ ਇਹ ਦਲੀਲ ਹੈ ਕਿ ਨਿਯੁਕਤ ਕੀਤੇ ਸ਼ਖ਼ਸ ਨੂੰ ਆਪਣੇ ਅਹੁਦੇ ਦੇ ਫ਼ਰਜ਼ ਸਹੀ ਢੰਗ ਨਾਲ ਨਿਭਾਉਣ ਲਈ ਢੁਕਵਾਂ ਸਮਾਂ ਦਰਕਾਰ ਹੈ ਤਾਂ ਕਿ ਉਹ ਆਪਣੀ ਸੁਤੰਤਰਤਾ ਦਰਸਾਉਣ ਦੇ ਸਮੱਰਥ ਹੋ ਸਕੇ। ਜਸਟਿਸ ਜੋਸਫ ਨੇ ਇਹ ਵੀ ਆਖਿਆ ਕਿ ਨਿਸ਼ਚਤ ਮਿਆਦ ਨਾਲ ਨਿਯੁਕਤ ਕੀਤੇ ਸ਼ਖ਼ਸ ਅੰਦਰ ਸੁਧਾਰ ਲਿਆਉਣ, ਤਬਦੀਲੀਆਂ ਕਰਨ ਅਤੇ ਆਪਣੀ ਬਿਹਤਰੀਨ ਕਾਰਗੁਜ਼ਾਰੀ ਕਰਨ ਦਾ ਹੌਸਲਾ ਤੇ ਮਨੋਬਲ ਪੈਦਾ ਹੁੰਦਾ ਹੈ। ਛੋਟੇ ਕਾਰਜਕਾਲ ਨਾਲ ਕਮਿਸ਼ਨ ਦੇ ਮਨੋਰਥ ਪੂਰੇ ਕਰਨ ਦੀ ਇੱਛਾ ਘਟ ਜਾਂਦੀ ਹੈ ਅਤੇ ਅਫਸਰ ਵੱਲੋਂ ਆਪਣੀ ਸੁਤੰਤਰਤਾ ਦਰਸਾਉਣ ਦੀ ਸ਼ਕਤੀ ਤੇ ਇੱਛਾ ਮੱਠੀ ਪੈ ਜਾਂਦੀ ਹੈ। ਸਖ਼ਤ ਲਹਿਜ਼ੇ ਵਾਲੇ ਇਸ ਫ਼ੈਸਲੇ ਵਿਚ ਅਦਾਲਤ ਨੇ ਆਖਿਆ ਹੈ ਕਿ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਲਈ ਵੱਖੋ ਵੱਖਰੇ ਤੌਰ 'ਤੇ ਛੇ ਸਾਲਾਂ ਦਾ ਕਾਰਜਕਾਲ ਇਕ ਨੇਮ ਸੀ ਅਤੇ 65 ਸਾਲ ਦੀ ਉਮਰ ਵਿਚ ਉਨ੍ਹਾਂ ਦੀ ਸੇਵਾਮੁਕਤੀ ਦਾ ਹਵਾਲਾ ਅਪਵਾਦ ਸੀ। ਜਸਟਿਸ ਜੋਸਫ ਨੇ ਆਖਿਆ ਕਿ ਜਿਹੜੇ ਸ਼ਖ਼ਸ ਛੇ ਸਾਲਾਂ ਦਾ ਕਾਰਜਕਾਲ ਪੂਰਾ ਹੀ ਨਹੀਂ ਕਰ ਸਕਦੇ, ਉਨ੍ਹਾਂ ਦੀ ਨਿਯੁਕਤੀ ਕਰਨਾ ਹੀ ਕਾਨੂੰਨ ਦੀ ਨੀਤੀ ਨੂੰ ਪਸਤ ਕਰਨ ਦੇ ਤੁੱਲ ਹੈ।

ਹੁਣ ਅਸੀਂ ਆਸ ਹੀ ਕਰ ਸਕਦੇ ਹਾਂ ਕਿ ਭਵਿੱਖ ਵਿਚ ਸਰਕਾਰ ਉਨ੍ਹਾਂ ਨੂੰ ਹੀ ਚੋਣ ਕਮਿਸ਼ਨ ਦੇ ਅਫਸਰਾਂ ਵਜੋਂ ਨਿਯੁਕਤ ਕਰੇਗੀ ਜੋ ਨਿਸ਼ਚਤ ਛੇ ਸਾਲਾਂ ਦਾ ਕਾਰਜਕਾਲ ਪੂਰਾ ਕਰ ਸਕਦੇ ਹੋਣ।

# ਪੰਜਾਬ ਦੇ ਬੁਨਿਆਦੀ ਮਸਲੇ ਅਤੇ ਅੱਜ ਦੀ ਸਿਆਸਤ

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੇ ਤਬ ਤਰਣੁ ਦੁਹੇਲਾ॥

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇਸ ਸ਼ਬਦ ਰਾਹੀਂ ਭਾਵੇਂ ਫਰੀਦ ਜੀ ਨੇ ਸੰਸਾਰਕ ਜੀਵ ਨੂੰ ਸੁਚੇਤ ਕਰਦਿਆਂ ਫਰਮਾਇਆ ਹੈ ਕਿ ਜਿਹੜਾ ਜੀਵ ਬੇੜਾ ਤਿਆਰ ਕਰਨ ਵਾਲੀ ਉਮਰੇ (ਨਾਮ ਰੂਪੀ) ਬੇੜਾ ਤਿਆਰ ਨਾ ਕਰ ਸਕਿਆ, ਜਦ ਸਮੁੰਦਰ ਪਾਣੀ ਨਾਲ ਨੱਕੋ-ਨੱਕ ਭਰ ਕੇ ਉਛਲਣ ਲੱਗ ਪਵੇਗਾ, ਤਦ ਉਸ ਲਈ ਤਰਨਾ ਔਖਾ ਹੋ ਜਾਂਦਾ ਹੈ। ਫਰੀਦ ਜੀ ਦਾ ਇਹ ਸ਼ਬਦ ਪੰਜਾਬ ਦੇ ਅਜੋਕੇ ਹਾਲਾਤ ਉਪਰ ਢੁਕਦਾ ਹੈ ਕਿਉਂਕਿ ਜੇ ਪੰਜਾਬੀਆਂ ਨੇ ਪੰਜਾਬ ਨੂੰ ਬਚਾਉਣ ਲਈ ਜ਼ਿੰਮਾ ਨਾ ਚੁੱਕਿਆ ਤਾਂ ਹਾਲਾਤ ਬਦ ਤੋਂ ਬਦਤਰ ਹੀ ਹੋਣਗੇ। ਉਸ ਹਾਲਤ ਵਿਚ ਹਾਲਾਤ ਨੂੰ ਮੋੜਾ ਪਾਉਣਾ ਓਨਾ ਹੀ ਮੁਸ਼ਕਿਲ (ਜਾਂ ਅਸੰਭਵ) ਹੋਵੇਗਾ ਜਿੰਨਾ ਬਿਨਾ ਬੇੜੇ ਤੋਂ ਠਾਠਾਂ ਮਾਰਦੇ ਸਮੁੰਦਰ ਤੋਂ ਪਾਰ ਲੰਘਣਾ ਹੁੰਦਾ ਹੈ।

**ਰਣਜੀਤ ਸਿੰਘ ਘੁੰਮਣ**
**ਫੋਨ: +91-98722-20714**

ਇਹ ਵੀ ਹਕੀਕਤ ਹੈ ਕਿ ਪੰਜਾਬੀ ਹਮੇਸ਼ਾ ਮੁਸ਼ਕਿਲਾਂ ਤੇ ਚੁਣੌਤੀਆਂ ਦਾ ਸਾਹਮਣਾ ਅਤੇ ਇਨ੍ਹਾਂ ਨੂੰ ਸਰ ਵੀ ਕਰਦੇ ਆਏ ਹਨ। ਪੰਜਾਬੀਆਂ ਨੇ ਮੁਲਕ ਦੀ ਹਰ ਸਮੱਸਿਆ ਵਿਚ ਮੁਹਰਲੀਆਂ ਸਫਾਂ 'ਚ ਖੜ੍ਹ ਕੇ ਹਿੱਸਾ ਪਾਇਆ। ਇਹ ਭਾਵੇਂ ਆਜ਼ਾਦੀ ਦੀ ਲਹਿਰ ਹੋਵੇ, ਭਾਵੇਂ ਸਰਹੱਦਾਂ ਦੀ ਰਾਖੀ ਦਾ ਮਾਮਲਾ ਹੋਵੇ, ਤੇ ਭਾਵੇਂ ਅਨਾਜ ਸੁਰੱਖਿਆ ਦਾ ਮਸਲਾ ਹੋਵੇ। ਹਾਂ, ਮੁਲਕ ਦੀ ਵੰਡ ਸਮੇਂ ਵੀ ਪੰਜਾਬੀ ਲੱਖਾਂ ਦੀ ਤਾਦਾਦ ਵਿਚ ਕਤਲੋਗਾਰਤ ਅਤੇ ਜਬਰੀ ਪਰਵਾਸ (ਜੋ ਗੈਰ-ਮਨੁੱਖੀ ਵਤੀਰਾ ਸੀ) ਦੇ ਸੰਕਟ ਵਾਲੇ ਦੌਰ ਵਿਚੋਂ ਲੰਘੇ ਹਨ ਪਰ ਹਰ ਸੰਕਟ ਵਿਚੋਂ ਉਭਰ ਕੇ ਜੀਵਨ ਪੰਧ 'ਤੇ ਅੱਗੇ ਵਧਦੇ ਗਏ ਅਤੇ ਪੰਜਾਬ ਤੇ ਦੇਸ਼ ਦੀ ਤਰੱਕੀ ਵਿਚ ਸਾਰਥਕ ਯੋਗਦਾਨ ਪਾਉਂਦੇ ਰਹੇ ਹਨ।

ਆਜ਼ਾਦੀ ਤੋਂ ਬਾਅਦ ਪੰਜਾਬੀਆਂ (ਖਾਸਕਰ ਸਿੱਖਾਂ) ਨੂੰ ਉਮੀਦ ਸੀ ਕਿ ਉਨ੍ਹਾਂ ਪਾਸ ਅਜਿਹਾ ਖੁਦਮੁਖਤਾਰੀ ਵਾਲਾ ਖਿੱਤਾ ਹੋਵੇਗਾ ਜਿਥੇ ਉਹ (ਮੁਲਕ ਦਾ ਅਨਿਖੜ ਅੰਗ ਰਹਿ ਕੇ) ਆਜ਼ਾਦੀ ਦਾ ਜਲੌਅ ਮਾਣ ਸਕਣਗੇ ਪਰ ਅਜਿਹਾ ਨਹੀਂ ਹੋਇਆ। ਸਿੱਖਾਂ ਅਤੇ ਪੰਜਾਬੀਆਂ ਨੂੰ ਉਮੀਦ ਸੀ ਕਿ ਭਾਰਤ ਸਰਕਾਰ ਉਨ੍ਹਾਂ ਦੇ ਆਜ਼ਾਦੀ ਦੇ ਸੰਘਰਸ਼ ਵਿਚ ਆਪਣੀ ਗਿਣਤੀ ਤੋਂ ਕਿਤੇ ਵੱਧ ਯੋਗਦਾਨ ਦੇ ਮੱਦੇਨਜ਼ਰ ਇਹ ਖਿਆਲ ਜ਼ਰੂਰ ਰੱਖੇਗੀ। ਭਾਸ਼ਾ ਦੇ ਆਧਾਰ ਉਪਰ ਪੰਜਾਬੀ ਸੂਬਾ ਬਣਾਉਣ ਵੇਲੇ ਵੀ ਪੰਜਾਬ ਨਾਲ ਵਿਤਕਰਾ ਹੋਇਆ। ਆਰੀਆ ਸਮਾਜ ਅਤੇ ਹਿੰਦੂ ਅਤਿਵਾਦੀ ਸੰਗਠਨਾਂ ਦੇ ਪ੍ਰਭਾਵ ਹੇਠ ਹਿੰਦੂ ਭਾਈਚਾਰੇ ਨੇ 1961 ਦੀ ਮਰਦਮਸ਼ੁਮਾਰੀ ਵਿਚ ਵਧ-ਚੜ੍ਹ ਕੇ ਆਪਣੀ ਮਾਂ-ਬੋਲੀ ਪੰਜਾਬੀ ਦਰਜ ਕਰਾਈ। ਚੰਡੀਗੜ੍ਹ (ਜਿਸ 'ਤੇ ਪੰਜਾਬ ਦਾ ਹੱਕ ਬਣਦਾ ਸੀ) ਪੰਜਾਬ ਨੂੰ ਅਜੇ ਤੱਕ ਨਹੀਂ ਮਿਲਿਆ। ਪੰਜਾਬੀ ਬੋਲਦੇ ਕੁਝ ਇਲਾਕੇ ਵੀ ਮੌਜੂਦਾ ਪੰਜਾਬ ਤੋਂ ਅਜੇ ਤੱਕ ਬਾਹਰ ਹਨ। ਅਕਾਲੀਆਂ ਦੁਆਰਾ ਖੁਦਮੁਖਤਾਰੀ ਦਾ ਅਨੰਦਪੁਰ ਸਾਹਿਬ ਮਤਾ ਅਕਾਲੀਆਂ ਦੁਆਰਾ ਹੀ ਛੱਡ ਦਿੱਤਾ ਗਿਆ। ਪਾਣੀਆਂ ਦੀ ਵੰਡ ਦਾ ਮਸਲਾ ਵੀ ਵਿਚਾਲੇ ਲਟਕ ਰਿਹਾ ਹੈ।

80ਵਿਆਂ ਵਿਚ ਵਾਪਰੀਆਂ ਬਹੁਤ ਮੰਦਭਾਗੀ ਘਟਨਾਵਾਂ (1984 ਵਿਚ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਉਪਰ ਭਾਰਤੀ ਫੌਜ ਦਾ ਹਮਲਾ ਤੇ ਉਸ ਪਿਛੋਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ) ਅਤੇ ਦਿੱਲੀ ਤੇ ਕੁਝ ਹੋਰ ਸੂਬਿਆਂ ਵਿਚ ਬੇਦੋਸ਼ੇ ਸਿੱਖਾਂ ਦੀ ਕਤਲੋਗਾਰਤ ਨੇ ਪੰਜਾਬੀਆਂ, ਖਾਸਕਰ ਸਿੱਖਾਂ ਦੇ ਮਨਾਂ ਵਿਚ ਅਜਿਹੀ ਭਾਵਨਾ ਪੈਦਾ ਕੀਤੀ ਕਿ ਉਨ੍ਹਾਂ ਨਾਲ ਮਿੱਥ ਕੇ ਵਿਤਕਰਾ ਕੀਤਾ ਜਾ ਰਿਹਾ ਹੈ। 1984 ਦੇ ਸਿੱਖ ਕਤਲੇਆਮ ਵਿਚ ਸ਼ਾਮਲ ਸਿਆਸਤਦਾਨਾਂ ਨੂੰ ਸਜ਼ਾਵਾਂ ਦੇਣ ਦੀ ਬਜਾਇ ਉਨ੍ਹਾਂ ਨੂੰ ਰਾਜ ਸੱਤਾ ਵਿਚ ਭਾਗੀਦਾਰ ਬਣਾਉਣ ਅਤੇ 38 ਸਾਲਾਂ ਬਾਅਦ ਵੀ ਸਿੱਖ ਭਾਈਚਾਰੇ ਨੂੰ ਇਨਸਾਫ ਨਾ ਮਿਲਣਾ ਜੱਗ ਜ਼ਾਹਿਰ ਹੈ। ਪੀਪਲ'ਜ਼ ਯੂਨੀਅਨ ਫਾਰ ਸਿਵਿਲ ਲਿਬਰਟੀਜ਼ (ਪੀ.ਯੂ.ਸੀ.ਐੱਲ.) ਵੱਲੋਂ ਛਾਪੀ ਕਿਤਾਬ 'ਦੋਸ਼ੀ ਕੌਣ? (ਹੂ ਆਰ ਗਿਲਟੀ) ਵਿਚ 84 ਦੇ ਕਤਲੇਆਮ ਬਾਰੇ ਸਾਰੀਆਂ ਘਟਨਾਵਾਂ ਅਤੇ ਉਸ ਨੂੰ ਅੰਜਾਮ ਦੇਣ ਵਾਲੇ ਸਿਆਸਤਦਾਨਾਂ ਦੀ ਨਿਸ਼ਾਨਦੇਹੀ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਸਜ਼ਾਵਾਂ ਨਹੀਂ ਦਿੱਤੀਆਂ। ਅਜਿਹੇ ਵਰਤਾਰੇ ਨੇ ਜਿੱਥੇ ਸਿੱਖਾਂ ਦੇ ਮਨਾਂ ਵਿਚ ਇਨਸਾਫ ਦੀ ਆਸ ਮੱਧਮ ਕੀਤੀ, ਉਥੇ ਭਾਰਤੀ ਸਿਆਸਤ ਅਤੇ ਨਿਆਂ ਪਾਲਿਕਾ ਉਪਰ ਵੀ ਗੰਭੀਰ ਪ੍ਰਸ਼ਨ ਚਿੰਨ ਲਾਏ।



ਇਹ ਵੀ ਹਕੀਕਤ ਹੈ ਕਿ 1980ਵਿਆਂ ਵਿਚ ਅਤਿਵਾਦੀਆਂ ਨੇ ਜਿਥੇ ਹਜ਼ਾਰਾਂ ਬੇਦੋਸ਼ੇ ਅਤੇ ਨਿਹੱਥੇ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ, ਉਥੇ ਰਾਜ ਸੱਤਾ ਤੇ ਪੁਲੀਸ ਬਲਾਂ ਨੇ ਅਤਿਵਾਦੀਆਂ ਤੇ ਹਜ਼ਾਰਾਂ ਨੌਜੁਆਨਾਂ ਨੂੰ ਫਰਜ਼ੀ ਮੁਕਾਬਲਿਆਂ ਵਿਚ ਮਾਰ ਮੁਕਾਇਆ। ਅਜਿਹੇ ਵਰਤਾਰੇ ਨੇ ਸਿੱਖ ਮਾਨਸਿਕਤਾ ਨੂੰ ਵਲੂੰਧਰਿਆ। ਸੈਂਕੜੇ ਨੌਜੁਆਨਾਂ ਨੇ ਵਿਦੇਸ਼ਾਂ ਵਿਚ ਸਿਆਸੀ ਪਨਾਹ ਲੈ ਲਈ। ਫਿਰ ਗੈਂਗਵਾਦ ਵਧਣਾ-ਫੁਲਣਾ ਸ਼ੁਰੂ ਹੋ ਗਿਆ। ਅੱਜ ਪੰਜਾਬ ਵਿਚ ਹਜ਼ਾਰਾਂ ਨੌਜੁਆਨ ਗੈਂਗਸਟਰ ਹਨ।

ਇਹ ਵਰਤਾਰਾ ਪੰਜਾਬ ਦੀ ਤਰਾਸਦੀ ਦੀ ਤਸਵੀਰ ਦਾ ਇੱਕ ਪਹਿਲੂ ਹੈ। ਸਿਆਸੀ ਪਾਰਟੀਆਂ (ਖਾਸਕਰ ਉਸ ਵੇਲੇ ਦੀ ਕੇਂਦਰ ਸਰਕਾਰ) ਨੇ ਸੌੜੇ ਸਿਆਸੀ ਹਿੱਤਾਂ ਲਈ ਪੰਜਾਬ ਵਿਚ ਖਾਲਿਸਤਾਨ ਦਾ ਮੁੱਦਾ ਭਖਾਇਆ। ਹੁਣ ਤਾਂ ਬਹੁਤ ਸਾਰੀਆਂ ਲਿਖਤਾਂ ਆ ਚੁੱਕੀਆਂ ਹਨ ਜਿਹੜੀਆਂ ਬਹੁਤ ਜ਼ਿੰਮੇਵਾਰੀ ਨਾਲ ਕਹਿ ਰਹੀਆਂ ਹਨ ਕਿ ਪੰਜਾਬ ਵਿਚ ਖਾਲਿਸਤਾਨ ਦਾ ਮੁੱਦਾ ਸਿਆਸੀ ਸਾਜ਼ਿਸ਼ ਅਧੀਨ ਸੱਤਾ ਪ੍ਰਾਪਤੀ ਲਈ ਉਛਾਲਿਆ ਗਿਆ ਸੀ। ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਉਪਰ ਭਾਰਤੀ ਫੌਜ ਦਾ ਹਮਲਾ (ਉਸ ਤੋਂ ਪਹਿਲਾਂ ਹਾਲਾਤ ਨੂੰ ਉਸ ਅੰਜਾਮ ਤੱਕ ਲਿਜਾਣਾ) ਵੀ ਉਸੇ ਵੱਡੇ ਸਿਆਸੀ ਸਾਜ਼ਿਸ਼ ਦਾ ਹਿੱਸਾ ਸੀ ਪਰ ਇਸ ਵਰਤਾਰੇ ਵਿਚ ਅਕਾਲੀ ਅਤੇ ਸਿੱਖ ਲੀਡਰਸ਼ਿਪ ਵੀ ਬਣਦੀ ਜ਼ਿੰਮੇਵਾਰੀ ਨਿਭਾਉਣ ਵਿਚ ਅਸਫਲ ਰਹੀ। ਬਲਿਊ ਸਟਾਰ ਅਪਰੇਸ਼ਨ ਤੋਂ ਬਾਅਦ ਵੀ ਸਿਆਸੀ ਲੀਡਰਸ਼ਿਪ (ਖਾਸਕਰ ਅਕਾਲੀ) ਸੌੜੇ ਸਿਆਸੀ ਮੁਫ਼ਾਦਾਂ ਲਈ ਦੋਗਲਾ ਰੋਲ ਨਿਭਾਉਂਦੀ ਰਹੀ। ਅਕਾਲੀਆਂ ਅਤੇ ਕਾਂਗਰਸੀਆਂ ਨੇ ਸੱਤਾ ਵਿਚ ਹੋਣ ਵੇਲੇ ਤਾਂ ਪੰਜਾਬੀ ਬੋਲਦੇ ਇਲਾਕਿਆਂ ਅਤੇ ਚੰਡੀਗੜ੍ਹ ਦਾ ਮੁੱਦਾ ਕਦੇ ਸੰਜੀਦਗੀ ਨਾਲ ਨਹੀਂ ਉਭਾਰਿਆ ਪਰ ਜਦ ਸੱਤਾ ਤੋਂ ਬਾਹਰ ਹੁੰਦੇ ਹਨ ਤਾਂ ਇਹ ਮੁੱਦੇ ਚੁੱਕੇ ਜਾਂਦੇ ਹਨ। ਸਿਆਸੀ ਨੇਤਾ ਪੰਜਾਬ ਦੀ ਜੁਆਨੀ ਨੂੰ ਵੀ ਆਪਣੀ ਸੌੜੀ ਸਿਆਸਤ ਵਿਚ ਝੋਕਦੇ ਰਹਿੰਦੇ ਹਨ।

ਉਂਝ, 2022 ਵਾਲੀਆਂ ਵਿਧਾਨ ਸਭਾ ਚੋਣਾਂ ਨੇ ਸਿੱਧ ਕਰ ਦਿੱਤਾ ਕਿ ਪੰਜਾਬ ਦੀਆਂ ਰਵਾਇਤੀ ਸਿਆਸੀ ਪਾਰਟੀਆਂ (ਸ਼੍ਰੋਮਣੀ ਅਕਾਲੀ ਦਲ, ਕਾਂਗਰਸ) ਅਤੇ ਭਾਰਤੀ ਜਨਤਾ ਪਾਰਟੀ ਆਪਣੀ ਸ਼ਾਖ ਗੁਆ ਚੁੱਕੀਆਂ ਹਨ। ਇਹ ਵੀ ਹਕੀਕਤ ਹੈ ਕਿ ਉਪਰੋਕਤ ਵਰਤਾਰੇ ਦੇ ਬਾਵਜੂਦ ਪੰਜਾਬ ਫਿਰਕੂ ਦੰਗਿਆਂ ਤੋਂ ਬਚਿਆ ਹੋਇਆ ਹੈ। ਇਸ ਦਾ ਸਿਹਰਾ ਪੰਜਾਬੀਆਂ ਸਿਰ ਬੱਝਦਾ ਹੈ।

ਪੰਜਾਬ ਦੇ ਮੌਜੂਦਾ ਹਾਲਾਤ ਜਿਸ ਵਿਚ ਅੰਮ੍ਰਿਤਪਾਲ ਸਿੰਘ ਦਾ 'ਵਾਰਿਸ ਪੰਜਾਬ ਦੇ' ਦੇ ਨੇਤਾ ਵਜੋਂ ਉਭਾਰ ਅਤੇ ਕੁਝ ਦਿਨ ਪਹਿਲਾਂ ਅਜਨਾਲਾ ਵਿਚ ਅਣਸੁਖਾਵੀਂ ਘਟਨਾ ਨੂੰ ਉਪਰੋਕਤ ਪ੍ਰਸੰਗ ਵਿਚ ਰੱਖ ਕੇ ਦੇਖਣ ਦੀ ਲੋੜ ਹੈ। ਕਦੀ ਕਦੀ ਤਾਂ ਜਾਪਦਾ ਹੈ ਕਿ ਸਿਆਸੀ ਨੇਤਾ ਅਤੇ ਹੋਰ ਮੌਕਾਪ੍ਰਸਤ ਅਨਸਰ ਧਰਮ ਨੂੰ ਸਿਆਸੀ ਹਥਿਆਰ ਤੋਂ ਬਿਨਾ ਹੋਰ ਕੁਝ ਵੀ ਨਹੀਂ ਸਮਝਦੇ। ਬੰਦੀ ਸਿੰਘਾਂ ਨੂੰ ਸਜ਼ਾਵਾਂ ਭੁਗਤਣ ਦੇ ਬਾਵਜੂਦ ਰਿਹਾਅ ਨਾ ਕੀਤਾ ਜਾਣਾ ਵੀ ਅਜਿਹੀਆਂ ਤਾਕਤਾਂ ਦੇ ਹੱਥ ਵਿਚ ਇੱਕ ਹੋਰ ਮਸਲਾ ਦੇਣਾ ਹੈ। ਨੌਜੁਆਨਾਂ ਦੇ ਮਨਾਂ ਵਿਚ ਵੀ ਉਨ੍ਹਾਂ ਨੂੰ ਇਨਸਾਫ਼ ਨਾ ਦਿੱਤੇ ਜਾਣ ਦੀ ਧਾਰਨਾ ਉਨ੍ਹਾਂ ਨੂੰ ਅਜਿਹੇ ਵਰਤਾਰੇ ਵੱਲ ਖਿੱਚਦੀ ਹੈ। ਅਜਿਹੇ ਵਰਤਾਰੇ ਦੌਰਾਨ ਕੁਦਰਤੀ ਗੱਲ ਹੈ ਕਿ ਮਾਨਸਿਕ ਪੀੜ ਝੱਲ ਰਹੇ ਲੋਕ ਕਾਨੂੰਨ ਆਪਣੇ ਹੱਥ ਵਿਚ ਲੈਣਗੇ ਅਤੇ ਮੌਕਾਪ੍ਰਸਤ ਤੇ ਆਪੂੰ ਬਣੇ ਨੇਤਾਵਾਂ ਦੇ ਹੱਥਾਂ ਵਿਚ ਖੇਡਣਗੇ। ਡੇਰਾਵਾਦ ਅਤੇ ਬਾਬਾਵਾਦ ਵੀ ਪੰਜਾਬ ਵਿਚ ਸਮਾਜਿਕ ਅਤੇ ਧਾਰਮਿਕ ਵੰਡੀਆਂ ਪਾਉਣ ਅਤੇ ਆਪਣੀ ਪ੍ਰਭੂਸੱਤਾ ਕਾਇਮ ਰੱਖਣ ਵਿਚ ਕਿਸੇ ਨਾਲੋਂ ਘੱਟ ਨਹੀਂ। ਤਰਕ ਦੀ ਥਾਂ ਅੰਧ-ਵਿਸ਼ਵਾਸ ਲੈ ਰਿਹਾ ਹੈ।

ਪੰਜਾਬ ਦਾ ਇੱਕ ਹੋਰ ਦੁਖਾਂਤ ਇਹ ਹੈ ਕਿ ਇਥੋਂ ਦੀਆਂ ਸਿਆਸੀ ਪਾਰਟੀਆਂ ਨੇ ਪੰਜਾਬ ਪ੍ਰਤੀ ਸੁਹਿਰਦਤਾ ਨਾਲ ਜ਼ਿੰਮੇਵਾਰੀ ਨਿਭਾਉਣ ਦੀ ਬਜਾਇ ਬੁਨਿਆਦੀ ਮਸਲਿਆਂ ਵੱਲ ਧਿਆਨ ਦੇਣ ਦੀ ਥਾਂ ਆਪਣੇ ਸੌੜੇ ਸਿਆਸੀ ਤੇ ਆਰਥਿਕ ਮੁਫ਼ਾਦਾਂ ਵੱਲ ਹੀ ਜ਼ਿਆਦਾ ਧਿਆਨ ਦਿੱਤਾ ਹੈ। ਜੱਗ ਜ਼ਾਹਿਰ ਹੈ ਕਿ ਸਿਆਸੀ ਪਾਰਟੀਆਂ ਰਾਜ ਸੱਤਾ ਹਥਿਆਉਣ ਅਤੇ ਸੱਤਾ ਕਾਇਮ ਰੱਖਣ ਲਈ ਕਿਸੇ ਵੀ ਹੱਦ ਤੱਕ ਅਨੈਤਿਕ ਕਾਰਵਾਈ ਕਰ ਸਕਦੀਆਂ ਹਨ। ਇਹ ਲੋਕ ਸਮਾਜਿਕ-ਸੱਭਿਆਚਾਰਕ ਗਿਰਾਵਟ ਅਤੇ ਗਿਰਦੀ ਜਾ ਰਹੀ ਆਰਥਿਕਤਾ ਵੱਲ ਧਿਆਨ ਦੇਣ ਦੀ ਬਜਾਇ ਸੱਤਾ ਪ੍ਰਾਪਤੀ ਅਤੇ ਸੱਤਾ ਮਾਣਨ ਵਿਚ ਮਸਤ ਰਹਿੰਦੇ ਹਨ। ਪੰਜਾਬ ਦੇ ਦਾਨਿਸ਼ਵਰ ਵੀ ਬਣਦੀ ਜ਼ਿੰਮੇਵਾਰੀ ਨਿਭਾਉਣ ਤੋਂ ਕੰਨੀ ਕਤਰਾਉਂਦੇ ਜਾਪਦੇ ਹਨ। ਹਰ ਕੋਈ ਚੁੱਪ ਰਹਿਣ ਵਿਚ ਹੀ ਭਲਾ ਸਮਝਦਾ ਹੈ।

ਆਰਥਿਕਤਾ ਦੀ ਹਾਲਤ ਇਹ ਹੈ ਕਿ ਪਿਛਲੇ ਚਾਰ ਦਹਾਕਿਆਂ ਤੋਂ ਪੰਜਾਬ ਦੀ ਵਿਕਾਸ ਦਰ ਨਾ ਕੇਵਲ ਕੌਮੀ ਔਸਤ ਤੋਂ ਥੱਲੇ ਰਹੀ ਸਗੋਂ ਹੁਣ 17 ਮੁੱਖ ਰਾਜਾਂ ਵਿਚੋਂ ਵੀ ਸਭ ਤੋਂ ਥੱਲੇ ਹੈ। ਪ੍ਰਤੀ ਵਿਅਕਤੀ ਆਮਦਨ ਪੱਖੋਂ 28 ਰਾਜਾਂ ਵਿਚੋਂ ਪੰਜਾਬ ਦਾ 19ਵਾਂ ਨੰਬਰ ਹੈ। ਸਰਕਾਰੀ ਖਜ਼ਾਨੇ ਵਿਚ ਆਉਣ ਵਾਲੇ ਪੈਸੇ ਦਾ ਮਹੱਤਵਪੂਰਨ ਹਿੱਸਾ ਹਰ ਸਾਲ ਸਿਆਸੀ ਨੇਤਾਵਾਂ, ਅਫਸਰਸ਼ਾਹੀ, ਟੈਕਸ ਦੇਣ ਵਾਲੇ ਵਪਾਰੀਆਂ ਅਤੇ ਉਦਯੋਗਪਤੀਆਂ ਦੀਆਂ ਜੇਬਾਂ ਵਿਚ ਜਾ ਰਿਹਾ ਹੈ ਪਰ ਕਰਜ਼ੇ ਦਾ ਭਾਰ ਵਧ ਰਿਹਾ ਹੈ। ਸਰਕਾਰ ਹੋਰ ਕਰਜ਼ਾ ਲੈ ਕੇ ਰੋਜ਼ਮੱਰਾ ਦਾ ਕੰਮ ਚਲਾ ਰਹੀ ਹੈ। ਪੰਜਾਬ ਵਿਚ ਬੇਰੁਜ਼ਗਾਰੀ ਦੀ ਦਰ ਭਾਰਤ ਦੇ ਬਹੁਗਿਣਤੀ ਸੂਬਿਆਂ ਤੋਂ ਜ਼ਿਆਦਾ ਹੈ। ਨੌਜੁਆਨਾਂ ਵਿਚ ਬੇਰੁਜ਼ਗਾਰੀ ਦੀ ਦਰ ਚਰਮ ਸੀਮਾ 'ਤੇ ਹੈ। ਕੁਝ ਅੰਦਾਜ਼ਿਆਂ ਮੁਤਾਬਿਕ ਪੰਜਾਬ ਵਿਚ 20 ਤੋਂ 25 ਲੱਖ ਤੱਕ ਲੋਕ ਖਾਸਕਰ ਨੌਜੁਆਨ ਬੇਰੁਜ਼ਗਾਰ ਜਾਂ ਅਰਧ ਬੇਰੁਜ਼ਗਾਰ ਹਨ। ਬਹੁਤ ਸਾਰੇ ਬਾਰੁਜ਼ਗਾਰ ਹੁੰਦੇ ਹੋਏ ਵੀ ਗਰੀਬੀ ਅੰਦਰ ਰਹਿ ਰਹੇ ਹਨ ਅਤੇ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਹਨ। ਸੂਬੇ ਵਿਚ ਨਿਵੇਸ਼ ਦੀ ਬਹੁਤ ਜ਼ਿਆਦਾ ਘਾਟ ਹੈ। ਸਰਕਾਰ ਪਾਸ ਨਿਵੇਸ ਲਈ ਵਿਤੀ ਸਾਧਨ ਨਹੀਂ ਅਤੇ ਹਾਲਾਤ ਸਾਜ਼ਗਾਰ ਨਾ ਹੋਣ ਕਰ ਕੇ ਨਵਾਂ ਨਿੱਜੀ ਨਿਵੇਸ਼ ਵੀ ਬਹੁਤ ਥੋੜ੍ਹਾ ਹੈ। ਫਲਸਰੂਪ, ਲੋੜੀਂਦਾ ਸਨਅਤੀ ਵਿਕਾਸ ਨਹੀਂ ਹੋ ਰਿਹਾ, ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਨਹੀਂ ਹੋ ਰਹੇ। ਵੱਡੀ ਗਿਣਤੀ ਨੌਜੁਆਨ ਮਜਬੂਰਨ ਵਿਦੇਸ਼ ਜਾ ਰਹੇ ਹਨ। ਰੁਜ਼ਗਾਰ ਦੇ ਮੌਕਿਆਂ ਦੀ ਘਾਟ ਅਤੇ ਨਸ਼ਿਆਂ ਦੀ ਬਹੁਤਾਤ ਕਾਰਨ ਨੌਜੁਆਨ ਘੋਰ ਨਿਰਾਸ਼ਾ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਬੇਇਨਸਾਫੀ ਦੇ ਅਨੁਭਵ ਅਤੇ ਗੰਭੀਰ ਬੇਰੁਜ਼ਗਾਰੀ ਵਰਗੇ ਹਾਲਾਤ ਵਿਚ ਕੁਝ ਨੌਜੁਆਨਾਂ ਵਲੋਂ ਖਾਲਿਸਤਾਨ ਵਰਗੀਆਂ ਲਹਿਰਾਂ ਨੂੰ ਸਮਰਥਨ ਦੇਣਾ ਕੁਦਰਤੀ ਵਰਤਾਰਾ ਹੈ।

ਅਜੇ ਤੱਕ ਬੱਚਤ ਇਹ ਹੈ ਕਿ ਬਹੁਗਿਣਤੀ ਸਿੱਖ ਭਾਈਚਾਰਾ ਨਾ ਪਹਿਲਾਂ 1980ਵਿਆਂ ਦੌਰਾਨ ਅਤੇ ਨਾ ਹੀ ਹੁਣ ਖਾਲਿਸਤਾਨ ਮੰਗਦਾ ਹੈ। 90ਵਿਆਂ ਦੇ ਦੌਰ ਵਾਲੀਆਂ ਕੁਝ ਲਿਖਤਾਂ ਤਾਂ ਇਥੋਂ ਤੱਕ ਕਹਿ ਰਹੀਆਂ ਹਨ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਵੀ ਅਜਿਹੀ ਕੋਈ ਮੰਗ ਨਹੀਂ ਸੀ। ਉਹ ਤਾਂ ਸਿੱਖ ਭਾਈਚਾਰੇ ਨਾਲ ਹੋਈ ਬੇਇਨਸਾਫੀ ਲਈ ਇਨਸਾਫ਼ ਦੀ ਮੰਗ ਕਰ ਰਹੇ ਸਨ। ਖਾਲਿਸਤਾਨ ਦੀ ਮੰਗ ਪ੍ਰਤੀ ਹਾਲਾਤ ਤਾਂ ਉਸ ਵੇਲੇ ਦੀ ਕੇਂਦਰ ਸਰਕਾਰ ਦੇ ਪੈਦਾ ਕੀਤੇ ਗਏ ਸਨ। ਪੰਜਾਬ ਦੇ ਲੋਕ ਸਮਝਦੇ ਹਨ ਕਿ ਖਾਲਿਸਤਾਨ ਦਾ ਹਊਆ ਫੈਲਾ ਕੇ ਹਿੰਦੂ ਭਾਈਚਾਰੇ ਵਿਚ ਖ਼ੌਫ਼ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ ਤਾਂ ਕਿ ਉਨ੍ਹਾਂ ਦੀਆਂ ਵੋਟਾਂ ਦਾ ਧਰੁਵੀਕਰਨ ਕੀਤਾ ਜਾ ਸਕੇ। ਕੁਝ ਹਿੰਦੂ ਧਾਰਮਿਕ ਸੰਗਠਨ ਵੀ ਅਜਿਹੇ ਵਰਤਾਰੇ ਨੂੰ ਹਵਾ ਦੇ ਰਹੇ ਹਨ।

ਸਾਰੀਆਂ ਧਿਰਾਂ ਨੂੰ ਸਮਝਣ ਦੀ ਲੋੜ ਹੈ ਕਿ ਪੰਜਾਬ ਵਰਗੇ ਸਰਹੱਦੀ ਸੂਬੇ ਅਤੇ ਇਸ ਦੀ ਨਾਜ਼ੁਕ ਭੂਗੋਲਿਕ ਸਥਿਤੀ ਦੇ ਮੱਦੇਨਜ਼ਰ ਪੰਜਾਬ ਵਿਚ ਸਮਾਜਿਕ, ਆਰਥਿਕ ਅਤੇ ਸਿਆਸੀ ਅਸਥਿਰਤਾ ਮੁਲਕ ਦੀ ਅੰਦਰੂਨੀ ਅਤੇ ਬਾਹਰੀ ਸੁਰੱਖਿਆ ਦੇ ਹਿੱਤ ਵਿਚ ਨਹੀਂ। ਬਹੁਗਿਣਤੀ ਪੰਜਾਬੀ ਭਲੀਭਾਂਤ ਜਾਣਦੇ ਹਨ ਕਿ ਉਨ੍ਹਾਂ ਦੀ ਭਲਾਈ ਆਪਸੀ ਭਾਈਚਾਰਕ ਸਾਂਝ ਵਿਚ ਹੀ ਹੈ। ਸਿਆਸੀ ਪਾਰਟੀਆਂ ਅਤੇ ਧਾਰਮਿਕ ਜਥੇਬੰਦੀਆਂ ਨੂੰ ਵੀ ਇਹ ਗੱਲ ਭਲੀਭਾਂਤ ਸਮਝ ਲੈਣੀ ਚਾਹੀਦੀ ਹੈ ਕਿ ਪੰਜਾਬ ਵਰਗੇ ਸੂਬੇ ਵਿਚ ਕਿਸੇ ਵੀ ਕਿਸਮ ਦੀ ਅਸ਼ਾਂਤੀ ਅਤੇ ਅਸਥਿਰਤਾ ਉਨ੍ਹਾਂ ਦੇ ਹਿੱਤ ਵਿਚ ਨਹੀਂ ਹੋਵੇਗੀ। ਆਰਥਿਕ ਵਿਕਾਸ ਲਈ ਸ਼ਾਂਤੀ ਪਹਿਲੀ ਸ਼ਰਤ ਹੈ।

ਇਸ ਲਈ ਹੁਣ ਸਮੇਂ ਸਿਰ 'ਬੇੜਾ ਬੰਨ੍ਹਣ' ਦੀ ਜ਼ਰੂਰਤ ਹੈ; ਕਿਧਰੇ ਅਜਿਹਾ ਨਾ ਹੋਵੇ ਕਿ ਹਾਲਾਤ ਬੇਕਾਬੂ ਹੋ ਜਾਣ। ਪੰਜਾਬ ਅਜੇ ਤੱਕ ਪਹਿਲੀ ਅਸਥਿਰਤਾ ਤੋਂ ਹੀ ਬਾਹਰ ਨਹੀਂ ਆਇਆ। ਇਸ ਲਈ ਹਰ ਕਿਸਮ ਦੇ ਧਾਰਮਿਕ ਜਨੂਨੀਆਂ ਦੇ ਮਾੜੇ ਮਨਸੂਬਿਆਂ ਤੋਂ ਖ਼ਬਰਦਾਰ ਰਹਿਣ ਦੀ ਲੋੜ ਹੈ। ਸਮੁੱਚੇ ਪੰਜਾਬੀ ਅਤੇ ਸਿਆਸੀ ਪਾਰਟੀਆਂ ਇਸ ਸਵਾਲ ਨੂੰ ਵੀ ਮੁਖਾਤਿਬ ਹੋਣ ਕਿ ਪੰਜਾਬ ਦਾ ਨੌਜੁਆਨ ਵਰਗ ਨਿਰਾਸ਼ ਅਤੇ ਨਾਰਾਜ਼ ਕਿਉਂ ਹੈ? ਨੌਜੁਆਨਾਂ ਨੂੰ ਵੀ ਸਮੁੱਚੇ ਵਰਤਾਰੇ ਦਾ ਸਹੀ ਵਿਸ਼ਲੇਸ਼ਣ ਕਰ ਕੇ ਅਤੇ ਉਸ ਬਾਰੇ ਤਰਕਸੰਗਤ ਸਮਝ ਬਣਾ ਕੇ ਅੱਗੇ ਵਧਣ ਦੀ ਲੋੜ ਹੈ।

# ਭਾਰਤ ਤੇ ਚੀਨ ਦੀ ਆਰਥਿਕ ਦੌੜ

ਪਿਛਲੇ ਦੋ ਸਾਲਾਂ ਤੋਂ ਭਾਰਤੀ ਅਰਥਚਾਰੇ ਦੀ ਰਫ਼ਤਾਰ ਚੀਨ ਦੇ ਅਰਥਚਾਰੇ ਦੀ ਦਰ ਨਾਲੋਂ ਜ਼ਿਆਦਾ ਤੇਜ਼ ਰਹੀ ਹੈ। ਇਸ ਵਿੱਤੀ ਸਾਲ ਲਈ ਵਾਧੇ ਦਰ 7 ਫ਼ੀਸਦ ਰਹਿਣ ਦਾ ਅਨੁਮਾਨ ਹੈ; ਇਸ ਦੇ ਮੁਕਾਬਲੇ ਕੈਲੰਡਰ ਸਾਲ 2022 ਵਿਚ ਚੀਨ ਦੀ ਆਰਥਿਕ ਵਿਕਾਸ ਦਰ ਘਟ ਕੇ 3 ਫੀਸਦ 'ਤੇ ਆ ਗਈ ਸੀ। ਇਸੇ ਤਰ੍ਹਾਂ ਪਿਛਲੇ ਸਾਲ ਭਾਰਤੀ ਅਰਥਚਾਰੇ ਦੀ ਵਾਧਾ ਦਰ 9.1 ਫ਼ੀਸਦ ਰਹੀ ਸੀ ਜੋ ਚੀਨ ਦੀ 8.1 ਫ਼ੀਸਦ ਦਰ ਨਾਲੋਂ ਜ਼ਿਆਦਾ ਸੀ। ਕੋਵਿਡ-19 ਦੇ ਦਸਤਕ ਦੇਣ ਤੋਂ ਪਹਿਲਾਂ ਦੇ ਪੰਜ ਸਾਲਾਂ ਦੌਰਾਨ ਆਬਾਦੀ ਪੱਖੋਂ ਦੁਨੀਆ ਦੇ ਦੋ ਸਭ ਤੋਂ ਵੱਡੇ ਮੁਲਕਾਂ ਦੀ ਕਾਰਗੁਜ਼ਾਰੀ ਸਾਵੀਂ ਰਹਿਣ ਤੋਂ ਬਾਅਦ ਪਹਿਲੀ ਵਾਰ ਭਾਰਤ ਨੇ ਚੀਨ ਨੂੰ ਪਛਾੜਿਆ ਜਦੋਂ ਇਸ ਦੀ ਵਾਧਾ ਦਰ 7.4 ਫ਼ੀਸਦ ਰਹੀ ਅਤੇ ਚੀਨ 7 ਫ਼ੀਸਦ ਦਰ ਬਰਕਰਾਰ ਰੱਖਣ ਵਿਚ ਸਫ਼ਲ ਹੋਇਆ ਹੈ। ਇਸ ਦੇ ਨਾਲ ਹੀ ਇਹ ਬਿਰਤਾਂਤ ਸ਼ੁਰੂ ਹੋ ਗਿਆ ਕਿ ਭਾਰਤ ਹੁਣ ਸਭ ਤੋਂ ਵੱਧ ਤੇਜ਼ੀ ਨਾਲ ਵਿਕਸਿਤ ਹੋਣ ਵਾਲਾ ਅਰਥਚਾਰਾ ਬਣ ਗਿਆ ਹੈ। ਕਰੀਬ ਤਿੰਨ ਦਹਾਕਿਆਂ ਤੋਂ ਚੀਨ ਨੂੰ ਇਹ ਸਿਹਰਾ ਬੱਝਦਾ ਰਿਹਾ ਸੀ।

**ਟੀ.ਐੱਨ. ਨੈਨਾਨ**

ਉਂਝ, ਇਸ ਤਰ੍ਹਾਂ ਦੇ ਅੰਕੜਿਆਂ ਦੇ ਮਾਮਲੇ ਵਿਚ ਜਦੋਂ ਤੁਸੀਂ ਅਧਿਐਨ ਵਾਲੇ ਅਰਸੇ ਦੀ ਚੋਣ ਕਰਦੇ ਹੋ ਤਾਂ ਕਹਾਣੀ ਤਬਦੀਲ ਹੋ ਜਾਂਦੀ ਹੈ। ਉਪਰੋਕਤ ਕਹਾਣੀ ਵਿਚ ਵੀ 2019 ਅਤੇ 2020 ਦੇ ਵਿਚਕਾਰਲੇ ਦੋ ਸਾਲ ਗਾਇਬ ਹਨ ਜਦੋਂ ਚੀਨ ਭਾਰਤ ਦੇ ਮੁਕਾਬਲੇ ਬਿਹਤਰ ਕਾਰਗੁਜ਼ਾਰੀ ਦਿਖਾਉਣ ਵਿਚ ਸਫ਼ਲ ਰਿਹਾ ਸੀ ਤੇ ਕਾਰਗੁਜ਼ਾਰੀ ਦਾ ਅੰਤਰ ਵੀ ਇੰਨਾ ਜ਼ਿਆਦਾ ਸੀ ਕਿ ਉਸ ਦੀ ਦੀਰਘਕਾਲੀ ਭਰਪਾਈ ਇੰਨੀ ਸੌਖੀ ਨਹੀਂ ਹੋ ਸਕਦੀ ਸੀ। 2019 ਵਿਚ ਚੀਨ ਦੀ ਆਰਥਿਕ ਵਿਕਾਸ ਦਰ 6 ਫ਼ੀਸਦ ਰਹੀ ਸੀ ਅਤੇ ਭਾਰਤ ਦੀ ਵਿਕਾਸ ਦਰ ਡਿਗ ਕੇ 3.9 ਫ਼ੀਸਦ 'ਤੇ ਆ ਗਈ ਸੀ ਹਾਲਾਂਕਿ ਕੋਵਿਡ-19 ਦੇ ਪਹਿਲੇ ਸਾਲ, ਭਾਵ 2020 ਵਿਚ ਚੀਨ ਦੀ ਵਿਕਾਸ ਦਰ 2.2 ਫ਼ੀਸਦ ਰਹੀ ਸੀ ਅਤੇ ਭਾਰਤ ਦਾ ਅਰਥਚਾਰਾ ਮਨਫ਼ੀ 5.8 ਫ਼ੀਸਦ ਤਕ ਸੁੰਗੜ ਗਿਆ ਸੀ। ਜੇ ਇਨ੍ਹਾਂ ਨੌਂ ਸਾਲਾਂ (2014-2022) ਦਾ ਲੇਖਾ ਜੋਖਾ ਕੀਤਾ ਜਾਵੇ ਤਾਂ ਚੀਨ ਦੀ ਔਸਤ ਵਿਕਾਸ ਦਰ 6 ਫ਼ੀਸਦ ਤੋਂ ਉਪਰ ਰਹੀ ਹੈ ਅਤੇ ਭਾਰਤ ਦੀ ਵਿਕਾਸ ਦਰ 5.7 ਫ਼ੀਸਦ ਰਹੀ ਹੈ। ਕੋਵਿਡ-19 ਤੋਂ ਪੂਰਬਲੇ ਸਾਲ ਤੋਂ ਲੈ ਕੇ ਜੇ ਪਿਛਲੇ ਚਾਰ ਸਾਲਾਂ ਦਾ ਹਿਸਾਬ ਲਾਇਆ ਜਾਵੇ ਤਾਂ ਵੀ ਚੀਨ ਦੀ ਵਿਕਾਸ ਦਰ ਭਾਰਤ ਦੀ ਦਰ ਨਾਲੋਂ ਜ਼ਿਆਦਾ ਰਹੀ ਹੈ।

ਜਦੋਂ ਅਸੀਂ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰਦੇ ਹਾਂ ਕਿ ਦੁਨੀਆ ਦੇ ਵੱਡੇ ਅਰਥਚਾਰਿਆਂ 'ਚੋਂ ਸਭ ਤੋਂ ਤੇਜ਼ ਕੌਣ ਹੈ ਤਾਂ ਇਸ ਦੌੜ ਦਾ ਸਪਸ਼ਟ ਨਤੀਜਾ ਨਿਕਲਦਾ ਨਹੀਂ ਦਿਸਦਾ ਜਿਸ ਕਰ ਕੇ ਭਵਿੱਖ ਦੇ ਅਨੁਮਾਨ ਲਾਉਣ ਸਮੇਂ ਬਹੁਤ ਹੀ ਇਹਤਿਆਤ ਤੋਂ ਕੰਮ ਲੈਣਾ ਚਾਹੀਦਾ ਹੈ। ਕੁਝ ਦੇਰ ਪਹਿਲਾਂ ਤਕ ਬਹੁਤੇ ਮਾਹਿਰ ਇਹ ਭਵਿੱਖਬਾਣੀ ਕਰ ਰਹੇ ਸਨ ਕਿ ਸਾਲ 2023-24 ਵਿਚ ਭਾਰਤ ਦੀ ਕਾਰਗੁਜ਼ਾਰੀ ਚੀਨ ਨਾਲੋਂ ਬਿਹਤਰ ਰਹੇਗੀ। ਮਿਸਾਲ ਦੇ ਤੌਰ 'ਤੇ ਕੌਮਾਂਤਰੀ ਮੁਦਰਾ ਕੋਸ਼ ਦਾ ਅਨੁਮਾਨ ਸੀ ਕਿ ਚੀਨ ਦੀ ਵਿਕਾਸ ਦਰ 4.4 ਫ਼ੀਸਦ ਰਹੇਗੀ ਅਤੇ ਭਾਰਤ ਦੀ ਵਿਕਾਸ ਦਰ 6.1 ਫ਼ੀਸਦ ਰਹਿਣ ਦੇ ਆਸਾਰ ਹਨ ਪਰ ਪਿਛਲੇ ਕੁਝ ਹਫ਼ਤਿਆਂ ਵਿਚ ਹੀ ਮੰਜ਼ਰ ਬਦਲ ਗਿਆ ਕਿਉਂਕਿ ਚੀਨ ਨੇ ਕੋਵਿਡ-19 ਬਾਰੇ ਆਪਣੀ ਜ਼ੀਰੋ ਟੱਲਰੈਂਸ ਨੀਤੀ ਨਾਟਕੀ ਰੂਪ ਵਿਚ ਤਬਦੀਲ ਕਰਦੇ ਹੋਏ ਲੌਕਡਾਊਨ ਅਤੇ ਹੋਰ ਬੰਦਸ਼ਾਂ ਹਟਾ ਲਈਆਂ ਸਨ।

ਇਸ ਦੇ ਸਿੱਟੇ ਵਜੋਂ ਇਕ ਤੋਂ ਬਾਅਦ ਇਕ ਪੇਸ਼ੀਨਗੋ 2023 ਲਈ ਚੀਨ ਦੀ ਵਿਕਾਸ ਦਰ ਦੇ ਅਨੁਮਾਨ ਵਿਚ ਸੁਧਾਰ ਕਰ ਰਿਹਾ ਹੈ। ਜ਼ਿਆਦਾਤਰ ਦਾ ਅਨੁਮਾਨ ਹੈ ਕਿ ਚੀਨ ਦੀ ਵਿਕਾਸ ਦਰ 5.5 ਫ਼ੀਸਦ ਰਹਿਣ ਦੇ ਆਸਾਰ ਹਨ; ਕੁਝ ਵਧੇਰੇ ਆਸ਼ਾਵਾਦੀਆਂ ਨੇ ਇਸ ਤੋਂ ਵੀ ਉੱਚਾ ਅਨੁਮਾਨ ਲਾਇਆ ਹੈ। ਮਹੀਨਾ ਕੁ ਪਹਿਲਾਂ ਆਏ ਆਰਥਿਕ ਸਰਵੇਖਣ ਵਿਚ ਭਾਰਤ ਦੀ ਵਿਕਾਸ ਦਰ 6 ਤੋਂ 6.8 ਫ਼ੀਸਦ ਤੱਕ ਦੇ 6.5 ਫ਼ੀਸਦ ਦੇ ਦਰਮਿਆਨੇ ਅਨੁਮਾਨ ਤੋਂ ਘੱਟ ਹੈ। ਸਵਾਲ ਹੈ: ਇਹ ਤਸਵੀਰ ਵਿਗੜਨ ਲਈ ਅਕਤੂਬਰ-ਦਸੰਬਰ ਤਿਮਾਹੀ ਵਿਚ ਭਾਰਤੀ ਦੇ ਜੀ.ਡੀ.ਪੀ. ਅੰਕੜੇ ਜ਼ਿੰਮੇਵਾਰ ਹਨ ਜੋ ਸਿਰਫ਼ 4.4% ਦਰਜ ਕੀਤੇ ਗਏ ਸਨ? ਸੰਭਵ ਹੈ ਕਿ ਦੋਹਾਂ ਵਿਚ ਇਕ ਹੋਰ ਫ਼ੈਸਲਾਕੁਨ ਦੌੜ ਹੋਵੇਗੀ?

ਸਰਕਾਰ ਦਾ ਤਰਕ ਹੈ ਕਿ ਹਾਲੀਆ ਤਿਮਾਹੀ ਵਿਚ ਕਮਜ਼ੋਰੀ ਇਸ ਕਰ ਕੇ ਹੋਈ ਸੀ ਕਿਉਂਕਿ ਪਿਛਲੇ ਤਿੰਨ ਸਾਲਾਂ ਦੇ ਵਿਕਾਸ ਦਰ ਦੇ ਅੰਕੜਿਆਂ ਵਿਚ ਥੋੜ੍ਹਾ ਫੇਰ-ਬਦਲ ਕੀਤਾ ਗਿਆ ਸੀ। ਹੋ ਸਕਦਾ, ਇਹ ਠੀਕ ਹੋਵੇ ਪਰ ਚਲੰਤ ਜਨਵਰੀ-ਮਾਰਚ ਤਿਮਾਹੀ ਲਈ ਵੀ ਵਿਕਾਸ ਦਰ ਦਾ ਅਨੁਮਾਨ 5.1 ਫ਼ੀਸਦ ਤੋਂ ਵੱਧ ਨਹੀਂ ਹੈ; ਤੇ ਮੁੱਖ ਆਰਥਿਕ ਸਲਾਹਕਾਰ ਨੇ ਵੀ ਦਿਆਨਤਦਾਰੀ ਨਾਲ ਕਬੂਲ ਕੀਤਾ ਹੈ ਕਿ ਇਸ ਵੇਲੇ ਵਿਕਾਸ ਦਰ 'ਤੇ ਸੰਭਾਵੀ ਉਛਾਲ ਦੇ ਮੁਕਾਬਲੇ ਦਬਾਓ ਦੇ ਕਾਰਕ ਜ਼ਿਆਦਾ ਹਾਵੀ ਹਨ। ਸੋਧੇ ਹੋਏ ਭਵਿੱਖ ਅਨੁਮਾਨ ਨੂੰ ਫਰਵਰੀ ਤੱਕ ਦੀਆਂ ਜੀਐੱਸਟੀ ਉਗਰਾਹੀਆਂ ਰੇਖਾਂਕਤ ਕਰਦੀਆਂ ਹਨ। 1.49 ਖਰਬ ਰੁਪਏ ਦੀਆਂ ਉਗਰਾਹੀਆਂ ਤੋਂ ਪਤਾ ਚਲਦਾ ਹੈ ਕਿ ਹਾਲੀਆ ਮਹੀਨਿਆਂ ਵਿਚ ਜਾਂ ਤਾਂ ਵਿਕਾਸ ਦਰ ਮਾਮੂਲੀ ਵਧੀ ਹੈ ਜਾਂ ਬਿਲਕੁੱਲ ਹੀ ਨਹੀਂ ਹੋਈ। ਦੂਜੇ ਸ਼ਬਦਾਂ ਵਿਚ, ਹਾਲੇ ਤੱਕ ਵਿਕਾਸ ਦਰ ਨੂੰ ਕੋਈ ਹੁਲਾਰਾ ਨਹੀਂ ਮਿਲ ਸਕਿਆ ਜਿਸ ਨਾਲ ਭਾਰਤ ਆਪਣੀ ਵਿਕਾਸ ਦਰ ਨੂੰ 5 ਫ਼ੀਸਦ ਤੋਂ ਉਠਾ ਕੇ 6 ਫ਼ੀਸਦ ਜਾਂ ਇਸ ਤੋਂ ਉਪਰ ਲਿਜਾ ਸਕੇ।

ਦਲੀਲ ਦਿੱਤੀ ਜਾ ਸਕਦੀ ਹੈ ਕਿ ਆਬਾਦੀ ਵਿਚ ਆ ਰਹੀ ਕਮੀ ਅਤੇ ਰੀਅਲ ਅਸਟੇਟ/ਨਿਰਮਾਣ ਅਤੇ ਮਾਲੀ ਅਸਾਵੇਂਪਣ ਜਿਹੀਆਂ ਢਾਂਚਾਗਤ ਸਮੱਸਿਆਵਾਂ ਅਤੇ ਪੂੰਜੀ ਖਰਚ ਲਈ ਸਰਕਾਰ 'ਤੇ ਬੇਤਹਾਸ਼ਾ ਨਿਰਭਰਤਾ ਪੱਖੋਂ ਭਾਰਤ ਦੇ ਹਾਲਾਤ ਓਨੇ ਖਰਾਬ ਨਹੀਂ ਹਨ, ਜਿੰਨੇ ਚੀਨ ਦੇ ਖਰਾਬ ਹਨ। ਸੰਦੇਸ਼ ਸਾਫ਼ ਹੈ: ਜੇ ਭਾਰਤ ਅਤੇ ਚੀਨ ਵਿਚਕਾਰ ਵਿਕਾਸ ਦਰ ਨੂੰ ਲੈ ਕੇ ਮੁਕਾਬਲਾ ਹੁੰਦਾ ਹੈ ਤਾਂ ਅਜੇ ਤੱਕ ਕੋਈ ਵੀ ਜੇਤੂ ਸਾਬਿਤ ਨਹੀਂ ਹੋ ਸਕਿਆ।

# ਪਾਕਿਸਤਾਨ ਦਾ ਡੂੰਘਾ ਹੋ ਰਿਹਾ ਆਰਥਿਕ ਸੰਕਟ

**ਪੁਸ਼ਪਿੰਦਰ**
ਫੋਨ: +91-95305-33274

ਪਾਕਿਸਤਾਨ ਦਾ ਆਰਥਿਕ ਸੰਕਟ ਲਗਾਤਾਰ ਵਧ ਰਿਹਾ ਹੈ। 75 ਸਾਲਾਂ ਦੀ ਰਿਕਾਰਡ ਤੋੜ ਮਹਿੰਗਾਈ ਨੇ ਆਮ ਲੋਕਾਂ ਦਾ ਕਚੂਮਰ ਕੱਢ ਦਿੱਤਾ ਹੈ। ਕੀਮਤਾਂ ਅਸਮਾਨ ਛੂਹ ਰਹੀਆਂ ਹਨ ਅਤੇ ਲੋਕ ਗਰੀਬੀ ਤੇ ਭੁੱਖਮਰੀ ਦੇ ਸਭ ਤੋਂ ਮਾੜੇ ਸਮੇਂ ਨਾਲ਼ ਜੂਝ ਰਹੇ ਹਨ। ਪਾਕਿਸਤਾਨ ਦੀ ਬੇੜੀ ਨੂੰ ਡੁੱਬਦਿਆਂ ਦੇਖ ਕੌਮਾਂਤਰੀ ਮੁਦਰਾ ਕੋਸ਼ ਨੇ 1.1 ਅਰਬ ਡਾਲਰ ਦੀ ਵਿੱਤੀ ਸਹਾਇਤਾ 'ਸਖਤ ਸ਼ਰਤਾਂ' ਨਾਲ਼ ਦੇਣ ਦੀ ਗੱਲ ਕਹੀ ਹੈ ਪਰ ਇਹ ਪਾਕਿਸਤਾਨ ਦੇ ਕਿਰਤੀ ਲੋਕਾਂ ਲਈ ਰਾਹਤ ਘੱਟ, ਆਫਤ ਵੱਧ ਹੈ ਕਿਉਂਕਿ ਇਹ ਸਹਾਇਤਾ ਰਾਸ਼ੀ ਜਿਨ੍ਹਾਂ 'ਸ਼ਰਤਾਂ' ਅਧੀਨ ਦਿੱਤੀ ਜਾ ਰਹੀ ਹੈ, ਉਹਨਾਂ ਅਧੀਨ ਪਾਕਿਸਤਾਨ ਨੂੰ 'ਆਰਥਿਕ ਸੁਧਾਰ' ਕਰਨੇ ਪੈਣਗੇ। ਅਜਿਹੇ 'ਆਰਥਿਕ ਸੁਧਾਰਾਂ' ਨਾਲ਼ ਪਹਿਲਾਂ ਹੀ ਜਰਜਰ ਹੋ ਚੁੱਕਿਆ ਪਾਕਿਸਤਾਨ ਦਾ ਅਰਥਚਾਰਾ ਆਰਥਿਕ ਸੰਕਟ ਦੀ ਹੋਰ ਡੂੰਘੀ ਖੱਡ ਵਿਚ ਧਸਦਾ ਜਾਵੇਗਾ।

### ਅਰਥਚਾਰੇ 'ਤੇ ਇੱਕ ਨਜ਼ਰ

ਪਾਕਿਸਤਾਨ ਦਾ ਅਰਥਚਾਰਾ ਮੂਧੇ ਮੂੰਹ ਡਿੱਗਿਆ ਪਿਆ ਹੈ ਜਿੱਥੇ ਖਾਣ-ਪੀਣ, ਭੋਜਨ, ਗੈਸ ਆਦਿ ਵਸਤਾਂ ਲਗਾਤਾਰ ਮਹਿੰਗੀਆਂ ਹੋ ਰਹੀਆਂ ਹਨ। ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਮਹਿੰਗਾਈ ਦਰ 60 ਫੀਸਦੀ ਰਹੀ ਹੈ; ਆਉਣ ਵਾਲ਼ੇ ਸਮੇਂ ਵਿਚ ਹੋਰ ਵਧਣ ਦਾ ਖ਼ਦਸ਼ਾ ਹੈ। ਪਿਛਲੀਆਂ ਗਰਮੀਆਂ ਵਿਚ ਆਏ ਹੜ੍ਹਾਂ ਕਰ ਕੇ ਲਗਭਗ 3.3 ਕਰੋੜ ਲੋਕ ਪ੍ਰਭਾਵਿਤ ਹੋਏ ਅਤੇ ਕੌਮਾਂਤਰੀ ਪੱਧਰ ਤੋਂ ਇਕੱਠੀ ਹੋਈ 80 ਕਰੋੜ ਡਾਲਰ ਤੋਂ ਵੱਧ ਦੀ ਸਹਾਇਤਾ ਰਾਸ਼ੀ ਵੀ ਲੋਕਾਂ ਲਈ ਨਾਕਾਫੀ ਸਾਬਤ ਹੋਈ। ਇਸ ਦੇ ਬਾਵਜੂਦ ਲੋਕਾਂ ਨੂੰ ਮਿਲਣ ਵਾਲੀਆਂ ਜਨਤਕ ਸਹੂਲਤਾਂ ਲਗਭਗ ਠੱਪ ਪਈਆਂ ਹਨ। ਪਹਿਲਾਂ ਲੌਕਡਾਊਨ, ਫਿਰ ਯੂਕਰੇਨ ਜੰਗ ਨੇ ਪੂਰਤੀ ਲੜੀ ਵਿਚ ਵਿਘਨ ਪਾ ਕੇ ਮਹਿੰਗਾਈ ਨੂੰ ਹੋਰ ਜ਼ਰਬ ਦਿੱਤੀ ਹੈ ਤੇ ਪਾਕਿਸਤਾਨ ਵਿਚ ਭੋਜਨ ਸੁਰੱਖਿਆ ਅਤੇ ਭੁੱਖਮਰੀ ਦਾ ਭਿਆਨਕ ਸੰਕਟ ਖੜ੍ਹਾ ਕਰ ਦਿੱਤਾ ਹੈ। ਪੇਂਡੂ ਖੇਤਰ ਵਿਚ ਮਹਿੰਗਾਈ ਦਰ ਪਿਛਲੇ ਸਾਲ ਦਸੰਬਰ ਮਹੀਨੇ 24.7% ਸੀ ਅਤੇ ਸ਼ਹਿਰੀ ਖੇਤਰ ਵਿਚ ਇਹੀ ਦਰ 32.9% ਸੀ। ਸਬਸਿਡੀ 'ਤੇ ਮਿਲਣ ਵਾਲੀ ਕਣਕ ਦਾ ਸਰਕਾਰੀ ਮੁੱਲ 65 ਰੁਪਏ ਪ੍ਰਤੀ ਕਿਲੋ ਹੈ ਅਤੇ ਬਾਜ਼ਾਰ ਵਿਚ ਇਸ ਦੀ ਕੀਮਤ 140 ਤੋਂ 160 ਰੁਪਏ ਤੱਕ ਹੈ। ਸਿੰਧ ਸੂਬੇ ਦੇ ਕਸਬੇ ਮੀਰਪੁਰਖਾਸ ਵਿਚ 8 ਜਨਵਰੀ ਨੂੰ ਆਏ ਸਬਸਿਡੀ ਵਾਲੇ ਮਾਲ ਦੇ ਕੁੱਝ ਟਰੱਕਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਸੈਂਕੜੇ ਲੋਕਾਂ ਦੀ ਭਗਦੜ ਵਿਚ ਇੱਕ ਸ਼ਖ਼ਸ ਦੀ ਮੌਤ ਹੋ ਗਈ। ਬਿੱਲਾਂ ਦਾ ਨਿਬੇੜਾ ਨਾ ਕਰਨ ਕਰ ਕੇ ਬੰਦਰਗਾਹਾਂ 'ਤੇ ਵੱਡੀਆਂ ਦਰਾਮਦਾਂ ਫਸੀਆਂ ਹੋਈਆਂ ਹਨ।

ਪਾਕਿਸਤਾਨ ਦਾ ਵਿਦੇਸ਼ੀ ਮੁਦਰਾ ਭੰਡਾਰ ਪਿਛਲੇ ਸਾਲ ਦੇ ਮੁਕਾਬਲੇ 16% ਸੁੰਗੜ ਕੇ 3 ਅਰਬ ਡਾਲਰ 'ਤੇ ਆ ਗਿਆ ਹੈ ਜੋ ਪਿਛਲੇ 10 ਸਾਲਾਂ ਦਾ ਸਭ ਤੋਂ ਘੱਟ ਪੱਧਰ ਹੈ ਅਤੇ ਇੱਕ ਮਹੀਨੇ ਦੇ ਵਿਦੇਸ਼ੀ ਵਪਾਰ ਲਈ ਵੀ ਨਾਕਾਫੀ ਹੈ। ਪਾਕਿਸਤਾਨੀ ਮੁਦਰਾ ਵੀ ਡਾਲਰ ਦੇ ਮੁਕਾਬਲੇ ਮੂਧੇ ਮੂੰਹ ਡਿੱਗ ਰਹੀ ਹੈ ਤੇ 11 ਫਰਵਰੀ ਤੱਕ ਇਹ ਇਤਿਹਾਸ ਦੇ ਸਭ ਤੋਂ ਹੇਠਲੇ ਪੱਧਰ 271.50 'ਤੇ ਸੀ। ਪਾਕਿਸਤਾਨੀ ਮੁਦਰਾ ਇੱਕ ਸਾਲ ਵਿਚ ਆਪਣਾ ਮੁੱਲ 50 ਫੀਸਦੀ ਤੋਂ ਵੱਧ ਗੁਆ ਚੁੱਕੀ ਹੈ। ਪਾਕਿਸਤਾਨ ਸਿਰ 60,000 ਅਰਬ ਪਾਕਿਸਤਾਨੀ ਰੁਪਏ ਦਾ ਕਰਜ਼ਾ ਹੈ ਜਿਸ ਦੀ ਅਦਾਇਗੀ ਇਸ ਲਈ ਕਾਫੀ ਮੁਸ਼ਕਿਲ ਹੈ। ਇਸ ਕਰਜ਼ੇ ਵਿਚ ਇਕੱਲੇ ਚੀਨ ਦਾ ਹਿੱਸਾ 35% ਹੈ।




### ਸਿਆਸੀ ਸੰਕਟ

'ਰਾਜ ਅਤੇ ਰਾਜਨੀਤਕ ਪਾਰਟੀਆਂ ਦਾ ਸੰਕਟ ਸਰਮਾਏਦਾਰਾ ਪ੍ਰਬੰਧ ਦੇ ਸੰਕਟ ਨੂੰ ਦਰਸਾਉਂਦਾ ਹੈ।' ਇਹ ਕਥਨ ਪਾਕਿਸਤਾਨ ਦੇ ਸਿਆਸੀ ਸੰਕਟ ਨੂੰ ਸਮਝਣ ਲਈ ਢੁਕਵਾਂ ਹੈ। ਦੇਸੀ ਵਿਦੇਸ਼ੀ ਸਰਮਾਏਦਾਰਾਂ ਸਿਰ ਦੇਸ਼ ਦੀਆਂ ਮੌਜੂਦਾ ਸਾਰੀਆਂ ਸਿਆਸੀ ਪਾਰਟੀਆਂ ਸਿਰਫ ਕੁਰਸੀ ਦੀ ਖੇਡ ਖੇਡ ਰਹੀਆਂ ਹਨ। ਆਮ ਲੋਕਾਂ ਦੀ ਕਿਸੇ ਨੂੰ ਕੋਈ ਫਿਕਰ ਨਹੀਂ। ਪਿਛਲੇ ਕੁੱਝ ਸਾਲ ਦੇ ਸਿਆਸੀ ਘਟਨਾਕ੍ਰਮ 'ਤੇ ਝਾਤੀ ਮਾਰ ਲਈਏ ਤਾਂ ਇਹ ਸਭ ਕੁੱਝ ਹੋਰ ਸਪੱਸ਼ਟ ਹੋ ਜਾਵੇਗਾ।

2018 ਵਿਚ ਇਮਰਾਨ ਖਾਨ ਦੀ ਤਹਿਰੀਕ-ਏ-ਇਨਸਾਫ ਪਾਰਟੀ ਜੋ ਪਾਕਿਸਤਾਨੀ ਫੌਜ ਦੀ ਸਿਆਸੀ ਦਖਲਅੰਦਾਜ਼ੀ ਕਰ ਕੇ ਚੋਣਾਂ ਜਿੱਤੀ ਸੀ, ਉਸ ਨੂੰ ਸਾਢੇ ਤਿੰਨ ਸਾਲਾਂ ਬਾਅਦ ਅਪਰੈਲ 2022 ਵਿਚ ਰੂਸ ਅਤੇ ਚੀਨ ਨਾਲ਼ ਨੇੜਲੇ ਸਬੰਧ ਬਣਾਉਣ ਕਰ ਕੇ ਅਤੇ ਕੌਮਾਂਤਰੀ ਮੁਦਰਾ ਕੋਸ਼ ਦੇ ਸਮਝੌਤੇ ਦੀ ਉਲੰਘਣਾ ਕਰਨ 'ਤੇ ਅਮਰੀਕੀ ਥਾਪੜੇ ਵਾਲ਼ੀ ਫੌਜ, ਵਿਰੋਧੀ ਧੜੇ ਅਤੇ ਸਰਵਉੱਚ ਅਦਾਲਤ ਨੇ ਸਰਕਾਰ ਤੋਂ ਬਾਹਰ ਕਰ ਦਿੱਤਾ। ਤਿੰਨ ਮੁੱਖ ਪਾਰਟੀਆਂ ਜਿਨ੍ਹਾਂ ਦੀ ਹੁਣ ਸਰਕਾਰ ਹੈ, ਇਹਨਾਂ ਸਾਰਿਆਂ ਨੂੰ ਦੇਸ ਦੀ ਸਭ ਤੋਂ ਤਾਕਤਵਰ ਸੰਸਥਾ ਪਾਕਿਸਤਾਨੀ ਫੌਜ ਦਾ ਸਾਥ ਹਾਸਲ ਹੈ ਜਿਸ ਦਾ ਦੇਸ਼ ਦੇ ਸਿਆਸੀ, ਆਰਥਿਕ ਅਤੇ ਸਮਾਜਿਕ ਮਾਮਲਿਆਂ ਵਿਚ ਤਾਨਾਸ਼ਾਹੀ ਦਾ ਲੰਮਾ ਇਤਿਹਾਸ ਹੈ। ਪਹਿਲਾਂ ਲੰਮਾ ਸਮਾਂ ਅਮਰੀਕੀ ਸਾਮਰਾਜੀਆਂ ਨੇ ਵੀ ਪਾਕਿਸਤਾਨ ਵਿਚ ਪੈਰ ਪਸਾਰੀ ਰੱਖੇ ਤੇ ਆਪਣੀ ਅਖੌਤੀ 'ਅਤਿਵਾਦ ਵਿਰੁੱਧ ਜੰਗ' ਵਿਚ ਪਾਕਿਸਤਾਨ ਦੇ ਆਰਥਿਕ ਵਸੀਲਿਆਂ ਦੀ ਲੁੱਟ ਕੀਤੀ ਅਤੇ ਇੱਥੋਂ ਦੀ ਕਿਰਤੀ ਆਬਾਦੀ ਨੂੰ ਭੁੱਖਮਰੀ, ਗਰੀਬੀ ਤੇ ਨਿਰਾਸ਼ਾ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਕੀਤਾ ਹੈ।

### ਕੌਮਾਂਤਰੀ ਮੁਦਰਾ ਕੋਸ਼ ਦੀ ਰਾਸ਼ੀ

ਜਦੋਂ ਪਾਕਿਸਤਾਨ ਆਰਥਿਕ, ਸਿਆਸੀ ਅਤੇ ਸਮਾਜਿਕ ਤੌਰ 'ਤੇ ਹਨੇਰੇ ਅਤੇ ਬੇਵਸੀ ਦੇ ਦੌਰ ਵਿਚੋਂ ਲੰਘ ਰਿਹਾ ਹੈ, ਉਦੋਂ ਪਾਕਿਸਤਾਨ ਲਈ ਕੌਮਾਂਤਰੀ ਮੁਦਰਾ ਕੋਸ਼ ਨੇ ਪਿਛਲੇ ਸਾਲ ਅਗਸਤ ਮਹੀਨੇ 1.1 ਅਰਬ ਡਾਲਰ ਦੀ ਰੱਦ ਕੀਤੀ ਕਿਸ਼ਤ ਨੂੰ ਹੁਣ ਨਵੀਆਂ 'ਸ਼ਰਤਾਂ' ਅਧੀਨ ਜਾਰੀ ਕਰਨ ਦਾ ਐਲਾਨ ਕੀਤਾ ਹੈ। ਇਹਨਾਂ 'ਸ਼ਰਤਾਂ' ਤਹਿਤ ਪਾਕਿਸਤਾਨ ਨੂੰ ਕਈ ਨਵੇਂ 'ਆਰਥਿਕ ਸੁਧਾਰ' ਕਰਨੇ ਪੈਣਗੇ। ਇਹਨਾਂ 'ਆਰਥਿਕ ਸੁਧਾਰਾਂ' ਵਿਚ ਵਸਤਾਂ ਤੇ ਸੇਵਾਵਾਂ ਕਰ ਦੀਆਂ ਦਰਾਂ 18 ਫੀਸਦੀ ਤੋਂ ਵੱਧ ਵਧਾਉਣੀਆਂ ਪੈਣਗੀਆਂ ਅਤੇ ਦਰਾਮਦਾਂ 'ਤੇ ਲੱਗਣ ਵਾਲਾ ਟੈਕਸ ਘਟਾਉਣਾ ਪਵੇਗਾ। ਪੈਟਰੋਲ ਦੀ ਕੀਮਤ 20-35 ਰੁਪਏ ਵਧਾਉਣ ਦਾ ਪ੍ਰਸਤਾਵ ਹੈ ਜਿਸ ਦੇ ਐਲਾਨ ਨਾਲ ਹੀ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਕ੍ਰਮਵਾਰ 249.8 ਅਤੇ 265.8 ਰੁਪਏ ਪ੍ਰਤੀ ਲਿਟਰ ਦੇ ਨਵੇਂ ਰਿਕਾਰਡ ਉੱਤੇ ਪਹੁੰਚ ਗਈਆਂ ਹਨ। ਵਿੱਤੀ ਸਰਮਾਏ ਦੇ ਸੰਸਾਰ ਵਿਆਪੀ ਹਮਲੇ ਅਧੀਨ ਕੌਮਾਂਤਰੀ ਮੁਦਰਾ ਕੋਸ਼ ਨੇ ਹੜ੍ਹਾਂ ਕਾਰਨ ਹੋਈ ਤਬਾਹੀ ਦੇ ਬਾਵਜੂਦ ਆਪਣੀਆਂ ਸਖਤ ਸ਼ਰਤਾਂ ਵਿਚ ਕੋਈ ਵੀ ਢਿੱਲ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਜਿਸ ਨਾਲ ਇਹ ਰਾਹਤ ਪੈਕੇਜ ਘੱਟ ਤੇ ਆਫਤ ਪੈਕੇਜ ਵੱਧ ਲੱਗ ਰਿਹਾ ਹੈ ਕਿਉਂਕਿ ਇਸ ਨਾਲ਼ ਪਾਕਿਸਤਾਨ ਦੀ ਆਰਥਿਕਤਾ ਨੇ ਲੀਹ 'ਤੇ ਤਾਂ ਨਹੀਂ ਮੁੜਨਾ ਸਗੋਂ ਸੰਕਟ ਹੋਰ ਡੂੰਘਾ ਹੁੰਦਾ ਜਾਵੇਗਾ। ਪਾਕਿਸਤਾਨ ਦੇ ਇੱਕ ਅਖਬਾਰ ਦੀ ਰਿਪੋਰਟ ਮੁਤਾਬਕ ਸਰਕਾਰ ਅਤੇ ਕੌਮਾਂਤਰੀ ਮੁਦਰਾ ਕੋਸ਼, ਦੋਵੇਂ ਹੀ ਆਪਣੀਆਂ ਚਰਚਾਵਾਂ ਅਤੇ ਲੋਕ ਵਿਰੋਧੀ ਸਮਝੌਤਿਆਂ ਨੂੰ ਲੋਕਾਂ ਤੋਂ ਲੁਕਾ ਰਹੇ ਹਨ ਮਤੇ ਇਸ ਨਾਲ ਲੋਕਾਂ ਵਿਚ ਰੋਹ ਫੁੱਟੇਗਾ ਅਤੇ ਇਸ ਦੇ ਸ਼ਹਿਰਾਂ ਦੀਆਂ ਸੜਕਾਂ ਵਿਰੋਧ ਦੇ ਨਾਅਰਿਆਂ ਨਾਲ਼ ਗੂੰਜਦੀਆਂ ਨਜ਼ਰ ਆਉਣਗੀਆਂ।

### ਦਿਵਾਲੀਆ ਹੋਣ ਦਾ ਨੁਕਸਾਨ

ਪਾਕਿਸਤਾਨ ਦੇ ਛੇਤੀ ਹੀ ਦਿਵਾ਼ਲੀਆ ਹੋ ਜਾਣ ਦਾ ਖ਼ਦਸ਼ਾ ਹੈ। ਜੇ ਦੇਸ਼ ਦਿਵਾ਼ਲੀਆ ਹੋ ਜਾਂਦਾ ਹੈ ਤਾਂ ਇਸ ਦੇ ਕੁਲੀਨ ਵਰਗ ਨੂੰ ਘੱਟ ਨੁਕਸਾਨ ਹੋਵੇਗਾ ਕਿਉਂਕਿ ਇਹਨਾਂ ਨੇ ਦੇਸ਼-ਵਿਦੇਸ਼ ਵਿਚ ਆਪਣੀਆਂ ਅਤੇ ਆਪਣੇ ਸਕਿਆਂ ਦੀਆਂ ਜਾਇਦਾਦਾਂ ਸੁਰੱਖਿਅਤ ਰੱਖੀਆਂ ਹੋਈਆਂ ਹਨ ਪਰ ਇਸ ਨਾਲ ਪਾਕਿਸਤਾਨ ਦੀ ਬਹੁਗਿਣਤੀ ਗ਼ਰੀਬ ਲੋਕਾਈ ਮਾਰੀ ਜਾਵੇਗੀ ਜੋ ਪਹਿਲਾਂ ਹੀ ਹਰ ਕਿਸਮ ਦੀ ਤੰਗੀ ਦਾ ਸਾਹਮਣਾ ਕਰ ਰਹੀ ਹੈ। ਬੁਨਿਆਦੀ ਖ਼ੁਰਾਕ ਵਸਤਾਂ ਤੋਂ ਲੈ ਕੇ ਜ਼ਰੂਰੀ ਦਵਾਈਆਂ ਤੱਕ, ਗੈਸ, ਬਿਜਲੀ, ਘਰ ਦੇ ਖਰਚੇ ਕੱਢਣੇ ਲੋਕਾਂ ਲਈ ਮੁਸ਼ਕਿਲ ਹੋ ਰਹੇ ਹਨ। ਸਰਕਾਰੀ ਅਹਿਲਕਾਰਾਂ ਦੀ ਲੋਕਾਂ ਨਾ਼ਲ ਧੋਖਾਧੜੀ ਦੀ ਸ਼ਰੇਆਮ ਚਰਚਾ ਹੋ ਰਹੀ ਹੈ। ਮੁੱਖਧਾਰਾ ਮੀਡੀਆ ਦੇ ਨਾਲ-ਨਾਲ ਫੌਜ, ਨਿਆਂਪਾਲਿਕਾ, ਨੌਕਰਸ਼ਾਹੀ ਆਦਿ ਦਾ ਅਸਲ ਚਰਿੱਤਰ ਲੋਕਾਂ ਸਾਹਮਣੇ ਆਇਆ ਹੈ। ਇਹ ਪਾਰਟੀਆਂ ਨਾ ਸਗੋਂ ਆਪਣੇ ਅਮੀਰ ਹੋਣ ਲਈ ਕੰਮ ਕਰਦੀਆਂ ਹਨ ਸਗੋਂ ਹਾਕਮ ਜਮਾਤ ਦੇ ਹਿੱਤਾਂ ਦੀ ਹੀ ਸੇਵਾ ਕਰਦੀਆਂ ਹਨ। ਮੁਲਕ ਪੱਧਰ 'ਤੇ ਰਾਜ ਕਰਨ ਵਾਲੀ ਪਾਰਟੀ ਅਤੇ ਇਮਰਾਨ ਖਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਜਿਸ ਦੀ ਉੱਥੇ 2 ਸੂਬਿਆਂ ਵਿਚ ਸਰਕਾਰ ਹੈ, ਦੋਹਾਂ ਨੇ ਹਰ ਸੰਭਵ ਤਰੀਕੇ ਨਾਲ ਲੋਕਾਂ ਉੱਤੇ ਹਮਲਾ ਕੀਤਾ ਹੈ ਅਤੇ ਅਮੀਰਾਂ ਲਈ ਵੱਡੀਆਂ ਸਬਸਿਡੀਆਂ ਅਤੇ ਸਹਾਇਤਾ ਪੈਕੇਜ ਦਾ ਐਲਾਨ ਕਰਦੇ ਹੋਏ ਸਾਰੇ ਆਰਥਿਕ ਸੰਕਟ ਦਾ ਬੋਝ ਕਿਰਤੀ ਲੋਕਾਂ ਉੱਤੇ ਪਾ ਦਿੱਤਾ ਹੈ।

ਕਿਸੇ ਵੀ ਸਰਮਾਏਦਾਰਾ ਸਿਆਸੀ ਧਿਰ ਅਤੇ ਕੌਮਾਂਤਰੀ ਮੁਦਰਾ ਕੋਸ਼ ਕੋਲ ਅਰਥਚਾਰੇ ਨੂੰ ਮੁੜ ਸੁਰਜੀਤ ਕਰਨ ਦੀ ਕੋਈ ਵੀ ਠੋਸ ਯੋਜਨਾ ਨਹੀਂ ਹੈ। ਪਾਕਿਸਤਾਨ ਦੀ ਮਜ਼ਦੂਰ ਜਮਾਤ ਨੂੰ ਦੇਣ ਲਈ ਇਸ ਸਰਮਾਏਦਾਰੀ ਪ੍ਰਬੰਧ ਕੋ਼ਲ ਕੁੱਝ ਵੀ ਨਹੀਂ।

# ਪੀ.ਪੀ.ਪੀ. ਮਾਡਲ ਦੀ ਹਕੀਕਤ

**ਅਰੁਣ ਮੈਰਾ**

ਅਡਾਨੀ ਦੀਆਂ ਕੰਪਨੀਆਂ ਦੇ ਸ਼ੇਅਰਾਂ ਨੂੰ ਲੈ ਕੇ ਘੜਮੱਸ ਮੱਚਣ ਤੋਂ ਵਿਰੋਧੀ ਧਿਰ ਵੱਲੋਂ ਸਰਕਾਰ 'ਤੇ ਆਪਣੇ ਕੁਝ ਖ਼ਾਸ-ਮਖਾਸ ਪੂੰਜੀਪਤੀਆਂ ਨੂੰ ਲਾਭ ਪਹੁੰਚਾਉਣ ਜਾਂ ਲਿਹਾਜ਼ੀ ਪੂੰਜੀਵਾਦ (ਕਰੋਨੀ ਕੈਪੀਟਲਿਜ਼ਮ) ਦੇ ਲਾਏ ਜਾ ਰਹੇ ਦੋਸ਼ਾਂ ਦੀ ਸੁਰ ਤਿੱਖੀ ਹੋ ਗਈ। ਸੱਤਾਧਾਰੀ ਪਾਰਟੀ ਨੇ ਮੋੜਵੇਂ ਰੂਪ ਵਿਚ ਵਿਰੋਧੀ ਧਿਰ ਖਿਲਾਫ਼ ਉਸ ਦੀ ਸੱਤਾ ਦੇ ਦਿਨਾਂ ਵਿਚ ਲਿਹਾਜ਼ੀ ਪੂੰਜੀਵਾਦ ਨੂੰ ਸ਼ਹਿ ਦੇਣ ਦੇ ਛਿੜੇ ਵਿਵਾਦ ਦਾ ਚੇਤਾ ਕਰਾ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਸ ਮਾਮਲੇ ਵਿਚ ਦੁੱਧ ਧੋਤਾ ਕੋਈ ਵੀ ਨਹੀਂ ਹੈ। ਇਨ੍ਹਾਂ ਰੇੜਕਿਆਂ ਨੂੰ ਜੋੜਨ ਵਾਲੀ ਤੰਦ ਇਹ ਹੈ ਕਿ ਇਹ ਸਰਕਾਰ ਅਤੇ ਪੂੰਜੀਪਤੀਆਂ ਦਰਮਿਆਨ ਤੈਅ ਪਾਏ ਪੀ.ਪੀ.ਪੀ. ਨੁਮਾ ਸਮਝੌਤਾ ਹੈ ਜੋ ਇਹ ਦੂਰਸੰਚਾਰ, ਹਵਾਈ ਅੱਡੇ, ਬੰਦਰਗਾਹਾਂ, ਰਾਜਮਾਰਗ ਆਦਿ ਦੇ ਨਿਰਮਾਣ ਲਈ ਤੈਅ ਪਾਏ ਜਾਂਦੇ ਹਨ।

ਦੇਸ਼ ਲਈ ਲੋੜੀਂਦੇ ਬੁਨਿਆਦੀ ਢਾਂਚੇ ਦੇ ਜ਼ਿਆਦਾਤਰ ਪ੍ਰੋਜੈਕਟ ਅਡਾਨੀ ਕੰਪਨੀਆਂ ਨੂੰ ਦਿੱਤੇ ਜਾਂਦੇ ਰਹੇ ਹਨ। 1990ਵਿਆਂ ਵਿਚ ਜਦੋਂ ਅਰਥਚਾਰੇ ਦੇ ਦਰ ਪ੍ਰਾਈਵੇਟ ਖੇਤਰ ਲਈ ਖੋਲ੍ਹੇ ਗਏ ਸਨ ਤਾਂ ਬੁਨਿਆਦੀ ਢਾਂਚੇ ਦੇ ਉਥਾਨ ਲਈ 'ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ' (ਪੀ.ਪੀ.ਪੀ.) ਦਿਲਕਸ਼ ਰਣਨੀਤੀ ਬਣ ਗਈ ਸੀ। ਸਰਕਾਰ ਫੰਡਾਂ ਦੀ ਘਾਟ ਦਾ ਰੋਣਾ ਰੋਂਦੀ ਰਹਿੰਦੀ ਸੀ ਅਤੇ ਕਾਰੋਬਾਰ ਨੂੰ ਆਕਰਸ਼ਿਤ ਕਰਨ ਲਈ ਟੈਕਸ ਘਟਾਉਣ ਦਾ ਦਬਾਓ ਬਣਿਆ ਰਹਿੰਦਾ ਸੀ ਜਿਸ ਕਰ ਕੇ ਵਿਦੇਸ਼ੀ ਅਤੇ ਘਰੇਲੂ ਮੰਡੀਆਂ ਤੋਂ ਪੂੰਜੀ ਨਿਵੇਸ਼ ਕਰਾਉਣ ਦਾ ਜ਼ਿੰਮਾ ਪ੍ਰਾਈਵੇਟ ਸੈਕਟਰ ਦੇ ਮੋਢਿਆਂ 'ਤੇ ਪਾ ਦਿੱਤਾ ਗਿਆ। ਪ੍ਰਾਈਵੇਟ ਕੰਪਨੀਆਂ ਪ੍ਰੋਜੈਕਟ ਦੇ ਡਿਜ਼ਾਈਨ, ਅਮਲ ਅਤੇ ਅਪਰੇਸ਼ਨ ਵਿਚ ਮੁਹਾਰਤ ਵੀ ਲੈ ਕੇ ਆਉਂਦੀਆਂ ਜਿਸ ਦੀ ਸਰਕਾਰ ਕੋਲ ਘਾਟ ਹੁੰਦੀ ਸੀ। ਉਮੀਦ ਕੀਤੀ ਜਾਂਦੀ ਸੀ ਕਿ ਸਰਕਾਰ (ਲੋਕਾਂ ਦੀ ਪ੍ਰਤੀਨਿਧ) ਅਤੇ ਪ੍ਰਾਈਵੇਟ ਸੈਕਟਰ ਵਿਚਕਾਰ ਭਾਈਵਾਲੀ ਦਾ ਸਭ ਤੋਂ ਵੱਡਾ ਲਾਭ ਦੇਸ਼ ਦੇ ਲੋਕਾਂ ਨੂੰ ਹੋਵੇਗਾ।

ਅਕਸਰ ਜਿਸ ਕਿਸੇ ਦੇ ਹੱਥ ਵਿਚ ਹਥੌੜਾ ਹੁੰਦਾ ਹੈ, ਉਸ ਨੂੰ ਹਰ ਚੀਜ਼ ਕਿੱਲ ਹੀ ਨਜ਼ਰ ਆਉਂਦੀ ਹੈ, ਉਵੇਂ ਹੀ ਨੀਤੀਘਾੜਕਾਂ ਲਈ 'ਪੀ.ਪੀ.ਪੀ.' ਮਨਭਾਉਂਦਾ ਔਜ਼ਾਰ ਬਣ ਗਿਆ। ਦੇਸ਼ ਅੰਦਰ ਹਵਾਈ ਅੱਡਿਆਂ, ਬੰਦਰਗਾਹਾਂ ਤੇ ਰਾਜਮਾਰਗਾਂ ਜਿਹੇ ਬੁਨਿਆਦੀ ਢਾਂਚੇ ਅਤੇ ਆਮ ਨਾਗਰਿਕਾਂ ਲਈ ਵਰਤੋਂ ਵਿਚ ਆਉਣ ਵਾਲੀਆਂ ਸੇਵਾਵਾਂ ਜਿਵੇਂ ਪਾਣੀ, ਬਿਜਲੀ, ਸਿੱਖਿਆ ਅਤੇ ਸਿਹਤ ਸੰਭਾਲ ਦੀ ਘਾਟ ਪਾਈ ਜਾਂਦੀ ਸੀ। ਇਨ੍ਹਾਂ ਸਾਰੇ ਖੇਤਰਾਂ ਵਿਚ ਵਿੱਤੀ ਮਦਦ ਲਈ ਯੋਜਨਾ ਕਮਿਸ਼ਨ ਕੋਲ ਆਉਣ ਵਾਲੇ ਕਿਸੇ ਵੀ ਮੰਤਰਾਲੇ ਜਾਂ ਸੂਬਾਈ ਸਰਕਾਰ ਨੂੰ 'ਪੀ.ਪੀ.ਪੀ.' ਤਰਜ਼ ਅਤੇ ਵਿਧੀ ਦੇ ਨੇਮਾਂ ਤਹਿਤ ਅਰਜ਼ੀ ਦੇਣ ਲਈ ਆਖਿਆ ਜਾਂਦਾ ਸੀ।

ਪੀ.ਪੀ.ਪੀ. ਪ੍ਰੋਜੈਕਟਾਂ ਦੇ ਠੇਕੇ ਉਨ੍ਹਾਂ ਬੋਲੀਕਾਰਾਂ ਨੂੰ ਦਿੱਤੇ ਜਾਂਦੇ ਸਨ ਜੋ ਸਰਕਾਰ ਤੋਂ ਘੱਟ ਤੋਂ ਘੱਟ ਵਿੱਤੀ ਇਮਦਾਦ ਦੀ ਤਵੱਕੋ ਕਰਦੇ ਸਨ ਅਤੇ ਬਹੁਤਾ ਹਿੱਸਾ ਆਪ ਨਿਵੇਸ਼ ਕਰਦੇ ਸਨ ਅਤੇ ਜੋ ਬੁਨਿਆਦੀ ਢਾਂਚੇ ਦੇ ਵਰਤੋਂਕਾਰਾਂ ਲਈ ਪ੍ਰੋਜੈਕਟ ਦੇ ਲਾਗਤ ਖਰਚੇ ਵੀ ਘੱਟ ਰੱਖਦੇ ਸਨ। ਲਿਹਾਜ਼ੀ ਪੂੰਜੀਵਾਦ ਦਾ ਦੌਰ ਵਿਚ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਮਗਰੋਂ ਉਹ (ਪੂੰਜੀਪਤੀ) ਪ੍ਰੋਜੈਕਟਾਂ ਨੂੰ ਆਪਣੇ ਲਈ ਲਾਹੇਵੰਦ ਬਣਾਉਣ ਲਈ ਸਰਕਾਰ ਤੋਂ ਕਰਾਰ ਦੀਆਂ ਸ਼ਰਤਾਂ ਵਿਚ ਬਦਲਾਓ ਕਰਵਾਉਣ ਲੱਗ ਪਏ। ਯੂਪੀਏ ਦੇ ਕਾਰਜਕਾਲ ਦੌਰਾਨ ਦਿੱਲੀ ਹਵਾਈ ਅੱਡੇ ਦੇ ਕੰਟਰੈਕਟ ਵਿਚ ਇਵੇਂ ਹੀ ਹੋਇਆ ਅਤੇ ਇਹ ਖਦਸ਼ੇ ਲੱਗਣ ਲੱਗ ਪਏ ਸਨ ਕਿ ਅਡਾਨੀ ਨੂੰ ਹਵਾਈ ਅੱਡਿਆਂ ਦੇ ਕੰਟਰੈਕਟ ਇਸ ਲਈ ਦਿੱਤੇ ਜਾ ਰਹੇ ਹਨ ਕਿਉਂਕਿ ਉਸ ਦੀਆਂ ਜ਼ਿਆਦਾਤਰ ਬੋਲੀਆਂ ਬਹੁਤ ਦਿਲਕਸ਼ ਹੁੰਦੀਆਂ ਹਨ ਪਰ ਬਾਅਦ ਵਿਚ ਇਨ੍ਹਾਂ ਵਿਚ ਬਦਲਾਓ ਕਰਵਾ ਲਿਆ ਜਾਂਦਾ ਹੈ।

ਸਰਕਾਰ ਅਤੇ ਪ੍ਰਾਈਵੇਟ ਸੈਕਟਰ ਵਿਚਕਾਰ ਸਾਂਝੇਦਾਰੀ ਤੈਅ ਪਾਏ ਜਾਣ ਸਮੇਂ ਪੀ.ਪੀ.ਪੀ. ਦੇ ਸੰਕਲਪ ਵਿਚ ਚੌਥੀ 'ਪੀ' ਭਾਵ ਅਵਾਮ ਗਾਇਬ ਹੁੰਦੇ ਹਨ ਜਿਨ੍ਹਾਂ ਦੀ ਖ਼ਾਤਰ ਇਹ ਬੁਨਿਆਦੀ ਢਾਂਚੇ ਦਾ ਨਿਰਮਾਣ ਕੀਤਾ ਜਾਂਦਾ ਹੈ। ਬੁਨਿਆਦੀ ਢਾਂਚੇ ਦਾ ਨਿੱਜੀਕਰਨ ਹੋਣ ਕਰ ਕੇ ਇਹ ਜ਼ਰੂਰੀ ਹੈ ਕਿ ਨਾਗਰਿਕ ਇਸ ਦੀ ਵਰਤੋਂ ਲਈ ਪੈਸੇ ਅਦਾ ਕਰਨਗੇ ਪਰ ਉਨ੍ਹਾਂ ਦੀਆਂ ਲੋੜਾਂ ਨੂੰ ਸਮਝਿਆ ਜਾਣਾ ਚਾਹੀਦਾ ਹੈ ਅਤੇ ਨਿਵੇਸ਼ ਤੋਂ ਮਿਲਣ ਵਾਲੇ ਮਾਲੀਏ ਦਾ ਹਿਸਾਬ ਕਿਤਾਬ ਲਾਉਂਦਿਆਂ ਸੇਵਾਵਾਂ ਲਈ ਅਦਾਇਗੀ ਕਰਨ ਦੀ ਉਨ੍ਹਾਂ ਦੀ ਸਮੱਰਥਾ ਨੂੰ ਵੀ ਵਾਚਿਆ ਜਾਣਾ ਚਾਹੀਦਾ ਹੈ। ਦਿੱਲੀ-ਗੁੜਗਾਓਂ (ਜੈਪੁਰ ਤੱਕ) ਐਕਸਪ੍ਰੈੱਸਵੇਅ ਸ਼ਹਿਰੀ ਖੇਤਰਾਂ ਦੇ ਆਸੇ ਪਾਸਿਓਂ ਲੰਘਦਾ ਹੈ ਅਤੇ ਇਸ ਦਾ ਨਿਰਮਾਣ 'ਪੀ.ਪੀ.ਪੀ.' ਤਹਿਤ ਕੀਤਾ ਗਿਆ ਹੈ ਜੋ ਵਾਹਨ ਚਾਲਕਾਂ ਲਈ ਵਰਦਾਨ ਸਾਬਿਤ ਹੋ ਰਿਹਾ ਹੈ। ਸਫ਼ਰ ਦੇ ਸਮੇਂ ਵਿਚ ਇਕ ਤਿਹਾਈ ਕਮੀ ਆ ਗਈ ਹੈ। ਇਹ ਪ੍ਰੋਜੈਕਟ ਵਿੱਤੀ ਤੌਰ 'ਤੇ ਵੀ ਸਫ਼ਲ ਹੈ। ਕਾਰਾਂ ਦੀ ਆਵਾਜਾਈ ਸੁਖਾਲੀ ਕਰਨ ਲਈ ਸ਼ੁਰੂ ਵਿਚ ਦੁਪਹੀਆ ਵਾਹਨਾਂ ਨੂੰ ਇਸ 'ਤੇ ਚੜ੍ਹਨ ਦੀ ਇਜਾਜ਼ਤ ਨਹੀ ਦਿੱਤੀ ਗਈ ਸੀ ਪਰ ਲੋਕਾਂ ਨੇ ਇਸ ਦਾ ਵਿਰੋਧ ਕੀਤਾ। ਆਧੁਨਿਕ ਸਿਗਨਲ ਮੁਕਤ ਐਕਸਪ੍ਰੈੱਸਵੇਅ ਲੋਕਾਂ ਦੇ ਰਿਹਾਇਸ਼ੀ ਤੇ ਕੰਮਕਾਜੀ ਖੇਤਰਾਂ ਨੂੰ ਵੱਖੋ ਵੱਖਰਾ ਕਰਦਾ ਹੋਇਆ ਲੰਘਦਾ ਹੈ। ਪੈਦਲ ਤੇ ਸਾਈਕਲ ਚਾਲਕਾਂ ਨੂੰ ਇਸ 'ਤੇ ਆਉਣ ਦੀ ਆਗਿਆ ਨਹੀਂ ਹੈ ਅਤੇ ਜਦੋਂ ਉਹ ਕਦੇ ਅਜਿਹਾ ਕਰਦੇ ਹਨ ਤਾਂ ਵੱਡੀਆਂ ਕਾਰਾਂ ਵਾਲੇ ਭਾਰਤੀ ਅਵਾਮ ਦੀਆਂ 'ਆਪਹੁਦਰੀਆਂ' ਦੀਆਂ ਸ਼ਿਕਾਇਤਾਂ ਕਰਨ ਲੱਗ ਪੈਂਦੇ ਹਨ। ਕਾਰਾਂ ਵਾਲਿਆਂ ਦੀ ਜਮਾਤ ਪਹਿਲਾਂ ਤਾਂ ਚਾਈਂ ਚਾਈਂ 'ਟੌਲ' ਅਦਾ ਕਰਦੀ ਹੈ ਪਰ ਜਦੋਂ ਉਸ ਨੂੰ ਕੰਪਨੀਆਂ ਦੇ 'ਧੌਲਰ' ਭਰਨ ਦੀਆਂ ਖ਼ਬਰਾਂ ਪੜ੍ਹਨ ਨੂੰ ਮਿਲਦੀਆਂ ਹਨ ਤਾਂ ਉਸ ਨੂੰ ਦਿੱਕਤ ਹੋਣ ਲੱਗ ਪੈਂਦੀ ਹੈ। ਜਿਵੇਂ ਸਰਕਾਰ ਵਾਰ ਵਾਰ ਖ਼ਬਰਦਾਰ ਕਰਦੀ ਰਹੀ ਹੈ ਕਿ ਜੇ ਕਾਨੂੰਨੀ ਕਰਾਰਾਂ ਦਾ ਇਹਤਰਾਮ ਨਾ ਕੀਤਾ ਗਿਆ ਤਾਂ ਅੱਗੋਂ ਨਿਵੇਸ਼ ਆਉਣਾ ਬੰਦ ਹੋ ਜਾਵੇਗਾ ਜਿਸ ਕਰ ਕੇ ਉਹ ਕਰਾਰ ਵਿਚ ਬਦਲਾਓ ਲਈ ਮਜਬੂਰ ਹੋ ਗਈ।

ਲਿਹਾਜ਼ੀ ਪੂੰਜੀਵਾਦ ਪੀ.ਪੀ.ਪੀ. ਦੇ ਸੰਕਲਪ ਦਾ ਅੰਤਰੀਵੀ ਹਿੱਸਾ ਹੈ ਜਿਸ ਵਿਚੋਂ ਲੋਕ ਗਾਇਬ ਹੁੰਦੇ ਹਨ। ਸਾਰੇ ਲੋਕਾਂ ਨੂੰ ਮੁਫ਼ਤ ਜਾਂ ਅਦਾਇਗੀਯੋਗ ਮਿਲਦੀਆਂ ਜਨਤਕ ਸਹੂਲਤਾਂ ਦੀ ਲੋੜ ਹੁੰਦੀ ਹੈ, ਉਨ੍ਹਾਂ ਵਿਚ ਮੁਢਲੀ ਸਿੱਖਿਆ ਤੇ ਸਿਹਤ ਸੰਭਾਲ, ਪਾਣੀ ਤੇ ਬਿਜਲੀ ਸ਼ਾਮਲ ਹਨ ਅਤੇ ਲੋਕਾਂ ਦੀਆਂ ਲੋੜਾਂ ਅਤੇ ਇਨ੍ਹਾਂ ਬਦਲੇ ਪੈਸੇ ਅਦਾ ਕਰਨ ਦੀ ਉਨ੍ਹਾਂ ਦੀ ਸਮੱਰਥਾ ਦਾ ਪਹਿਲੂ ਪ੍ਰੋਜੈਕਟ ਦੇ ਡਿਜ਼ਾਈਨ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਇੱਥੋਂ ਤੱਕ ਕਿ ਖਾਣਾਂ ਅਤੇ ਦਿਹਾਤੀ ਖੇਤਰਾਂ ਵਿਚ ਫੈਕਟਰੀਆਂ ਲਈ ਨਿਵੇਸ਼ ਕਰਨ ਸਮੇਂ ਵੀ ਉਨ੍ਹਾਂ ਨਾਲ ਸਲਾਹ ਮਸ਼ਵਰਾ ਜ਼ਰੂਰੀ ਹੁੰਦਾ ਹੈ ਕਿਉਂਕਿ ਇਨ੍ਹਾਂ ਦਾ ਸਭ ਤੋਂ ਵੱਧ ਪ੍ਰਭਾਵ ਸਬੰਧਿਤ ਲੋਕਾਂ 'ਤੇ ਹੀ ਪੈਣਾ ਹੁੰਦਾ ਹੈ।

ਸਰਕਾਰ ਨੇ ਵਾਤਾਵਰਨਕ ਪ੍ਰਭਾਵ ਸਮੀਖਿਆ ਦੀ ਪ੍ਰਕਿਰਿਆ ਹਟਾ ਦਿੱਤੀ ਹੈ ਜਿਸ ਵਿਚ ਮੁਕਾਮੀ ਭਾਈਚਾਰੇ ਦੇ ਲੋਕਾਂ ਦੀ ਇਸ ਆਧਾਰ 'ਤੇ ਰਾਇ ਲਈ ਜਾਂਦੀ ਸੀ ਕਿ ਉਨ੍ਹਾਂ ਦੀ ਸਮੂਹਕ ਆਵਾਜ਼ ਸੁਣੀ ਜਾਣੀ ਚਾਹੀਦੀ ਹੈ। ਪ੍ਰੋਜੈਕਟ ਦੇ ਪ੍ਰੋਮੋਟਰਾਂ ਦਾ ਕਹਿਣਾ ਸੀ ਕਿ ਇਹ ਪ੍ਰਕਿਰਿਆ ਕਾਫ਼ੀ ਗੁੰਝਲਦਾਰ ਸੀ ਤੇ ਕਾਫ਼ੀ ਲੰਮੀ ਚਲਦੀ ਸੀ। ਸਰਕਾਰ ਦਾ ਕਹਿਣਾ ਹੈ ਕਿ ਇਸ ਦੀ ਥਾਂ ਹੁਣ ਮਾਹਿਰਾਂ ਵੱਲੋਂ ਮੁਲੰਕਣ ਕੀਤਾ ਜਾਂਦਾ ਹੈ ਜਿਸ ਨੂੰ ਮੁਕਾਬਲਤਨ ਘੱਟ ਸਮਾਂ ਲਗਦਾ ਹੈ ਅਤੇ ਨਿਵੇਸ਼ ਦਾ ਰਾਹ ਸੁਖਾਲਾ ਹੋ ਜਾਂਦਾ ਹੈ। ਜਾਪਦਾ ਹੈ ਕਿ ਲਿਹਾਜ਼ੀ ਪੂੰਜੀਵਾਦ ਕਰ ਕੇ ਇਕ ਵਾਰ ਲੋਕਾਂ ਨੂੰ ਲਾਂਭੇ ਕਰ ਦਿੱਤਾ ਗਿਆ ਹੈ।


ਕਾਰਪੋਰੇਟ ਜਗਤ ਵਿਚ ਜਦੋਂ ਵੀ ਕੋਈ ਸਕੈਂਡਲ ਦਾ ਖੁਲਾਸਾ ਹੁੰਦਾ ਹੈ ਤਾਂ ਖੁੱਲ੍ਹੀ ਮੰਡੀ ਦੇ ਪੈਰੋਕਾਰਾਂ ਇਹੀ ਕਹਿੰਦੇ ਹਨ ਕਿ ਇਹ ਅਸਲ ਵਿਚ ਨਿਗਰਾਨ ਅਦਾਰਿਆਂ ਦੀ ਨਾਕਾਮੀ ਕਰ ਕੇ ਹੋਇਆ ਹੈ। ਅਡਾਨੀ ਦੇ ਮਾਮਲੇ ਵਿਚ ਉਨ੍ਹਾਂ ਨੇ ਸੇਬੀ ਵੱਲ ਉਂਗਲ ਕੀਤੀ ਹੈ। ਇਸ ਲਈ ਵਿਦੇਸ਼ੀ ਨਿਵੇਸ਼ਕਾਂ ਦਾ ਭਰੋਸਾ ਬਹਾਲ ਕਰਨ ਲਈ ਭਾਰਤ ਦੀ ਵਿੱਤੀ ਮੰਡੀ ਦੇ ਨਿਗਰਾਨਾਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਇੱਥੇ ਵੀ ਨਾਗਰਿਕਾਂ ਦੀਆਂ ਲੋੜਾਂ ਨੂੰ ਵਿਸਾਰ ਦਿੱਤਾ ਜਾਂਦਾ ਹੈ। ਦਸ ਫ਼ੀਸਦ ਤੋਂ ਵੀ ਘੱਟ ਭਾਰਤੀ ਨਾਗਰਿਕ ਸ਼ੇਅਰ ਬਾਜ਼ਾਰ ਵਿਚ ਸਿੱਧੇ ਤੌਰ 'ਤੇ ਜਾਂ ਮਿਊਚਲ ਫੰਡਾਂ ਵਿਚ ਨਿਵੇਸ਼ ਕਰਦੇ ਹਨ। ਬਾਕੀ ਬਚਦੇ 90 ਫ਼ੀਸਦ ਲੋਕਾਂ ਦੀ ਜ਼ਿੰਦਗੀ ਲਈ ਜਿਹੜੇ ਗੱਲ ਮਾਇਨੇ ਰੱਖਦੀ ਹੈ, ਉਹ ਇਹ ਹੈ ਕਿ ਵਾਤਾਵਰਨ, ਕਿਰਤ, ਜਨਤਕ ਸੇਵਾ ਅਤੇ ਕੀਮਤ ਦੇ ਨੇਮਾਂ ਬਾਰੇ ਨਿਗਰਾਨ ਅਦਾਰਿਆਂ ਦਾ ਮਿਆਰ ਕਿਹੋ ਜਿਹਾ ਹੈ। ਉਂਝ ਜਦੋਂ ਨਿਗਰਾਨੀ ਦਾ ਸ਼ਿਕੰਜਾ ਕੱਸਿਆ ਜਾਂਦਾ ਹੈ ਤਾਂ ਕਾਰੋਬਾਰਾਂ ਲਈ ਮੁਨਾਫ਼ਾ ਕਮਾਉਣਾ ਔਖਾ ਹੋ ਜਾਂਦਾ ਹੈ ਜਿਸ ਕਰ ਕੇ ਇਨ੍ਹਾਂ ਨੇਮਾਂ ਵਿਚ ਢਿੱਲ ਦੇ ਦਿੱਤੀ ਜਾਂਦੀ ਹੈ। ਇਕ ਵਾਰ ਫਿਰ ਲਿਹਾਜ਼ੀ ਪੂੰਜੀਵਾਦ ਝੰਡੀ ਲੈ ਜਾਂਦਾ ਹੈ।

ਸਰਕਾਰੀ ਹੋਣ ਭਾਵੇਂ ਪ੍ਰਾਈਵੇਟ, ਪੂੰਜੀਵਾਦੀ ਜਗਤ ਵਿਚ ਸਾਰੇ ਉਦਮਾਂ ਦੀ ਕਾਰਗੁਜ਼ਾਰੀ ਦਾ ਪੈਮਾਨਾ ਸ਼ੇਅਰ ਬਾਜ਼ਾਰ ਵਿਚ ਉਨ੍ਹਾਂ ਦੇ ਸ਼ੇਅਰਾਂ ਦੀ ਕੀਮਤ ਤੋਂ ਮਿੱਥਿਆ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਇਹ ਕਿ ਆਪਣੇ ਨਿਵੇਸ਼ਕਾਂ ਲਈ ਉਹ ਕਿੰਨੀ ਕਮਾਈ ਪੈਦਾ ਕਰਦੇ ਹਨ ਨਾ ਕਿ ਉਹ 90 ਫ਼ੀਸਦ ਲੋਕਾਂ ਦੀਆਂ ਲੋੜਾਂ ਦੀ ਕਿਸ ਹੱਦ ਤੱਕ ਪੂਰਤੀ ਕਰਦੇ ਹਨ। ਸਰਕਾਰੀ ਖੇਤਰ ਨੇ ਬੁਨਿਆਦੀ ਢਾਂਚੇ ਅਤੇ ਜਨਤਕ ਸਹੂਲਤਾਂ ਦੇ ਨਿਰਮਾਣ ਤੋਂ ਆਪਣੇ ਪੈਰ ਪਿਛਾਂਹ ਖਿੱਚ ਲਏ ਹਨ ਅਤੇ ਇਸ ਨਾਲ ਜਨਤਕ ਖੇਤਰ ਦੇ ਉਦਮਾਂ ਦੇ ਨਿੱਜੀਕਰਨ ਦਾ ਰੁਝਾਨ ਤੇਜ਼ ਹੋ ਗਿਆ ਹੈ। ਪ੍ਰਾਈਵੇਟ ਸੈਕਟਰ ਤੋਂ ਤਵੱਕੋ ਕੀਤੀ ਜਾਂਦੀ ਹੈ ਕਿ ਇਹ ਜਨਤਕ ਭਲਾਈ ਪੈਦਾ ਕਰੇਗਾ। ਇਸ ਤਰ੍ਹਾਂ ਮੰਡੀ ਪ੍ਰਣਾਲੀ ਦੇ ਡਿਜ਼ਾਈਨ ਵਿਚ ਲਿਹਾਜ਼ੀ ਪੂੰਜੀਵਾਦ ਦੀਆਂ ਰੋਟੀਆਂ ਸੇਕੀਆਂ ਜਾਂਦੀਆਂ ਹਨ।

ਮੰਡੀ ਅਰਥਚਾਰੇ ਵਿਚ ਜਨਤਕ ਅਤੇ ਪ੍ਰਾਈਵੇਟ ਖੇਤਰ ਇਕ ਦੂਜੇ ਤੋਂ ਵੱਖੋ-ਵੱਖਰੇ ਕਰ ਦਿੱਤੇ ਗਏ ਹਨ। ਮੰਡੀ ਵਿਚ ਸਿਰਫ਼ ਉਨ੍ਹਾਂ ਲੋਕਾਂ ਦੀ ਹੀ ਨਹੀ ਸੁਣੀ ਜਾਂਦੀ ਜਿਨ੍ਹਾਂ ਕੋਲ ਨਿਵੇਸ਼ ਕਰਨ ਲਈ ਧਨ ਹੈ ਸਗੋਂ ਅਵਾਮ ਦੀਆਂ ਲੋੜਾਂ ਨੂੰ ਵੀ ਦੇਖਣਾ ਚਾਹੀਦਾ ਹੈ। ਅਰਥਚਾਰੇ ਦੇ ਪ੍ਰਬੰਧਕੀ ਉਦਮ ਵਿਚ ਇਕ ਹੋਰ ਪੀ ਜੋੜਨਾ ਚਾਹੀਦਾ ਹੈ; ਭਾਵ ਲੋਕ, ਜਨਤਕ, ਪ੍ਰਾਈਵੇਟ ਭਾਈਵਾਲੀ। ਹੁਣ ਤਕ ਲਾਂਭੇ ਰੱਖੀ ਗਈ ਇਸ 'ਪੀ' ਭਾਵ ਅਵਾਮ ਨੂੰ ਨਾ ਕੇਵਲ ਸ਼ਾਮਲ ਹੀ ਕੀਤਾ ਜਾਵੇ ਸਗੋਂ ਤਰਜੀਹੀ ਮੁਕਾਮ ਵੀ ਦਿੱਤਾ ਜਾਣਾ ਚਾਹੀਦਾ ਹੈ।

# ਕਾਲੇ ਵੇਲਿਆਂ ਦੀ ਕਹਾਣੀ: ਅਨੁਭਵ ਸਿਨਹਾ ਦੀ ਨਵੀਂ ਫਿਲਮ 'ਭੀੜ'






*ਫਿਲਮਸਾਜ਼ ਅਨੁਭਵ ਸਿਨਹਾ ਅਤੇ (ਸੱਜੇ) ਫਿਲਮ ਭੀੜ ਦਾ ਪੋਸਟਰ।*

ਅਨੁਭਵ ਸਿਨਹਾ ਦੀ ਫਿਲਮ 'ਭੀੜ' ਵਿਚ ਕਰੋਨਾ ਵੇਲੇ ਲੱਗੇ ਲੌਕਡਾਊਨ ਦੌਰਾਨ ਮੱਚੀ ਅਫਰਾ-ਤਫਰੀ ਅਤੇ ਭਗਦੜ ਦੇ ਮਾਹੌਲ ਨੂੰ ਦਰਸਾਇਆ ਗਿਆ ਹੈ। ਫਿਲਮ ਵਿਚ ਕੋਵਿਡ-19 ਮਹਾਮਾਰੀ ਵੇਲੇ ਅਫਸਰਸ਼ਾਹੀ ਵੱਲੋਂ ਪਰਵਾਸੀਆਂ ਨਾਲ ਕੀਤੇ ਧੱਕੇ ਅਤੇ ਪਰਵਾਸੀਆਂ ਵੱਲੋਂ ਪੈਦਲ ਤੈਅ ਕੀਤੇ ਗਏ ਹਜ਼ਾਰਾਂ ਮੀਲ ਦੇ ਸਫ਼ਰ ਦੀ ਕਹਾਣੀ ਬਿਆਨੀ ਗਈ ਹੈ।

ਹਾਲ ਹੀ ਵਿਚ ਰਿਲੀਜ਼ ਲਗਭਗ ਤਿੰਨ ਮਿੰਟ ਲੰਮੇ ਟਰੇਲਰ ਦੀ ਸ਼ੁਰੂਆਤ ਕਰੋਨਾ ਮਹਾਮਾਰੀ ਵੇਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਲੋਕਾਂ ਨੂੰ ਕੀਤੇ ਸੰਬੋਧਨ ਨਾਲ ਹੁੰਦੀ ਹੈ। ਟਰੇਲਰ ਵਿਚ ਲੌਕਡਾਊਨ ਦੌਰਾਨ ਆਰਥਿਕ ਪੱਖੋਂ ਤੰਗ ਅਤੇ ਖੁਸ਼ਹਾਲ ਦੋਵੇਂ ਕਿਸਮ ਦੇ ਲੋਕਾਂ ਦੇ ਤਜਰਬੇ ਦਿਖਾਏ ਗਏ ਹਨ ਤੇ ਅਨੁਭਵ ਸਿਨਹਾ ਦੀਆਂ ਹੋਰਨਾਂ ਫਿਲਮਾਂ ਵਾਂਗ ਹੀ ਇਸ ਫਿਲਮ ਦੇ ਟਰੇਲਰ ਵਿਚ ਵੀ ਲੋਕਾਂ ਲਈ ਕਈ ਸਵਾਲ ਖੜ੍ਹੇ ਕੀਤੇ ਗਏ ਹਨ। ਇਹ ਫਿਲਮ 24 ਮਾਰਚ ਨੂੰ ਸਿਨੇਮਾਘਰਾਂ ਵਿਚ ਰਿਲੀਜ਼ ਹੋਵੇਗੀ।

ਅਦਾਕਾਰ ਰਾਜਕੁਮਾਰ ਰਾਓ ਅਤੇ ਅਦਾਕਾਰਾ ਭੂਮੀ ਪੇਡਨੇਕਰ ਦੀ ਫਿਲਮ 'ਭੀੜ' ਦਾ ਟੀਜ਼ਰ ਵੀ ਰਿਲੀਜ਼ ਕੀਤਾ ਗਿਆ ਹੈ। ਇਸ ਟੀਜ਼ਰ ਦਾ ਲਿੰਕ ਰਾਜਕੁਮਾਰ ਰਾਓ ਵੱਲੋਂ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਸਾਂਝਾ ਕੀਤਾ ਗਿਆ ਹੈ। ਵੀਡੀਓ ਸਾਂਝੀ ਕਰਦਿਆਂ ਅਦਾਕਾਰ ਰਾਜਕੁਮਾਰ ਰਾਓ ਨੇ ਕਿਹਾ, "ਅਸੀਂ ਉਸ ਵੇਲੇ ਦੀ ਕਹਾਣੀ ਦੱਸ ਰਹੇ ਹਾਂ, ਜਦੋਂ ਵੰਡ ਦੇਸ਼ ਦੀ ਨਹੀਂ ਸਮਾਜ ਦੀ ਹੋਈ ਸੀ... 'ਭੀੜ' ਕਾਲੇ ਵੇਲਿਆਂ ਦੀ ਬਲੈਕ ਐਂਡ ਵ੍ਹਾਈਟ ਕਹਾਣੀ ਹੈ। ਟੀਜ਼ਰ ਵਿਚ ਰੇਲਵੇ ਸਟੇਸ਼ਨਾਂ ਅਤੇ ਬੱਸ ਅੱਡਿਆਂ 'ਤੇ ਇਕੱਠੀ ਹੋਈ ਭੀੜ ਦਿਖਾਈ ਦੇ ਰਹੀ ਹੈ। ਇੱਕ ਆਵਾਜ਼ ਦੱਸਦੀ ਹੈ ਕਿ ਇਹ ਭੀੜ 1947 ਵਿਚ ਭਾਰਤ ਦੀ ਹੋਈ ਵੰਡ ਵੇਲੇ ਦੀ ਨਹੀਂ ਸਗੋਂ ਇਹ 2020 ਵਿਚ ਲੱਗੇ ਲੌਕਡਾਊਨ ਦਾ ਵੇਲਾ ਹੈ, ਜਦੋਂ ਕਰੋਨਾ ਦੇ ਕੇਸਾਂ ਵਿਚ ਵਾਧਾ ਹੋਣ ਮਗਰੋਂ ਦੇਸ਼ ਦੇ ਸਾਰੇ ਰਾਜਾਂ ਵੱਲੋਂ ਆਪਣੀਆਂ ਸਰਹੱਦਾਂ ਸੀਲ ਕਰ ਦਿੱਤੀਆਂ ਗਈਆਂ ਸਨ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸੜਕਾਂ 'ਤੇ ਭਟਕ ਰਹੇ ਸਨ। ਇਸ ਫਿਲਮ ਵਿਚ ਪੰਕਜ ਕਪੂਰ ਅਤੇ ਦੀਆ ਮਿਰਜ਼ਾ ਵੀ ਮਹਿਮਾਨ ਭੂਮਿਕਾਵਾਂ ਹਨ।


ਅਨੁਭਵ ਸਿਨਹਾ ਇਸ ਤੋਂ ਪਹਿਲਾਂ 'ਤੁਮ ਬਿਨ', 'ਦਸ' 'ਰਾ.ਵਨ', 'ਮੁਲਕ', 'ਆਰਟੀਕਲ 15', 'ਥੱਪੜ' ਵਰਗੀਆਂ ਫਿਲਮਾਂ ਬਣਾ ਚੁੱਕਾ ਹੈ। ਅਨੁਭਵ ਸਿਨਹਾ ਦਾ ਜਨਮ ਅਲਾਹਾਬਾਦ ਦਾ ਹੈ। ਉਹਨੇ ਗਰੈਜੂਏਸ਼ਨ (ਮਕੈਨੀਕਲ ਇੰਜਨੀਅਰਿੰਗ) 1987 ਵਿਚ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਕੀਤੀ। ਉਸ ਦੀ ਪਤਨੀ ਰਤਨਾ ਸਿਨਹਾ ਵੀ ਫਿਲਮਸਾਜ਼ ਹੈ। ਉਸ ਨੇ ਫਿਲਮ 'ਸ਼ਾਦੀ ਮੇਂ ਜ਼ਰੂਰ ਆਨਾ' ਬਣਾਈ ਹੈ ਜਿਸ ਵਿਚ ਰਾਜਕੁਮਾਰ ਰਾਓ ਅਤੇ ਕ੍ਰਿਤੀ ਖਰਬੰਦਾ ਨੇ ਹੀਰੋ-ਹੀਰੋਇਨ ਦੀਆਂ ਭੂਮਿਕਾਵਾਂ ਨਿਭਾਈਆਂ ਹਨ। ਉਸ ਦਾ ਭਰਾ ਅਨੁਪਮ ਸਿਨਹਾ ਵੀ ਫਿਲਮਸਾਜ਼ ਹੈ। ਅਨੁਭਵ ਸਿਨਹਾ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਦਿੱਲੀ ਵਿਚ ਥਇਟਰ ਕਲਾਕਾਰ ਵਜੋਂ ਕੀਤੀ ਸੀ ਅਤੇ ਫਿਰ ਉਹ 1990 ਵਿਚ ਮੁੰਬਈ ਪੁੱਜ ਗਿਆ। ***-ਜਗਜੀਤ ਸਿੰਘ***


# ਫਿਲਮ 'ਲੂਪ ਲਪੇਟਾ' ਦਾ ਸੱਤਿਆ




ਅਦਾਕਾਰ ਤਾਹਿਰ ਰਾਜ ਭਸੀਨ ਨੇ ਆਪਣੀ ਫਿਲਮ 'ਲੂਪ ਲਪੇਟਾ' ਵਿਚਲੇ ਕਿਰਦਾਰ 'ਸੱਤਿਆ' ਬਾਰੇ ਦੱਸਿਆ ਕਿ ਇਹ ਕਈ ਮਨੁੱਖੀ ਮਾਨਸਿਕ ਪੱਖਾਂ ਨੂੰ ਉਜਾਗਰ ਕਰਦਾ ਹੈ। 'ਲੂਪ ਲਪੇਟਾ' ਵਿਚ ਤਾਪਸੀ ਪੰਨੂ ਨੇ ਵੀ ਅਦਾਕਾਰੀ ਕੀਤੀ ਸੀ ਤੇ ਇਹ ਫਿਲਮ ਸਾਲ ਪਹਿਲਾਂ ਨੈੱਟਫਲਿਕਸ 'ਤੇ ਰਿਲੀਜ਼ ਹੋਈ ਸੀ। ਫਿਲਮ ਨਾਲ ਜੁੜੀਆਂ ਯਾਦਾਂ ਸਾਂਝੀਆਂ ਕਰਦੇ ਹੋਏ ਤਾਹਿਰ ਨੇ ਕਿਹਾ, "ਯਕੀਨ ਨਹੀਂ ਹੋ ਰਿਹਾ ਕਿ ਇਸ ਫਿਲਮ ਨੂੰ ਰਿਲੀਜ਼ ਹੋਇਆ ਇੱਕ ਸਾਲ ਹੋ ਗਿਆ ਹੈ। ਇਸ ਫਿਲਮ ਵਿਚ ਸੱਤਿਆ ਨੂੰ ਜਿਸ ਤਰ੍ਹਾਂ ਦਿਖਾਇਆ ਗਿਆ ਸੀ, ਮੈਨੂੰ ਉਸ ਤਰ੍ਹਾਂ ਦਾ ਤਜਰਬਾ ਪਹਿਲਾਂ ਕਦੇ ਨਹੀਂ ਸੀ ਹੋਇਆ। ਉਸ ਨੇ ਕਿਹਾ 'ਲੂਪ ਲਪੇਟਾ' ਨੇ ਉਸ ਦੇ ਲੁਕੇ ਹੋਏ ਹੁਨਰ ਨੂੰ ਉਜਾਗਰ ਕਰਨ ਦਾ ਮੌਕਾ ਦਿੱਤਾ ਸੀ।"

# ਨੰਦਿਤਾ ਦਾਸ ਹੁਣ 'ਜ਼ਵੀਗਾਟੋ' ਨਾਲ ਹਾਜ਼ਰ











*ਖੱਬਿਓਂ: ਫਿਲਮ 'ਜ਼ਵੀਗਾਟੋ' ਦਾ ਪੋਸਟਰ, ਅਦਾਕਾਰਾ ਤੇ ਫਿਲਮਸਾਜ਼ ਨੰਦਿਤਾ ਦਾਸ, ਅਦਾਕਾਰਾ ਸ਼ਹਾਨਾ ਗੋਸਵਾਮੀ ਅਤੇ ਨੰਦਿਤਾ ਦਾਸ ਦੀ ਪਹਿਲੀਆਂ ਫਿਲਮਾਂ 'ਫਿਰਾਕ' ਤੇ 'ਮੰਟੋ' ਦੇ ਪੋਸਟਰ।*

**ਕੁਦਰਤ ਕੌਰ**

ਕਾਮੇਡੀ ਕਲਾਕਾਰ ਕਪਿਲ ਸ਼ਰਮਾ ਨੇ ਸ੍ਰੀ ਦਰਬਾਰ ਸਾਹਿਬ ਵਿਚ ਮੱਥਾ ਟੇਕਿਆ ਅਤੇ ਆਪਣੀ ਆਉਣ ਵਾਲੀ ਨਵੀਂ ਫਿਲਮ 'ਜ਼ਵੀਗਾਟੋ' ਦੀ ਸਫਲਤਾ ਲਈ ਅਰਦਾਸ ਕੀਤੀ। ਉਨ੍ਹਾਂ ਨਾਲ ਫਿਲਮ ਦੀ ਨਿਰਦੇਸ਼ਕਾ ਨੰਦਿਤਾ ਦਾਸ ਅਤੇ ਸਹਾਇਕ ਅਦਾਕਾਰਾ ਸ਼ਹਾਨਾ ਗੋਸਵਾਮੀ ਮੌਜੂਦ ਸਨ। ਕਪਿਲ ਸ਼ਰਮਾ ਨੇ ਦੱਸਿਆ ਕਿ ਉਹ ਪੰਜਾਬ ਭਰ ਵਿਚ ਇਸ ਫਿਲਮ ਦੀ ਸਫਲਤਾ ਲਈ ਦੌਰਾ ਕਰ ਰਹੇ ਹਨ। ਫਿਲਮ 'ਜ਼ਵੀਗਾਟੋ' ਉੱਘੀ ਕਲਾਕਾਰ ਅਤੇ ਨਿਰਦੇਸ਼ਕਾ ਨੰਦਿਤਾ ਦਾਸ ਵਲੋਂ ਬਣਾਈ ਗਈ ਹੈ। ਕਪਿਲ ਨੇ ਕਿਹਾ ਕਿ ਉਸ ਨੂੰ ਨੰਦਿਤਾ ਦਾਸ ਤੋਂ ਬਹੁਤ ਕੁਝ ਨਵਾਂ ਸਿੱਖਣ ਦਾ ਮੌਕਾ ਮਿਲਿਆ ਹੈ। ਇਸ ਫਿਲਮ ਵਿਚ ਕਪਿਲ ਸ਼ਰਮਾ ਵੱਖਰੇ ਕਿਰਦਾਰ ਵਿਚ ਦਿਖਾਈ ਦੇਵੇਗਾ। ਇਸ ਦੌਰਾਨ ਕਪਿਲ ਸ਼ਰਮਾ ਨੂੰ ਰਸਤੇ ਵਿਚ ਉਨ੍ਹਾਂ ਦੇ ਪ੍ਰਸ਼ੰਸਕਾਂ ਨੇ 'ਜੀ ਆਇਆਂ' ਕਿਹਾ ਅਤੇ ਸੈਲਫੀਆਂ ਵੀ ਲਈਆਂ।

ਇਹ ਫਿਲਮ ਪਿਛਲੇ ਸਾਲ ਟੋਰਾਂਟੋ (ਕੈਨੇਡਾ) ਦੇ ਇਕ ਫਿਲਮ ਮੇਲੇ ਵਿਚ ਦਿਖਾਈ ਗਈ ਸੀ ਅਤੇ ਇਸ ਨੂੰ ਭਰਵਾਂ ਹੁੰਗਾਰਾ ਮਿਲਿਆ ਸੀ। ਇਹ ਫਿਲਮ ਭੁਵਨੇਸ਼ਵਰ (ਉੜੀਸਾ) ਵਿਚ ਫਿਲਮਾਈ ਗਈ ਕਹਾਣੀ ਹੈ। ਮਾਨਸ ਨਾਂ ਦਾ ਨੌਜਵਾਨ ਇਕ ਫੈਕਟਰੀ ਵਿਚ ਫਲੋਰ ਮੈਨੇਜਰ ਵਜੋਂ ਕੰਮ ਕਰਦਾ ਹੈ ਪਰ ਉਸ ਦੀ ਨੌਕਰੀ ਛੁੱਟ ਜਾਂਦੀ ਹੈ। ਉਸ ਨੂੰ ਹੋਰ ਕਿਤੇ ਨੌਕਰੀ ਨਹੀਂ ਮਿਲਦੀ ਤਾਂ ਉਹ ਫੂਡ ਡਿਲਿਵਰੀ ਬੁਆਏ ਬਣ ਜਾਂਦਾ ਹੈ। ਘਰੇ ਉਸ ਦੀ ਪਤਨੀ, ਦੋ ਬੱਚੇ ਅਤੇ ਬਿਮਾਰ ਮਾਂ ਹੈ। ਬਹੁਤ ਮੁਸ਼ਕਿਲ ਨਾਲ ਉਹ ਆਪਣੇ ਘਰ ਦਾ ਗੁਜ਼ਾਰਾ ਤੋਰਦਾ ਹੈ। ਪਤਨੀ ਪ੍ਰਤਿਮਾ ਵੀ ਘਰ ਚਲਾਉਣ ਲਈ ਹੰਭਲੇ ਮਾਰਦੀ ਹੈ। ਇਸ ਫਿਲਮ ਵਿਚ ਕਪਿਲ ਸ਼ਰਮਾ ਅਤੇ ਸ਼ਹਾਨਾ ਗੋਸਵਾਮੀ ਤੋਂ ਇਲਾਵਾ ਗੁਲ ਪਨਾਗ, ਸਯਾਨੀ ਗੁਪਤਾ, ਸਵਾਨੰਦ ਕਿਰਕੀ ਆਦਿ ਨੇ ਵੀ ਅਦਾਕਾਰੀ ਕੀਤੀ ਹੈ। ਇਹ ਫਿਲਮ ਖੁਦ ਨੰਦਿਤਾ ਦਾਸ ਨੇ ਲਿਖੀ ਹੈ।

ਨੰਦਿਤਾ ਦਾਸ ਇਸ ਤੋਂ ਪਹਿਲਾਂ 'ਫਿਰਾਕ' (2008) ਅਤੇ 'ਮੰਟੋ' (2018) ਫਿਲਮਾਂ ਬਣਾ ਚੁੱਕੀ ਹੈ। ਇਨ੍ਹਾਂ ਦੋਹਾਂ ਫਿਲਮਾਂ ਨੇ ਦਰਸ਼ਕਾਂ ਅਤੇ ਆਲੋਚਕਾਂ ਦਾ ਧਿਆਨ ਖਿੱਚਿਆ। ਫਿਲਮ 'ਫਿਰਾਕ' ਸਾਲ 2002 ਵਿਚ ਗੁਜਰਾਤ ਵਿਚ ਹੋਏ ਦੰਗਿਆਂ ਬਾਰੇ ਹੈ। ਇਸ ਵਿਚ ਦੰਗਿਆਂ ਤੋਂ ਬਾਅਦ ਦੇ ਮਾਰਮਿਕ ਹਾਲਾਤ ਦਿਖਾਏ ਗਏ ਹਨ। ਬਤੌਰ ਨਿਰਦੇਸ਼ਕ ਇਹ ਨੰਦਿਤਾ ਦਾਸ ਦੀ ਪਲੇਠੀ ਫਿਲਮ ਸੀ ਅਤੇ ਇਸ ਵਿਚ ਨਸੀਰੂਦੀਨ ਸ਼ਾਹ, ਦੀਪਤੀ ਨਵਲ, ਨਵਾਜ਼ੂਦੀਨ ਸਿੱਦੀਕੀ, ਪਰੇਸ਼ ਰਾਵਲ, ਸੰਜੇ ਸੂਰੀ, ਰਘੁਬੀਰ ਯਾਦਵ, ਸ਼ਹਾਨਾ ਗੋਸਵਾਮੀ, ਟਿਸਕਾ ਚੋਪੜਾ ਵਰਗੇ ਅਦਾਕਾਰਾਂ ਨੇ ਵੱਖ-ਵੱਖ ਭੂਮਿਕਾਵਾਂ ਨਿਭਾਈਆਂ ਸਨ।

ਫਿਲਮ 'ਮੰਟੋ' ਉਘੇ ਲਿਖਾਰੀ ਸਾਅਦਤ ਹਸਨ ਮੰਟੋ ਦੀ ਜ਼ਿੰਦਗੀ ਉਤੇ ਆਧਾਰਿਤ ਫਿਲਮ ਹੈ ਅਤੇ ਇਸ ਫਿਲਮ ਵਿਚ ਮੁੱਖ ਕਿਰਦਾਰ ਮਸ਼ਹੂਰ ਅਦਾਕਾਰ ਨਵਾਜ਼ੂਦੀਨ ਸਿੱਦੀਕੀ ਨੇ ਨਿਭਾਇਆ ਸੀ। ਫਿਲਮ ਵਿਚ ਰਸਿਕਾ ਦੁੱਗਲ ਨੇ ਮੰਟੋ ਦੀ ਬੀਵੀ ਦਾ ਕਿਰਦਾਰ ਨਿਭਾਇਆ ਸੀ। 64ਵੇਂ ਫਿਲਮਫੇਅਰ ਐਵਾਰਡਸ ਵਿਚ ਇਸ ਫਿਲਮ ਨੂੰ ਕੁੱਲ ਸੱਤ ਨਾਮਜ਼ਦਗੀਆਂ ਹਾਸਲ ਹੋਈਆਂ ਸਨ ਅਤੇ ਦੋ ਇਨਾਮ ਜਿੱਤ ਵੀ ਲਏ ਸਨ।

ਨੰਦਿਤਾ ਦਾਸ ਨੇ ਪਹਿਲਾਂ ਬਤੌਰ ਅਦਾਕਾਰਾ ਫਿਲਮੀ ਦੁਨੀਆ ਵਿਚ ਪ੍ਰਵੇਸ਼ ਕੀਤਾ ਸੀ। ਆਪਣੀ ਪਹਿਲੀ ਹੀ ਫਿਲਮ '1947 ਅਰਥ' ਲਈ ਉਸ ਨੂੰ ਫਿਲਮਫੇਅਰ ਇਨਾਮ ਵੀ ਮਿਲਿਆ। ਇਸ ਤੋਂ ਬਾਅਦ ਉਸ ਨੇ 'ਬਵੰਡਰ', 'ਅਮਾਰ ਭੂਵਨ', 'ਕਮਲੀ', 'ਰਾਮਚੰਦ ਪਾਕਿਸਤਾਨੀ' ਵਰਗੀਆਂ ਫਿਲਮਾਂ ਵਿਚ ਵੀ ਆਪਣੀ ਅਦਾਕਾਰੀ ਦੇ ਜੌਹਰ ਦਿਖਾਏ।

# Noblesville

## *Trucks & Trailer Repair Shop*

**15203 Stony Creek Way,**
**Noblesville, IN 46060**



- Truck & Trailer Alignment
- Truck Oil Change
- Truck & Trailer Brakes
- Shock and Chambers
- Drive Lines & AC Work
- Tire Chnage, Repair, And Balance
- Reefer Oil Change * DPF Work
- Nox Sensor
- Truck & Trailer Bushings
- Air Compressor * Air Dryer
- Radiator Change

Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road**
**Indianapolis, IN 46239**



- Truck & Trailer Alignment
- Truck Oil Change
- Truck & Trailer Brakes
- Shock and Chambers
- Drive Lines & AC Work
- Tire Chnage, Repair, And Balance
- Reefer Oil Change * DPF Work
- Nox Sensor
- Truck & Trailer Bushings
- Air Compressor * Air Dryer
- Radiator Change

Gurbaksh S Randhawa:
317-800-2976
Sam Bhullar: 317-995-2020

# Reliable



## *Semi Trucks & Trailer Repair Shop*

**5520S Harding St., Suite : C,**
**Indianapolis, IN 46217**

- Truck & Trailer Alignment
- Truck Oil Change
- Truck & Trailer Brakes
- Shock and Chambers
- Drive Lines & AC Work
- Tire Chnage, Repair, And Balance
- Reefer Oil Change * DPF Work
- Nox Sensor
- Truck & Trailer Bushings
- Air Compressor * Air Dryer
- Radiator Change

Jasbir Singh: 317-702-6302
Gurbaksh S Randhawa:
317-800-2976




**Heavy duty Trucks & Trailer Parts**

## 7401 Brookville Road
## Indianapolis, IN 46239

**We will sell Trucks & Trailers tires as well.**

*COMING SOON...*

Gurbaksh S Randhawa
Call: 317-800-2976
Sam Bhullar: 317-995-2020